ਹੱਥ ਲਿਖਤ ਨੰ : MS 302
ਸਿਰਲੇਖ : ਸਾਖੀ ਮੱਕੇ ਦੀ
ਪੱਤਰੇ : 137
ਅਕਾਰ : 16 .5 X 12 .5 ਸ.ਮ. ਲਿਖਤ : 13 .5 X 10 .5 ਸ.ਮ.
ਵੇਰਵਾ : ਲੈਮੀਨੇਸ਼ਨ ਕਰਕੇ ਜਿਲਦ ਬਾਅਦ ਵਿਚ ਬੰਨ੍ਹੀ ਹੋਈ,ਪਹਿਲੇ 21 ਪੱਤਰੇ ਬਿਨ੍ਹਾਂ ਹਾਸ਼ੀਆ, ਅਗਲੇ ਪੱਤਰਿਆਂ ਤੇ ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-14
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਖਸਤਾ, ਕਿਰਮ ਖੁਰਦਾ ਅਤੇ ਭੁਰੀ ਹੋਈ ਹੋਣ ਕਾਰਣ ਬਹੁਤ ਥਾਂਈਂ ਪੜ੍ਹਨਯੋਗ ਨਹੀਂ। ਪੱਤਰਾ ਨੰ: ਬਾਅਦ ਵਿਚ ਪੈਂਸਲ ਨਾਲ ਲਿਖੇ ਹਨ। ਕਈ ਥਾਈਂ ਕਾਨੀ ਬਦਲੀ ਹੋਈ ਹੈ । ਪਹਿਲੇ 21 ਪੱਤਰਿਆਂ ਦਾ ਰੰਗ ਅਗਲੇ ਪੱਤਰਿਆਂ ਤੋਂ ਅਲਗ ਹੈ।
ਅਰੰਭ :੧ੴ ਸਿਤਿਗੁਰ ਪ੍ਰਸਾਦਿ॥ ਸਾਖੀ ਮਕੇ ਦੀ ਨਸੀਹਤਨਾਮਾ ਬਾਬੇ ਨਾਨਕ ਜੀ ਕਾ ਸਾਹ ਸਰਫ ਤਥਾ ਰੁਕਨ ਦੀਨੇ ਨਾਲ ਹੋਈ॥ਬਾਬੇ ਨਾਨਕ ਤਮਾਮ ਆਲਮ ਤਾਰਏ ਕੇ ਨਿਮਤ-ਉਦਾਸੀ ਕਾ ਧਾਰ ਕਰਿ ਸਭ ਧਰਤੀ ਕਾ ਸੈਰ ਕੀਤਾ ॥ ਅਤੇ ਸਭਨਾ ਠਉੜਾ ਵਿਖੇ ਆਪਣੇ ਆਸਣ ਮੁਕਾਮ ਥਾਪੇ॥ ਇਕ ਦਿਨ ਸਹਰਿ ਬਿਦਰ ਦਖਣ ਦਿਸਾ ਅੰਦਰਿ ਬਾਬਾ ਨਾਨਕ ਬੈਠਾ ਸੀ ਤਾਂ ਹਾਜੀ ਮਕੇ ਕੀ ਹਜ ਕਉ ਚਲੇਅ ਸਨ॥…
ਅੰਤ :…ਗੋਸਟਿ ਮਕੇ ਕੀ ਬਾਬੇ ਨਾਨਕ ਜੀ ਕੀਤੀ ਹਾਜੀਆ ਕਾਜੀਆ ਮੁਲਾਣਿਆ ਪੀਰਾ ਪੈਕੰਬਰਾਂ ਨਾਲਿ ਹੋਈ॥ਸਭ ਮੁਰੀਦ ਕੀਤੇ॥ਜੋ ਚਿਤੁ ਲਾਇ ਪੜੇਗਾ ਸੁਣੇਗਾ ਸੋ ਫਿਰਿ ਜੂਨੀ ਨਾ ਪਈਐਗਾ। ਅਖਰ ਸੋਧਿ ਕਰਿ ਪੜਨਾ॥ਸ੍ਰੀ ਵਾਹੁ ਗੁਰੂ ਜੀ ਅਕਾਲ ਪੁਰਖ ਜੀ॥ ਲਿਖਤੇ ਪੜਤੇ ਸੁਣਤੇ ਪਵਿਤ੍ਰ ਹੋਭੈ॥ ਵਾਹੁਗੁਰੂ …ਵਾਹੁਗੁਰੂ

ਹੱਥ ਲਿਖਤ ਨੰ : MS 303
ਸਿਰਲੇਖ : ਕਿੱਸਾ ਜਮਾਲ ਕਾ, ਹਿਕਿਮਤਿ
ਪੱਤਰੇ : 1-99 ਅ
ਅਕਾਰ : 16X17 ਸ.ਮ. ਲਿਖਤ: 12 X 15ਸ.ਮ.
ਵੇਰਵਾ : ਜਿਲਦ ਗੱਤਾ, ਕਪੜਾ, ਸਿਆਹੀ ਕਾਲੀ, ਸਿਆਹੀ ਹਲਕੀ, ਲਿਖਤ ਬਹੁਤੀ ਚੰਗੀ ਨਹੀਂ, ਸਤਰਾਂ ਪ੍ਰਤੀ ਪੰਨਾ-18 ਹਨ ।
ਆਮ ਵੇਰਵਾ : ਪੱਤਰੇ ਖਾਧੇ ਹੋਏ, ਅਖੀਰ ਤੇ ਜੰਤਰ ਦਿਤੇ ਹੋਏ ਹਨ । ਹਾਲਤ ਬਹੁਤ ਖਸਤਾ ਹੈ ਕਿਤੇ-ਕਿਤੇ ਕੀੜਾ ਲਗਿਆ ਹੈ । 34 ਪੱਤਰੇ ਤਕ ਕਵਿਤਾ ਵਿਚ ਲਿਖਿਆ ਹੋਇਆ ਹੈ, 48 ਨੰ: ਪੱਤਰੇ ਤੋਂ ਬਾਅਦ ਜੰਤਰ ਅਤੇ ਨੁਸਖੇ ਦਿੱਤੇ ਹੋਏ ਹਨ । ਕੁਲ ਸੌ ਪੱਤਰੇ ਹਨ ਜਿਨ੍ਹਾਂ ਤੇ ਅਲਗ-ਅਲਗ ਅੰਕ ਨੰ: ਕਿਤੇ-ਕਿਤੇ ਦਿੱਤੇ ਹਨ । ਬਾਅਦ ਵਿਚ ਪੈਂਸਿਲ ਨਾਲ ਪੱਤਰਾ ਅੰਗ ਪਾਏ ਹਨ ।
ਅਰੰਭ : ੧ੴ ਸਿਤਿਗੁਰ ਪ੍ਰਸਾਦਿ॥ ਹਿਕਿਮਤਿ॥ਅਥਿ ਕਿਸਾ ਜਮਾਲਿ ਕਾ ਲਿਖਿਤੇ॥ਅਕਲਿ ਸਿਫਿਤਿ ਸਚੇ ਕੀ ਕਰੀਏ ਜਿਨ ਇਹ ਜਗਤੁ ਉਪਾਇਯਾ॥ ਹਿਕਮਿਤਿ ਨਾਲਿ ਪਵਰ ਦਾ ਕੀਤਾ ਬਤਿ ਵਿਚਿ ਰੂਹੁ ਟਿਕਾਇਯਾ॥ਪ੍ਰਵਸ ਕਰੇ ਹਮੇਸਾਂ ਆਪੇ ਰਹਿਮ ਕਰੇਂ ਫਰਜੰਦਾਂ॥ਮਦਤਿ ਨਾਲਿ ਤਬੀਬ ਬਜੁਰਗਾ ਕਹਾ ਰੁਸਾਲਿ ਜੁਸੰਦਾ॥੧॥…
ਅੰਤ : …ਇਕਾ ਗੋਲੀ ਫਜਰ ਨੂੰ ਇਕਾ ਰਾਤੀ ਖਾਇ॥ਅਵਲ ਗੋਲੀ ਮੂਹ ਵਿਚ ਪਾਵੀ ਪਿਛੋ ਦੁਧੁ ਪਜਾਇ॥ ਇਸ ਥੀ ਬਾਦੀ ਗੋਲਾ ਜਾਵੇ ਲਿਫ ਜਾਵੇ ਤੇ ਸੂਲ ॥ ਦੇ ਵੀ ਰੋਗੁ ਪਛਾਣਿ ਕੇ ਔਖਦ ਏਹੋ ਮੂਲੁ ॥ ੧੨੫ ਜਮਾਲੀ ਪੂਰੀ ਹੋਈ ॥ ॥ ॥

| | |
|---|---|
| ਹੱਥ ਲਿਖਤ ਨੰ | : MS 304 |
| ਸਿਰਲੇਖ | : ਜੀਵਨ ਚਰਿਤ੍ਰ ਗੁਲਾਬਦਾਸ ਮਾਝੀ ਵਾਲੇ |
| ਪੱਤਰੇ | : 1-4 |
| ਅਕਾਰ | : 23 X 16 ਸ.ਮ. ਲਿਖਤ : 15 X 14 ਸ.ਮ. |
| ਵੇਰਵਾ | : ਸਿਆਹੀ ਕਾਲੀ, ਹਾਸ਼ੀਆ ਤੇ ਫੁੱਟ ਨੋਟਾਂ ਲਈ ਲਾਲ, ਇੱਕ ਇੱਕ ਲਕੀਰ ਦੋਨੋ ਪਾਸੇ ਖੜ੍ਹੇ ਰੁਖ, ਥੱਲੇ ਦੋ ਦੋ ਲਕੀਰਾਂ ਲਾਲ ਸਿਆਹੀ ਨਾਲ, ਬਗ਼ੈਰ ਜਿਲਦ ਦੇ, ਸਤਰਾਂ ਪ੍ਰਤੀ ਪੰਨਾ – 13 ਹਨ । |
| ਆਮ ਵੇਰਵਾ | : ਇਹ ਗੁਲਾਬ ਦਾਸ ਮਾਝੀ ਵਾਲੇ ਦਾ ਜੀਵਨ ਚਿਤ੍ਰਨ ਹੈ ਅਤੇ ਅਖ਼ੀਰ ਤੇ ਵਾਕ ਵਿਚਕਾਰ ਛੱਡ ਦਿੱਤਾ ਹੈ। ਮਾਝੀ ਦਾ ਇਹ ਸਥਾਨ ਗੌਰੀਗੜ੍ਹ ਦੇ ਨਜ਼ਦੀਕ ਹੈ । ਇਉਂ ਲਗਦਾ ਹੈ ਕਿ ਕਿਸੇ ਪੋਥੀ ਤੋਂ ਉਤਾਰਾ ਕੀਤਾ ਗਿਆ ਹੈ, ਲੇਖਕ ਦਾ ਨਾਂ ਨਹੀਂ ਦਿੱਤਾ ਗਿਆ। ਲੇਕਿਨ ਫੁੱਟ ਨੋਟਸ ਲਿਖਨ ਵਾਲਾ ਕੋਈ ਦੂਸਰਾ ਵਿਦਵਾਨ ਫੁਟ ਨੋਟਾਂ ਦੇ ਗਿਆ ਹੈ ਜਿਸ ਵਿਚ ਜੀਵਨ ਚਰਿਤ੍ਰ ਲੇਖਕ ਮਾਝੀ ਵਾਲੇ ਪੰਡਿਤ ਕ੍ਰਿਸ਼ਨ ਦਾਸ ਤੇ ਗੁਰੁਦੇਵ ਸ੍ਰੀ 108 ਮਾਨ ਸਵਾਮੀ ਗੁਲਾਬ ਦਾਸ ਜੀ ਕਾ ਲਿਖਿਆ ਹੋਇਆ ਹੈ । |
| ਅਰੰਭ | : ੧ਓ ਸ੍ਰੀ ਗੁਰੂ ਨਾਨਕ ਦੇਵ ਕੇ ਚਰਣ ਕਮਲ ਸਿਰ ਨਾਇ ॥ ਨਿਜ ਗੁਰੁ ਜੀਵਨ ਚਰਿਤ ਸ਼ੁਭ ਲਿਖੋ ਯਥਾ ਸ੍ਰੁਤ ਗਾਇ ॥ ੧ ॥ ਪਟਿਆਲੇ ਕੇ ਰਾਜਜ ਮੇਂ ਗੌਰੀ ਗੜ ਕੇ ਪਾਸ ॥ ਮਾਝੀ ਨਾਮਕ ਗ੍ਰਾਮ ਇਕ ਹੈ ਪ੍ਰਸਿੱਧ ਹਰਿ ਰਾਸ॥੨॥... |
| ਅੰਤ | : ..ਸੀਧੇ ਮਾਝੀ ਕੋ ਚਲੇ ਆਏ ਮਾਂਝੀ ਮੇਂ ਖਾਰੇ ਕੂਏਂ ਪਰ ਜਹਾਂ ਸ਼੍ਰੀ ਮਾਨ ਪੂਜਜਪਾਦ ਸ੍ਵਾਮੀ ਨਿਸਚਲ ਦਾਸ ਜੀ ਪਚਾਸ ਬਰਸ਼ ਰਹੇ ਥੇ ਵਹਾਂ ਪਰ ਪ੍ਰਣਾਮ ਕਰ ਉਨਕੀ ਸਮਾਧਿ ਬਨਵਾਈ ਫਿਰ॥ |

| | |
|---|---|
| ਹੱਥ ਲਿਖਤ ਨੰ | : MS 305 |
| ਸਿਰਲੇਖ | : ਮਹਾਂਭਾਰਤ ਭਾਖਾ |
| ਲੇਖਕ | : ਸਾਧੂ ਜਨ |
| ਸਮਾਂ | : 1631 ਬਿ. |
| ਪੱਤਰੇ | : 1-269 |
| ਅਕਾਰ | : 21 X 17 ਸ.ਮ. ਲਿਖਤ : 14 X 14 ਸ.ਮ. |
| ਵੇਰਵਾ | : ਜਿਲਦ ਗੱਤਾ, ਕਪੜਾ, ਸਿਆਹੀ ਕਾਲੀ, ਕਾਗਜ਼ ਨੀਲਾ, ਦੋਨੇ ਪਾਸੇ ਖੜ੍ਹੇ ਰੁੱਖ ਦੋ ਦੋ ਲਾਈਨਾਂ |
| ਆਮ ਵੇਰਵਾ | : ਲਿਖਤ ਸੁੰਦਰ, ਸਤਰਾਂ ਪ੍ਰਤੀ ਪੰਨਾ – 14 ਹਨ। |
| ਅਰੰਭ | :੧ਓ ਸਤਿਗੁਰ ਪ੍ਰਸਾਦਿ॥ਸਤਿਨਾਮ ਕਰਤਾ ਪੁਰਖੁ ਨਿਰਭਉ...ਨਾਨਕ ਹੋਸੀ ਭੀ ਸਚ॥ਸ੍ਰੀ ਮਹਾਭਾਰਥ ਲਿਖਯਤੇ॥ਦੋਹਿਰਾ॥ ਹਰਿ ਪ੍ਰਭ ਕੋ ਨਿਤ ਪੂਜੀਐ ਕੀਜੈ ਨਿਮਸਕਾਰੁ॥ਕਵਲ ਨੈਨ ਕੀ ਬਾਰਤਾ ਸੁਨੀਐ ਸਰ ਧਾਰੁ ॥ ਚਉਪਈ ॥ ਕ੍ਰਿਸਨ ਦੇਵ ਜੀ ਭਏ ਅਵਤਾਰੁ॥ਕਰਨ ਦੂਰ ਭ੍ਰਮ ਕੋ ਭਾਰੁ॥ਦੁਸਟਿ ਸੰਘਾਰੇ ਬਹੁਤੇ ਸਿਆਮਿ ॥ਸੰਤ ਜਨਾ ਕੇ ਪੂਰੇ ਕਾਜ॥... |
| ਅੰਤ | : ...ਦੋਹਿਰਾ॥ਲਗਿ ਮਾਤਰਿ ਕੋ ਸੋਧਿ ਕੈ ਪੜਨਾ ਕਰੋ ਬੀਚਾਰਿ॥ਹਮਿ ਸਭ ਭੁਲਿ ਚੂਕਿ ਲਿਖਤਿ ਹੈ ਤੁਮਿ ਖਿਮਾ ਕਰੋ ਹਰਿ ਰਾਇ॥ਸੰਮਤਿ ੧੬ ਸੈ ੩੧ ਵਿਚ ਪੂਰਣ ਭਈ ਹਾੜਿ ਦਿਨੇ ਪੈਹਿਲੀ ੧॥=॥ਕਥਾ ਕਾ ਭੋਗ ਪਇਆ ਵਾਰਿ ਛੰਨਿਛਨਿ ਸੰਪੂਰਣ ਹੋਈ॥ਸ੍ਰੀ ਰਾਂਮ ਸ੍ਰੀ ਰਾਂਮੁ ਸ੍ਰੀ ਰਾਮੁ ਜੀ ਤੇਰੀ ਸਦਾ ਜੈ॥=ਅਉਗੁਨਿਆਰੇ ਕੀ ਬੇਨਤੀ ਤੁਮੁ ਸੁਨੋ ਗਰੀਬ ਨਿਵਾਜਿ॥ਜੋ ਸਹੁ ਪੂਤਿ ਕਪੂ [ਕਪੂਤ] ਹੈ ਬਉਰ ਪਿਤਾ ਕੋ ਲਾਜਿ॥ਸਰਨ ਪਰੇ ਕੀ ਰਾਖਿ ਦਿਆਲਾ॥ਨਾਨਕ ਤੁਮਰੇ ਬਾਲਿ ਗੁਪਾਲਾ॥=॥=॥=॥ |

ਹੱਥ ਲਿਖਤ ਨੰ : MS 306 ਸੰਗ੍ਰਹਿ
ਸਿਰਲੇਖ : ਪੋਥੀ ਸ੍ਰਬ ਧਾਤਾ ਕੇ ਅਨੁਪਾਣ ਕੀ (ਪੋਥੀ ਸਰਬ ਧਾਤਾਂ ਕੇ ਅਨੁਪਾਣ ਕੀ )
ਲੇਖਕ : ਸਰੂਪ ਸਿੰਘ
ਪੱਤਰੇ : 1-12
ਅਕਾਰ : 24 X 15 ਸ.ਮ. ਲਿਖਤ : 18 X 10 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਪੋਥੀ ਦੇ ਪਹਿਲੇ ਭਾਗ ਵਿਚ ਹਾਸ਼ੀਆ ਨਹੀਂ ਹੈ ( ਪੱਤਰਾ ਨੰ :12 ਅ ਤਕ) ਬਾਕੀ ਪੋਥੀ ਵਿਚ ਹਾਸ਼ੀਆ। ਸਤਰਾਂ ਪ੍ਰਤੀ ਪੰਨਾ – 20-21 ਹਨ ।
ਆਮ ਵੇਰਵਾ : ਪੋਥੀ ਦਾ ਪਹਿਲਾ ਭਾਗ, ਪਾਣੀ ਵਿਚ ਭਿੱਜਾ ਜਾਪਦਾ ਹੈ । ਹਾਸ਼ੀਏ ਵਿਚ ਲਿਖਤ, ਪੋਥੀ ਦੀ ਹਾਲਤ ਖਸਤਾ-ਕਾਗਜ਼ ਵੀ ਭੁਰਭਰਾ ਹੈ। ਹਾਸ਼ੀਏ ਵਿਚ ਲਿਖਤ ਹੈ ਅਤੇ ਕਾਨੀ ਵੀ ਥਾਂ ਥਾਂ ਤੇ ਬਦਲੀ ਹੋਈ ਹੈ। ਪੱਤਰੇ ਛੋਟੇ ਵੱਡੇ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਪੱਤਰਿਆਂ ਤੇ ਪੰਨਾ ਨੰਬਰ ਤਰਤੀਬ ਵਾਰ ਨਹੀਂ ਹਨ। ਜਿਲਦ ਉਖੜੀ ਹੋਈ, ਪੋਥੀ ਦੇ ਅਖੀਰ ਵਿਚ ਹੋਰ ਪੋਥੀਆਂ ਦੇ ਪੱਤਰੇ ਲਗਾਏ ਹੋਏ ਹਨ ਅਤੇ ਕਾਨੀ ਵਿਚ ਵੀ ਫਰਕ ਹੈ। ਇੰਝ ਜਾਪਦਾ ਹੈ ਕਿ ਅਖੀਰ ਵਾਲੇ ਪੱਤਰੇ ਕਿਸੇ ਹੋਰ ਪੋਥੀ ਦਾ ਹਿੱਸਾ ਹਨ।
ਅਰੰਭ :॥੧॥ੴ ਸਤਿਗੁਰ ਪ੍ਰਸਾਦਿ॥੧॥ਪੁਥੀ ਸ੍ਰਬ ਧਾਤਾ ਕੇ ਅਨੁਪਾਣ ਕੀ ਲਿਖੀਆਤੇ॥ਅਥ ਪਾਰੇ ਕੇ ਆਨੁਪਾਣ ਲਿਖੀਆਤੇ॥ ਪਾਰਾ ਦੂਧ ਸੇਓ ਖਾਏ॥ਤਾ ਧਾਤ ਪੈਦਾ ਹੋਵੇ ਤੀਨ ਦਿਨ ਖਾਏ ਇਕ ਚਾਵਲਿ ਰੋਜ ਤੇਆਗਿ ਸ੍ਰਬ ਚੀਜ ਕਾ॥ਖਟਾ ਮੇਠਾ ਨਾ ਖਾਵੇ॥…
ਅੰਤ : …ਇਤ ਫਟਕਲ ਗ੍ਰਿੰਥ ਕਵਿ ਸਰੂਪ ਸਿੰਘ ਕਥਨੰ ਨਾਮ ਪ੍ਰਿਥਮੋ ਧਿਆਏ ਲਿਖਿਯਤੇ॥-

ਹੱਥ ਲਿਖਤ ਨੰ : MS 306 ਅ
ਸਿਰਲੇਖ : ਹਿਕਮਤ (ਫੁਟਕਲ ਗ੍ਰੰਥ)
ਲੇਖਕ : ਸਰੂਪ ਸਿੰਘ
ਪੱਤਰੇ : ਪੱਤਰਿਆਂ / ਪੰਨਿਆਂ ਦੀ ਤਰਤੀਬ ਲੜੀਵਾਰ ਨਹੀਂ ਹੈ ।
ਅਕਾਰ : 24 X 15 ਸ.ਮ. ਲਿਖਤ : 18 X 10 ਸ.ਮ.
ਵੇਰਵਾ : ਕਾਗਜ ਕਿਰਮ ਖੁਰਦਾ, ਪੋਥੀ ਭਿੱਜੀ ਹੋਈ, ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁਖ, ਦੋ ਦੋ ਲਾਲ ਲਕੀਰਾਂ ਨਾਲ, ਪੋਥੀ ਦੀ ਹਾਲਤ ਬਹੁਤ ਮਾੜੀ, ਸਤਰਾਂ ਪ੍ਰਤੀ ਪੰਨਾ – 18 ਹਨ ।
ਆਮ ਵੇਰਵਾ : ਪੋਥੀ ਦੇ ਇਸ ਭਾਗ ਵਿਚ ਕਾਨੀ ਬਦਲੀ ਹੋਈ ਹੈ, ਪੱਤਰੇ ਵੀ ਬਦਲੇ ਹੋਏ ਹਨ, ਲਿਖਾਈ ਸੁੰਦਰ ਹੈ। ਹਾਸ਼ੀਏ ਵਿਚ ਲਿਖਤ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਸਿਆਹੀ ਕਾਲੀ ਪਰ ਵਖਰੇਵੇਂ ਲਈ ਲਾਲ ਦੀ ਵਰਤੋਂ ਕੀਤੀ ਹੋਈ, ਪੰਨਿਆਂ ਦੇ ਨੰਬਰ ਤਰਤੀਬਵਾਰ ਨਹੀਂ ਹਨ।
ਅਰੰਭ :੧ੴ ਸਿਤਿਗੁਰ ਪ੍ਰਸਾਦਿ॥ ਅਥ ਬੈਦਕ ਗ੍ਰੰਥ ਫਟਕਲ ਚਿਕਿਸਤਾ ਲਿਖਯਤੇ॥ਦੋਹਰਾ॥ਮਸਤਕ॥ਜਾਂ ਕੇ ਚੰਦ੍ਰਮਾ ਨਾਗ ਬਦਨ ਗਨਈਸ ॥ਗੋਰੀ ਪੁਤ੍ਰ ਗਨੇਸ ਕੋ ਪ੍ਰਥਮ ਮਨਾਵੋ ਸੀਸ॥੧॥…
ਅੰਤ : …ਰੋਗ ਪਛਾਨੀ ਬੈਦ ਤੂ ਗੋਲੀ ਦੇ ਨ ਸੰਗ ॥ਰੋਗ ਹਟੇਗੇ ਬੋਹਤ ਹੀ ਕਹੀ ਸਰੂਪ ਸਿੰਘ ਮੰਨ॥

ਹੱਥ ਲਿਖਤ ਨੰ : MS 306 ੲ
ਸਿਰਲੇਖ : ਗੁਰਬਾਣੀ (ਸ਼ਬਦ)
ਪੱਤਰੇ : ਤਿੰਨ ਪੱਤਰੇ (ਨੰਬਰ ਤੋਂ ਬਗੈਰ) ਅਤੇ ਫਿਰ ਇਕ ਸ਼ਬਦ
ਅਕਾਰ : 24 X 15 ਸ.ਮ. ਲਿਖਤ : 18 X 10 ਸ.ਮ.
ਵੇਰਵਾ : ਓਹੀ

| | |
|---|---|
| ਆਮ ਵੇਰਵਾ | : ਤਿੰਨ ਪੱਤਰਿਆਂ ਤੇ ਗੁਰਬਾਣੀ , ਗ੍ਰੰਥ ਕਿਰਮ ਖੁਰਦਾ, ਹਾਸ਼ੀਆ ਦੋ ਦੋ ਲਾਲ ਲਕੀਰਾਂ, ਇਸ ਤੋਂ ਬਾਅਦ ਦੋ ਪੱਤਰੇ ਖਾਲੀ ਹਨ । ਇਸ ਤੋਂ ਬਾਅਦ ਫਿਰ ਇਕ ਸ਼ਬਦ । |
| ਅਰੰਭ | :੧ੴ ਸਿਤਿਗੁਰ ਪ੍ਰਸਾਦਿ॥ਆਸਾ ਮਹਲਾ॥੪॥ਗੁਰਮੁਖਿ ਢੂਢਿ ਢੁਢੇਦਿਆਂ॥ਪਿਆਰਿਆ ਗੁਰਮੁਖ ਢੂਢਿ ਢੁਢੇਦਿਆਂ॥ ਹਿਰ [ਹਰਿ] ਸਾਜਣੁ ਲਾਧਾ ਵਾ ਵਾ ਹਰ ਸਾਜਣੁ ਲਾਧਾ ਵਾ॥ਕੰਚਨ ਕਾਂਇਆਂ ਕੋਟ ਗੜ ਪਿਆਰਿਆ॥ਕੰਚਨ ਕਾਇਆ ਕੋਟ ਗੜ॥ਵਿਚਿ ਹਰਿ ਹਰਿ ਸਿਧਾ ਵਾ ਵਾ ਵਿਚਿ ਹਰਿ ਹਰਿ ਸਿਧਾ ਵਾ॥… |
| ਅੰਤ | : …ਪੀਉ ਪਾਵਲ ਖੰਡੇਧਾਰ ਹੋਇ ਜਨਮ ਸੁਹੇਲਾ ਵਾ ਵਾ ਹੋਏ ਜਨਮ ਸੁਹੇਲਾ ਵਾ ਗੁਰ ਸੰਗਤ ਕੀਨੀ ਖਾਲਸਾ ਪਿਆਰੇਆ ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ ਵਾ ਵਾ ਮਨਮੁਖੀ ਦੁਹੇਲਾ ਵਾ ਵਾ ਗੋਬਿੰਦ ਸਿੰਘ ਪਿ….. |

| | |
|---|---|
| ਹੱਥ ਲਿਖਤ ਨੰ | : MS 306 ਸ |
| ਸਿਰਲੇਖ | : ਵਾਰਤਾ |
| ਪੱਤਰੇ | : 10 |
| ਅਕਾਰ | : 24 X 15 ਸ.ਮ. ਲਿਖਤ : 11 X 13 ਸ.ਮ. |
| ਵੇਰਵਾ | : ਕਾਗਜ਼ ਭਿੰਨ ਭਿੰਨ ਕਿਸਮ ਦਾ, ਜਿਲਦ ਗੱਤਾ, , ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਮਾੜੀ, ਸਤਰਾਂ ਪ੍ਰਤੀ ਪੰਨਾ ਕਿਧਰੇ 16 ਕਿਧਰੇ 11 ਹਨ । |
| ਆਮ ਵੇਰਵਾ | : ਰਚਨਾ ਦੇ ਇਸ ਭਾਗ ਵਿਚ ਕਈ ਪੰਨੇ ਖਾਲੀ ਹਨ । ਪੰਨਾ ਨੰਬਰ ਨਹੀ ਦਿੱਤਾ ਗਿਆ, ਕਾਗਜ਼ ਵੀ ਕਈ ਕਿਸਮ ਦਾ ਹੈ । ਇੰਝ ਮਾਲੂਮ ਹੁੰਦਾ ਹੈ ਕਿ ਇਸ ਭਾਗ ਦੀ ਰਚਨਾ ਜੋ ਵੱਖ ਵੱਖ ਵਾਰਤਾ ਅਤੇ ਚਕਿਸਤਾ ਨਾਲ ਸਬੰਧ ਰਖਦੀ ਹੈ, ਹੋਰ ਪੋਥੀ ਦਾ ਹਿਸਾ ਹੈ । ਉਸ ਵਿਚੋਂ ਪੱਤਰੇ ਕੱਢ ਕੇ ਇਥੇ ਇਸ ਪੋਥੀ ਨਾਲ ਲਗਾ ਦਿਤੇ ਹਨ । |
| ਅਰੰਭ | : ਹੇ ਪੁਰਸਾ ਸਤਜੁਗ ਵਖੇ ਨਾਬੀ ਜੋ ਧੁੰਨੀ ਹੋਂਦੀ ਹੈਂ ਨਾ ਏ ਲੋਕ ਉਤਾਰ ਲੇਤੇ ਸਨ ਪੇਚ ਕੇ ਮਾਫਕ ਹੋਂਦੀ ਸੀ।ਦਸ੍ਰਾਂਤਾਂ ਏਕ ਸੁਕਾਰ ਥਾ ਸਮਾ ਪਾ ਕੇ ਓ ਗਰੀਬ ਹੋ ਗੈ ਸਨ… |
| ਅੰਤ | : …ਏ ਸਾਰੇ ਛਿਦ੍ਰ ਤੇਰੇ ਢਕ ਕੇ ਉਤੇ ਮਾਸ ਦੇ ਕੇ ਤੈਨੂ ਕਿਆ ਬੀਬਾ ਬਨਾ ਦਿਤਾ ਹੈਸ ਹੇ ਪੁਰਸਾ ਏਕ ਪ੍ਰਮਾਤਮਾ ਨੂ ਸਿਮਰੋ ਤਵਾਡਾ ਭਾਲਾ ਹੋਵੇਗਾ। |

| | |
|---|---|
| ਹੱਥ ਲਿਖਤ ਨੰ | : MS 307 ਸੰਗ੍ਰਹਿ |
| ਸਿਰਲੇਖ | : ਮਾਨ ਮੰਜਰੀ ਨਾਮ ਮਾਲਾ |
| ਲੇਖਕ | : ਨੰਦ ਦਾਸ |
| ਪੱਤਰੇ | : 2- 41 |
| ਅਕਾਰ | : 15 X 12 ਸ.ਮ. ਲਿਖਤ : 11 X 10 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਈਨਾਂ ਖੜ੍ਹੇ ਰੁੱਖ, ਸਿਆਹੀ ਕਾਲੀ ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ, ਸਤਰਾਂ ਪ੍ਰਤੀ ਪੰਨਾ - 9 ਹਨ। |
| ਆਮ ਵੇਰਵਾ | : ਇਸ ਪੋਥੀ ਵਿਚ 273 ਬੰਦ ਦਿਤੇ ਗਏ ਹਨ । ਅਨੇਕਾਰਥਕ (synonyms) ਦਿਤੇ ਗਏ ਹਨ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ॥ ਸੁਦ ਸਤਿ ਸ੍ਰੀ ਗਣੇਸਾਇ ਨਮਹ ॥ ਅਥ ਮਾਨ ਮੰਜਰੀ ਨਾਮ ਮਾਲਾ ਲਿਖਤੇ॥ ਕ੍ਰਿਤਿ ਕਬਿ ਨੰਦ ਦਾਸ॥ਦੋਹਰਾ॥ ਤੰਨ ਮਮਿ ਪਦ ਪਰਮ ਗੁਰ ਕ੍ਰਿਸਨ ਕਮਲ ਦਲ ਨੈਨ॥ਜਗ ਕਾਰਨ ਕਰੁਨਾਰ ਨਵ ਗੋਕਲ ਜਿਨ ਕੋ ਐਨ॥੧॥… |

| | |
|---|---|
| ਅੰਤ | : ...ਦੋਹਰਾ ॥ ਮਾਲਾ ਸ੍ਰਿਕ ਜੋ ਗੁਨਵੰਤੀ ਯਹ ਜੁ ਨਾਮ ਕੀ ਦੰਮੱ॥ ਜੋ ਨਰ ਕੰਠਿ ਕਰਿਹੈ ਸੋ ਹ੍ਵੈ ਹੈ ਛਬਿ ਕੇ ਧੰਮ॥੨੭੩॥ ਇਤਿ ਸ੍ਰੀ ਨਾਮ ਮਾਲਾ ਸਪੂਰਨੰ॥ |

| | |
|---|---|
| ਹੱਥ ਲਿਖਤ ਨੰ | : MS 307 ਅ |
| ਸਿਰਲੇਖ | : ਅਨੇਕਾਰਥ |
| ਲੇਖਕ | : ਨੰਦ ਦਾਸ |
| ਪੱਤਰੇ | : 41 ਅ – 59 ਅ |
| ਅਕਾਰ | : 13 X 14 ਸ.ਮ. ਲਿਖਤ : 9 X 10 ਸ.ਮ. |
| ਵੇਰਵਾ | :ਜਿਲਦ ਗੱਤਾ ਕਪੜਾ, ਹਾਸ਼ੀਆ ਦੋਵੇਂ ਪਾਸੇ ਦੋ -ਦੋ ਖੜ੍ਹੇ ਰੁਖ ਕਾਲੀਆਂ ਲਕੀਰਾਂ,ਸਿਆਹੀ ਕਾਲੀ ਕਿਤੇ ਕਿਤੇ ਵਖਰੇਵੇਂ ਲਈ ਲਾਲ ਸਿਆਹੀ । ਸਤਰਾਂ ਪ੍ਰਤੀ ਪੰਨਾ – 9 ਹਨ । |
| ਆਮ ਵੇਰਵਾ | : ਪੋਥੀ ਦੀ ਹਾਲਤ ਚੰਗੀ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਸ਼ੁਰੂ ਹੋਣ ਤੋਂ ਪਹਿਲਾਂ ਲਿਖਤ ਦਿਤੀ ਹੋਈ ਹੈ ਪਰ ਅਧੂਰੀ ਹੈ । ਪੋਥੀ ਦੇ ਸ਼ੁਰੂ ਵਿਚ ਤਤਕਰਾ ਦਿਤਾ ਹੋਇਆ ਹੈ । |
| ਆਰੰਭ | : ੧ਓ ਸ੍ਰੀ ਗਣੇਸਾਇ ਨਮਹ ॥ ਅਥ ਅਨੇਕਾਰਥ ਨੰਦ ਦਾਸ ਕ੍ਰਿਤ ਲਿਖਿਤੇ॥ਦੋਹਰੇ॥ਜੋ ਪ੍ਰਭੁ ਜੋਤਿ ਮੈ ਜਗਤ ਮੈ ਕਾਰਨ ਕਰਨ ਅਭੇਵ॥ਬਿਘਨ ਹਰਨ ਸਬ ਸੁਭ ਕਰਨ ਨਮੋ ਨਮੋ ਤਿਹ ਦੇਵ॥੧॥ਏਕੈ ਬਸਤੁ ਅਨੇਕ ਹੈ ਜਗਮਗਾਤ ਜਗ ਧਾਮ॥ਜਿਉ ਕੰਚਨ ਕੇ ਕਿੰਕਨੀ ਕੰਕਨ ਕੁੰਡਲ ਨਾਮ॥੨॥... |
| ਅੰਤ | : ...ਵਿਟਪ॥ ਵਿਟਪ ਸ੍ਰਿੰਗ ਪਲਵ ਵਿਟਪ ਵਿਟਪ ਕਹਤ ਵਿਸਤਾਰ॥ਵਿਟਪ ਬ੍ਰਿਛ ਕੀ ਡਾਰ ਕਹਿ ਠਾਢੇ ਨੰਦ ਕੁਮਾਰ॥੧੪੫॥ਦੋਹਰਾ॥ਜੋਈ ਅਨੇਕ ਅਰਥ ਪੜੈ ਅਥਵਾ ਸੁਨੇ ਜੁ ਕੋਇ॥ਤਾ ਕਉ ਅਨੇਕ ਅਰਥ ਇਹੁ ਪੁੰਨ ਪ੍ਰਾਪਤਿ ਹੋਇ॥੧੪੬॥ਸਬਦ ਸਮੁੰਦ ਮੈ ਸਬਦ ਗੁਨ ਕੋ ਕਾਢਣ ਸਮਰੱਥ॥ਮਰ ਜੀਆ ਸਸ ਕੰਤ ਜਸ ਤੈਸੇ ਆਵਹਿ ਹੱਥ॥੧੪੬॥ਇਤਿ ਸ੍ਰੀ ਅਨੇਕ ਅਰਥੀ ਸਪੂਰਨੰ॥੨॥ |

| | |
|---|---|
| ਹੱਥ ਲਿਖਤ ਨੰ | : MS 307 ੲ |
| ਸਿਰਲੇਖ | : ਸਾਤੋਂ ਦੀਪੋਂ ਕੇ ਨਾਂ |
| ਪੱਤਰੇ | : 59 ਅ - 64 ੳ |
| ਅਕਾਰ | : 13X14 ਸ.ਮ. ਲਿਖਤ: 9X10 ਸ.ਮ. |
| ਵੇਰਵਾ | : 62 ਤੋਂ ਮਗਰੋਂ ਦੋ ਪਤਰਿਆਂ ਦੀ ਗਿਣਤੀ ਨਹੀਂ । |
| ਆਮ ਵੇਰਵਾ | : ਦੋਹਰੇ ਤੇ ਛੰਦ ਦਿਤੇ ਹੋਏ ਹਨ । ਲੇਖਕ ਤੇ ਲਿਖਾਰੀ ਦਾ ਨਾਂ ਨਹੀਂ ਦਿਤਾ ਹੋਇਆ। |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ ਸਾਤੋਂ ਦੀਪੋ ਕੇ ਨਾਮ॥ਦੋਹਰਾ॥ਜੰਬੂ ਕੁਸੁ ਪੁਨ ਸਾਲ ਮਲਿ ਸ੍ਵੇਤ ਚਤੁਰਥ ਜਾਂਨ॥ਕੌਚ ਸਾਕ ਪੁਨ ਪੁਹ ਕਰੇ ਸਾਤੋ ਦੀਪ ਬਖਾਂਨ॥੧॥ਸਾਂਤੋ ਸਮੁਦ੍ਰੋ ਕੇ ਨਾਮ॥ਦੋਹਰਾ॥ਖਾਰਾ ਖੀਰ ਸਮੁਦ੍ਰ ਹੈ ਦਧਿ ਘ੍ਰਿਤ ਚਤੁਰਥ ਜਾਂਨ॥ਇਖ ਸੁਰਾ ਜਲੁ ਕੇਵਲੰ ਸਾਤੋ ਸਿੰਧ ਬਖਾਂਨ॥੨॥... |
| ਅੰਤ | : ...ਤਾਂਤੇ ਭੇਦ ਪਿਖੇ ਨਹਿ ਕੋਈ ਜੀਵ ਪਰਾਤਮ ਏਕੋ ਦੋਈ ॥ ਭਗਤਿ ਸੁ ਗਿਆਨ ਜੋਗ ਹੈ ਜੋਈ ॥ ਮਾਤਾ ਮੈ ਭਾਖਿਓ ਤਵ ਸੋਈ ॥੧●॥ ਕੁੰਭਕਰਣ ਦੁਸ੍ਰਾਤਮ ਜੋਈ॥ ਚੁਨਿ ਚੁਨਿ ਖਾਇ ਦੁ ਜਾਤੀ ਸੋਈ॥ ਰਿਖ ਸੰਬੂਹ ਜਿਹ ਠੌਰ ਨਿਹਾਰੇ॥ ਦਾਰੂਣ ਤਾਹਿ ਪਕਰ ਮੁਖ ਡਾਰੇ॥ |

ਹੱਥ ਲਿਖਤ ਨੰ : MS 308
ਸਿਰਲੇਖ : ਜੋਤਿਸ਼ ਸਾਰ ਰਤਨੀ ਗ੍ਰੰਥ
ਪੱਤਰੇ : 1-60
ਅਕਾਰ : 24 X 21 ਸ.ਮ. ਲਿਖਤ : 20 X 16 ਸ.ਮ.
ਵੇਰਵਾ : ਜਿਲਦ ਗੱਤਾ ਪੱਕੀ ਬਣੀ ਹੋਈ, ਸਿਆਹੀ ਕਾਲੀ, ਹਾਸ਼ੀਆ ਦੋ ਦੋ ਲਕੀਰਾਂ ਚਾਰੇ ਰੁਖ, ਸਤਰਾਂ ਪ੍ਰਤੀ ਪੰਨਾ-16 ਹਨ ।
ਆਮ ਵੇਰਵਾ : 1-60 ਤਕ ਗਿਣਤੀ ਹੈ ਅੱਗੇ ਗਿਣਤੀ ਨਹੀਂ। ਅਖ਼ੀਰ ਤੇ ਪਰਹੇਜ਼ ਦਾ ਜੰਤਰ ਦਿੱਤਾ ਹੋਇਆ ਹੈ। ਲਿਖਤ ਪੜ੍ਹੀ ਜਾਣ ਵਾਲੀ ਹੈ ।
ਆਰੰਭ : ੧ਓੰ ਸਤਿਗੁਰ ਪਰਸਾਦ॥ ਉਸਰੀ ਗਣੇਸਾਯੇ ਨਮ:॥ ਸੇਰੀ [ਮੇਰੀ] ਸੂਰਜ ਨੂੰ ਮਿਰੀ ਨੁਮਛਕਾਰ॥ਜੋਤਸ ਸਾਰ ਰਤਨੀ ਗਰਾਂਥ ਲਿਖਤੇ ਵਡਾ ਮਤਲਬ ਪਰਛਨ ਸਵ ਕਾਸੇ ਦੇ ਵੀ ਲਿਖਤੇ॥ਜੋ ਕੁਈ ਨਾਮ ਰਾਸ ਦਾ ਹਾਲ ਪੂਛੇ ਉ ਵੀ ਲਿਤੇ॥ਪੇਰਥਮੇ ਨਿਛਤਰ ਲਿਖਤੇ ਸਤਾਈ ਜਿਥੋ ਮੋਡ ਤੋਰੇਆ ਹੈ ਜੀ ਸੋ ਲਿਖਣ ਲਗਾ ਹੁ॥ਆਸਨੀ ਇਕ ੧, ਭਰਣੀ ਦੋ ੨ ਹੈਨਾ॥…
ਅੰਤ : …ਚੌਥੇ ਜੀ ਛਿਵੇ ਏਨੀ ਘਰੀ ਛਿਨਿਛਰ ਹੋਵੇ ਜੀ॥ਤੰਾ ਉਸ ਪੁਰਖ ਦਿ ਘਰ ਇਸਤਰੀ ਆਵੇਗੀ॥ਜੇਕਰ ਸਤੋਮੇ ਘਰ ਕਾ ਸੁਆਮੀ ਬਾਰਮੇ ਹੋਵਿ ਤੰਾ ਸੰਜੋਗ ਉਸ ਪੁਰਖ ਦੇ ਘਰ ਸਤ ਜੰਾਣੀਏ ਜੀ॥ਜਿ ਕਰ ਸਤਮੈ ਘਰ ਸੂਰਜ ਹੋਵੇ ਜੀ ਤੰਾ ਪੰਜ ਸੰਜੋਗ ਹੋਵਿ ਜੀ॥ਇ ਲਛਣ ਗਰਾਂਹੈ ਦੇ ਜੰਾਣੀਏ ਜੀ ਸੁਭਮੂ॥

ਹੱਥ ਲਿਖਤ ਨੰ : MS 309
ਸਿਰਲੇਖ : ਮੰਗਲ ਚਰਨ (ਨਾਰਾਇਣ ਕੋ ਸਿਮਰਣਾਤਮਕ, ਕ੍ਰਿਸ਼ਨ ਕਾਵਿ)
ਪੱਤਰੇ : 1-44
ਅਕਾਰ : 31 X 18 ਸ.ਮ. ਲਿਖਤ : 25 X 12 ਸ.ਮ.
ਵੇਰਵਾ : ਕਾਗਜ਼ ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਨਾਲ, ਗ੍ਰੰਥ ਦੀ ਹਾਲਤ ਕਿਰਮ ਖੁਰਦਾ । ਸਤਰਾਂ ਪ੍ਰਤੀ ਪੰਨਾ –14 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਹਾਸ਼ੀਏ ਵਿਚ ਲਿਖਤ ਨਾਲ ਸੁਧਾਈ ਕੀਤੀ ਹੋਈ, ਪੋਥੀ ਦੇ ਪੰਨਿਆ ਤੇ ਨੁਕਰਾਂ ਤੇ ਚੇਪੀਆਂ ਲਗੀਆਂ ਹੋਈਆਂ, ਪੋਥੀ ਆਡੇ ਦਾ ਖੁਲਦੀ ਹੈ॥ ਲਿਖਤ ਸੁੰਦਰ, ਪਤਰਿਆਂ ਦੇ ਰੰਗ ਜੁਦਾ ਜੁਦਾ, ਪੋਥੀ ਅਧੂਰੀ ਹੈ ।
ਆਰੰਭ : ॥੧॥ਓ॥ ਸਤਿਗੁਰ ਪ੍ਰਸਾਦ॥ਸ੍ਰੀ ਪ੍ਰਮਾਤਮਾਯ ਨਮ: ਦੋਹਰਾ ॥ ਮੰਗਲਾਯਨ ਕਰਣਾਯ ਤਨ ਸ੍ਰਬ ਕਲਯਾਂਨ ਗੁਣ ਧਾਂਮ॥ਮਮ ਮਾਂਨਸ ਸਰ ਹੰਸ ਵਤ ਰਮਣ ਕਰਹੁ ਸੀਯਰਾਮ॥੧॥…
ਅੰਤ : …ਅਬ ਨਾਰਾਇਣ ਕੋ ਸਿਮਰਣਾਤਮਕ ਮੰਗਲਾਚਰਣ ਸਮਾਪਤ ਕੋ ਕਰੈ ਹੈ॥ਸ੍ਰੈਯਾ॥ਯਮਾਂਨ ਤਟ ਕੇਲ ਕਰੈ ਵਿਹਰੈ ਸੰਗ ਬਾਲ ਗੁਵਾਲ ਬਨੇ ਬਲ ਭੱਈਆ॥ਗਾਵਤ ਹੈ ਕਬੀ ਬੰਸੀ ਬਜਾਵਤ ਧਾਵਤ ਹੇ ਕਬਹੂੰ ਸੰਗ ਗਈਆ॥ਕੋਕਲ ਮੋਰ ਕੀ ਨਿਯਾਂਈ ਵੇ ਬੋਲਤ ਕੂਦਤ ਹੇ ਕਪ ਮ੍ਰਿਗ ਕੀ ਨਈਆ॥…

ਹੱਥ ਲਿਖਤ ਨੰ : MS 310
ਸਿਰਲੇਖ : ਵੈਦ ਮਨੋਰਥ
ਪੱਤਰੇ : 1-94
ਅਕਾਰ : 18 X 12 ਸ.ਮ. ਲਿਖਤ: 15X 9 ਸ.ਮ.

| | |
|---|---|
| ਵੇਰਵਾ | : ਜਿਲਦ ਗੱਤਾ, ਪੱਕੀ ਬਣੀ ਹੋਈ । ਲਿਖਤ ਪੜ੍ਹਨਯੋਗ ਹੈ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਸਤਰਾਂ ਪ੍ਰਤੀ ਪੰਨਾ -16 ਹਨ। |
| ਆਮ ਵੇਰਵਾ | : ਇਸ ਪੋਥੀ ਵਿਚ ਨੁਸਖੇ ਹਨ। ਸ਼ੁਰੂ ਵਿਚ ਤਤਕਰਾ ਦਿਤਾ ਹੋਇਆ ਹੈ ਪਰ ਅਧੂਰਾ ਹੈ । ਕਾਗਜ਼ ਨੂੰ ਕੀੜਾ ਖਾ ਗਿਆ ਹੈ, ਲਿਖਤ ਸਿਧੀ ਹੀ ਦਿਤੀ ਹੈ ਕਿਧਰੇ ਵੀ ਹਾਸ਼ੀਆ ਨਹੀਂ ਲਗਾਇਆ ਹੋਇਆ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦ॥ ਅਥ ਵੈਦ ਮਨੋਰਥ ਲਿਖਤੇ॥ਦੋ॥ਸਿਵ ਸੁਤ ਕੌ ਪ੍ਰਣਵੋ ਸਦਾ ਰਿਧ ਸਿਧ ਨਿਧ ਦੇਇ॥ਕੁਮਤ ਬਿਨਾਸਬਨ ਸੁਮਤ ਕਰਨ ਮੰਗਲ ਮੁਦਤ ਕਰੇਇ॥੧॥... |
| ਅੰਤ | : ...ਤੇ ਮੰਤ੍ਰ ਆਟੇ ਉਤੇ ਇਕੋਤ੍ਰ ਸੌ ਵਾਰੀ ਪੜਨਾ ਮੁਹੋ ਇਕਤੇ ਵਾਰੀ ਬੋਲਣਾ॥ਪਿਛੋ ਤੇ ਫੇਰ ਆਟਾ ਹਥਾ ਨਾਲ ਫੋਲਣਾ॥ਆਟੇ ਵਿਚੋ ਲੂ ਨਿਕਲਨਿਗੇ ਵੀਹ ਲੂੰ ਜੇ ਤੇ ਕੁਤਾ ਕਸਰ ਵਾਲਾ ਹੋਵੇਗਾ ਏਸੇ ਤਰਾ ਪੰਜਿ ਦਿਨ ਕਰਨਾ॥ਮੰਜੀ ਉਤੇ ਨਹੀ ਸੁਆਲਣਾ॥ਦਿਨ ਚਾਲੀ॥ਅਲੂਣਾ ਦੇਣਾ॥ |

| | |
|---|---|
| ਹੱਥ ਲਿਖਤ ਨੰ | : MS 311 ਸੰਗ੍ਰਹਿ |
| ਸਿਰਲੇਖ | : ਲੋਲੰਬ ਰਾਜ ਭਾਖਾ |
| ਲੇਖਕ | : ਕਵੀ ਚਿਤਰੰਜਨ (ਰਾਜ ਕਵੀ) |
| ਲਿਖਾਰੀ | : ਗੰਗਾ ਰਾਮ |
| ਸਥਾਨ | : ਅੰਮ੍ਰਿਤਸਰ |
| ਸਮਾ | : ਸੰਮਤ 1872 |
| ਪੱਤਰੇ | : 1-42 |
| ਅਕਾਰ | : 22 X 17 ਸ.ਮ. ਲਿਖਤ : 17 X 12 ਸ.ਮ. |
| ਵੇਰਵਾ | : ਜਿਲਦ ਕਪੜਾ ਗੱਤਾ, ਪੱਕੀ ਬਣੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ-15 ਹਨ। |
| ਆਮ ਵੇਰਵਾ | : ਇਹ ਪੋਥੀ ਕਵਿਤਾ ਵਿਚ ਹੈ। ਕਿਤੇ ਕਿਤੇ ਹੋਰ ਕਾਨੀ ਨਾਲ ਬਾਅਦ ਵਿਚ ਲਿਖਿਆ ਹੋਇਆ ਹੈ । 20 ਪੰਨੇ ਤੋਂ ਬਾਅਦ ਇੱਕ ਪਤਰਾ ਖਾਲੀ ਹੈ ਲਿਖਤ ਸੁੰਦਰ ਅਤੇ ਲਗਾਤਾਰ ਪਦਛੇਦ ਨਹੀਂ ਹਰ ਪੰਨੇ ਦੇ ਅਖੀਰ ਤੇ ਸਜਾਵਟ ਕੀਤੀ ਹੋਈ ਹੈ। ਕਿਧਰੇ ਕਿਧਰੇ ਅਰਥ ਵੀ ਦਿੱਤੇ ਹੋਏ ਹਨ। ਸਮੇਂ ਬਾਰੇ ਪੱਤਰਾ ਨੰ: ੪੧ ਅ ਤੇ ਲਿਖਿਆ ਹੋਇਆ ਹੈ: "ਬਿਕ੍ਰਮਦਿਤ ਸੰਬਤ ਗਿਨੋ ਨੈਨੁ ਦੀਪ ਬਸੁ ਚੰਦੁ"॥ |
| ਆਰੰਭ | : ੧ੴ ਸ੍ਰੀ ਜਯਨਾਯਮ: ॥ ਅਥ ਭਾਖਾ ਲੋਲੰਬਰਾਜ ਲਿਖਯਤੇ ॥ ਦੋਹਰਾ। ਸ੍ਰੀ ਜਿਨ ਭੋ ਬਾਧਾ ਹਰੋ ਸਮ ਵਸਰਨ ਜੁਤ ਸਾਜਾ ॥ ਚਰਨ ਕਮਲ ਬੰਦਨ ਕਰੋ ਜੈ ਜੈ ਜੈ ਜਿਨ ਰਾਜਾ॥੧॥... |
| ਅੰਤ | : ...ਇਤਿ ਸ੍ਰੀ ਕਵਿ ਚਿਤਰੰਜਨ ਗ੍ਰੰਥ ਸੰਪੂਰਨੰ ਲਿਖਤੰ ਪੂਜ ਸੂਰਤ ਰਾਮ ਤਤ ਸਿਖਕ ਕਵਿ ਗੰਗਾ ਰਾਮ ਜਤੀ॥੧੮੭੨॥ ਦਿਨੇ ਮ੍ਰਿਗ ਵਾਰੇ ਸੁਧਾਸਰ ਨਗਰੇ ਲੇਖਕ ਪਾਠਕ ਜੋ ਸੁਭੰ ਭਵਤਿ॥ ਜਲ ਥਲ ਤੈ ਰਾਖੈ ਅਧਰਿ ਮ੍ਰਿਦ ਬੰਧਨ ਸੁਅਡੋਲ॥ ਮੂਰਖ ਜਨ ਕਰਿ ਦੇਤ ਨਹਿ ਗ੍ਰੰਥ ਕਥੌ ਇਮ ਬੋਲ॥੧॥ਜੋ ਮੈ ਰਸਾਕਾ ਕ੍ਰਿਆ ਕਹੀ ਸੁਨੋ ਭਵਕ ਕਵਿ ਗੋਤ॥ ਮਹਾਂਬੀਰ ਕੀ ਸਾਂਖ ਮਮ ਮਿਥਯਾਦੁ ਕ੍ਰਿਤ ਹੋਤ॥ |

| | |
|---|---|
| ਹੱਥ ਲਿਖਤ ਨੰ | : MS 311 ਅ |
| ਸਿਰਲੇਖ | : ਨਿਦਾਨ ਗ੍ਰੰਥ |
| ਲੇਖਕ | :ਜਸਬਿਨੋਦ |
| ਸਥਾਨ | : ਲਵ ਪੁਰ (ਲਾਹੌਰ) |

| | |
|---|---|
| ਪੱਤਰੇ | : 42-61 |
| ਅਕਾਰ | : 22 X 17 ਸ.ਮ. ਲਿਖਤ: 17 X 12ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ । ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ-15 ਹਨ। |
| ਆਮ ਵੇਰਵਾ | : ਲਿਖਤ ਸੁੰਦਰ, 60 ਅ ਉਤੇ ਨਭ ਅੰਗ ਨਾਗਨਿ ਸੇਸ ਸੰਵਤ ਨਿਪ੍ਰਤ ਬ੍ਰਿਕਮ ਕੇਰਾ। ਸੁਦਿ ਮਾਗ ਭੂਸਤ ਪੰਚਮੀ ਵਰ ਭਯੋ ਗਰੰਥਾ ਸਵੇਰਾ। |
| ਆਰੰਭ | : ੴ ਸ੍ਰੀ ਗਣੇਸਾਯਨਮ:॥ਦੋਹਰਾ"ਬੰਦੋ ਦਵੈ ਕਰਿ ਜੋਰਿ ਕਰਿ ਕਰਿ ਵਰਿ ਮੁਖ ਸਿਵ ਨੰਦ॥ ਬਿਘਨ ਦਰਨ ਸੰਕਟ ਹਰਨ ਮੰਗਲ ਕਰਨ ਅਨੰਦ ॥੧॥... |
| ਅੰਤ | : ...ਇਤ ਸ੍ਰੀ ਰਾਮ ਕੁਮਾਰ ਤਮਜ ਭਾਖ ਬਿਰਚਿਤਾਯਾ ਕਵਿ ਜਸ ਬਿਨੋਦ ਗਰੰਥ ਸਮਾਪਤੰ॥ |

| | |
|---|---|
| ਹੱਥ ਲਿਖਤ ਨੰ | : MS 311 ੲ |
| ਸਿਰਲੇਖ | : ਰਸਕ ਪ੍ਰਕਾਸ਼ (ਦਕੇਨਮਿ ਬਿਬਧ ਭਾਖਾ) |
| ਲੇਖਕ | : ਮਦ੍ਰਮ ਕੁਮਾਰ ਆਤਮ ਜੇਨ |
| ਲਿਖਾਰੀ | : ਸਿਵ ਨੰਦ ਅਨੰਦ |
| ਸਥਾਨ | : ਲਵ ਪੁਰ (ਲਾਹੌਰ) |
| ਪੱਤਰੇ | : 61-81 ਅ |
| ਅਕਾਰ | : 22 X 17 ਸ.ਮ. ਲਿਖਤ : 17 X 12 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ,ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ 14-15 ਹਨ। |
| ਆਮ ਵੇਰਵਾ | : ਪਤਰਾ ਨੰਬਰ 61 ਉਪਰ ਬੜੇ ਸੁੰਦਰ ਢੰਗ ਨਾਲ ਕਾਲੀ ਅਤੇ ਲਾਲ ਸਿਆਹੀ ਨਾਲ ਡੀਜ਼ਾਈਨ ਬਣਾਇਆ ਹੋਇਆ ਹੈ । |
| ਆਰੰਭ | : ੴ ਸਤਿਗੁਰ ਪ੍ਰਸਾਦਿ॥ਅਥ ਰਸਕ ਪ੍ਰਕਾਸ॥ਸਿਕਰ ਛੰਦ॥ਸੁਭ ਚਰਣ ਮੰਗਲ ਕਰਣ ਸੰਕਟ ਹਰਣ ਅਰਣਸ ਰੋਜ॥ਸਿਵ ਨੰਦ ਆਨੰਦਚਦਕੇਨਮਿ ਬਿਬਧ ਭਾਖਾ ਖੋਜ॥ਨਿਸ ਨਾਥ ਵਾਸਰ ਸਯਾਮ ਦਸਮੀ ਕਾਤਕੀ ਮ੍ਰਿਤ ਕਾਸ॥ਵਰਠਾਇ ਵਾਇ ਨਗਰ ਵਿਖੈ ਭਜੋ ਰਸ ਪ੍ਰਕਾਸ ਪ੍ਰਕਾਸ॥੧॥... |
| ਅੰਤ | : ...ਲਵ ਪੁਰ ਹੁ ਪੂਰਬ ਕੋਸ ਨਾਰ ਸਿੰਗਾਰ ਬਾਇ ਬਿਚਾਰ॥ਕਵਿ ਰਸ ਪ੍ਰਕਾਸਕ ਤਹਿ ਵਸੇ ਦ੍ਵਿਜ ਰਾਮ ਕੁਰਕੁ ਸਾਰ॥ਸਤ ਏਕ ਪੁੰਨ ਪੰਚੀਸ ਸੰਕਰ ਛੰਦ॥ਬੰਦਮ ਵਾਰ॥ਇਹ ਰਸ ਪ੍ਰਕਾਸ ਪ੍ਰਕਾਸਯੋ ਨਿਤ ਪਠਹੁ ਸੁਘਰ ਸੁਧਾਰ॥੧੨੫॥ਇਤ ਸ੍ਰੀਮਦ੍ਰਮ ਕੁਮਾਰ ਆਤਮ ਜੇਨ ਕੁਲਯਸ ਸ੍ਰਮਣਿ ਬਿਰਚਤਾਯੰ ਰਸ ਪ੍ਰਕਾਸ ਨਾਮ ਧੇਯੰ ਗ੍ਰੰਥ ਸੰਪੂਰਨੰ॥ |

| | |
|---|---|
| ਹੱਥ ਲਿਖਤ ਨੰ | : MS 312 ਸੰਗ੍ਰਹਿ |
| ਸਿਰਲੇਖ | : ਗਿਆਨ ਸ੍ਰੋਦ |
| ਲੇਖਕ | : ਨਿਰੰਜਨੀ (ਸੰਤ) |
| ਪੱਤਰੇ | : ਵੱਖ ਵੱਖ ਭਾਗਾਂ ਵਿਚ ਵੰਡੇ ਹੋਏ ਹਨ |
| ਅਕਾਰ | : 11 X 7 ਸ.ਮ. ਲਿਖਤ : 7 X 5ਸ.ਮ. |
| ਵੇਰਵਾ | : ਸਿਆਹੀ ਕਾਲੀ, ਲਿਖਤ ਸੁੰਦਰ, ਜਿਲਦ ਗਤਾ ਕਪੜਾ, ਸਤਰਾਂ ਪ੍ਰਤੀ ਪੰਨਾ-6 ਹਨ। |
| ਆਮ ਵੇਰਵਾ | : ਪਤਰਿਆਂ ਦੀ ਹਾਲਤ ਚੰਗੀ, ਪੋਥੀ ਵੱਖ ਵੱਖ ਭਾਗਾਂ ਵਿਚ ਹੈ ਅਤੇ ਸੰਗ੍ਰਹਿ ਹੈ । ਪੋਥੀ ਅਧੂਰੀ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ॥ਅਥ ਗਿਆਨ ਸ੍ਰੋਦਾ ਲਿਖਯਤੇ॥ਮਹਲ੧॥ਦੋ॥ਪਰਸੋਤਮ ਪ੍ਰਮਾਤਮਾ ਪੂਰਨ ਨਿਸਵੇ ਬੀਸ॥ਆਦ ਪੁਰਖ ਅਬਚਲ ਤੁਹੀ ਤੋਹਿ ਨਿਵਾਊ ਸੀਸ॥੧॥... |

ਅੰਤ : ...ਪਾਵਨ ਭਇਆ ਆਕਾਸ ਤੇ ਅਗਨ ਪਵਨ ਤੇ ਹੋਇ॥ਪਾਵਕ ਸੋ ਪਾਨੀ ਭਜਾ ਧ੍ਰਤੀ ਪਾਨੀ ਸੋਇ॥੨੧੯॥ਧ੍ਰਤੀ ਮੀਠਾ ਸੁਵਾਦ ਹੈ ਖਾਰੇ ਸੁਵਾਦ ਸੋ ਨੀਰ॥ਅਨ ਜਰਧਰਾ ਸੁਆਦੇ ਹੈ ਖਾਟੇ.....

ਹੱਥ ਲਿਖਤ ਨੰ : MS 312 ਅ
ਸਿਰਲੇਖ : ਗੁਰਬਾਣੀ (ਜਪੁਜੀ)
ਪੱਤਰੇ : 1-20 ਅ+10=30 ਅ
ਅਕਾਰ : 11 X 7 ਸ.ਮ. ਲਿਖਤ : 7 X 4ਸ.ਮ.
ਵੇਰਵਾ : ਜਿਲਦ ਗਤਾ ਚਮੜਾ, ਸਿਆਹੀ ਕਾਲੀ ਹਾਸ਼ੀਏ ਤੋਂ ਬਗੈਰ, ਲਿਖਤ ਸੁੰਦਰ, ਸਤਰਾਂ ਪ੍ਰਤੀ ਪੰਨਾ-6 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ । ਕਾਨੀ ਬਦਲੀ ਹੋਈ ਹੈ । ਪੰਨਿਆਂ ਦੀ ਗਿਣਤੀ ਵਖੋ ਵੱਖ ਕੀਤੀ ਹੋਈ ਹੈ ।
ਆਰੰਭ : ੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ॥ਅਕਾਲ ਮੂਰਤਿ ਅਜੂਨੀ ਸੈਭੰ॥ਗੁਰ ਪ੍ਰਸਾਦਿ॥ਜਪੁ॥ਆਦਿ ਸਚੁ ਜੁਗਾਦਿ ਸਚੁ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥...
ਅੰਤ : ...ਕਰਮ ਖੰਡ ਕੀ ਬਾਣੀ ਜੋਰੁ॥ਤਿਥੈ ਹੋਰ ਨ ਕੋਈ ਹੋਰੁ ॥ ਤਿਥੈ ਜੋਧ ਮਹਾਂ ਬਲ ਸੂਰ॥ਤਿਨ ਮਹਿ ਰਾਮ ਰਹਿਆ ਭਰਪੂਰ॥ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ਤਾ ਕੇ ਰੂਪ ਨ ਕ.....

ਹੱਥ ਲਿਖਤ ਨੰ : MS 312 ੲ
ਸਿਰਲੇਖ : ਗੁਰਬਾਣੀ (ਸੁਖਮਨੀ)
ਪੱਤਰੇ : 31-135
ਅਕਾਰ : 11 X 7 ਸ.ਮ. ਲਿਖਤ : 7 X 4ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੰਨਾ ਨੰ 135 ਅ ਖਾਲੀ ਹੈ। ਕਿਧਰੇ ਕਿਧਰੇ ਕਿਰਮ ਖੁਰਦਾ ਹੈ । ਕਾਨੀ ਬਦਲੀ ਹੋਈ ਹੈ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ਗਉੜੀ ਸੁਖਮਨੀ ਮ:॥੫॥ਸਲੋਕ॥ਆਦਿ ਗੁਰਏ ਨਮਹ॥ਜੁਗਾਦ ਗੁਰਏ ਨਮਹ॥ਸਤਿਗੁਰਏ ਨਮਹ॥ਸ੍ਰੀ ਗੁਰਦੇਵਏ ਨਮਹ॥੧॥...
ਅੰਤ : ...ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਣੀ॥ਏਕ ਨਾਮੁ ਮਨਿ ਮਾਹਿ ਸਮਾਣੀ॥ਦੂਖ ਰੋਗ ਬਿਨਸੈ ਭੈ ਭਰਮ॥ਸਾਧ ਨਾਮ ਨਿਰਮਲ ਤਾਕੇ ਕਰਮ॥ਸਭ ਤੇ ਊਚ ਤਾਕੀ ਸੋਭਾ ਬਨੀ॥ਨਾਨਕ ਇਹੁ ਗੁਣ ਨਾਮ ਸੁਖਮਨੀ ॥੮॥੨੪॥

ਹੱਥ ਲਿਖਤ ਨੰ : MS 312 ਸ
ਸਿਰਲੇਖ : ਸ਼ਬਦ ਹਜ਼ਾਰੇ
ਪੱਤਰੇ : 136-144
ਅਕਾਰ : 11 X 7 ਸ.ਮ. ਲਿਖਤ : 7 X 4ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪਤਰੇ ਉਖੜੇ ਹੋਏ ਹਨ।
ਆਰੰਭ : ੧ਓ ਸਿਤਿਨਾਮ ਕਰਤਾ ਪੁਰਖ ਨਿਰਭਉ...ਗੁਰ ਪ੍ਰਸਾਦਿ॥ ਰਾਗ ਬਿਲਾਵਲੁ ਮਹਲਾ ੧॥ਚਉਪਦੇ॥ਘਰੁ॥੧॥ਤੂ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ॥ਜੋ ਤੂ ਦੇਹਿ ਸੁ ਕਹਾ ਸੋਆਮੀ ਮੈ ਮੂਰਖ ਕਹਣ ਨ ਜਾਈ॥੧॥...

ਅੰਤ : ...ਜੀਅ ਜੰਤ ਸਭ ਸਰਣਿ ਤੁਮਾਰੀ ਸਰਬ ਚਿੰਤ ਤੁਧ ਪਾਸੇ॥ਜੋ ਤੁਧ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥੪॥੭॥ ਸੰਪੂਰਨੰ ਸਬਦ ਹਜਾਰੇ ਦੇ॥ਮਸਤ ਸੁਭ ਮਸਤ॥

ਹੱਥ ਲਿਖਤ ਨੰ : MS 312 ਹ
ਸਿਰਲੇਖ : ਗੀਤਾ ਸਾਰ ( ਭਗਵਤ ਗੀਤਾ)
ਪੱਤਰੇ : 145-160 ਅ
ਅਕਾਰ : 11 X 7 ਸ.ਮ. ਲਿਖਤ : 7 X 4ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੰਨਾ ਨੰ : 160 ਅ ਉਤੇ ਸਤਰਾਂ 5 ਦਿਤੀਆਂ ਹਨ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਸ੍ਰਸਤਿ ਸ੍ਰੀ ਗਣੇਸਾ ਨਮ:॥ਅਥ ਗੀਤਾ ਸਾਰ ਲਿਖਜਤੇ॥ ਅਰਜਨੋ ਵਾਚ॥ਅਰਜਨ ਸ੍ਰੀ ਕ੍ਰਿਸਨ ਭਗਵਾਨ ਜੀ ਪੈ ਪ੍ਰਸਨ ਕਰੇ ਹੈ॥ਅਖੇ ਹੇ ਸ੍ਰੀ ਕ੍ਰਿਸਨ ਦੇਵ ਜੀਓ ਅੰਕਾਰ ਕਾ ਮਹਾਤਮ ਅਰ ਰੂਪ॥ਅਰ ਅਸਥਾਨ ਤਿਸ ਕੇ ਸੁਣਨੇ ਕੀ ਮੇਰੀ ਬਾਂਛਾ ਹੈ॥...
ਅੰਤ : ...ਇਤਿ ਸ੍ਰੀ ਭਗਵਤ ਗੀਤਾ ਸੂਪ ਨਿਖਤਸੁ ਬ੍ਰਹਮ ਬਿਦਿਆ ਜੋਗ ਸਾਸਤ੍ਰੇ॥ਸ੍ਰੀ ਕ੍ਰਿਸਨ ਅਰਜਨ ਸੰਬਾਦੇ ਪਰਮ ਹੰਸ ਜੋਗ ਗੀਤਾ ਸਾਰ ਸਮਾਪਤੰ॥ਸੁਭ ਮਸਤ ਲੇਖਕ ਪਾਠਕਯੌ॥ਸ੍ਰੀ ਕ੍ਰਿਸਨ ਰਾਧਾ ਕ੍ਰਿਸਨ॥ਰਾਮ॥ਰਾਮ॥ਕ੍ਰਿਸਨ ਕ੍ਰਿਸਨ॥ਹਰੇ ਹਰੇ ਹਰੇ ਕ੍ਰਿਸਨ॥

ਹੱਥ ਲਿਖਤ ਨੰ : MS 312 ਕ
ਸਿਰਲੇਖ : ਅਧਯਾਤਮ ਰਮਾਇਣ (ਅਧਯਾਤਮ ਰਾਮਾਇਣ )
ਲੇਖਕ : ਗੁਲਾਬ ਸਿੰਘ
ਪੱਤਰੇ : 161-169 ਅ
ਅਕਾਰ : 11 X 7 ਸ.ਮ. ਲਿਖਤ : 7 X 4ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ :੧ਓ ਸਤਿਗੁਰ ਪ੍ਰਸਾਦਿ॥ਅਥ ਸ੍ਰੀ ਰਾਮ ਹਿਰਦਾ ਲਿਖਜਤੇ॥ਸ੍ਰੀ ਮਹਾਦੇਵਉ ਵਾਚ॥ਦੋਹਰਾ॥ਪਾਰਬਤੀ ਤੇ ਪ੍ਰਸਨ ਮੈ ਉਤਰ ਏਕ ਅਨੂਪ॥ਪਰਮ ਗੋਪ ਦੁਰਲਭ ਮਹਾ ਸੁਨੇ ਮਿਟੇ ਤਮ ਕੂਪ॥੧॥...
ਅੰਤ : ...ਗੁਲਾਬ ਸਿੰਘ ਦਾਸ ਕੇ ਮੁਖੇ ਬਸੋ ਅਨੰਦ ਸੋ॥ਇਤਿ ਸ੍ਰੀ ਮਤ ਅਧਜਾਤਮ ਰਮਾਇਣੇ ਉਮਾ ਮਹੇਸਰ ਸੰਬਾਦੇ॥ਸ੍ਰੀ ਰਿਦੰਧੰ ਨਾਮ ਦੁਤੀਓ ਧਿਆਇ ਸਮਾਪਤੰ॥੨॥ਸ੍ਰੀ ਰਾਮ॥ਰਾਮ ਰਾਮ ਰਾਮ॥=॥

ਹੱਥ ਲਿਖਤ ਨੰ : MS 312 ਖ
ਸਿਰਲੇਖ : ਗੁਰ ਪ੍ਰਨਾਲੀ
ਲੇਖਕ : ਸੁਖਬਾਸੀ ਰਾਇ ਜੀ
ਪੱਤਰੇ : 169 ਅ - 183 ਅ
ਅਕਾਰ : 11 X 7 ਸ.ਮ. ਲਿਖਤ: 7 X 4 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਾਈ ਸੁੰਦਰ॥

| | |
|---|---|
| ਆਰੰਭ | :੧ੳ ਸਤਿਗੁਰ ਪ੍ਰਸਾਦਿ॥ਅਥ ਸ੍ਰੀ ਗੁਰ ਪ੍ਰਨਾਲੀ ਲਿਖਯਤੇ॥ਕ੍ਰਿਤ ਕਵ ਸੁਖਬਾਸੀ ਰਾਇ ਜੀ ਕੀ॥=॥=ਗੁਰ ਗਣੇਸ ਅਰ ਸਾਰਦਾ ਸ੍ਰੀ ਸੂਰਜ ਸੁਖਕੰਦ॥ਪਦਮ ਨਾਭ ਪਦਮ ਜਬ ਹੁਰ ਈਸ ਜਪਤ ਸੁਖਬੰਦ॥੧॥... |
| ਅੰਤ | : ...ਦੋ॥ਲਾਜਪਤਿ ਅਰ ਸਰਮ ਪਤਿ ਦੋਨੋ ਬੀਰ ਮਹਾਨ॥ਕ੍ਰਿਪਾ ਸਿੰਧ ਕੀ ਅੰਸਬਰ ਅਦਭੁਤ ਪਰਮ ਸੁਜਾਨ॥੪੭॥ਗੁਰ ਪ੍ਰਨਾਲੀ ਸੰਪੂਰਨੰ॥ਸੁਭ ਮਸਤ॥ |

| | |
|---|---|
| ਹੱਥ ਲਿਖਤ ਨੰ | : MS 312 ਗ |
| ਸਿਰਲੇਖ | : ਭਭੂਤ ਮੰਤ੍ਰ ਬਾਬੇ ਨਾਨਕ ਜੀ ਕਾ (ਮੰਤ੍ਰ ਤੂੰਬੇ ਕਾ) |
| ਪੱਤਰੇ | : 184-185 ੳ |
| ਅਕਾਰ | : 11 X 7 ਸ.ਮ. ਲਿਖਤ : 7 X 4ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | :੧ੳ ਸਤਿਗੁਰ ਪ੍ਰਸਾਦਿ॥ ਭਭੂਤ ਮਤ੍ਰ ਬਾਬੇ ਨਾਨਕ ਜੀ ਕਾ॥ਓਅੰ ਨਿਰੰਕਾਰ ਜਬ ਕੀਨੇ ਦਇਆ॥ਤਬ ਅਕਾਸ ਮੈ ਬਾਦ੍ਰ ਮੈ ਭਇਆ॥ਅੰਬਰ ਝਰੇ ਧਰਤਰੀ ਭਰੇ॥ਤਿਸ ਧਰਤ੍ਰੀ ਕਾ ਫਲ ਗਾਇਤ੍ਰੀ ਚਰੇ॥ਸੋ ਗਾਇਤ੍ਰੀ ਗੋਬਰ ਕਰੇ॥ਧਰਤ੍ਰੀ ਪਰਸੇ॥ਸੂਰਜ ਮੁਖ ਤੁਖੇ ਅਗਨ ਮੁਖ ਜਲੈ॥... |
| ਅੰਤ | : ...ਓਅੰ ਅਬਨਾਸੀ ਦੇਵਾ॥ਸਭ ਸਿਧੋ ਨੇ ਮਿਲ ਮਿਲ ਸੇਵਾ॥ਆਦਿ ਪੁਰ ਜਹਿੰ ਦੀਨੋ ਮੰਤ॥ਤਬ ਹਮ ਐਸੋ ਕੀਨੋ ਤੰਤ॥ ਕਰ ਇਸਨਾਨ ਉਤਾਰੀ ਖਾਕ॥ਨਾਨਕ ਕੀਨੇ ਪੂਰੇ ਵਾਕ॥੨॥ਮੰਤ੍ਰ ਸੰਪੂਰਨੰ॥=॥ |

| | |
|---|---|
| ਹੱਥ ਲਿਖਤ ਨੰ | : MS 312 ਘ |
| ਸਿਰਲੇਖ | : ਮੰਤ੍ਰ ਬਾਬੇ ਸ੍ਰੀ ਚੰਦ ਜੀ ਕਾ |
| ਪੱਤਰੇ | : 185 ਅ - 192 |
| ਅਕਾਰ | : 11 X 7 ਸ.ਮ. ਲਿਖਤ : 7 X 4ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਇਸ ਭਾਗ ਵਿਚ ਛੋਟੇ-ਛੋਟੇ ਮੰਤ੍ਰ ਦਿਤੇ ਹੋਏ ਹਨ। ਜੋ ਬਾਬਾ ਸ੍ਰੀ ਚੰਦ ਨਾਲ ਸਬੰਧਤ ਹਨ। |
| ਆਰੰਭ | :੧ੳ ਸਤਿਗੁਰ ਪ੍ਰਸਾਦਿ॥ਮੰਤ੍ਰ ਬਾਬੇ ਸ੍ਰੀ ਚੰਦ ਜੀ ਕਾ॥ਭਸਮਤੀ ਮਾਈ ਜਹਾ ਪਾਈ ਤਹਾਂ ਚੜਾਈ॥ਪਿੰਡ ਪ੍ਰਾਨ ਛੋਡ ਕਤਹੂੰ ਨ ਜਾਈ॥ ਆਦ ਕਾ ਜੋਗੀ ਅਨਾਦ ਕੀ ਭਾਬੂਤ॥ਸਤਿ ਕਾ ਨਾਤੀ ਧਰਮ ਕਾ ਪੂਤ॥੧॥... |
| ਅੰਤ | : ...ਅਕੋਤ੍ਰ ਸਉ ਗਊ ਕਾ ਕੀਤਾ ਦਾਨ॥ਜੇ ਕੋ ਮੰਤ੍ਰ ਜਾਨ ਕਰੇ ਜਲਪਾਨ॥ਤਿਸ ਕੋ ਮੋਖੁ ਮੁਕਤਿ ਪ੍ਰਵਾਨ॥ਜੇ ਕੋ ਅਨਜਾਨ ਕਰੇ ਜਲਪਾਨ॥ਤਿਸੋ ਕੋਊ ਸੁਰਹਿ ਗਊ ਕੀ ਹਾਨ॥੪॥ਏ ਤਾਬੀਜ ਮੰਤ੍ਰ ਤੂੰਬੇ ਕਾ ਸੰਪੂਰਨ ਹੋਇਆ॥ਭੂਲ ਚੂਕ ਬਖਸਣੀ ਅਖਰ ਕਾ ਵਾਧਾ ਘਾਟਾ ਸੋਧ ਪੜਨਾ॥ |

| | |
|---|---|
| ਹੱਥ ਲਿਖਤ ਨੰ | : MS 312 ਙ |
| ਸਿਰਲੇਖ | : ਬਿਸਨ ਪਤੇ ਸ੍ਰੀ ਕਿਸਨ ਦੇਵ ਜੀ |
| ਲੇਖਕ | : ਕ੍ਰਿਸਨ ਦੇਵ |
| ਪੱਤਰੇ | : 192 ਅ-198 ਅ |
| ਅਕਾਰ | : 11 X 7 ਸ.ਮ. ਲਿਖਤ : 7 X 4 ਸ.ਮ. |
| ਵੇਰਵਾ | : ਓਹੀ |

| | |
|---|---|
| ਆਰੰਭ | :੧ੴ ਸਤਿਗੁਰ ਪ੍ਰਸਾਦਿ॥ਬਿਸਨਪਤੇ ਸ੍ਰੀ ਕ੍ਰਿਸਨ ਦੇਵ ਜੀ ਕੇ॥ਰਾਗ ਨਟ॥ਤੇਰੇ ਨੈਨ ਕਿ ਧੋਰੀ ਬਾਨ॥ਕਿਤੇ ਮਰੇ ਕਿਤੇ ਮੁਰਝ ਪਰੇ ਧਰ ਕੇਤੇ ਗਹਿ ਗਹਿ ਰਾਖਤ ਪ੍ਰਾਨ॥ਖਗ ਪਰ ਕਮਲ ਪਰ ਕਦਲੀ ਕਦਲੀ ਪਰ ਹਰਿ ਥਾਨ॥ਹਰਿ ਪਰ ਸਰਵਰ ਸਰ ਪਰ ਕਲਸਾ ਕਲਸੇ ਪਰ ਸਸ ਭਾਨ॥… |
| ਅੰਤ | : …ਦੋ॥ਚਮ ਚਮਾਤ ਚੰਚਲ ਨੈਜਨ ਵਿਚ ਘੁੰਘਟ ਪਟ ਝੀਨ॥ਮਾਨੋ ਸੁਰ ਸਰਤਾ ਵਿਮਲ ਉਛਲਤ ਹੈ ਜੁਗ ਮੀਨ॥੧॥ |

| | |
|---|---|
| ਹੱਥ ਲਿਖਤ ਨੰ | : MS 312 ਚ |
| ਸਿਰਲੇਖ | : ਬਾਣੀ |
| ਪੱਤਰੇ | : 199-200 |
| ਅਕਾਰ | : 11 X 7 ਸ.ਮ. ਲਿਖਤ : 7 X 4ਸ.ਮ. |
| ਵੇਰਵਾ | : ਓਹੀ |
| ਆਰੰਭ | :੧ੴ ਸਤਿਗੁਰ ਪ੍ਰਸਾਦਿ॥ਪ੍ਰਭਾਤੀ ਮ:੧॥ਚਿਤੁ ਚੇਤ ਸਖੀ ਹਰਿ ਨਾਮ ਹਰੇ॥ਹਰਿ ਨਾਮ ਜਪਤਿ ਕਈ ਪਤਿਤੁ ਤਰੇ॥ਸੂਖਮ ਮੂਰਤਿ ਦ੍ਰਿਸਟ ਅਗੋਚਰ ਅਗਮ ਅਗਾਧ ਬਿਅੰਤ ਹਰੇ॥ਬ੍ਰਹਮਾ ਜਾਕੋ ਅੰਤ ਨ ਪਾਇਓ ਚਾਰ ਬੇਦ ਮੁਖ ਸੋ ਉਰੇ॥ਮੱਛ ਰੂਪ ਸੰਖਾ ਸਰ ਛੇਦੇਓ ਕੂਰਮ ਭੈ ਮਧੁ ਕੀਟ ਦਲੈ॥… |
| ਅੰਤ | : …ਅਲਖ ਅਲੇਖ ਸਦਾ ਸੁਖਦਾਈ ਸਦਾ ਸਹਾਈ ਸਦਾ ਹਰੇ॥ਜਿਹ ਜਿਹ ਭੀਰ ਪਰੀ ਸੰਤਨ ਕੌਉ ਤਹਿ ਤਹਿ ਰਛਿਆ ਆਪ ਕਰੇ॥ਜੋ ਜਨ ਉਠ ਪ੍ਰਭਾਤੀ ਗਾਵੈ ਅਪਦਾ ਤਾਕੀ ਸਕਲਿ ਟਰੇ॥ਕਹੁ ਨਾਨਕ ਸਹਿਸਾ ਜਬ ਚੂਕਾ ਜਨਮ ਮਰਨਿ ਥੀ ਰਾਖ ਹਰੇ॥੧॥ |

| | |
|---|---|
| ਹੱਥ ਲਿਖਤ ਨੰ | : MS 312 ਛ |
| ਸਿਰਲੇਖ | : ਪ੍ਰੀਛਾ ਮਹਲਾ ੫ |
| ਪੱਤਰੇ | : 201-223 ਅ |
| ਅਕਾਰ | : 11 X 7 ਸ.ਮ. ਲਿਖਤ : 7 X 4ਸ.ਮ. |
| ਵੇਰਵਾ | : ਓਹੀ |
| ਆਰੰਭ | :੧ੴ ਸਤਿਗੁਰ ਪ੍ਰਸਾਦਿ॥ਪ੍ਰੀਛਾ ਮਹਲਾ ੫॥ਪਉੜੀ॥ਜੋ ਜਨ ਮਨ ਮਹਿ ਚਿਤਵਨੀ ਰਖਾਵੈ॥ ਸੋ ਮਨ ਕਾ ਸਹਿਸਾ ਕਹਿ ਪ੍ਰਗਟਾਵੈ॥ ਗੁਰ ਪ੍ਰਸਾਦਿ ਭਰਮ ਭਭਉ [ਭਉ] ਮਿਟੈਂ॥ ਹੋਇ ਅਚਿੰਤੁ ਚਿੰਤਾ ਸਭ ਛੁਟੈ॥ਮਨ ਕੀ ਦੁਬਧਾ ਸਕਹਿ ਸੁਨਾਵੈ॥ ਪ੍ਰਭ ਭਾਵੈ ਤਾ ਸਭੁ ਸੁਖ ਪਾਵੈ॥ ਦੂਖ ਦਰਦ ਕਛੁ ਨੇੜਿ ਨ ਆਵੈ॥ ਗੁਰ ਕਾ ਮੰਤ੍ਰ ਸਦਾ ਮਨਿ ਧਿਆਵੈ॥ ਸਿਮਰੈ ਸਿਮਰੈ ਨਾਮ ਨਹੀ ਦੁਖ ਕੋਇ॥ਨਾਨਕ ਤਿਸੈ ਨ ਚਿਤਵਨੀ ਹੋਇ॥੧॥… |
| ਅੰਤ | : …ਤੇਰੇ ਉਪਰ ਪ੍ਰਮੇਸਰ ਜੀ ਕੀ ਸ੍ਰੀ ਭਗਵਾਨ ਜੀ ਕੀ ਕ੍ਰਿਪਾ ਭਈ ਹੈ॥ਤੂੰ ਆਪਣੇ ਮਨ ਮਹਿ ਚਿੰਤਾ ਨਾ ਕਰੁ॥ਜਪ ਸ੍ਰੀ ਭਗਵਾਨ ਕਾਰਜ ਸੁਫਲ ਹੋਵੈਗਾ॥ਸਤਿ ਕਰ ਮਨਣਾ॥੩੬॥ਪ੍ਰੀਛਾ ਸੰਪੂਰਨੰ॥ |

| | |
|---|---|
| ਹੱਥ ਲਿਖਤ ਨੰ | : MS 312 ਜ |
| ਸਿਰਲੇਖ | : ਪੈਂਤੀਸ ਅਖਰ |
| ਲੇਖਕ | : ਪਾਤਸ਼ਾਹੀ 10 |
| ਪੱਤਰੇ | : 224-229 ਅ |
| ਅਕਾਰ | : 11 X 7 ਸ.ਮ. ਲਿਖਤ : 7 X 4ਸ.ਮ. |

ਵੇਰਵਾ : ਓਹੀ

ਆਰੰਭ :੧ੴ ਸਤਿਗੁਰ ਪ੍ਰਸਾਦਿ॥ਅਥ ਪੈਤੀਸ ਅਖਰ ਲਿਖਜਤੇ॥ਪਾਤਸਾਹੀ ॥੧੦॥ਓਅੰਕਾਰ ਸ੍ਰਬ ਪ੍ਰਕਾਸੀ॥ਆਤਮ ਸੁਧਅ ਕਰੈ ਅਬਨਾਸੀ॥ਈਸ ਜੀਵ ਮਹਿ ਭੇਦ ਨਾ ਜਾਨੋ॥ਸਾਧ ਚੋਰ ਸਬ ਬ੍ਰਹਮ ਬਖਾਨੋ॥ਹਸਤੀ ਚੀਟੀ ਕਿਣ ਲੌ ਆਦੰ॥ਏਕ ਅਖੰਡ ਤਬ ਸਹਿ ਅਨਾਦੰ॥੧॥…

ਅੰਤ : …ਸ੍ਰੀ ਵਾਹਗੁਰੂ ਗੋਬਿੰਦ ਸਿੰਘ ਜੀ ਕਾ ਹੁਕਮ ਹੈ ਭੇਦ ਨਹੀ ਜਾਨਣਾ॥ਬੋਲਹੁ ਸ੍ਰੀ ਵਾਹਗੁਰੂ ਜੀ ਕਾ ਖਾਲਸਾ ਸ੍ਰੀ ਵਾਹਗੁਰੂ ਜੀ ਕੀ ਫਤੇ॥ਰਾਮ ਨਾਮ ਜਪਣਾ ਤੇ ਜਨਮ ਸਵਾਰਣਾ॥ਅਖਰ ਕਾ ਵਾਧਾ ਘਾਟਾ ਸੋਧ ਪੜਨਾ॥ਭੁਲ ਚੁਕ ਬਖਸ ਲੈਣੀ॥=॥=॥

ਹੱਥ ਲਿਖਤ ਨੰ : MS 312 ਝ

ਸਿਰਲੇਖ : ਛਪੈ

ਲੇਖਕ : ਹਾਕਮ ਸਿੰਘ

ਪੱਤਰੇ : 232-242

ਅਕਾਰ : 11 X 7 ਸ.ਮ. ਲਿਖਤ : 7 X 4ਸ.ਮ.

ਵੇਰਵਾ : ਓਹੀ

ਆਮ ਵੇਰਵਾ : ਇਸ ਭਾਗ ਵਿਚ ਪੱਤਰਾ ਨੰ 230, 231, ਅਤੇ 240 ਗੁੰਮ ਹਨ ।

ਆਰੰਭ :…..ਖੋਹੀਏ ਪਰੋਇ॥੨॥ਬੁਰਾ ਜੁਆਰੀ ਪੁਤ੍ਰ ਬੁਰੀ ਜੋਰੂ ਕਲਿਹਾਰੀ॥ਸਭ ਤੇ ਬੁਰਾ ਜੁਆਨ ਬੇਟੀ ਘਰ ਕੁਆਰੀ॥ਸਲ ਸੌਕਣ ਦਾ ਬੁਰਾ ਬੁਰਾ ਸੀਉਣ ਦਾ ਫੋੜਾ॥ਨਉਕਰ ਬੇਦਿਲ ਬੁਰਾ ਬੁਰਾ ਮੁਹਤਾਣਾ ਘੋੜਾ॥…

ਅੰਤ : …ਜਿਸ ਕੇ ਮਨਿ ਸੰਤੋਖ ਸੋਈ ਧਨਵਾਨ ਕਹਾਵਤ॥ਜਿਸ ਕੇ ਮਨ ਸੰਤੋਖ ਮੋਖ ਪਦਵੀ ਕਉ ਪਾਵਤ॥ਜਿਸ ਕੇ ਮਨ ਸੰਤੋਖੁ ਸੋਈ ਰਾਜਨ ਪਤਿਰਾਜਾ ਜਿਸਕੇ ਮਨ ਸੰਤੋਖ ਸੋਈ ਹੈ ਬੇਮੁਹਿਤਾਜਾ॥ਧਰਮ ਨੇਮ ਗੁਣ ਚਾਤਰੀ ਆਦ ਪਦਵੀ ਮੋਖ॥ਹਾਕਮ ਸਿੰਘ ਏਹੁ ਸਭ ਮਿਲੇ ਜਿਸਕੇ ਮਨ ਸੰਤੋਖ॥ਛਪੈ ਸੰਪੂਰਨੰ॥

ਹੱਥ ਲਿਖਤ ਨੰ : MS 312 ਞ

ਸਿਰਲੇਖ : ਦੋਹਰੇ ਤੇ ਸਵੈਯੇ

ਲੇਖਕ : ਹਾਕਮ ਸਿੰਘ

ਪੱਤਰੇ : 242-244 ੳ

ਅਕਾਰ : 11 X 7 ਸ.ਮ. ਲਿਖਤ : 7 X 4ਸ.ਮ.

ਵੇਰਵਾ : ਇਸ ਵਿਚ ਇਤਿਹਾਸਕ ਹਵਾਲੇ ਬਹੁਤ ਹਨ।

ਆਰੰਭ : ਸਵੈਯਾ॥ਦਿਲੀ ਮੈ ਸਾਹਜਹਾਨ ਬਸੈ ਅਰ ਹਿੰਦ ਕੀ ਭੂੰਮ ਮੈ ਭੂਪ ਕਹਾਵੈ॥ਬੀਸ ਅਉ ਏਕ ਸਹਸ੍ਰ ਕੋਹ ਮੈ ਔਰ ਨ ਦੂਸਰੋ ਰਾਜ ਕਮਾਵੈ॥ਸੂਬੇ ਇਕੀਸ ਲਹੌਰ ਸਮੇਤ ਹੈ ਏਕ ਤੇ ਏਕ ਅਨੂਪ ਕਹਾਵੈ॥ਸਾਰਸੱਤੀ ਕਰਹੈ ਕ੍ਰਿਪਾ ਜਬ ਤਉ ਸਬ ਕੇ ਕਵ ਨਾਂਮ ਸੁਨਾਵੈ॥੧॥…

ਅੰਤ : ਦੋ ॥ ਇਕ ਸੂਬਾ ਮੈ ਪੜ ਗਣੇ ਆਧਾ ਸੈ ਅਰ ਦੋਇ॥ਬਡਾ ਬਡਾ ਜੋ ਪੜਗਣਾ ਨੌ ਲਖ ਪੈਦਾ ਹੋਇ॥੭॥ਬਾਵਨੀ ਪੰਜਾਹ ਦੋ ਬਸੈ ਸਰੰਦ ਸਮਾਨ॥ਨਾਮ ਸੁਨਾਊ ਤਿਨਾ ਕੇ ਹੋਵਹਿ ਬਡੋ ਪੁਰਾਨ॥

ਹੱਥ ਲਿਖਤ ਨੰ : MS 312 ਟ

ਸਿਰਲੇਖ : ਅਸਤੋਤਰ ਧਰੂ ਭਗਤ ਕਾ

ਪੱਤਰੇ : 244 ਅ-248 ੳ

| | |
|---|---|
| ਅਕਾਰ | : 11 X 7 ਸ.ਮ. ਲਿਖਤ : 7 X 4 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ ਅਸਤੋਤਰ ਧ੍ਰੂ ਭਗਤ ਕਾ॥ ਦੋ॥ ਧ੍ਰੂ ਅਸਤੋਤਰ ਕਉ ਕਰੈ ਅਨਭੈ ਭਓ ਪ੍ਰਕਾਸ ਜਿਸ ਪੜਿ ਸੁਣ ਪ੍ਰਾਣੀ ਪਾਵਹੀ ਪਰਮ ਆਨੰਦ ਬਿਲਾਸ॥ਚੌ॥੧॥ਉ ਨਮੋ ਭਗਵਤੇ ਬਾਸ ਦੇਵਾਇ॥ਨਮੋ ਨਮੋ ਪ੍ਰਭ ਤ੍ਰਿਭਣ ਰਾਇ॥ਨਮੋ ਨਮੋ ਹੇ ਸਰਬ ਨਿਵਾਸੀ॥ਨਮੋ ਨਮੋ ਹੇ ਸਭ ਘਟਿ ਵਾਸੀ॥ਨਮੋ ਨਮੋ ਦੀਨਾ ਨਾਥ ਗੁਸਾਈ॥ਤੀਨ ਭਵਨ ਤੁਮਰੀ ਪਰਛਾਹੀ॥ਨਮੋ ਨਮੋ ਦੇਵਨ ਕੇ ਦੇਵਾ॥ ਨਮੋ ਨਮੋ ਹਰਿ ਅਲਖ ਅਭੇਵਾ ॥ ਨਮੋ ਨਮੋ ਹੇ ਚਤਰੁ ਸਰੂਪੀ ॥ ਨਮੋ ਨਮੋ ਪ੍ਰਮਾਤਮ ਰੂਪੀ॥੨॥… |
| ਅੰਤ | : ਦੋ ॥ ਜੋ ਨਿਤ ਅਸਤੋਤਰ ਕਉ ਪੜੈ ਕੋਈ ਕਾਮਨਾ ਧਾਰ॥ਏਕ ਜਨਮ ਲਗ ਸਭ ਲਹੈ ਪੁਨਿ ਪਾਵੈ ਤਤੁ ਬਿਚਾਰ॥ਅਸਤੋਤ ਧ੍ਰੂ ਭਗਤ ਕਾ ਸਮਾਪਤੰ॥ |

| | |
|---|---|
| ਹੱਥ ਲਿਖਤ ਨੰ | : MS 312 ਠ |
| ਸਿਰਲੇਖ | : ਅਸਤੋਤ ਸ੍ਰੀ ਕ੍ਰਿਸ਼ਨਦੇਵ ਜੀ ਕਾ |
| ਲੇਖਕ | : ਦਿਤ ਦਾਸ |
| ਪੱਤਰੇ | : 248 ਅ-251 ੳ |
| ਅਕਾਰ | : 11 X 7 ਸ.ਮ. ਲਿਖਤ: 7 X 4 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਇਸ ਭਾਗ ਦੀ ਕਾਨੀ ਬਦਲੀ ਹੋਈ ਹੈ। |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ਅਸਤੋਤ ਸ੍ਰਿੀ ਕ੍ਰਿਸਨ ਦੇਵ ਜੀ ਕਾ॥ਕਮਲ ਨੇਤ੍ਰ ਕਟਿ ਪੀਤੰਬਰ ਅਧਰ ਮੁਰਲੀ ਗਿਰਧਰੰ॥ਮੁਕਟ ਕੁੰਡਲ ਕਰਲ ਕੁਟੀਆ ਸਾਵਰੇ ਰਾਧੇ ਵਰਾਂ॥੧॥… |
| ਅੰਤ | : …ਸ੍ਰੀ ਕ੍ਰਿਸਨ ਕਲਮਲੁ ਹਰਨ ਸਭ ਕੇ ਜੋ ਭਜੇ ਹਰਿ ਚਰਨ ਕੋ ॥ਭਗਤਿ ਅਪਨੀ ਦੇਹ ਮਾਧੋ ਭਉ ਸਾਗਰ ਕੇ ਤਰਨ ਕੋ॥੧੫॥ਇਤ ਸ੍ਰੀ ਕਵ ਦਿਤ ਦਾਸ ਵਿਰਚਤੰ॥ਸ੍ਰੀ ਕ੍ਰਿਸਨ ਅਸਤੋਤਤਰ ਸੰਮਾਪਤੰ॥ਰਾਮ॥ |

| | |
|---|---|
| ਹੱਥ ਲਿਖਤ ਨੰ | : MS 312 ਡ |
| ਸਿਰਲੇਖ | : ਰਾਗ ਮਾਲਾ (ਗੁਰ ਸਾਖੀਆਂ) |
| ਪੱਤਰੇ | : 251 ਅ-302 ਅ |
| ਅਕਾਰ | : 11 X 7 ਸ.ਮ. ਲਿਖਤ : 7 X 4 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ਸ੍ਰੀ ਰਾਗ ਮਹਲਾ॥੧॥ਜਾਲੁ ਮੋਹੁ ਘਸ ਮਸੁ ਕਰਿ ਮਤਿ ਕਾਗਤੁ ਕਰਿ ਸਾਰੁ॥ਭਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਵੀਚਾਰ॥ਨਾਮੁ ਲਿਖ ਸਾਲਾਹ ਲਿਖੁ ਅੰਤ ਨਾ ਪਾਰਾਵਾਰ॥੧॥… |
| ਅੰਤ | : …ਨੇਕੀ ਬਦੀ ਵਖਾਣੀਐ ਮਲਕਲਿ ਮਉਤ ਹਜੂਰ॥ਅਮਲੀ ਆਪੋ ਆਪਣੀ ਕਿ ਨੇੜੇ ਕਿ ਦੂਰਿ॥ਜਿਨਾ ਹਕੁ ਪਛਾਣਿਆ ਚਲੇ ਮੁਸਕਤਿ ਘਾਲਿ॥ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੫॥ਭੁਲ ਚੁਕ ਬਖਸ ਲੈਣੀ ਗੁਰਦੇਵ ਜੀ॥ |

ਹੱਥ ਲਿਖਤ ਨੰ : MS 312 ਢ
ਸਿਰਲੇਖ : ਛਪੇ
ਲੇਖਕ : ਰਜਬ
ਪੱਤਰੇ : 303 - ਅੰਤ ਤਕ
ਅਕਾਰ : 11 X 7 ਸ.ਮ. ਲਿਖਤ : 7 X 4ਸ.ਮ.
ਵੇਰਵਾ : ਓਹੀ
ਆਮ ਵੇਰਵਾ : ਇਸ ਭਾਗ ਵਿਚ ਪਤਰਿਆਂ ਦੀ ਗਿਨਤੀ ਨਹੀਂ ਦਿਤੀ ਹੈ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ਅਥ ਛਪੈ ਲਿਖ੍ਯਤੇ ਕ੍ਰਿਤ ਰੰਜਬਕੀ॥ ਗੁਰ ਪੂਜਾ ਕਾ ਅੰਗੁ॥ ਬੈਰਾਗਿ ਰਮੈ ਬਿਭੌ ਅਸੁ ਕੁਲਿ ਪਾਰਸ ਧਰੀਅਹਿ ॥ਕਲਪ ਬ੍ਰਿਛ ਬਨਰਾਇ ਫੂਲ ਫਲ ਅਮਰ ਸੁ ਭਰੀਅਹਿ॥ਸਪਤ ਸਮੁੰਦ੍ਰਹੁ ਸੁਧਾ ਸੋਈ ਸਲਤਾ ਸੁਤ ਲਾਵਹਿ॥ ਪੀਵਨ ਕੋ ਜੁ ਪਿਊਖ ਕਹੀ ਮਾਰਗੁ ਗੁਰ ਆਵਹਿ ॥ ਨਗਰ ਪੁਰੀ ਬੈਕੁੰਠ ਬਿਧਿ ਚਿੰਤਾ ਮਨਿ ਘਰਿ ਦਰਿ ਚਿਣੈ॥ਰਜਬ ਗੁਰ ਪੂਜਾ ਸਜੀਉ ਨਾਉ ਸਰਭਰ ਨਾ ਗਿਣੈ॥੧॥...
ਅੰਤ : ...ਦੋ॥ਦਾਦੂ ਤੁਮ ਜੀਉ ਕੇ ਅਉਗਨ ਤਜੇ ਸੁ ਕਾਰਨ ਕਉਨ ਅਗਾਧ॥ਮੇਰੀ ਜਰਨਾ ਦੇਖ ਕੈ ਮਤ ਕੋ ਸੀਖੈ ਸਾਧ॥੯●॥ਇਤ ਛਪੈ ਸੰਪੂਰਨ ਰਜਬ ਜੀ ਕੇ॥ਮਸਤ ਸੁਭ ਮਸਤੁ॥

ਹੱਥ ਲਿਖਤ ਨੰ : MS 313
ਸਿਰਲੇਖ : ਕਲਪ ਤੰਤਰ
ਲੇਖਕ : ਦੱਤਾ ਤ੍ਰਯ
ਸਮਾਂ : ਸੰਮਤ 1862
ਪੱਤਰੇ : 31 ਅ
ਅਕਾਰ : 17 X 10 ਸ.ਮ. ਲਿਖਤ : 7 X 14 ਸ.ਮ.
ਵੇਰਵਾ : ਜਿਲਦ ਗਤਾ ਕਪੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਕਿਧਰੇ ਕਿਧਰੇ ਹਾਸ਼ੀਆ ਲਾਲ ਸਿਆਹੀ ਨਾਲ ਦੋ ਦੋ ਲਾਲ ਵਿਚਕਾਰ ਇਕ ਕਾਲੀ ਲਕੀਰ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਸਤਰਾਂ ਪ੍ਰਤੀ ਪੰਨਾ - 17 ਹਨ।
ਆਮ ਵੇਰਵਾ : ਪੰਨਾ 18 ਅ ਤੇ ਜੰਤਰ ਵਿਚਕਾਰੋਂ ਬਦਲ ਗਈ ਹੈ । ਦੋ ਪਤਰੇ ਸ਼ੁਰੂ ਵਿਚ ਅਤੇ ਦੋ ਪੱਤਰੇ ਅੰਤ ਵਿਚ ਖਾਲੀ ਹਨ। ਜਿਲਦ ਉਖੜੀ ਹੋਈ ਹੈ ।
ਆਰੰਭ : ੧ਓ ਸ੍ਰੀ ਗਣੇਸਾਯ ਨਮ:॥ਸ੍ਰੀ ਸੰਕਰਰਾਯ ਨਮ:॥ਅਥ ਕਲਪ ਤੰਤ੍ਰ ਲਿਖ੍ਯਤੇ॥ਚੌਪਈ॥ਗਿਰਵਰ ਤਨ ਜਾਤ ਨੁ ਜਨਮਾਮਿ॥ਸੰਕਰ ਸੁਤ ਬਲ ਬੋਧ ਪ੍ਰਣਾਮਿ॥ਗਜਾਨ ਸਾਨ ਕੌ ਦੇਵਨ ਹਾਰਿ॥ਨਮੋ ਨਮੋ ਮਮ ਬਾਰੰ ਬਾਰਿ॥ਕਲਪ ਤੰਤ੍ਰ ਦੱਤਾ ਤ੍ਰਜ ਭਾਖ॥ਭਾਖਾ ਤਾਂ ਕਰਿ ਹੋਇ ਅਭਿਲਾਖ॥ਸੋ ਤੁਮ ਕ੍ਰਿਪਾ ਪਾਇ ਬਰ ਰਟੋਂ॥ਬਿੰਦੁ ਕਵਨ ਕ੍ਰਤ ਬਿਨਨਤੀ ਰਟੋ॥...
ਅੰਤ : ...॥ਦੋ॥ਕਲਪ ਤੰਤ੍ਰ ਭਾਖਾ ਕਰਯੋ ਸਰਜੋ ਸਕਲ ਹੀ ਕਾਂਮ॥ਸੁਦਾ ਸਰੋਵਰ ਤਟ ਭਲੇ ਸਸਿ ਮ੍ਰਿਗਾਧਪ ਨਾਂਮ॥ਜਹਾਂ ਬਸਤ ਪੰਡਿ ਗਨਨਾ ਗਨੀ ਨ ਜਾਇ॥ ਸਸਿਜਿ ਮ੍ਰਿਗੇਸ ਉਚਾਰਜੋ ਭਾਖਾ ਸੁਖ ਦਸੁ ਭਾਇ॥੧੭॥ਸੰਮਤ ਅਹਿ ਕਲ ਰਾਗ ਪੁਨਿ ਨਾਗ ਸਸੀ ਸੁਖ ਕੰਦ॥ਭਾਦਵ ਦ੍ਵਾਦ ਸੰਵਦਿ ਗੁਰੂ ਪੂਰਣ ਭਯੋ ਸੁ ਛੰਦ॥੧੯॥ਇਤਿ ਸ੍ਰੀ ਦੱਤਾ ਤ੍ਰੇਯ ਈਸ੍ਵਰ ਸੰਬਾਦੇ ਕਲਪ ਤੰਤ੍ਰ ਸਿਘ ਬਜਾਘ੍ਰਾਦਿ ਬਿਖੀ ਬਿਖ ਨਿਵਾਰਣੰ ਨਾਂਮ ਦ੍ਵਾਬਿੰਸਤ ਪਟਲ:॥੨੨॥=॥

ਹੱਥ ਲਿਖਤ ਨੰ : MS 314 ਸੰਗ੍ਰਹਿ
ਸਿਰਲੇਖ : ਸ੍ਰਬੰਗਸਾਰ

| | |
|---|---|
| ਲੇਖਕ | : ਰੋਡਾਰਾਮ |
| ਲਿਖਾਰੀ | : ਤੁਲਸੀਰਾਮ |
| ਸਮਾਂ | : ਸੰਮਤ 1913 |
| ਸਥਾਨ | : ਲਾਹੌਰ |
| ਪੱਤਰੇ | : 1-135 |
| ਅਕਾਰ | : 15 X 11 ਸ.ਮ. ਲਿਖਤ : 12 X 8 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਫਟੀ ਹੋਈ, ਲਿਖਤ ਕਾਲੀ ਸਿਆਹੀ ਵਖਰੇਵੇਂ ਲਈ ਲਾਲ। ਹਾਸ਼ੀਆ ਚਾਰੇ ਪਾਸੇ ਦੋ ਦੋ ਕਾਲੀਆਂ ਲਕੀਰਾਂ ਨਾਲ। ਸਤਰਾਂ ਪ੍ਰਤੀ ਪੰਨਾ-8 ਹਨ। |
| ਆਮ ਵੇਰਵਾ | : ਇਹ ਪੋਥੀ ਪੱਥਰ ਛਾਪ ਹੈ । ਪੋਥੀ ਦੀ ਹਾਲਤ ਚੰਗੀ ਹੈ। |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ਅਥ ਸ੍ਰਬੰਗ ਸਾਰ ਰੋਡਾ ਰਾਮ ਕ੍ਰਿਤ ਲਿਖ੍ਯਤੇ॥੧॥ਗੁਰ ਮਹਿਮਾ ਵਰਨਨੰ॥ਛੰਦ॥ਕੀਜੀਏ ਪ੍ਰਣਾਮ ਸ੍ਰੀ ਸੋਆਮੀ ਗੰਗਾ ਰਾਮ ਕੋ॥ਪੂਜੋ ਧੂਮ੍ਰ ਕੇਤੀ ਕੋ ਮਨਾਵੋ ਦੇਵ ਬਾਮ ਕੋ॥ਕ੍ਰਿਪਾ ਕੀਜੋ ਮੇਰੇ ਪ੍ਰ ਦੀਜੇ ਨਾਮੀ ਨਾਮ ਕੋ॥ਨੇਮੀ ਨਮੋ ਰੋਡਾ ਰਾਮੋ ਸੇਵੇਂ ਆਠੋ ਜਾਮ ਕੋ॥੧॥ਦੋਹਰਾ॥ਬੈਠੇ ਵਿਚ ਲਹੌਰ ਦੇ ਚਿਤ ਮੈ ਭਈ ਵਿਚਾਰ॥ਬੁਧ ਹੀਨ ਬਲ ਹੀਨ ਮਮ ਵਿਦਆ ਹੀਨ ਕੁਮਾਰ॥ਬਾਲਕ ਕੇ ਤੁਮ ਬਚਨ ਸੁਨ ਮਨ ਮੈਂ ਧਰੋ ਨ ਰੋਸ॥... |
| ਅੰਤ | : ...ਇਤ ਸ੍ਰੀ ਸ੍ਰਬੰਗ ਸਾਰ ਸਿਖ ਪ੍ਰੀਖਿਆ ਨਿਰੂਪਣੰ॥ ਦਸਮੋ ਕਾਂਡ ਸਮਾਪਤੰ॥ ਸੋਰਠਾ॥ ਤੇਰਾ ਬਰਖ ਪ੍ਰਮਾਣ ਉਨੀ ਸੈ ਸੰਮਤ ਜਬੇ॥ ਭਾਖਤ ਰੋਡਾ ਰਾਮ ਅਨਭਵ ਕਰੀ ਵਿਚਾਰ ਕੇ॥੧॥ ਦੋਹਰਾ॥ ਜੇਸ੍ਰ ਸੁਦੀ ਏਕਾਦਸੀ ਸੁਭ ਦਿਨ ਛਨਿਛਿਰ ਵਾਰ॥ਕੀਆ ਗ੍ਰਿੰਥ ਸਮਾਪਤੰ ਸ੍ਰੀ ਸ੍ਰਬੰਗ ਸਾਰ॥੨॥ ਇਤ ਸ੍ਰੀ ॥ ਲਿਖੀ ਤੁਲਸੀ ਰਾਮ ਨੈ। |

| | |
|---|---|
| ਹੱਥ ਲਿਖਤ ਨੰ | : MS 314 ਅ |
| ਸਿਰਲੇਖ | : ਬਾਰਹ ਮਾਹ |
| ਲੇਖਕ | : ਰੋਡਾ ਰਾਮ |
| ਸਥਾਨ | : ਲਾਹੌਰ |
| ਪੱਤਰੇ | : 136-152 |
| ਅਕਾਰ | : 15 X 11 ਸ.ਮ. ਲਿਖਤ : 12 X 8 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਇਹ ਪੋਥੀ ਪੱਥਰ ਛਾਪਾ ਹੈ । |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ਅਥ ਬਾਰਾ ਮਹਾ ਰੋਡਾ ਰਾਮ ਕ੍ਰਿਤ ਸਤਿਗੁਰ ਉਸਤਤ ਵਰਨਨੰ॥ ਦੋਹਰਾ॥ਬਲਹਾਰੀ ਗੁਰ ਆਪਨੇ ਤਾਂਕੋ ਕਰੋ ਪ੍ਰਣਾਮ॥ਨਾਮ ਦਾਨ ਬਖਸੀਸ ਕੀਯੋ ਦਾਸ ਆਪਣਾ ਜਾਨ॥੧॥... |
| ਅੰਤ | : ...ਦੋਹਰਾ॥ਛਿਨਕਨ ਅਤਰ ਅੰਬੀਰ ਜਬ ਦਿੰਦ ਰਿਹਾ ਝੜ ਲਾਇ॥ ਐਸਾ ਰੰਗ ਸੁਹਾਵਦਾ ਮੋ ਪੈ ਕਹਿਓ ਨ ਜਾਇ॥ਹੋਲੀ ਖੇਲੇਂ ਮੌਜ ਕੀ ਖੇਲੇਂ ਸਹਜ ਸੁਭਾਇ॥ ਜਿਨਾ ਨੂ ਰੰਗ ਚੜ ਗਿਆ ਹੋਏ ਬੇਪਰਵਾਇ॥ ਰੋਡਾ ਰਾਮ ਅਨਭਵ ਕਰੀ ਏਹ ਛਬ ਕਹੀ ਬਨਾਇ॥ ਜੈਸੀ ਮੇਰੀ ਬੁਧ ਹੈ ਤੈਸਾ ਦੀਆ ਸੁਨਾ ਇਤ ਸ੍ਰੀ ਬਾਰਾ ਮਹਾ ਸੰਪੂਰਣੰ॥ |

| | |
|---|---|
| ਹੱਥ ਲਿਖਤ ਨੰ | : MS 314 ੲ |
| ਸਿਰਲੇਖ | : ਸੀਹਰਫੀ |
| ਲੇਖਕ | : ਰੋਡਾ ਰਾਮ |

ਲਿਖਾਰੀ : ਤੁਲਸੀ ਰਾਮ
ਪੱਤਰੇ : 153-196
ਅਕਾਰ : 12 X 16 ਸ.ਮ. ਲਿਖਤ : 8 X 12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਇਹ ਪੋਥੀ ਪੱਥਰਛਾਪਾ ਹੈ ।
ਆਰੰਭ : ੧ਓ॥ ਸਤਿਗੁਰ ਪ੍ਰਸਾਦਿ॥ ਸਹਰਫੀ ਰੋਡਾ ਰਾਮ ਦੀ ਲਿਖ਼ਤੇ॥ ਅਲਫ ਆਪ ਅਨੰਦ ਸਰੂਪ ਤੇਰਾ ਆਪੋ ਭੁਲ ਕੇ ਜੀਵ ਕਹਾਇਓ ਈ ॥ ਅੰਦਰ ਮੋਤੀਆਂ ਦਾ ਮੰਦਰ ਖਾਂਮਿਆਈ ਨਾਲ ਕੌਡੀਆਂ ਨੇਹੁ ਕਿਉ ਲਾਇਓ ਈ॥ ਇਸ ਮੰਦਰ ਦੇ ਅੰਦਰ ਕਰੋੜ ਮਾਨਕ ਤੈਨੂੰ ਸੋਦਨ ਦਾ ਭੇਦ ਨ ਆਇਓ ਈ ॥ ਰੋਡਾ ਰਾਮ ਕਹੈ ਬਿਨਾ ਸਤਿਗੁਰਾ ਥੀ ਕਿਨੇ ਆਪਨੇ ਆਪ ਨਾ ਪਾਇਓ ਈ॥੧॥...
ਅੰਤ : ...ਪਾਇਆ ਕਹੇ ਸੁ ਬਾਵਰਾ ਜਾਨ ਲੀਜੇ ਖੁਇਆ ਕਹੇ ਸੁ ਜਾਨੀਏ ਕੂਰ ਪਿਆਰੇ॥ਰੋਡਾ ਰਾਮ ਕੀ ਪਾਵਣਾ ਖੋਵਨਾ ਹੈ ਸੁਤੇ ਸਿਧ ਦਮਕਦਾ ਸੂਰ ਪਿਆਰੈ॥੩੧॥ਇਤ ਸ੍ਰੀ ਸਿਹਰਫੀ ਰੋਡਾ ਰਾਮ ਕ੍ਰਤ ਸਮਾਪਤ॥ਸੁਭਮ॥ਲਿਖਿਤਮ ਪੰਡਿਤ ਤੁਲਸੀ ਰਾਮੇਨਾ॥

ਹੱਥ ਲਿਖਤ ਨੰ : MS 314 ਸ
ਸਿਰਲੇਖ : ਸਰਬੰਗ ਸਾਰ ਕੀ ਪੋਥੀ
ਲੇਖਕ : ਰੋਡਾ ਰਾਮ
ਲਿਖਾਰੀ : ਸਿੰਘ ਹਜਾਰਾ ( ਹਜਾਰਾ ਸਿੰਘ)
ਸਮਾਂ : 1931 ਸੰਮਤ
ਪੱਤਰੇ : 197-198
ਅਕਾਰ : 12 X 16 ਸ.ਮ. ਲਿਖਤ : 8 X 12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੋਥੀ ਭਿਜੀ ਹੋਈ । ਪੱਥਰ ਛਾਪਾ ਹੈ।
ਆਰੰਭ : ॥ਤ੍ਰਿਭੰਗੀ ਛੰਦ॥ਪੁਨ ਸਿੰਘ ਹਜਾਰਾ ਗੁਰ ਕਾ ਪਿਜਾਰ ਸੋ ਧਨ ਵਾਰਾ ਗ੍ਰਿੰਥਨ ਕੀ॥ ਜਨ ਅਥਰ ਛਪਾਵੈ ਦੰਮ ਲਗਾਵੈ ਭੇਟ ਝੜਾਵੈ ਸੰਤਨ ਕੀ॥ ਰੋਡਾ ਬ੍ਰਹਮਚਾਰੀ ਦਰ ਲੋਹਾਰੀ ਗ੍ਰਿੰਥ ਉਚਾਰੀ ਸਰਬੰਗੀ॥ ਜੇ ਕੋਈ ਆਵੇ ਗ੍ਰਿੰਥ ਲਿਜਾਵੇ ਮੁਕਤੀ ਪਾਵੇ ਮਨ ਮੰਗੀ॥ ...
ਅੰਤ : ...ਦੋਹਰਾ॥ ਕੋਕੇ ਵਹੁਰੇ ਕੀ ਗਲੀ ਰਹਦੇ ਸੰਤ ਸੁਜਾਨ॥ਚਾਹਿ ਹੋਇ ਜਿਨ ਗ੍ਰਿੰਥ ਕੀ ਦੇਵੇ ਰੋਡਾ ਰਾਮ॥ ਇਤਿ ਸ੍ਰੀ ਸਰਬੰਗ ਸਾਰ ਕੀ ਪੋਥੀ ਸਮਾਪਤਮ॥ ਸੰਵਤ ੧੯੩੧ ਮਹੀਨਾ ਸਾਵਣ ਤਿਥ ਦੂਜ ਸੁਕਰ ਕੋ ਹੱਥੀ ਪੰਡਿਤ ਤੁਲਸੀ ਰਾਮ ਦੀ ਲਿਖ਼ਜਾ ਗਿਆ॥

ਹੱਥ ਲਿਖਤ ਨੰ : MS 314 ਹ
ਸਿਰਲੇਖ : ਲਜੋ ਆਤਮਯ
ਲੇਖਕ : ਰੋਡਾ ਰਾਮ
ਪੱਤਰੇ : 199-200
ਅਕਾਰ : 12 X 16 ਸ.ਮ. ਲਿਖਤ : 8 X 12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੱਤਰਾ 200 ਉਪਰ ਇਸ ਪੋਥੀ ਬਾਰੇ ਲਿਖਾਰੀ ਅਤੇ ਲੇਖਕ ਬਾਰੇ ਅਤੇ ਸਮੇਂ, ਸਥਾਨ ਬਾਰੇ ਉਰਦੂ ਵਿਚ ਲਿਖਿਆ ਹੋਇਆ ਹੈ । ਇਹ ਪੋਥੀ 200 ਪੱਤਰੇ ਤਕ ਪੱਥਰ ਛਾਪ ਵਿਚ ਹੈ ਇਸ ਤੋਂ ਅੱਗੇ ਪੋਥੀ ਹੱਥ ਲਿਖਤ ਸ਼ੁਰੂ ਹੋ ਜਾਂਦੀ ਹੈ ।

ਆਰੰਭ : ਗਜ਼ਲ ॥ ਅਥ ਲਜੋ ਆਤਮਯ ਕਾਯ ਕਥਾ॥ ਤਿਸੀ ਮੈ ਜੋ ਫੁਰਣਾ ਹੂਆ ਕੌਨ ਭਾ॥ ਜੈਸੇ ਸਖੋ ਪਤ ਮੈ ਸੋਵੇ ਨਰ ਤਿਸੀ ਕੋ ਜੁ ਸੁਫਣਾ ਹੂਆ ਜਿਸ ਤਰਾ॥ ਤੇਸੇ ਹੀ ਚੇਤਨ ਕੋ ਚਿਤਵਨ ਭਈ॥ ਵਹੀ ਰੂਪ ਮਾਇਯਾ ਕਾ ਪ੍ਰਗਟ ਸਹੀ ॥ ਮਾਇਯਾ ਤੇ ਚੇਤਨ ਕਾ ਮੇਲਾ ਹੂਆ ॥ ਮਹੀ ਤਤ ਉਪਜਾ ਜੁ ਪ੍ਰਿਥਮ ਕੋਆ ॥ਤਾਹੀ ਤੇ ਤ੍ਰਿਗੁਣ ਜੁ ਮਾਇਯਾ ਹੋਈ ॥ ਤਾਮਸ ਜੁ ਰਾਜਸ ਸਾਤਕ ਸੋਈ॥...

ਅੰਤ : ...ਰਜੋ ਅੰਸ ਤੇ ਹੋਇ ਪਾਂਚੋ ਪ੍ਰਾਣ॥ਸੂਖਮ ਦੇਹੀ ਕਾ ਕੀਤਾ ਹੈ ਵਖਾਣ॥ਅਸਥੂਲ ਦੇਹੀ ਕੀ ਕਰੂੰ ਮੈ ਕਿਰਤ॥ਤਮੋ ਅੰਸ ਤੇ ਹੋਈ ਪਚੀ ਪ੍ਰਕ੍ਰਿਤ॥ਜੋਈ ਇਸੀ ਕੋ ਪੜੇ ਅਰ ਬਖਾਣ ॥ਬਬੇਕ ਕੋ ਪਾਵੇ ਕਹੇ ਰੋਡਾ ਰਾਮ॥ਇਤ ਸ੍ਰੀ ਸਮਾਪਤਮ॥ ਸੁਭਮ ਸੁਭ ਹੋਇ॥

ਹੱਥ ਲਿਖਤ ਨੰ : MS 314 ਕ

ਸਿਰਲੇਖ : ਸੰਗ੍ਰਹ ਸਾਰ

ਸਮਾਂ : ਸੰਮਤ 1834

ਪੱਤਰੇ : 1-62 ਅ

ਅਕਾਰ : 12 X 16 ਸ.ਮ. ਲਿਖਤ : 8 X 12 ਸ.ਮ.

ਵੇਰਵਾ : ਸਿਆਹੀ ਕਾਲੀ, ਜਿੱਲਦ ਗੱਤਾ ਕਪੜਾ,ਪੱਤਰੇ ਕਿਰਮ ਖੁਰਦਾ, ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਇਸ ਸੰਗ੍ਰਹਿ ਦੇ ਹੱਥਲਿਖਤ ਵਾਲੇ ਭਾਗ ਦੇ ਸ਼ੁਰੂ ਵਿਚ ਇਕ ਪੰਨਾ ਖਾਲੀ ਹੈ ।ਪੋਥੀ ਦੇ ਕਈ ਪੱਤਰੇ ਹਾਸ਼ੀਏ ਵਾਲੇ ਹਨ ਤਿੰਨ ਤਿੰਨ ਲਾਲ ਲਕੀਰਾਂ ਦੋਵੇਂ ਪਾਸੇ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਓ ਸ੍ਰੀ ਪਰਮਾਤਮਨੇ ਨਮ: ਅਥ ਸੰਗ੍ਰਹ ਸਾਰ ਲਿਖਜਤੇ ॥ ਦੋਹਰਾ ॥ ਸਤਿ ਚਿਤ ਆਨੰਦ ਰੂਪ ਨਿਤ ਅਲਖ ਅਖੰਡ ਅਪਾਰ ॥ ਬੁਧਿ ਸਾਖੀ ਵਿਅਪਕ ਅਮਲ ਸਕਲ ਵਸਤ ਕੋ ਸਾਰ ॥ ੧ ॥ ਸੋ ਸਤਿਗੁਰ ਸ੍ਵਰੂਪ ਹੈ ਸਕਲ ਉਧਾਰਤ ਸਿੱਖ ॥ ਨਮੋ ਨਮੋ ਤਿਸ ਚਰਨ ਕੋ ਦੇਤ ਗਜਾਨ ਕੋ ਭਿੱਖ ॥ ੨ ॥...

ਅੰਤ : ...ਦੋਹਰਾ ॥ ਸਜਾਹੀ ਕਾਨੀ ਬ੍ਰਹਮ ਹੈ ਕਾਗਦ ਲੇਖਣ ਹਾਰ ॥ ਵਕਤਾ ਸ੍ਰੋਤਾ ਆਦਿ ਦੈ ਸਰਬ ਬ੍ਰਹਮ ਨਿਰਧਾਰ ॥ ੨ ॥ ਓਅੰ ॥ ॥ ਇਤਿ ਸ੍ਰੀ ਸੰਗ੍ਰਹ ਸਾਰ ਸਮਾਪਤੰ ॥ ਸ੍ਰੀ ਪਰਮਾਤਮਨੇ ਨਮ: ਲੇਖਕੰ ਪਾਠਕੰ ਸੁਭੰ ਭਵਤੂ ॥ + ॥ ਸੰਮਤ ੧੮੩੪ ਫਗਣੋ ਤ੍ਰੀਕ ੧● ॥ ਸਮਾਪਤੰ ।

ਹੱਥ ਲਿਖਤ ਨੰ : MS 314 ਖ

ਸਿਰਲੇਖ : ਡੇਵਡਾ, ਰੋਡਾ ਰਾਮ

ਲੇਖਕ : ਰੋਡਾ ਰਾਮ

ਪੱਤਰੇ : 1-11

ਅਕਾਰ : 12 X 16 ਸ.ਮ. ਲਿਖਤ: 8 X 12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੋਥੀ ਦੇ ਪੱਤਰੇ ਕਿਧਰੇ ਕਿਧਰੇ ਕਿਰਮ ਖੁਰਦਾ, ਲਿਖਤ ਸੁੰਦਰ,ਜਿਲਦ ਉਖੜੀ ਹੋਈ ਹੈ। ਪੋਥੀ ਦੇ ਇਸ ਭਾਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਪੱਤਰੇ ਖਾਲੀ ਹਨ ਅਤੇ ਪੱਤਰਾ ਨੰਬਰ 64 ਅ ਉਪਰ ਕੁਝ ਹੇਠ ਦਿਤੇ ਅਨੁਸਾਰ ਸਤਰਾਂ ਲਿਖੀਆਂ ਹੋਈਆ ਹਨ ਅਤੇ ਕੰਮ ਨੂੰ ਵਿਚ ਹੀ ਛੱਡ ਦਿਤਾ ਗਿਆ ਹੈ ਜਿਵੇਂ

੧ੴ ਸਤਿ ਗੁਰ ਪ੍ਰਸਾਦਿ ਅਥ ਗਰਭ ਗੀਤ ਲਿਖਯਤੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਕੀ ਆਗਿਆ ਹੈ । ਉਸ ਤੋਂ ਬਾਅਦ 'ਡੇਵਡਾ' ਰੋਡਾਰਾਮ ਪੱਤਰਾ ੧ ਤੋਂ ਸ਼ੁਰੂ ਕੀਤਾ ਗਿਆ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਡੇਵਡਾ ਰੋਡਾ ਰਾਂਮ ਕ੍ਰਿਤ ਅਨੁਭਵ ਲਿਖਜਤੇ ॥ ਅਲਫ ਇਕ ਰਸ ਆਤਮ ਜੋਈ ਤਿਸ ਵਿਚ ਫੁਰਨਾਂ ਆਇਆ ਉਪਜੀ ਮਾਇਆ ॥ ਤਿਸ ਦੀ ਸੱਤਾ ਲੈ ਕਰ

| | |
|---|---|
| | ਮਾਇਆ ਮਹੀ ਤਤ੍ਰ ਉਪਜਾਇਆ ਜਗਤ ਉਪਾਇਆ ॥ ਮਹੀ ਤਤ੍ਰ ਤੇ ਤ੍ਰੈ ਗੁਣ ਉਪਜੇ ਰਜੋ ਤਮੋ ਸਤ ਗਾਇਆ ਆਤਮ ਛਾਇਆ ॥ ਤਾਂਮਸ ਗੁਣ ਤੇ ਪੰਜ ਤੰਤ ਉਪਜੇ ਧਰਨ ਅਕਾਸ ਟਿਕਾਇਆ ਨੀਰ ਵਿਹਾਇਆ ॥ ੧ ॥... |
| ਅੰਤ | : ...ਤ੍ਰੈਭੰਗੀ ਛੰਦ ॥ ॥ ਐਸੇ ਸੰਸਾਰੇ ਮਾਰਗ ਭਾਰੇ ਪਾਰ ਉਤਾਰੇ ਸਾਗਰ ਛਿਨ ॥ ਪੁਨ ਸਬਦ ਸੁਨਾਵੈ ਸੰਕ ਮਿਟਾਵੈ ਦਰਬ ਛਪਾਵੈ ਜੈਸੇ ਰਿਣ ॥ ਅਜਾਬ ਨ ਜਾਵੈ ਕਾਜ ਕੁਮਾਵੈ ਸੰਗਤ ਪਾਵੈ ਕੇ ਹਿਰ ਛਿਨ ॥ ਉਰ ਸਬਦ ਪਰਕਾਸੇ ਸੰਸੇ ਨਾਸੇ ਦੁਵੈਤ ਨ ਭਾਸੇ ਆਤਮ ਬਿਨ ॥ ਡੇਹਵਡਾਂ ਸੰਪੂਰਨ ਹੋਈਆਂ ॥ ॥ + |

| | |
|---|---|
| ਹੱਥ ਲਿਖਤ ਨੰ | : MS 314 ਗ |
| ਸਿਰਲੇਖ | : ਬਾਰਾ ਮਾਹਾਂ |
| ਲੇਖਕ | : ਰੋਡਾ ਰਾਮ |
| ਪੱਤਰੇ | : 12 ਅ - 22 |
| ਅਕਾਰ | : 12 X 16 ਸ.ਮ. ਲਿਖਤ : 8 X 12 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਪੋਥੀ ਕਿਰਮ ਖੁਰਦਾ, ਲਿਖਤ ਸੁੰਦਰ, ਪੋਥੀ ਦੇ ਅੰਤ ਉਤੇ ਸੰਮਤ ਬਾਰੇ ਲਿਖਿਆ ਹੋਇਆ ਹੈ ਜੋ ਸਪਸ਼ਟ ਨਹੀਂ ਹੈ ਅਤੇ ਸਾਫ ਪੜਿਆ ਨਹੀਂ ਜਾਂਦਾ ਅਤੇ ਪੱਤਰਾ ਨੰਬਰ 22 ਉਪਰ ਦਿਤਾ ਹੋਇਆ ਹੈ । ਅਖੀਰ ਵਿਚ ਦੋ ਪੱਤਰੇ ਖਾਲੀ ਹਨ । |
| ਆਰੰਭ | : ੧ਓ ਸ੍ਰੀ ਸਤਿਗੁਰ ਪ੍ਰਸਾਦਿ ॥ ਗੰਗਾ ਰਾਮ ਪ੍ਰਮਾਤਮਾ ਪੂਰ ਰਿਹਾ ਸਭ ਠਾਂਮ । ਰੋਡਾ ਰਾਂਮ ਕੀ ਬੇਨਤੀ ਚਰਣ ਕਮਲ ਪ੍ਰਣਾਂਮ ॥ ਜੀਜ ਬਚੜਿਆ ਮਹੀਨਾ ਚੇਤ । ਤੇਰਾ ਚਿੜੀਆਂ ਚੁਗਿਆ ਖੇਤ । ਰਾਖਾ ਹੋਵੈ ਕਦੇ ਸੁਚੇਤ ॥ ਤਬ ਤੂੰ ਘਰ ਦਾ ਪਾਵੇ ਭੇਦ ਦੇਖ ਘਰ ਕੇਹੜਾ ॥ ੧ ॥... |
| ਅੰਤ | : ...ਦੋਹਰਾ ॥ ਬਾਰਾਮਾਹ ਸਮਾਪਤੰ ਆਈ ਰੁਤ ਬਸੰਤ ॥ ਜਾਂ ਮੈ ਸਤਿਗੁਰ ਭੇਟਿਆ ਘਰ ਮੈ ਪਾਇਆ ਕੰਤੁ ॥ ਪੜੇ ਸੁਨੇ ਅਤ ਪ੍ਰੀਤ ਜੁ ਤਨੀ ਕੇ ਹਿਤ ਚਿਤ ਲਾਇ ॥ ਬੋਧ ਉਦੇ ਛਿਨ ਛਿਨ ਕਰੇ ਰੋਡਾ ਰਾਮ ਸਹਾਇ ॥ ੧ ॥ ਲੇਖਕੰ ਪਾਠਕੰ ਸੁਭੰ ਭਵ ਤੂੰ ॥ ਸ੍ਰੀ ਸਤਿਗੁਰ ਜੀ ਸਹਾਇ ॥ ੧ |

| | |
|---|---|
| ਹੱਥ ਲਿਖਤ ਨੰ | : MS 315 ਸੰਗ੍ਰਹਿ |
| ਸਿਰਲੇਖ | : ਗੁਰਬਾਣੀ |
| ਪੱਤਰੇ | : 1 – 27 ਅ |
| ਅਕਾਰ | : 20 X 17 ਸ.ਮ. ਲਿਖਤ : 12 X 12 ਸ.ਮ. |
| ਵੇਰਵਾ | : ਜਿਲਤ ਗੱਤਾ, ਕਪੜਾ, ਉਖੜੀ ਹੋਈ ; ਸਿਆਹੀ ਕਾਲੀ , ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ ਵਾਲਾ। ਵਿਚਕਾਰ ਇਕ ਮੋਟੀ ਕੇਸਰੀ ਲਕੀਰ। ਪੋਥੀ ਦੀ ਹਾਲਤ ਬਹੁਤੀ ਚੰਗੀ ਨਹੀਂ। ਸਤਰਾਂ ਪ੍ਰਤੀ ਪੰਨਾ-12 ਹਨ। |
| ਆਮ ਵੇਰਵਾ | : ਪਹਿਲੇ ਪੰਨੇ ਤੋਂ 27 ਅ ਤੱਕ ਵੱਖ ਵੱਖ ਬਾਣੀਆਂ ਦਾ ਵਰਣਨ, ਪੋਥੀ ਦੀ ਹਾਲਤ ਠੀਕ ਠੀਕ, ਪਰ ਜਿਲਦ ਉਖੜੀ ਹੋਈ ਹੈ। ਪੋਥੀ ਕਿਧਰੇ ਕਿਧਰੇ ਕਿਰਮ ਖੁਰਦਾ ਹੈ ਪਰ ਲਿਖਾਈ ਪੜ੍ਹੀ ਜਾਂਦੀ ਹੈ । ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਬਾਰੇ ਪੱਤਰਾ 93 ਅ ਤੇ ਜ਼ਿਕਰ ਆਉਂਦਾ ਹੈ । ਜਿਲਦ ਫੁੱਲ ਬੂਟਿਆਂ ਨਾਲ ਸਜਾਈ ਹੋਈ ਹੈ । |
| ਆਰੰਭ | : ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲੁ ਮੂਰਤਿ ਅਜੂਨੀ ਸੈਭੰਗ ਗੁਰ ਪ੍ਰਸਾਦਿ ॥ ਜਪੁ ॥ ... |

| | |
|---|---|
| ਅੰਤ | : ...ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣੁ ਰਸੁ ਪਰਮਲ ਕੀ ਵਾਸੁ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥ ਏਤੇ ਰਸ ਸਰੀਰ ਕੈ ਕੈ ਘਟਿ ਨਾਮੁ ਨਿਵਾਸੁ ॥ ੨ ॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿ ..... |

| | |
|---|---|
| ਹੱਥ ਲਿਖਤ ਨੰ | : MS 315 ਅ |
| ਸਿਰਲੇਖ | : ਬਾਣੀ ਬਿਹੰਗਮ |
| ਪੱਤਰੇ | : 28-79 ਅ |
| ਅਕਾਰ | : 20 X 17 ਸ.ਮ. ਲਿਖਤ : 12 X 12 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਪੋਥੀ ਕਿਰਮ ਖੁਰਦਾ, ਲਿਖਤ ਵਿਚ ਫਰਕ, ਪੱਤਰੇ ਤਰਤੀਬ ਵਿਚ ਨਹੀਂ ਹਨ । ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਅੰਤ ਵਿਚ ਅੱਧਾ ਪੰਨਾ ਖਾਲੀ ਛੱਡਿਆ ਹੋਇਆ ਹੈ । |
| ਆਰੰਭ | : ੧ਓੇਂ ਸ੍ਰੀ ਸਤਿਗੁਰ ਪ੍ਰਸਾਦਿ ॥ ਰਾਗ ਰਾਮਕਲੀ ਮਹਲਾ ॥ ੧ ॥ ਬਾਣੀ ਬਿਹੰਗਮ ਲਿਖਿਤੇ ॥ ਤਬ ਬਾਬਾ ਬਿਹੰਗਮ ਪੰਖੀ ਰੂਪ ਥਾ ॥ ਏਕੁ ਨਾਮ ਅਧਾਰ ਥਾ ॥ ਖਾਤਾ ਪੀਤਾ ਕਛ ਨ ਥਾ ॥ ਪੰਚ ਤਤ ਨਿਰਬਾਣ ਥੇ ॥ ਤਿਨ ਕੀ ਦੇਹ ਬਾਬੇ ਕੀ ਥੀ ਤਦਾ ॥ ੧ ॥... |
| ਅੰਤ | : ...ਪਉੜੀ ॥ ਸਰਬ ਕੀ ਰੇਨ ਇਹੁ ਮਨੁ ਕਰ ਜਾਨਹੁ ॥ ਅੰਮ੍ਰਿਤ ਨਾਮੁ ਮਨ ਮਾਹਿ ਪਛਾਨੋ॥ ਹਉਮੈ ਦੂਰੈ ਕਰਹੁ ਚਿਤ ਲਾਵਹੁ ॥ ਜੋ ਜੋ ਹਕਮੁ ਸੇਈ ਕਮਾਵਹੁ ॥ ਬਚਨ ਸੰਪੂਰਨ ਮਨ ਮਹਿ ਧਰਹੁ ॥ ਕਰਮ ਬਿਕਰਮ ਪੇਖੁ ਅਜਰੁ ਜਰਹੁ ॥ ਹੋਇ ਨਿਰਾਲਮ ਸਬਦੁ ਕਮਾਵਹੁ ॥ ਜਨੁ ਨਾਨਕ ਤਾਤ ਬਿਹੰਗਮੁ ਪਾਵਹੁ ॥ ੨੫੧ ॥ ਬਿਹੰਗਮ ਬਾਣੀ ਸਪੂਰਨ ਹੋਈ ॥ ਅਖਰੁ ਭੁਲਾ ਚੁਕਾ ਗੁਰੂ ਪੂਰਾ ਬਖਸੇ ਗੁਰੂ ਦਾ ਬੋਲਿਆ ਗੁਰੂ ਜਾਣੈ ॥ ਸੰਗਤਿ ਆਖਹੁ ਵਾਹਿਗੁਰੂ ਜੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ ॥ |

| | |
|---|---|
| ਹੱਥ ਲਿਖਤ ਨੰ | : MS 315 ੲ |
| ਸਿਰਲੇਖ | : ਜਨਕੁ ਗੋਸਟੁ ਬਾਬੇ ਨਾਨਕ ਜੀ ਕੀ |
| ਪੱਤਰੇ | : 80 ੳ – 94 |
| ਅਕਾਰ | : 19 X 16.5 ਸ.ਮ. ਲਿਖਤ : 12 X 12 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਪੱਤਰਾ ਨੰ : 80 ਉਤੇ ਪੰਨੇ ਦੀ ਸੁਧਾਈ ਕੀਤੀ ਹੋਈ ਹੈ। ਪੱਤਰਾ ਨੰ : 93 ਅ ਉਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਸੰਮਤ 1525 ਬਾਰੇ ਲਿਖਆ ਹੈ। |
| ਆਰੰਭ | : ੧ਓੇਂ ਸ੍ਰੀ ਸਤਿਗੁਰ ਪ੍ਰਸਾਦਿ ॥ ਜਨਕੁ ਗੋਸਟੁ ਬਾਬੇ ਨਾਨਕ ਜੀ ਕੀ ॥ ਉਸ ਜਨਮ ਕੀ ਉਸ ਸਮੈ ਬਾਬਾ ਨਾਨਕੁ ਜੀ ਜਨਕ ਥਾ ॥ ਰਾਜੇ ਜਨਕੁ ਕੀ ਬਾਰੀ ਆਇ ਪਤ ਤਰ ਪੀੜਿਆ ਰਾਜੁ ਕੀਨੋ ਨੇ ॥ ਪਰਮੇਸਰੁ ਬੁਝਿਆ ਬਬੇਕੁ ਪਾਇਆ ॥ ਰਾਜੇ ਜਨਕ ਰਾਜ ਜੋਗੁ ਦੋਵੈ ਕੀਤੀ ॥... |
| ਅੰਤ | : ...ਸ੍ਵੈਯਾ ॥ ਪਰਮਾਤਮੁ ਰਾਮੁ ਰਤੇ ਜਗੁ ਜੇ ਸਬੁ ਲੋਕੁ ਜਿਨੈ ਪਰਾ ਬੰਦਨ ਧਾਰੇ ॥ ਜਿਨ ਨਾਮੁ ਮੁਕੰਦਹਿ ਸੇਤ ਬਨਾ ਇਸੁ ਸੇਵਕੁ ਕੇ ਗਨ ਪਾਰ ਉਤਾਰੇ ॥ ਜਿਹ ਕੀਰਤੁ ਪੂਰ ਰਹੀਆ ਨੀ ਗੁਣ ਸਿੰਧ ਕਹਾ ਬਰਨੇ ਹਮ ਬਾਰੇ ॥ ਗੁਰੁ ਨਾਨਕੁ ਵੈ ਪਦੁ ਪੰਜਲ ਕੋ ਕਰ ਜੋਰ ਸਦਾ ਅਭਿ ਬੰਦ ਹਮਾਰੇ ॥ ਨਮਸਤੇ ਨਮਸਤੇ ਨਾਨਕ ਜੀ |

| | |
|---|---|
| ਹੱਥ ਲਿਖਤ ਨੰ | : MS 315 ਸ |
| ਸਿਰਲੇਖ | : ਹਿਕਮਤ |
| ਪੱਤਰੇ | : 1 – 20 |
| ਅਕਾਰ | : 20 X 17 ਸ.ਮ. ਲਿਖਤ : 12 X 12 ਸ.ਮ. |
| ਵੇਰਵਾ | : 1 ਪੱਤਰੇ ਤੋ 6 ਪੱਤਰੇ ਤਕ ਕਾਲੀ ਕਾਨੀ ਨਾਲ ਤਿੰਨ-ਤਿੰਨ ਲਕੀਰਾਂ ਦਾ ਹਾਸ਼ੀਆ ਬਣਾਇਆ ਹੈ। 7 ਤੋ 10 ਅ ਤਕ ਹਾਸ਼ੀਆ ਦੋ ਕਾਲੀਆਂ ਲਕੀਰਾਂ ਵਾਲਾ ਅਤੇ ਵਿਚਕਾਰ ਕੇਸਰੀ ਮੋਟੀ ਲਕੀਰ ਹੈ। ਉਸ ਤੋ ਬਾਅਦ ਬਗੈਰ ਹਾਸ਼ੀਏ ਤੋਂ ਹੈ। ਸਤਰਾਂ ਪ੍ਰਤੀ ਪੰਨਾ 10 ਹਨ। |
| ਆਮ ਵੇਰਵਾ | : ਇਸ ਪੋਥੀ ਵਿਚ ਨੁਸਖੇ ਦਿਤੇ ਹੋਏ ਹਨ। ਕਾਨੀ ਵੀ ਬਦਲੀ ਹੋਈ ਹੈ। ਪੋਥੀ ਕਿਰਮ ਖੁਰਦਾ ਉਖੜੀ ਹੋਈ ਹੈ। |
| ਆਰੰਭ | : ੧ੴ ਸ੍ਰੀ ਸਤਿਗੁਰ ਪ੍ਰਸਾਦਿ ॥ ਤਬ ਬਾਬੇ ਕਹਿਆ ਪੰਜ ਸਿਰਸਾਹੀ ਗੰਧਕ ਲੇਹ ॥ ਸਿਰਸਾਹੀ ਪਾਰਾ ਸਮੇਹੁ ॥ ਤੇਲੁ ਗਿਰੋਚਨ ਪਾਇ ॥... |
| ਅੰਤ | : ... ਅਥ ਕਮਰ ਬੰਦੁ ॥ ਸੋਚਲ ਲੂਣੁ ਕਾ ਪਾਣੀ ਸਬਣ ਕਾ ਪਾਣੀ ॥ ਦੋਨੋ ਥੋਕ ਧਰਣਿ ਕੇ ਮੁਖ ਦੀਜੈ ॥ ਦਿਨ ਤ੍ਰੈ ਤ੍ਰੈ ॥ ਫੇਰ ਪੁਰਖ ਸਿਓ ਮਿਲੇ ਗਰਭ ਹੋਇ ॥ ਤੁਤਕਾਲਾ ॥ ● ॥ |

| | |
|---|---|
| ਹੱਥ ਲਿਖਤ ਨੰ | : MS 316 |
| ਸਿਰਲੇਖ | : ਗੁਟਕਾ (ਵੈਦਿਕ) |
| ਪੱਤਰੇ | : 8 – 30 |
| ਅਕਾਰ | : 13 X 8.5 ਸ.ਮ. ਲਿਖਤ : 11 X 6 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਦੋਵੇਂ ਪਾਸੇ ਦੋ-ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ 16 ਹਨ । |
| ਆਮ ਵੇਰਵਾ | : ਕਿਰਮ ਖੁਰਦਾ, ਪੋਥੀ ਦੀ ਹਾਲਤ ਖਸਤਾ । ਪੋਥੀ ਅਧੂਰੀ ਪੋਥੀ ਦੇ ਸ਼ੁਰੂ ਵਿਚ 10 ਪੱਤਰੇ ਬੁਰੀ ਹਾਲਤ ਵਿਚ ਕਿਰਮ ਖੁਰਦਾ ਤੇ ਫਟੇ ਹੋਏ ਹਨ। ਪੋਥੀ ਪੜਨ ਯੋਗ ਨਹੀਂ ਹੈ। |
| ਆਰੰਭ | : ..... ਤਾਵਾਣਿ ਰਖੈ ਪਾਣੀ ਰਾਤ ਨੋ ਪੈਸੇ ਪੰਜ ੫ ਪੀਵੇ ਦਿਨ ਤ੍ਰੈ ਚੰਗਾ ਹੋਵੈ ॥ ੨੫ ॥ ਹੋਰੁ ॥ ਲਾਇਚੀ ਛੋਟੀ ਮਾਸਾ ਏਕ ੧ ਲੋਗੁ ਮਾਸਾ ਏਕ ੧ ਦੋਨੋ ਮੁਹਿ ਬਿਚਿ ਰਖੈ ਨਾਲੇ ਚਬੇ ਚੰਗਾ ਹੋਵੈ ॥ ੨੬ ॥... |
| ਅੰਤ | : ...ਹੋਰੁ ॥ ਮੋਚਨੇ ਨਾਲਿ ਵਾਲ ਦੂਰਿ ਕਰਾਵੈ ॥ ੨੨ ॥ ਹੋਰੁ ॥ ਉਪਰ ਚਮਾਚੀ ਦਾ ਤੇਲੁ ਲਾਵੈ ਤਿਨ ਵਾਰੀ ਕਦੇ ਵਾਲ ਹੋਵਨ ਨਾਹੀ ॥ ੨੨ ॥ ਹੋਰੁ ਵਾਲ ਪਟਿ ਕੈ ਕੁਚਲੇ ਕਾ ਤੇਲੁ ਲਾਵੈ ਦੂਰਿ ਹੋਨਿ ॥ ੨੩ ॥ ਜਿਸ ਦਿਨ ਲੜਕਾ ਜੰਮੈ ਤਿਤ ਦਿਨ ਪਿਆਜ ਦੇ ਕੰਢੇ ਦਾ ਸੁ ਮੈਦੇ ਨਾਲਿ ਰਗੜ ਕੇ ਦੀਆ ਕਛੀ ਪੇਡੂ ਲਾਵੈ ਵਡਾ ਹੋਏ ਨੁ ਬਾਲ ਹੋਨਿ ਨਹੀ ॥ ੨੪ ॥ ਹੋਰੁ ਦਾਰੂ ਲੜਕੇ ਦੀ ਰਤਾਵਣੀ ਕਾ ॥ |

| | |
|---|---|
| ਹੱਥ ਲਿਖਤ ਨੰ | : MS 317 ਸੰਗ੍ਰਹਿ |
| ਸਿਰਲੇਖ | : ਸ੍ਰੀ ਸਤਿ ਅਧਯਾਤਮ ਰਾਮਾਯਣੇ - ( ਅਧਿਆਤਮ ਰਮਾਇਣ) |
| ਲੇਖਕ | : ਗੁਲਾਬ ਸਿੰਘ, ਕਵਿ |
| ਪੱਤਰੇ | : 1 – 20 + 1 – 40 + 1 - 63 |
| ਅਕਾਰ | : 24 X 14 ਸ.ਮ. ਲਿਖਤ : 18 X 9.5 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ ਫਟੀ ਹੋਈ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਪੋਥੀ ਦੀ ਹਾਲਤ ਕਿਰਮ ਖੁਰਦਾ । ਸਤਰਾਂ ਪ੍ਰਤੀ ਪੰਨਾ 10 ਹਨ। |

ਆਮ ਵੇਰਵਾ : ਇਸ ਪੋਥੀ ਵਿਚ ਰਮਾਇਣ ਦੇ ਤਿੰਨ ਖੰਡ ਹਨ :

ਬਾਲ ਕਾਂਡੇ ਚਤੁਰਥੋ ਧਜਾਇ 1-20

ਬਾਲ ਕਾਂਡੇ ਅਸ੍ਰਮੋ ਧਜਾਇ 1-40

ਅਯੋਧਜਾ ਕਾਂਡ 1-63

ਆਰੰਭ : ੧ੴ ਸ੍ਰੀ ਗਣੇਸਾਯ ਨਮ: ॥ ਸਵੈਯਾ ॥ ਬਨ ਦੰਡਕ ਜਾਂ ਹਰਿ ਬਾਸ ਕਰੇ ਮੁਨਿ ਮੰਡਲ ਕੇ ਸਭ ਦੁਖ ਮਿਟਾਏ ॥ ਕਰ ਤਾਨਿ ਕਮਾਨ ਵਿਰਾਧਹ ਨੇ ਖਰਦੂਖਣ ਸੇ ਸੁਘ ਨੇ ਅਰਿਘਾਏ ॥ ਜਿਹ ਬ੍ਰੱਹਮ ਸਨਾਤਨ ਬੇਦ ਭਨੇ ਸਿਵ ਔ ਚਤੁਰਾਨਨ ਕੀਰਤਿ ਗਾਏ ॥ ਪਦ ਪਾਵਨ ਵੈ ਮਨਭਾਵਨ ਕੀ ਹਮ ਬਾਲਕ ਹੂੰ ਸਰਣਾਗਤਿ ਆਏ ॥ ੧ ॥...

ਅੰਤ : ...ਜਿਨ ਕੇ ਜੁਗ ਭ੍ਰਾਤ ਬਸੇ ਨੰਦ ਗਾਉ ਸੁ ਏਕ ਭਏ ਨਿਤ ਸੰਗ ਸਹਾਈ ॥ ਜਿਨ ਰਾਜ ਬਿਭੂਤਿ ਤਜੀ ਛਿਨ ਮੈ ਤਨ ਭੀਤਰ ਵੈ ਮੁਨਿ ਰੀਤ ਬਨਾਈ ॥ ਜਿਨ ਕੀ ਅਤਿ ਗੋਪ ਕਥਾ ਜਗ ਮੈ ਸਿਵ ਔ ਰਿਖ ਮੰਡਲ ਲੋਕ ਜਨਾਈ ॥ ਕਵਿ ਸਿੰਘ ਗੁਲਾਬ ਸੁਤਾਂ ਰਘੁ ਨੰਦਨ ਔਧ ਕਥਾ ਜਨ ਭਾਖ ਸੁਨਾਈ ॥ ੧੬ ॥ ਇਤਿ ਸ੍ਰੀ ਮਤਿ ਅਧਜਾਤਮ ਰਾਮਾਯਣੇ ਉਮਾ ਮਹਸੁਰ ਸੰਬਾਦੇ ਅਯੋਧਜਾ ਕਾਂਡੇ ਨਵਮੋ ਧਜਾਯ : ॥ ੯ ॥ ਇਤਿ ਦੁਤਿਯਾ ਕਾਂਡ ਸਮਾਪਤੰ ॥ ੨ ॥ ਸ੍ਰੀ ਰਾਮੋ ਜਯਤਿ ॥ ॥

ਹੱਥ ਲਿਖਤ ਨੰ : MS 317 ਅ

ਸਿਰਲੇਖ : ਪ੍ਰਸਤਾਰ ਪ੍ਰਭਾਕਰ

ਲੇਖਕ : ਰਸ ਪੁੰਜ

ਪੱਤਰੇ : 1-8 ੳ

ਸਮਾਂ : 1908

ਸਥਾਨ : ਅੰਮ੍ਰਿਤਸਰ

ਵੇਰਵਾ : ਓਹੀ

ਆਮ ਵੇਰਵਾ : ਲਿਖਾਈ ਸੁੰਦਰ, ਪੱਤਰਾ ਨੰਬਰ 8 ੳ ਉਪਰ ਲੇਖਕ ਰਸ ਪੁੰਜ ਕਵੀ ਬਾਰੇ ਦਸਿਆ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੁਝ ਪੱਤਰਿਆਂ ਉਪਰ ਬਰਨ ਮਾਤ੍ਰਾ ਆਦਿ ਦਾ ਜੰਤਰ ਬਣਾਏ ਹੋਏ ਹਨ।

ਆਰੰਭ : ੧ੴ ਪਾਰਬ੍ਰਹਮਣੇ ਨਮ: ॥ ਅਬਿਘ ਨਮਸਤੁ ॥ ਅਥ ਪ੍ਰਸਤਾਰ ਪ੍ਰਭਾਕਰ ਲਿਖਜਤੇ ॥ਦੋਹਰਾ॥ ਦਾਸੋਹੰ ਯਹਿ ਮਤਿ ਪੁਰਾ ਪ੍ਰਭੁ ਮਹਿ ਹੁਤੀ ਸੁ ਢਾਰ ॥ ਹਰ ਲੀਨੋ ਦਾਕਾਰ ਤਿਨ ਗੋਪੀ ਅੰਬਰ ਹਾਰ ॥ ੧ ॥ ਸੰਮਤ ਸਸਿ ਮੁਨਿ ਬਸੁ ਮਹੀ ਚੈਤ੍ਰ ਕ੍ਰਿਸਨ ਪਖ ਸਾਰ ॥ ਉਦੇ ਭਯੋ ਗੁਰ ਪੰਚਮੀ ਪਰਭਾਕਰ ਪ੍ਰਸਤਾਰ ॥ ੨ ॥...

ਅੰਤ : ...ਦੂਪਲਾ ਛੰਦ ॥ ਰਸ ਪੁੰਜ ਨਿਰੰਤਰ ਆਪ ਜਹਾਂ ਨਹਿ ਦੂਸਰਾ ਤਾਹਿ ਬਤਾਇ ਸਕੈ ॥ ਅਬ ਕੋ ਪਰਬੀਨ ਨਵੀਨ ਭਯੋ ਸ੍ਰੁਤਿ ਨੇਤ ਕਹਜੋ ਤਿਹਿ ਗਾਇ ਸਕੈ ॥ ਅਨਜਾਨਨਿ ਜਾਨ ਨਹੀ ਜਿਸ ਮੈ ਅਨਭੌ ਬਿਨ ਜੀ ਨ ਸਮਾਇ ਸਕੈ ॥ ਨਭ ਮਾਹਿ ਕਲਾ ਪਰਵਾ ਸਸਿ ਕੀ ਪਰਵਾ ਪਰਤੱਛ ਨ ਪਾਇ ਸਕੈ ॥ ੯੧ ॥ ਇਤਿ ਸ੍ਰੀ ਪ੍ਰਸਤਾਰ ਪ੍ਰਭਾਕਰਾਖ ਪਠ ਨਾਰ ਬੰਸੁ ਸੁਭੰ ਭੁਯਾਤ ॥

ਹੱਥ ਲਿਖਤ ਨੰ : MS 318 ਸੰਗ੍ਰਹਿ

ਸਿਰਲੇਖ : ਰੂਪਦੀਪ ਪਿੰਗਲ ਭਾਖਾ

ਲੇਖਕ : ਕਿਰਪਾ ਰਾਮ

ਲਿਖਾਰੀ : ਜੈ ਕ੍ਰਿਸ਼ਨ

ਸਥਾਨ : ਲਵ ਪੁਰ (ਲਾਹੌਰ)

ਸਮਾਂ : ਸੰਮਤ 1776

ਪੱਤਰੇ : 1-17

ਅਕਾਰ : 11X9 ਸ.ਮ. ਲਿਖਤ: 8X6 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਇਸ ਰਚਨਾ ਦੇ ਦੋਵੀਂ ਪਾਸੀਂ ਦੋ ਦੋ ਲਾਲ ਲਕੀਰਾਂ ਖੜੇ ਰੁਖ। ਸਤਰਾਂ ਪ੍ਰਤੀ ਪੰਨਾ 11 ਹਨ।

ਆਮ ਵੇਰਵਾ : ਪੋਥੀ ਕਿਰਮ ਖੁਰਦਾ, ਲਿਖਾਈ ਸੁੰਦਰ, ਕਿਰਮ ਖੁਰਦਾ ਹੋਣ ਦੇ ਬਾਵਜੂਦ ਹਾਲਤ ਚੰਗੀ, ਪੱਤਰਾ 1 ਅ ਉਪਰ ਲੇਖਕ ਬਾਰੇ ਵਰਣਨ ਅਤੇ ਪੱਤਰਾ ਨੰਬਰ 17 ਉਪਰ ਸੰਮਤ ਬਾਰੇ ਸੰਕੇਤ ਦਿਤਾ ਹੋਇਆ ਹੈ, "ਸੰਮਤ ਸਤ੍ਰਾ ਸੈ ਬਰਸ ਔਰ ਛਿਹਤ੍ਰ ਪਾਇ, ਭਾਦ੍ਰੋ ਸੁਦ ਦੁਤੀਆ ਗੁਰੂ ਭਯੋ ਗ੍ਰੰਥ ਸੁਖਦਾਇ।

ਸਮਾਂ ਅਤੇ ਰਚਨਾ ਕਾਲ ਪੰਨਾ 17 ਉਪਰ ਸੰਕੇਤਕ ਤਰੀਕੇ ਨਾਲ ਦਿਤੇ ਹੋਏ ਹਨ। ਪੋਥੀ ਦੇ ਅਗਲੇ ਭਾਗ ਦੀ ਰਚਨਾ ਦੀ ਕਾਨੀ ਬਦਲੀ ਹੋਈ ਹੈ।

ਆਰੰਭ : ੧ੴ ਸ੍ਰੀ ਸਰਸ੍ਵਤੀਏ ਨਮ: ॥ ਅਥ ਰੂਪ ਦੀਪ ਪਿੰਗਲ ਭਾਖਾ ਲਿਖ੍ਯਤੇ ॥ ਦੋ ॥ ਸਾਰਦ ਮਾਤਾ ਤੂੰ ਬਰੀ ਬੁੱਧਿ ਦੇਹਿ ਦਰ ਹਾਲ ॥ ਪਿੰਗਲ ਕੀ ਛਾਯਾ ਲੀਏ ਬਰਨੋ ਬਾਵਨ ਚਾਲ ॥ ੧ ॥...

ਅੰਤ : ...ਦੋ ॥ ਸੰਮਤ ਬਾਹਨਿ ਅੰਗ ਰਸੁ ਬਸ ਸਸਿ ਬ੍ਰਿਖ ਪਲ ਬੀਰ ॥ ਸੁਦ ਚੌਦਸਿ ਭ੍ਰਿਗ ਬਾਸੁਰੇ ਲਵ ਪੁਰ ਰਾਵੀ ਤੀਰ ॥ ੧ ॥ ਦੁਰਗ ਖਾਬਰਾ : ਮੱਧਿਜ ਇਹ ਰੂਪ ਦੀਪ ਹਿਤ ਧਾਰ ॥ ਜਸਰਥ ਨੰਦ ਮ੍ਰਿਗੇਸ ਲਗ ਲਿਖਯੋ ਸੁ ਬਰਨ ਵਿਚਾਰੁ ॥ ੨ ॥ ਸ੍ਰੀ ਰਾਮ ਜੀ ॥ ਹਰੇ ਰਾਮ ॥ ॥ ॥ ॥

ਹੱਥ ਲਿਖਤ ਨੰ : MS 318 ਅ

ਸਿਰਲੇਖ : ਸੱਸੀ ਪੁਨੂੰ (ਬੈਂਤ)

ਲੇਖਕ : ਲਖੂਹ ਸ਼ਾਹ, ਕਵਿ

ਸਥਾਨ : ਜਸਰਥ ਨੰਦ ਸਹਰ ਵਿਚ ਲਿਖੀ [ਲਾਹੌਰ]

ਸਮਾਂ : ਸੰਮਤ 1902

ਪੱਤਰੇ : 17 ੳ -147

ਅਕਾਰ : 11X9 ਸ.ਮ. ਲਿਖਤ: 8X6 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ ਵਖਰੇਵੇਂ ਲ਼ਈ ਕੁਝ ਪੰਨਿਆ ਤੇ ਲਾਲ ਹਾਸ਼ੀਆ। ਸਤਰਾਂ ਪ੍ਰਤੀ ਪੰਨਾ–10 ।

ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਦੇ ਪੱਤਰੇ ਹਾਸ਼ੀਏ ਤੋਂ ਬਗੈਰ, ਕੁਝ ਪੱਤਰੇ ਬੁਰੀ ਤਰਾਂ ਕਿਰਮ ਖੁਰਦਾ ਪਰ ਲਿਖਾਈ ਸੁੰਦਰ, ਅਤੇ ਪੜ੍ਹਨ ਯੋਗ ਹੈ । ਕਵੀ ਨੇ ਇਸ ਕਿੱਸੇ ਨੂੰ ਬੈਂਤ ਵਿਚ ਲਿਖਿਆ ਹੋਇਆ ਹੈ ਅਤੇ ਪੰਨਾ ਨੰਬਰ 146 ਉਪਰ ਹਿਜਰੀ ਸੰਮਤ ਇਸ ਪ੍ਰਕਾਰ ਦਿਤਾ ਹੋਇਆ ਹੈ । "ਬਾਰਾ ਸੈ ਸੈਤਾਲੀ ਸਾਹਲਖ ਹਿਜਰੀ ਸੰਨ ਹਿਜਰੀ 1247 ਸਿਫਤਿ ਉਪਾਈ (ਬੈਂਤ) ਨੰ: 292 ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਕ੍ਰਿਤ ਲਖ ਸਾਹ ਲਿਖਤੇ ॥ ॥ ਸਿਫਤ ਕਹੋ ਕਾਦਰ ਦੀ ਮੁਖ ਥੀ ਹੋਵੇ ਫਜਲ ਗੁਫਾਰੀ ਮਿਟੇ ਕਹਾਰੀ ॥ ਚੌਦਾਂ ਤਬਕਾ ਬੀਚ ਰਬੇ ਦਾ ਹੁਕਮ ਬਖਤ ਸਿਰਦਾਰੀ ਕਲਾ ਪਸਾਰੀ ॥ ਸੂਰਜ ਚਾਂਦ ਚਰਾਂਗ ਸਾਜਦੋ ਮੇਟੀ ਗਰਦ ਗੁਬਾਰੀ ਉਸ ਉਪਕਾਰੀ ॥ ਆਦਮ ਹਵਾ ਉਪਾਇ ਇਸ ਕਥੀ ਰਚੀ ਹੈ ਖਲਕਤਿ ਸਾਰੀ ਨਰ ਔ ਨਾਰੀ ॥ ੧ ॥...

ਅੰਤ : ...ਇਤਿ ਸੱਸੀ ਪੁਨੂੰ ਕ੍ਰਿਤ ਕਵਿ ਲਖੂ ਸਾਹ ਸੰਪੂਰਣੰ ਮਸਤ ਸੁਭ ਮਸਤ ੧ ॥ ਸ੍ਰੀ ਰਾਮ ਚੰਦ੍ਰਾ ਨਮਾ: ॥ ਸ੍ਰੀ ਸੰਕਰਾ ਦੇਵੀ ਨਮ : ॥ ਸੰਮਤੁ ਉਨੀ ਸੈ ਕੇ ਊਪਰ ਬਰਸ ਦੋਇ ਜਬ ਬੀਤੇ ॥ ਵਾਰ

ਛਨਿਛਰ ਦਿਨ ਦਸਮੀ ਦੇ ਸਾਵਣ ਪੰਜ ਦਿਨ ਬੀਤੇ ॥ ਪੋਥੀ ਕ੍ਰਿਤ ਸਸੀ ਦੀ ਬੈਂਤ ਸਭੈ ਲਿਖ ਲੀਤੇ ॥ ਜਸਰਥ ਨੰਦ ਨੰਦ ਸਹਰ ਵਿਚ ਲਿਖੀ ਪ੍ਰੇਮ ਧਰ ਪ੍ਰੀਤੇ ॥ ੧ ॥

| | |
|---|---|
| ਹੱਥ ਲਿਖਤ ਨੰ | : MS 319 |
| ਸਿਰਲੇਖ | : ਹਿਕਮਤ ਵੱਖ ਵੱਖ ਜਾਨਵਰਾਂ ਬਾਰੇ |
| ਪੱਤਰੇ | : 3-137 |
| ਅਕਾਰ | : 18 X 13 ਸ.ਮ. ਲਿਖਤ : 13 X 9 ਸ.ਮ. |
| ਵੇਰਵਾ | : ਜਿਲਦ ਗੱਤਾ ਰੈਕਸੀਅਨ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਪੋਥੀ ਦੇ ਦੋਵੇਂ ਪਾਸੀਂ ਦੋ ਦੋ ਲਾਲ ਤੇ ਵਿਚਕਾਰ ਇਕ ਮੋਟੀ ਲਕੀਰ । ਸਤਰਾਂ ਪ੍ਰਤੀ ਪੰਨਾ-8 ਹਨ । |
| ਆਮ ਵੇਰਵਾ | : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ, ਪੋਥੀ ਅਧੂਰੀ, ਪਹਿਲੇ ਦੋ ਪੱਤਰੇ ਨਹੀਂ ਹਨ। ਅੰਤ ਵਿਚ ਸਪਸ਼ਟਤਾ ਨਹੀਂ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਿਚ ਲਿਖਤ ਹੈ। ਕਈ ਪੰਨੇ ਪਾਣੀ ਦੇ ਭਿੱਜੇ ਹੋਏ ਹਨ। ਪੋਥੀ ਦੇ ਕਈ ਪੱਤਰਿਆਂ ਉਪਰ ਬਰੀਕ ਕਾਗਜ਼ ਦੀਆਂ ਚੇਪੀਆਂ ਲਗੀਆਂ ਹੋਈਆਂ ਹਨ । ਅੰਤ ਵਿਚ ਕੁਝ ਪੱਤਰੇ ਖ਼ਾਲੀ ਹਨ । |
| ਆਰੰਭ | : .....ਜਿਸ ਦੇ ਪਰ ਛੋਟੇ ਸੇ ਭੀ ਚੰਗਾ॥ ਪਰੁ ਜਰਦਾ ਸੁਰਖੁ ਬੈਦਾਮੀ ਰੰਗੁ ਤੇ ਲਛਨਿ ਪਿਛਲੇ ਛੋਟੇ ਬਡੇ ਗੁਲਾਲ ਚਸਮ ਵਿਚ ਲੋੜੀਦੇ ਹੈਨਿ ਬਰਸ ਦਿਨ ਦੇ ਬਚੇ ਨੂ ਚੂਜਾ ਆਖਦੇ ਹੈਨਿ ॥... |
| ਅੰਤ | : ...ਹੋਰੁ ॥ ਸੁੰਢ ਕਲੋਜੀ ਸਹਿਤ ਵਿਚਿ ਮਿਲਾਇ ਕੇ ਪਿਸਤੇ ਦੇ ਦਾਣੇ ਜਿਤਨੀ ਗੋਲੀ ਕਰੇ ॥ ਬਾਜ ਨੂ ਇਕੁ ॥ ਸਹੀਨ ਨੂ ਚੌਥਾ ਹਿਸਾ ਘਟ ਦੇਣੀ ॥ ਘੋੜੀ ਦੇ ਦੁਧ ਨਾਲਿ ਮਾਸੁਬ ਦਾ ਬੀਜ ਦੋ ਮਾਸੇ ॥ ਜਵਾਇਣ ਹਿੰਦੀ ਦੋ ਮਾਸੇ ॥ ਸਭ ਕੁਟ ਪੀਹ ਕੇ ਚਾਰ ਮਾਸੇ ਸਹਤ ਵਿਚ ਬਣਾਵੇ ॥ ਘੋੜੀ ਦੇ ਦੁਧ ਨਾਲ ਗੋਲੀ ਦਇ ॥ ਜਾਨਵਰ ਤਾ ਮਾ ਪੋਟੇ ਦੇ ਹੇਠ ਨ ਜਾਇ ॥ ਤਾ ਕੈ ਕਰਾਵੈ ॥ ਨਹੀ ਮਰਨੇ ਦਾ ਡਰੁ ਹੈ ॥ ਬੀਜੁ ਮੁਨਕੇ ਦਾ ਤਾਲੂ ਵਿਚਿ ਮਲੇ ॥ = ॥ = ॥ = ॥ |

| | |
|---|---|
| ਹੱਥ ਲਿਖਤ ਨੰ | : MS 320 |
| ਸਿਰਲੇਖ | : ਖੇਮੇ ਕੰਤੂਹਲ ਗ੍ਰੰਥ |
| ਪੱਤਰੇ | : 1-25 |
| ਅਕਾਰ | : 16 X 19 ਸ.ਮ. ਲਿਖਤ : 11 X 13 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ,ਸਤਰਾਂ ਪ੍ਰਤੀ ਪੰਨਾ-16 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਠੀਕ ਠੀਕ, ਲਿਖਾਈ ਸੁੰਦਰ, ਇਸ ਪੋਥੀ ਵਿਚ ਵੱਖ ਵੱਖ ਰਸੋਈ ਵਿਧੀਆਂ, ਪੋਥੀ ਦੇ ਸ਼ੁਰੂ ਵਿਚ ਕ੍ਰਿਸ਼ਨ ਜੀ ਦੀ ਮਹਿਮਾ ਦਾ ਜ਼ਿਕਰ ਵੀ ਆਉਦਾ ਹੈ । ਅੰਤ ਵਿਚ ਜਾ ਕੇ ਵੱਖ ਵੱਖ ਬੀਮਾਰੀਆਂ ਦੇ ਨੁਸਖੇ ਆਦਿ ਅਤੇ ਵਿਧੀਆਂ ਦੱਸੀਆਂ ਹੋਈਆਂ ਹਨ। ਪੋਥੀ ਵਿਚ ਲਿਖਤ ਕਈ ਜਗ੍ਹਾ ਤੇ ਬਦਲੀ ਹੋਈ ਹੈ । ਸਿਆਹੀ ਵਖਰੇਵੇਂ ਲਈ ਕਿਧਰੇ ਕਿਧਰੇ ਮਧਮ ਲਾਲ ਅਤੇ ਕਿਧਰੇ ਜਾਮਣੀ ਰੰਗ ਦੀ ਹੈ । |
| ਆਰੰਭ | : ੧ਓ ਗੁਰੋ ਨਮ: ॥ ਅਥ ਖੇਮ ਕੰਤੂਹਲ ਗ੍ਰੰਥ ਲਿਖਜਤੇ ॥ ਦੋ : ॥ ਸਿਵ ਸੁਤ ਕਲਮਲ ਹਰਣ ਜਲ ਸਿੰਧ ਸੁਖ ਭਰਪੂਰ ॥ ਮੋਦਕ ਪ੍ਰਯ ਗੁਰ ਸਰਬਕੰ ਗੰਡ ਝਰਤ ਮਦ ਨੂਰੁ ॥ ੧ ॥... |
| ਅੰਤ | : ...ਦੋਹਰਾ ॥ ਤਾਨਕੰਦ ਖਰਜੂਰ ਲੈਯਸਟ ਕੰਦ ਵਿਡਾਰ ਮਿਸ੍ਰੀ ਮਧ ਸੋ ਚਾਟੀਏ ਸੋਮ ਰੋਗ ਕੋ ਟਾਰੁ ॥ ੧ ॥ ਚੋ: ਆਫ੍ਰ ਮਾਸਾ ਏਕ ਮੰਗਾਇ ॥ ਵਡੇ ਜਾਇਫਲ ਕੇ ਬੀਚ ਪਵਾਇ ॥ ਸੋ ਜਾਫਲ ਦਾ ਹਮ ਫਲ ਪਾਇ ॥ ਮਾਟੀ ਕਪੜੇ ਸੀਤ ਲਗਾਇ ॥ ਤਾ ਕੋ ਗੋ ਸਮਾਹਿ ਪ੍ਰਾਇ ॥ ਭਸਮ ਨ ਹੋਵਤ ਸੁਧ ਕਰਾਇ ॥ ਮਾਟੀ ਝਾਰਿਸ ਵੋ ਪਿਸਵਾਇ ॥ ਰਤੀ ਏਕ ਸਹਤ ਸੋ ਖਾਇ ॥ ੧ ॥ |

| | |
|---|---|
| ਹੱਥ ਲਿਖਤ ਨੰ | : MS 321 ਸੰਗ੍ਰਹਿ |
| ਸਿਰਲੇਖ | : ਪੋਥੀ ਜੋਤਸ਼ ਕੀ |
| ਪੱਤਰੇ | : 49-52 |
| ਅਕਾਰ | : 17 X 12 ਸ.ਮ. ਲਿਖਤ : 13 X 8 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ, ਹਾਸ਼ੀਏ ਵਿਚ ਲਿਖਤ, ਪੋਥੀ ਦੀ ਹਾਲਤ ਠੀਕ ਠੀਕ, ਕਿਤੇ ਕਿਤੇ ਪੱਤਰੇ ਕਿਰਮ ਖੁਰਦਾ। ਸਤਰਾਂ ਪ੍ਰਤੀ ਪੰਨਾ- 8, ਕਿਤੇ ਕਿਤੇ 9 ਵੀ ਹਨ । |
| ਆਮ ਵੇਰਵਾ | : ਇਸ ਪੋਥੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਦੋ ਵੱਖ ਵੱਖ ਵਿਧੀਆਂ ਸੰਖੀਆ ਮੋਮ ਅਤੇ ਪਾਰਾ ਸਿਖਰ ਕਰਨੇ ਕੀ ਵਿਧੀਆ ਦਸੀਆਂ ਗਈਆਂ ਹਨ। ਪੱਤਰਾ ਨੰ 50 ਅ, 51 ਅਤੇ 52 ੳ ਤੇ ਕੁੰਡਲੀਆਂ ਬਣੀਆਂ ਹੋਈਆਂ ਹਨ। ਫਟੇ ਪੱਤਰੇ ਜੋੜੇ ਹੋਏ ਹਨ। |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ॥ ਅਥ ਕਰਕ ਕੀ ਸੰਕਰਾਤਿ ਜਿਸ ਵਾਰ ਹੋਇ ਸੋ ਖੇਤੀਆ ਕਾ ਰਾਜਾ ॥ ੧ ॥ ਸਿੰਘ ਕੀ ਸੰਕ੍ਰਾਤਿ ਜਿਸ ਵਾਰ ਹੋਇ ਸੋ ਸੈਨਾਧਪਤ ਰਾਜਾ ॥ ੨ ॥ ਕੰਨਿਆ ਕੀ ਸੰਕ੍ਰਾਤਿ ਜਿਸ ਵਾਰ ਹੋਇ ਸੋ ਮੇਘਾਧਪਤਿ ਰਾਜਾ ॥ ੩ ॥… |
| ਅੰਤ | : …ਸੁਵਾਤੀ ॥ ਵਰਖਾ ਸੂਰਜ ਉਦੇ ਹੋਦੇ ਵਰਖਾ ਹੋਵੇ ਤਾ ਸੁਕਾਲ ॥ ਅਧਵੇਲੇ ਹੋਵੈ ਤਾ ਨਾ ਸੁਕਾਲ ਨਾ ਦੁਕਾਲਾ ਸਾਵਨ ਦੇ ਮਹਨੇ ॥ ॥ |

| | |
|---|---|
| ਹੱਥ ਲਿਖਤ ਨੰ | : MS 321 ਅ |
| ਸਿਰਲੇਖ | : ਮੇਘ ਮਾਲਾ |
| ਲੇਖਕ | : ਮੇਘ |
| ਲਿਖਾਰੀ | : ਪਿਡੀ |
| ਸਥਾਨ | : ਫਗਵਾੜਾ |
| ਸਮਾਂ | : ਸੰਮਤ 1865 |
| ਪੱਤਰੇ | : 52 ਅ – 152 ਅ |
| ਅਕਾਰ | : 17 X 12 ਸ.ਮ. ਲਿਖਤ : 13 X 8 ਸ.ਮ. |
| ਵੇਰਵਾ | : ਜਿਲਦ ਚਮੜਾ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ–9 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਆਮ ਕਰਕੇ ਠੀਕ, ਲਿਖਾਈ ਬਹੁਤ ਸਾਫ ਨਹੀਂ ਧਬਿਆਂ ਵਾਲੀ ਹੈ, ਪਰ ਪੜ੍ਹਨ ਯੋਗ ਹੈ। ਪੋਥੀ ਕਿਰਮ ਖੁਰਦਾ ਹੈ, ਪੱਤਰਾ ਨੰ: 102 ਅ ਤੇ ਲਿਖਾਰੀ ਬਾਰੇ ਇਸ ਤਰਾਂ, ਲਿਖਿਆ ਹੈ।<br>"ਲਿਖੀ ਪਿਡੀ ਲਿਖਾਰੀ", ਸੰਮਤ ਬਾਰੇ ਵੀ ਪੰਨਾ - 8, ਉਪਰ ਇਉਂ ਲਿਖਿਆ ਹੋਇਆ ਹੈ: "ਸਮਤ ਰਵ ਸਸ ਸਰ ਸਤਿਹਿ ਖਸਟ ਉਭੈ ਸੰਗ ਧਾਰ ਵੈਸਾਖਿ" ਤਿਥ ਪੰਚਮੀ ਭ੍ਰਿਗ ਸੁਤਿ ਵਰਨਤ ਵਾਰ"<br>ਪੱਤਰਿਆਂ ਦਾ ਨੰਬਰ ਇਕ ਪਾਸੇ ਇਕ, ਦੋ ਤੋਂ ਸ਼ੁਰੂ ਹੁੰਦਾ ਹੈ। ਦੂਸਰੇ ਪਾਸੇ ਪੱਤਰਿਆਂ ਦੀ ਗਿਣਤੀ 49-50 ਤੋਂ ਚਲਦੀ ਹੈ। ਇੰਵ ਮਾਲੂਮ ਹੁੰਦਾ ਹੈ ਕਿ ਪੋਥੀ ਕਿਸੇ ਹੋਰ ਰਚਨਾ ਦਾ ਹਿੱਸਾ ਹੈ। ਪੰਨਾ 101 ਉਪਰ ਫਗਵਾੜੇ ਦੇ ਚੌਧਰੀ ਰਾਓ ਚਤਰਿ ਸੈਨਿ ਦਾ ਜਿਕਰ ਆਉਂਦਾ ਹੈ। |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ॥ ਅਥ ਮੇਘ ਮਾਲਾ ਲਿਖ਼ਜਤੇ ॥ ਸ੍ਰੀ ਗਣੇਸਾਇ ਨਮਹ ॥ਦੋਹਰਾ॥ ਪਰਮ ਪੁਰਖ ਅਘ ਹਰਨਿ ਪ੍ਰਭਿ ਘਟ ਘਟ ਜਾ ਕੋ ਵਾਸ ॥ ਗ੍ਰੰਥ ਮੋਰਿ ਪੂਰਨਿ ਕਰੋ ਜਨਿ ਕੀ ਯਹਿ ਅਰਦਾਸ ॥ ੧ ॥ ਪਰਮ ਪੁਰਖ ਘਟ ਘਟ ਰਮਿਉ ਜੋਤਿ ਰੂਪ ਭਗਵਾਨ ॥ ਸਕਲ ਰਿਧ ਸੁਖ ਦੈਨਿ ਪ੍ਰਭ ਨਿਅਤ ਮੇਘ ਪਗ ਧਿਆਨਿ ॥ ੨ ॥ … |

ਅੰਤ : ...ਇਤ ਸ੍ਰੀ ਮੇਘ ਮਾਲਾ ਸੰਪੂਰਨੰ ॥ ਸੰਮਤਿ ॥ ੧੯੬੫ ॥ ਮਿਤ ਭਾਦ੍ਰੋ ਵਦੀ ॥ ੨ ॥ ਵਾਰ ਮੰਗਲ ਪੋਥੀ ਸੰਪੂਰਨ ਹੋਇ ॥ ਲਿਖੀ ਪਿਡੀ ਲਿਖਾਰੀ ॥ ਭੁਲਚੁਕ ਬਖਸ ਲੈਣੀ ॥ ਸੰਭਾਲ ਪੜਨਾ ॥ ਲਿਖਵਾਈ ॥ ਸੁਭੰ ਸਤਿਗੁਰ ਦੀਨ ਦਿਆਲ ਜੀ ॥ ਸਰਣ ਤੁਮਾਹੀ ਜੀ ਸਰਣਾ ੧:੫:੮: ॥ ਰਕਤੂ ॥ ੧● ॥ ੧੧ ॥ ੧੨ ॥ ੜਸਨਿ ॥ ੨ ॥ ੪ ॥ ੭ ॥ ਸੁਪੇਦ ॥ ੩੫੬ ॥ ਪੀਤਉ ॥ ਪਤਰੀ ॥ ਮੇਖ ਅਸਥਿਰ ॥ ਲਗਨੋ ॥ ੧ ॥ ਵਾਸੋ ਮਮਾਕਾਜਕਮ ॥ ੩ ॥ ਵਾਰੁ॥॥॥

ਹੱਥ ਲਿਖਤ ਨੰ : MS 321 ਏ
ਸਿਰਲੇਖ : ਮੇਘ ਮਾਲਾ ਟੀਕਾ
ਪੱਤਰੇ : 103 ਅ -104 ੳ
ਅਕਾਰ : 17 X 12 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ, ਧੱਬਿਆਂ ਵਾਲੀ ਹੈ ।, ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਸਤਰਾਂ ਇਕ ਪੰਨੇ ਉਪਰ 13 ਅਤੇ ਇਕ ਪੰਨੇ ਉਪਰ 8 ਹਨ ।
ਆਮ ਵੇਰਵਾ : ਲਿਖਾਈ , ਬਹੁਤ ਸਾਫ ਨਹੀਂ ਹੈ ਅਤੇ ਕਾਨੀ ਬਦਲੀ ਹੋਈ ਹੈ । ਲਿਖਤ ਪੰਜਾਬੀ ਅਤੇ ਲਿਪੀ ਦੇਵਨਾਗਰੀ ਹੈ ਅਤੇ ਬਹੁਤੀ ਸਾਫ ਨਹੀਂ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਮੇਘ ਮਾਲਾ ਤਤ ਟੀਕਾ ਲਿਖਤੇ ॥ ਸ੍ਰੀ ਗਨੇਸਾਯੇ ਨਮ: ॥ ਕਤਕ ਮਾਸ ਫਲਾ ॥ ੩ । ੫੫ ॥ ਕਤਿਕ ਸੁਦੀ ਪੰਚਮੀ ਫਲ ॥ ੪ । ੫੬ ।...
ਅੰਤ : ...ਸਨੇ ਦ੍ਰਮੰਡਲਿ ਫਲਿ ॥ ੪੧ । ੯੮ । ਸੰਕ੍ਰਾਤ ਮੰਡਪ੍ਰਸ ਧੇਸ ਫਲਿ ॥ ੪੮ ॥ ੯੯ ।

ਹੱਥ ਲਿਖਤ ਨੰ : MS 321 ਸ
ਸਿਰਲੇਖ : ਦੁਵਾਦਸ ਮਾਸ ਕੋ ਫਲਿਆ
ਪੱਤਰੇ : 1 – 35
ਅਕਾਰ : 17 X 12 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੋਥੀ ਦੇ ਇਸ ਭਾਗ ਵਿਚ ਮਹੀਨਿਆਂ ਬਾਰੇ , ਥਿਤਾਂ ਬਾਰੇ , ਵਾਰਾਂ ਬਾਰੇ ਫਲ ਦੱਸੇ ਹੋਏ ਹਨ , ਗ੍ਰਿਹਾਂ ਬਾਰੇ ਵੀ ਦਸਿਆ ਹੋਇਆ ਹੈ । ਵਿਚ ਵਿਚ ਕਈ ਥਾਵਾਂ ਉਪਰ ਨੁਸਖਿਆਂ ਬਾਰੇ , ਪਰਹੇਜ਼ ਬਾਰੇ ,ਵਿਧੀਆਂ ਦਿਤੀਆ ਹੋਈਆਂ ਹਨ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਦੁਵਾਦਸ ਮਾਸ ਕੋ ਫਲਿ ॥ ਲਿਖਜਤੇ ॥ ਚੇਤ੍ਰ ਮਾਸ ਕੀ ਕ੍ਰਿਸਨਿ ਪਖ ਕੀ ਏਕਮ ਕੋ ਫਲ ॥ ਜੇ ਚੇਤਰ ਵਦੀ ਏਕਮ ਵਾਰਿ ਅਦਿਤ ਮੰਗਲ ਸਨਿਸਚਰ ਹੋਵੈ ਤਾ ਮੀਹ ਨਾ ਪਵੈ ॥...
ਅੰਤ : ...ਪ੍ਰਾਨ ਸਰੋਦੇ ਥਾ ਪੂਰਾ ਹੋਇਆ ॥ ਚੰਦ ਸੂਰਜ ਕੇ ਵਾਰ ਪਛਾਨੇ ॥ ਸੋ ਪੰਡਤਿ ਪੋਥੀ ਕੋ ਆਨੇ ॥ ਨਾਸਕਾ ਸੁਆਸ ਅਭਿਆਸ ਜੋ ਕਰੈ ॥ ਸੋ ਪਛਾਨਿ ਕੇ ਬਾਤਿ ਕਰੇ ਤਾ ਸੁਗਮ ਪੋਥੀ ਕਿਆ ਕਰਨੀ ਹੈ ॥ ਉਸ ਆਤਮ ਅਭਿਆਸ ਹੂਆ ॥ ਪੋਥੀ ਸੰਪੂਰਨਿ ਲਿਖੀ ਭੂਲ ਚੂਕ ਬਖਸਨੀ ॥ ॥ ॥ ॥

ਹੱਥ ਲਿਖਤ ਨੰ : MS 321 ਹ
ਸਿਰਲੇਖ : ਵਰਖ ਫਲ
ਪੱਤਰੇ : ਤਿੰਨ ਪੱਤਰੇ
ਅਕਾਰ : 17 X 12 ਸ.ਮ. ਲਿਖਤ : 11.5 X 8.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਇਸ ਰਚਨਾ ਵਿਚ, ਕਾਨੀ ਬਦਲੀ ਹੋਈ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਅਖੀਰਲੇ ਪੰਨੇ ਉਪਰਲੇ ਕੁੰਡਲੀ ਜਹੀ ਬਣੀ ਹੋਈ ਹੈ । ਪੰਨਿਆ ਦੇ ਨੰਬਰ ਨਹੀਂ ਹਨ ਪਿਛਲੇ ਚਾਰ ਪੱਤਰੇ ਖਾਲੀ । ਪੋਥੀ ਕਿਰਮ ਖੁਰਦਾ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਵਰਖ ਫਲੰ ॥ ਮੁਹਰਮ ਦੇ ਗੁਰੁ ਦੀ ਹਕੀਕਤ ॥ ਵਰਖ ਦੀ ਮਲੂਮ ਹੋਵੇ ਜੇਤ ਤਰੀਕ ਪਹਲੀ ॥ ਰਵ ਵਾਰ ਹੋਵੇ ਉ ਵਰਖ ਹਛਾ ਹੋਵੈ ॥ ਤੇ ਮੁਲਖ ਵਿਚਾ ਸੋਰਸਤਾਨ ਹੋਵੇ ਨਹੀ ॥ ਜਾਨਵਰ ਚਿਰਿੰਦ ਧਿਰਿੰਦ ਨੂੰ ਖਤਰਾ ਨਾ ਹੋਵੈ ॥...

ਅੰਤ : ...ਅਗੇ ਸਨਿ ਫਲੰ ॥ ॥ ਉਸ ਵਰਖ ਵਿਚ ਉਲਕਾ ਪਾਤ ਹੋਵੈ ਤੇ ਰਾਜੇ ਅਪਸ ਵਿਚ ਲਰਣ ਪ੍ਰਜਾ ਖਇ ਹੋਵੈ ॥ ਚਰਿੰਦ ਤੇ ਧਰਿੰਦ ਜਾਨਵਰਾ ਨੂੰ ਖਤਰਾ ਬਹੁਤ ਹੋਵੈ ॥ ਮੌਤ ਸੁਸਤੀ ਬੌਤ ਹੋਵੈ ॥ ਤੰਗੀ ਤਵਰ ਠਾਰਾ ਨੂੰ ਬਹੁਤ ਹੋਵੈ ॥ ਅਨਾਜ ਸਸਤੇ ਪਿਛੇ ਹੋਵੈ ॥ ਤੇ ਤੰਡ ਬੌਤ ਹੋਵਨ ॥ ਤੇ ਸੀਤ ਬਹੁਤ ਹੋਵੈ ॥ ਸੁਭੰ ਭੂਯਾਤ ॥ ਭੂਲ ਚੁਕ ਬਸਕਨੀ ਰਾਮ ਜੀ ॥

ਹੱਥ ਲਿਖਤ ਨੰ : MS 322

ਸਿਰਲੇਖ : ਬਿਸ੍ਨ ਪੁਰਾਨ ਭਾਖਾ ( ਬਿਸ਼ਨ ਪੁਰਾਨ)

ਪੱਤਰੇ : 1-717

ਅਕਾਰ : 15 X 10 ਸ.ਮ. ਲਿਖਤ : 10 X 7 ਸ.ਮ.

ਵੇਰਵਾ : ਜਿਲਦ ਗਤਾ ਕਪੜਾ, ਫਟੀ ਹੋਈ ਉਖੜੀ ਹੋਈ, ਸਿਆਹੀ ਕਾਲੀ ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਅਤੇ ਵਿਚਕਾਰ ਲਾਲ ਲਕੀਰ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਸਤਰਾਂ ਪ੍ਰਤੀ ਪੰਨਾ-7 ਹਨ।

ਆਮ ਵੇਰਵਾ : ਕਿਧਰੇ ਕਿਧਰੇ ਹਾਸ਼ੀਏ ਵਿਚ ਲਿਖਤ ਹੈ । ਪੋਥੀ ਦੇ ਸ਼ੁਰੂ ਅਤੇ ਅੰਤ ਵਿਚ ਚਾਰ ਚਾਰ ਪੱਤਰੇ ਖਾਲੀ ਹਨ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਸਤਿ ਚਿਤ ਆਨੰਦ ਪ੍ਰਮਾਤਮਾਇ ਨਮਹਿ ॥ ਅਥ ਬਿਸ੍ਨ ਪੁਰਾਨ ਭਾਖਾ ਲਿਖਤੇ ॥ ਪਰਾਸਰੋ ਵਾਚ ॥ ਪਰਾਸਰ ਮੈਤ੍ਰੇ ਕਉ ਕਹੇ ਹੈ ॥ ਕਿ ਹੇ ਮੈਤ੍ਰੇ ਯਹਿ ਜੋ ਤੁਝੈ ਉਪਦੇਸ ਕਰੋ ਹੋ ਸੋ ਅੰਮ੍ਰਿਤ ਸਮਾਨੁ ਹੈ ॥ ਸੋ ਮਨ ਕੇ ਪਾਤ੍ਰ ਸੋ ਪੀਉ ॥ ਅਰ ਜੋ ਨਾਰਾਇਣ ਤੇ ਭਿੰਨ ਹੈ ਤਿਸ ਕਾ ਤਿਆਗ ਕਰ ॥...

ਅੰਤ : ...ਆਤਮ ਦਰਸੀ ਜਬ ਯਹਿ ਸਰਬ ਬਚਨ ਬੁਧ ਕੇ ਸ੍ਰਵਣ ਕਰਿ ਸੁਣੇ ਅਰ ਆਪਿ ਕਉ ਦੇਖਾ ਅਰ ਪਛਾਣਾ ਆਤਮਾ ਬਿਖੇ ਲੀਨ ਭਇਆ ॥ ਅਰ ਸਰੂਪ ਸੋ ਮਿਲਾ ॥ ਅਰ ਬੰਧ ਮੁਕਤਿ ਕੇ ਭੈ ਤੇ ਨਿਰਭੈ ਭਇਆ ॥ ਇਤ ਸ੍ਰੀ ਬਿਸਨ ਪੁਰਾਨ ਬੇਦਾਂਤ ਭਾਖਾ ਸਮਾਪਤੰ ਸੁਭ ਮਸਤੁ ॥ ਭੂਲਾ ਚੂਕਾ ਬਖਸਣਾ ॥ ਖੁਸੀ ਕਰਨੀ ਜੁ ਨਾਮ ਚਿਤ ਆਵੈ ॥ ੧ ॥ ॥ ॥

ਹੱਥ ਲਿਖਤ ਨੰ : MS 323

ਸਿਰਲੇਖ : ਪੋਥੀ ਰਮਲ ਕੀ

ਲੇਖਕ : ਦਾਲੀਯਾਲ

ਲਿਖਾਰੀ : ਸਤਾ ਰਾਮੁ ਸਤਰੀ

ਪੱਤਰੇ : 1-67

ਅਕਾਰ : 25 X 17 ਸ.ਮ. ਲਿਖਤ : 18 X 12 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੋਹਰਾ ਹਾਸ਼ੀਆ ਪਹਿਲਾ ਦੁਪਾਸੀਂ ਖੜ੍ਹੇ ਰੁੱਖ ਦੋ ਕਾਲੀਆਂ ਲਕੀਰਾਂ, ਦੂਸਰਾ ਪਹਿਲੇ ਹਾਸ਼ੀਏ ਵਿਚ

ਚੁਪਾਸੀਂ ਛੇ ਲਕੀਰਾਂ (ਬਾਹਰ ਵਾਰ ਇਕ ਨੀਲੀ, ਇਕ ਲਾਲ, ਫਿਰ ਨੀਲੀ, ਮੋਟੀ ਪੀਲੀ, ਫਿਰ ਨੀਲੀ ਅਤੇ ਸਭ ਤੋਂ ਅੰਦਰਵਾਰ ਇਕ ਲਾਲ ) ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-26 ਹਨ।

ਆਮ ਵੇਰਵਾ : ਕਿਤੇ-ਕਿਤੇ ਕਿਰਮ-ਖੁਰਦਾ । ਆਰੰਭ ਵਿਚ ਚਾਰ ਅਤੇ ਅੰਤ ਤੇ 32 ਹਾਸ਼ੀਏ ਵਾਲੇ ਪੱਤਰੇ ਖਾਲੀ ਹਨ । ਹਾਸ਼ੀਏ ਵਿਚ ਕਿਤੇ-ਕਿਤੇ ਲਿਖਤ, ਪੱਤਰਾ ਨੰ: 66 ਤੇ 67 ਤੇ ਹਿਕਮਤ ਦੇ ਨੁਸਖੇ ਦਿੱਤੇ ਹਨ। ਜਿਲਦ ਤੇ ਸੁਨਹਿਰੀ ਧਾਤ ਦਾ ਪੈਚ ਵਰਕ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਪੋਥੀ ਰਮਲ ਕੀ ਲਿਖ੍ਯਤੇ ॥ ਯਿਹਿ ਇਲਮ ਦਾਲੀਯਾਲ ਸਾਹਿਬ ਨੇ ਚਾਰ ਤਤੁ ਕੀ ਮਿਰਜਾਦਾ ਉਪਰ ਬਨਾਇਆ ਹੈ ॥ ਹੈ ਯਿਹ ਅਕਾਸਬਾਣੀ ਪਰ ਜਗਤ ਬੀਚ ਪਰਗਟ ਜੋ ਹੋਇਆ ਹੈ ਦਾਨੀਯਾਲ ਸਾਹਿਬ ਸੋ ਹੋਇਆ ਹੈ ॥ ਰਮਲ ਕੀਆ ਸੋਲਾ ਸਕਲਾ ਬਣਾਈਆ ਹੈ ॥ ਚਾਰ ਆਤਸੀ ਚਾਰ ਬਾਦੀ ॥ ਚਾਰ ਆਬੀ ॥ ਚਾਰ ਖਾਕੀ ॥ ਅਰ ਓਨਾ ਸੋਲਾ ਸਕਲਾ ਕੋ ਮਿਰਜਾਦਾ ਉਪਰ ਰਖਿਆ ਹੈ ॥.... ਅਬ ਮੈ ਸੋਲਾ ਸਕਲਾ ਕੀ ਇਕ ਇਕ ਕੀ ਜੁਦਾ ਜੁਦਾ ਹਕੀਕਤ ਲਿਖਤਾ ਹੂੰ ॥ ਬੁਰਜ ਕੌਸ ਸਤਾ ਰਾਮੁ ਸਤਰੀ ॥...

ਅੰਤ : ...ਫੇਰ ਦੇਖਿਆ ਮਤਲਬ ਮੁਸਤਕਬਲ ਕੋ ਜੋ ਕਬਜੁਲ ਖਾਰਜ ਹੈ ਸੋ ਰਮਲ ਮੇ ਕਹੀ ਨਾ ਨਾਂਜਾਹਰਨ ਬਾਤਨ ਤੋ ਸਾਇਲ ਕੋ ਕਹਿਆ ਜੋ ਤੂ ਬੇਟੇ ਕੋ ਭੇਜੇਗਾ ਅਰ ਬੈਠਾਵੇਗਾ ਪੜਨੇ ਕੇ ਵਾਸਤੇ ਪਰ ਉਸਨੇ ਕਦੀ ਬੀ ਨਹੀ ਪੜਨਾ ਉਸ ਕੇ ਨਸੀਬ ਮੇ ਇਲਮ ਨਹੀਂ ।

ਹੱਥ ਲਿਖਤ ਨੰ : MS 324

ਸਿਰਲੇਖ : ਵੈਦ ਪ੍ਰਕਾਸ਼

ਲੇਖਕ : ਬ੍ਰਿਜ ਲਾਲ

ਲਿਖਾਰੀ : ਮਾਨਕ ਟਹਿਲ

ਸਥਾਨ : ਲਹੌਰ

ਸਮਾਂ : ਸਤੰਬਰ 18, 1890

ਪੱਤਰੇ : 1-157

ਅਕਾਰ : 24 X 15 ਸ.ਮ. ਲਿਖਤ: 19 X 10.5 ਸ.ਮ.

ਵੇਰਵਾ : ਜਿਲਦ ਗੱਤਾ ਅੰਬਰੀ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁਖ ਦੋ ਦੋ ਕਾਲੀਆ ਲਕੀਰਾਂ। ਗ੍ਰੰਥ ਦੀ ਲਿਖਾਈ ਸੁੰਦਰ ਹੈ। ਸਤਰਾਂ ਪ੍ਰਤੀ ਪੰਨਾ 23-24 ਹਨ।

ਆਮ ਵੇਰਵਾ : ਇਹ ਰਚਨਾ ਅਤਗਣ ਮਾਤ੍ਰ ਭਾਖਾ ਗ੍ਰੰਥ ਟੀਕਾ ਹੈ । ਪੋਥੀ ਕਿਰਮ ਖੁਰਦਾ - ਪਰ ਹਾਲਤ ਆਮ ਕਰਕੇ ਠੀਕ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਵੈਦ ਪ੍ਰਕਾਸ ਲਿਖ੍ਯਤੇ ॥ ਦੋਹਰਾ ॥ ॥ ਪੂਜੋ ਸ੍ਰੀ ਨਰ ਸਿੰਘ ਰਵਿ ਮਮ ਹਿਰਦ ਕਮਲ ਪ੍ਰਕਾਸ ॥ ਕਰੇ ਹਰੇ ਰਾਗਾ ਇਰੁਗ ਛੁਟਕਾਵੇ ਜਮਪਾਸ ॥ ੧ ॥ ਵਿਗਨ ਹਰਣ ਜਗ ਸੁਖ ਕਰਣ ਏਕ ਦੰਤ ਜਗ ਮਾਥਾ ॥ ਸ਼ਿਵ ਗੌਰੀ ਸੁਤ ਕੋ ਨਮੋ ਸਕਲ ਸੰਭੁ ਗਣ ਨਾਥਾ ॥ ੨ ॥...

ਅੰਤ : ...ਚੌਪਈ ॥ ਮੰਦਰ ਦੇਸ ਮੇ ਪੁਰੀ ਲਾਹੌਰ ॥ ਨ੍ਰਪ ਰਣਜੀਤ ਸਿੰਘ ਤਿਹ ਠੌਰ ॥ ਬਲ ਸੋ ਸਭ ਜੀਤੇ ਜਿਨ ਦੇਸ ॥ ਰਚਜੋ ਗ੍ਰੰਥ ਤਿਹ ਰਾਜ ਪਰਵੇਸ ॥ ਤਿਹ ਲਾਹੌਰ ਤੇ ਬਾਰਾ ਕੋਸ ॥ ਕਾਨਾ ਨਾਮ ਗ੍ਰਾਮ ਨਿਰੋਦਖ ॥ ਸੋ ਲਾਹੌਰ ਤੇ ਕੁਸ ਪੁਰ ਜਾਇ ॥ ਮਾਰਗ ਮੇ ਤਿਹ ਠਾ ਸੁਖ ਪਾਇ ॥ ਇਤਿ ਸ੍ਰੀ ਰਾਮ ਸਹਾਇ ਸੁਤ ਗਣੇਸ ਦਾਸ ਵਿਰਚਿਤੇ ਵੈਧਿ ਪ੍ਰਕਾਸੇ ਸਕਲਪ ਨਾਦਿ ਕਰਮ ਪੁਰਖ ਬਾਜੀ ਕਰਮਾਦਿਸਤ੍ਰੀ ਗਰਭਾਦਿਯੋਨੀ ਦੋਖਾਦਿ ਸਰਬ ਰੋਗ ਗਰਭ ਧਾਰਣਾਦਿ ਬਾਲਕ ਚਿਕਿਤਸਾ ਔਖਧ ਗਣਮਾਨ ਭਾਖਾ ਸੰਵਤ ਸਾਦਿ ਕਥਨੰ ਨਾਮ ਨਵਮ ਸਮਦੇਸ: ੯ ॥ ਗ੍ਰੰਥ ਸੰਪੂਰਣੰ ॥ ॥ ਮੰਤ੍ਰ ਸਰਪ ਦਾ ॥ ਓਙ ਗਰੜ ਬਿਦਰ ਗਰੜ ਫਟ ਸੁਵਾਹ ॥ ਇਤਿ ਸੁਭੰ ਸਿਤੰਬਰ ੧੮ ਸੰ: ੧੮੯੦●

ਲਾਹੌਰ ਆਗਜ਼ਾ ਅਨੁਸਾਰ ਲਾਲਾ ਲਾਹੌਰੀ ਮਲ ਜੀ ਕੀ ਸੇ ਦਾਸਾ-ਨ-ਦਾਸ ਬ੍ਰਿਜ ਲਾਲ ਮਾਨਕ ਟਹਿਲਾ ਕਾਪੀ ਨਵੀਸ ਨੇ ਲਿਖਯਾ ॥ ਭੂਲ ਚੂਕ ਦੇਖ ਕੇ ਖਿਮਾ ਕਰਣਾ।

ਹੱਥ ਲਿਖਤ ਨੰ : MS 325
ਸਿਰਲੇਖ : ਸਿਰਫੀ [ਸੀਹਰਫ਼ੀ]
ਲੇਖਕ : ਅਮਰ ਸਿੰਘ
ਪੱਤਰੇ : ਕੁਲ ਪੱਤਰੇ 6
ਅਕਾਰ : 18 X 13.5 ਸ.ਮ. ਲਿਖਤ: 14X8.5 ਸ.ਮ.
ਵੇਰਵਾ : ਜਿਲਦ ਗੱਤਾ ਅਮਰੀ, ਸਿਆਹੀ ਕਾਲੀ, ਹਾਸ਼ੀਆ ਚਾਰੇ ਪਾਸੇ ਦੋ ਦੋ ਲਾਲ ਫਿੱਕੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ 6 (ਛੇ) ਪੱਤਰੇ ਹਾਸ਼ੀਏ ਵਾਲੇ ਖਾਲੀ, ਅਖੀਰ ਵਿਚ ਵੀ ਇਕ ਪਤਰਾ ਹਾਸ਼ੀਏ ਵਾਲਾ ਖਾਲੀ, ਪਹਿਲੇ ਛੇ ਪਤਰਿਆਂ ਵਿਚੋਂ ਇਕ ਪੰਨੇ ਉਪਰ ਹਿਕਮਤ ਬਾਰੇ ਕੁਝ ਲਿਖਿਆ ਹੋਇਆ ,ਅਖੀਰਲੇ ਪੰਨੇ ਉਪਰ ਲਿਖਤ ਅਧੂਰੀ ਛੱਡੀ ਹੋਈ ਹੈ । ਇੰਵ ਮਾਲੂਮ ਹੁੰਦਾ ਹੈ ਕਿ ਪੋਥੀ ਅਧੂਰੀ ਹੈ । ਲਿਖਾਈ ਸੁੰਦਰ - ਪੋਥੀ ਦੀ ਹਾਲਤ ਠੀਕ ਠੀਕ , ਕਿਧਰੇ ਕਿਧਰੇ ਹਾਸ਼ੀਏ ਵਾਲੇ ਪਾਸਿਓਂ ਪੋਥੀ ਕਿਰਮ ਖੁਰਦਾ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਿਰਫੀ ਅਮਰ ਸਿੰਘ ਦੀ ਲਿਖਯਤੇ ॥ ਅਲਫ ਅਰਜ ਸਾਡੀ ਤੇਰੇ ਪਾਸ ਪਿਆਰੇ ਦੇਹੋ ਹਸ ਕੇ ਆਇ ਦੀਦਾਰ ਮੈਨੂ ॥ ਤੇਰੇ ਬਾਝ ਅਰਾਮ ਨ ਆਵਦਾ ਹੈ ਲਗਾ ਤੀਰ ਪ੍ਰੇਮ ਦਾ ਕਾਰ ਮੈਨੂ ॥ ਕਹਿਆ ਮਨ ਤੂ ਧੰਨ ਹੈ ਜਾਨ ਮੇਰੀ ਮੁਖ ਆਣਿ ਦਿਖਾਉ ਤੂ ਯਾਰ ਮੈਨੂ ॥ ਅਮਰ ਸਿੰਘ ਗੁਲਾਮ ਮੁਦਾਮ ਤੇਰਾ ਆਖੈ ਲਗ ਤੂ ਪਾਰ ਉਤਾਰ ਮੈਨੂੰ ॥ ੧ ॥...
ਅੰਤ : ...ਗੇਨ ਗਜਬ ਨਾਹੀ ਗਲ ਅਜਬ ਨਾਹੀ ਨੇਹੁ ਲਾਵਣਾ ਤੇ ਸੁਖ ਪਾਵਣਾ ਕਿਆ ॥ ਬਡੇ ਰੀਤ ਹੈ ਪ੍ਰੀਤ ਦੀ ਕਠਨ ਜੇਹੀ ਮਨ ਲਾਇ ਕੇ ਫੇਰ ਹਟਾਵਣਾ ਕਿਆ ॥ ਹੋਛੇ ਯਾਰ ਨੂ ਭੇਦ ਨਾ ਮੂਲ ਦੇਈਏ ਪਿਆਰੇ ਯਾਰ ਥੋ ਭੇਦ ਲੁਕਾਵਣਾ ਕਿਆ ॥ ਅਮਰ ਸਿੰਘ ਹੈਦਾਂ ਪ੍ਰੇਮ ਦਾ ਨੇਮ ਏਹੋ ਜੂਆ ਖੇਲਣਾ ਤੇ ਸਰਮਾਵਣਾ ਕਿਆ ॥ ੧੯ ॥ ਫੇ ਫਜਲ ਹੋਵੈ ਜਦੋ.....

ਹੱਥ ਲਿਖਤ ਨੰ : MS 326
ਸਿਰਲੇਖ : ਆਰਬਲਾ ਪ੍ਰਮਾਣ ਬਰਨਨੰ (ਇਸਤਰੀ ਲੱਛਣ)
ਸਮਾਂ : 1853 ਸੰਮਤ
ਪੱਤਰੇ : 102-120 ਅ
ਅਕਾਰ : 22 X 14 ਸ.ਮ. ਲਿਖਤ : 17 X 12 ਸ.ਮ.
ਵੇਰਵਾ : ਜਿਲਦ ਕਾਗਜ਼ ਗੱਤਾ, ਸਿਆਹੀ ਕਾਲੀ ਹਾਸ਼ੀਏ ਤੋਂ ਬਗੈਰ, ਸਤਰਾਂ ਪ੍ਰਤੀ ਪੰਨਾ - 13
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ । ਪੋਥੀ ਪੱਤਰਾ 102 ਤੋਂ ਸ਼ੁਰੂ ਹੋਕੇ ਪੱਤਰਾ 120 ਅ ਤੱਕ ਜਾਂਦੀ ਹੈ। ਇੰਵ ਮਾਲੂਮ ਹੁੰਦਾ ਹੈ ਕਿ ਇਹ ਪੋਥੀ (ਰਚਨਾ) ਕਿਸੇ ਹੋਰ ਪੋਥੀ ਦਾ ਹਿੱਸਾ ਹੈ। ਪੋਥੀ ਕਿਰਮ ਖੁਰਦਾ ਹੈ । ਹਾਸ਼ੀਏ ਵਾਲੀ ਥਾਂ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਤ ਧੱਬਿਆਂ ਵਾਲੀ ਹੈ ਪਰ ਪੜ੍ਹਨ ਯੋਗ ਹੈ । ਵਿਚ ਜੰਤਰ ਬਣਿਆ ਹੋਇਆ ਹੈ । ਅੰਤ ਵਿਚ ਇਕ ਪੱਤਰਾ ਖਾਲੀ ਹੈ ।
ਆਰੰਭ : ੧ਓ ਸ੍ਰੀ ਗੇਣਸਾਇ ਨਮ: ॥ ਅਥਿ ਆਰਬਲਾ ਪ੍ਰਮਾਣ ਬਰਨਨੰ ॥ ਦੋਹਰਾ ॥ ਗੁਨ ਔਗੁਨ ਸਭ ਹੀ ਭਲੇ ਪ੍ਰਥਮ ਬਿਚਾਰੋ ਆਉ ॥ ਜੋ ਸਰਤਾ ਜਲ ਹੀਨ ਹੈ ਕਉਨ ਕਾਜ ਕੀ ਨਾਉ ॥ ੧ ॥ ਬਾਜ ਨ ਜੋਰ ਬਰਾਤ ਕੇ ਆਨ ਕੀਏ ਇਕ ਠੌਰ ॥ ਪਹਲੇ ਦੂਲੋ ਚਾਹੀਏ ਜੋ ਬਾਂਧੇ ਸਿਰਮੌਰ ॥ ੨ ॥...

ਅੰਤ : ...ਨਖ ਸਿਖ ਲਉ ਲਛਨ ਕਹੋ ਅੰਗ ਅੰਗ ਬਿਸਤਾਰ ॥ ਤਿਨ ਕੇ ਗੁਨ ਔਗੁਨ ਸਕਲ ਦੇਖਹੁ ਚਤੁਰ ਬਿਚਾਰ ॥ ੨੨੬ ॥ ਇਤ ਇਸਤਗੋ ਲਛਨ ਸਮਾਪਤੰ ॥ ਸੁੰਦਰੀਕੰ ਸੰਪੂਰਣੰ ॥ ਸਮਤਿ ਅਠਾਰਾ ਸੈ ਤਿਵੰਜਾ ੫੩ ॥ ਸੰਪੂਰਣੋ ਹੋਈ ॥ ਭੁੱਲਾ ਚੁਕਾ ਅਖਰ ਸਵਾਰ ਪੜਨਾ ॥=॥=॥=॥

ਹੱਥ ਲਿਖਤ ਨੰ : MS 327 ਸੰਗ੍ਰਹਿ
ਸਿਰਲੇਖ : [ ਮਹਾਂਭਾਰਤ ]
ਲੇਖਕ : ਬਖਸੀਸ ਸਿੰਘ
ਸਥਾਨ : ਕਸ਼ਮੀਰ
ਸਮਾਂ : ਸੰਮਤ 1917
ਪੱਤਰੇ : 24
ਅਕਾਰ : 17X13 ਸ.ਮ. ਲਿਖਤ: 14 X 9 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਚਾਰੇ ਪਾਸੇ ਇਕ ਮੋਟੀ ਕੇਸਰੀ ਲਕੀਰ ਨਾਲ ਦੋ ਦੋ ਕਾਲੀਆਂ ਅਤੇ ਕੇਸਰੀ ਬਰੀਕ ਲਕੀਰ, ਪੋਥੀ ਦੀ ਹਾਲਤ ਚੰਗੀ ।
ਆਮ ਵੇਰਵਾ : ਪੋਥੀ ਦੀ ਪਹਿਲੀ ਰਚਨਾ ਅਧੂਰੀ ਹੈ ਪਹਿਲੇ ਕੁਝ ਪੱਤਰੇ ਨਹੀਂ ਹਨ। ਰਚਨਾ ਦੇ ਸ਼ੁਰੂ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਲਿਖਾਈ ਸੁੰਦਰ, ਹਾਸ਼ੀਏ ਵਿਚ ਕਿਧਰੇ ਕਿਧਰੇ ਲਿਖਤ ਹੈ।
ਆਰੰਭ : ..... ਸ ਹਾਥ ਛਤੀਸ ਹਾਥ ਗਿਰਾਹ ॥ ਆਨ ਆਨ ਗਿਰੈ ਤਹਾ ਸਭ ਭਸਮ ਭੂਤ ਹੋਇ ਜਾਇ ॥ ੩ ॥ ੧੬੭ ॥ ਏਕ ਸੋ ਹਸਤ ਪ੍ਰਮਾਨ ਦੋ ਸੋ ਹੱਸਤ ਪ੍ਰਮਾਨ ॥ ਤੀਨ ਸੋ ਹਸਤ ਪ੍ਰਮਾਨ ਚਤ੍ਰ ਸੈ ਸੁ ਸਮਾਨ ॥ ਪਾਚ ਸੈ ਖਟ ਸੈ ਲਗੇ ਤਿਹ ਬੀਚ ਆਨ ਗਿਰੰਤ ॥ ਸਹੰਸ੍ਰ ਹਸਤ ਪ੍ਰਮਾਨ ਲਉ ਸਭ ਹੋਮ ਹੋਤ ਅਨੰਤ ॥ ੪ ॥ ੧੬੮ ॥...
ਅੰਤ : ...ਤੈਸ ਹੀ ਮਖ ਕੀਜੀਐ ਸੁਨਿ ਰਾਜ ਰਾਜ ਪ੍ਰਚੰਡ ॥ ਜੀਤਿ ਦਾਨਵ ਦੇਸ ਕੇ ਬਲਵਾਨ ਪੁਰਖ ਅਖੰਡ ॥ ਤੈਸ ਹੀ ਮਖ ਮਾਰ ਕੈ ਸਿਰ ਇੰਦ੍ਰ ਛਤ੍ਰ ਫਿਰਾਇ ॥ ਜੈਸ ਸੁਰ ਸੁਖ ਪਾਇਓ ਤਿਵ ਸੰਤ ਹੋਇ ਸਹਾਇ ॥ ੨ ॥ ੨੩੬ ॥ ॥

ਹੱਥ ਲਿਖਤ ਨੰ : MS 327 ਅ
ਸਿਰਲੇਖ : ਸਵੈਯਾ
ਲੇਖਕ : ਬਖਸੀਸ ਸਿੰਘ
ਸਥਾਨ : ਕਸ਼ਮੀਰ
ਸਮਾਂ : ਸੰਮਤ 1917
ਪੱਤਰੇ : ਪੱਤਰੇ 4
ਅਕਾਰ : 17 X 13 ਸ.ਮ. ਲਿਖਤ : 14 X 9 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ , ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਚਾਰੇ ਪਾਸੇ ਇਕ ਮੋਟੀ ਕੇਸਰੀ ਲਕੀਰ ਨਾਲ ਦੋ ਦੋ ਕਾਲੀਆਂ ਅਤੇ ਕੇਸਰੀ ਬਰੀਕ ਲਕੀਰ। ਪੋਥੀ ਦੀ ਹਾਲਤ ਚੰਗੀ।
ਆਮ ਵੇਰਵਾ : ਪੋਥੀ ਦੀ ਪਹਿਲੀ ਰਚਨਾ ਅਧੂਰੀ ਹੈ ਪਹਿਲੇ ਕੁਝ ਪੱਤਰੇ ਨਹੀਂ ਹਨ ਰਚਨਾ ਦੇ ਸ਼ੁਰੂ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਲਿਖਾਈ ਸੁੰਦਰ ਅਤੇ ਹਾਸ਼ੀਏ ਵਿਚ ਕਿਧਰੇ ਕਿਧਰੇ ਲਿਖਤ ਹੈ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸਵੈਯਾ ॥ ਛੰਦ ॥ ਪਾਪ ਸੰਬਹੁ ਬਿਨਾਸਨ ਕਉ ਕਲਿਕੀ ਅਉਤਾਰ ਕਹਾਵਹਿਗੇ ॥ ਤੁਰਕਛ ਤੁਰੰਗ ਸਪਛ ਬਡੋ ਕਰ ਕਾਢ ਕ੍ਰਿਪਾਣ ਕਪਾਵਹਗੇ ॥ ਨਿਕਸੇ ਜਮ ਕੇ

ਹਰ ਪਰਬਤ ਤੇ ਤਸ ਸੋਭ ਦਿਵਾਲਯ ਪਾਵਹਿਗੇ ॥ ਭਲ ਭਾਗ ਭਜਾ ਇਹ ਸੰਭਾਲ ਕੇ ਹਰਿਜੂ ਹਰਿਮੰਦਿਰ ਆਵਹਿਗੇ ॥ ੧ ॥...

| | |
|---|---|
| ਅੰਤ | : ...ਭਲ ਭਾਗ ਭਜਾ ਇ ਸੁੰਭਲਕੇ ਹਰਿਜੂ ਹਰਿਮੰਦ੍ਰ ਆਵਹਿਗੇ ॥ ਬਾਜਤ ਡੰਕ ਅਤੰਗਸ ਮੈ ਰਣ ਰੰਗ ਤੁਰੰਗ ਨਚਾਵਹਿਗੇ ॥ ਕਸਿ ਭਾਨ ਗਦਾ ਬ੍ਰਛੀ ਕ੍ਰਸੂਲ ਤ੍ਰਿਸੂਲ ਭ੍ਰਮਾਵਹਿਗੇ ॥ ਗਣ ਦੇਵ ਅਦੇਵ ਪਿਸਾਚ ਪ੍ਰੀ ਰਣ ਦੇਖ ਸਬੈ ਤ੍ਰਸਾਵਹਿਗੇ ॥ ਭਲ ਭਗ ਭਯਾ ਇਹ ਸੰਭਲ ਕੇ ਹਰਿ ਜੂ ਹਰਿਮੰਦਰ ਆਵਹਿਗੇ ॥ ੧੯ ॥ ॥ ॥ |

| | |
|---|---|
| ਹੱਥ ਲਿਖਤ ਨੰ | : MS 327 ੲ |
| ਸਿਰਲੇਖ | : ਪ੍ਰੀਛਾ (ਜਪਿ ਸ੍ਰੀ ਭਗਵਾਨ ਜੀ ਕੀ ) |
| ਲੇਖਕ | : ਬਖਸੀਸ ਸਿੰਘ |
| ਸਥਾਨ | : ਕਸ਼ਮੀਰ |
| ਸਮਾਂ | : ਸੰਮਤ 1917 |
| ਪੱਤਰੇ | : 17 |
| ਅਕਾਰ | : 17 X 13 ਸ.ਮ. ਲਿਖਤ : 14 X 9 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਵਿਚ ਵਿਚ ਸਲੋਕ ਲਾਲ ਸਿਆਹੀ ਨਾਲ ਦਿਤੇ ਹੋਏ ਹਨ । ਪੋਥੀ ਦੀ ਹਾਲਤ ਠੀਕ ਠੀਕ ਹੈ। |
| ਆਰੰਭ | : ੧ਓ ਸਤਿਗੁਰ ਪ੍ਰਸਾਦਿ ॥ ਪ੍ਰੀਛਾ ਲਿਖੀ ਅਤੇ ਗੁਰ ਪ੍ਰਸਾਦਿ ਮਹਲਾ ੫ ॥ ਪਉੜੀ ॥ ਜੋ ਜਨ ਮਨ ਮਹਿ ਚਿਤਵਨੀ ਰਖਾਵੈ ॥ ਸੋ ਮਨ ਕਾ ਸਹਿਸਾ ਕਹਿ ਪ੍ਰਗਟਾਵੈ ॥ ਗੁਰ ਪ੍ਰਸਾਦਿ ਸਹਿਸਾ ਭਉ ਮਿਟੈ ॥ ਹੋਇ ਅਚਿੰਤ ਚਿੰਤਾ ਸਭ ਛੁਟੈ ॥ ਮਨ ਕੀ ਦੁਬਿਧਾ ਸਭ ਕਹਿ ਸੁਨਾਵੈ ॥ ਪ੍ਰਭ ਭਾਵੈ ਤਾ ਸਭ ਸੁਖ ਪਾਵੈ ॥ ਦੁਖ ਦਰਦ ਕਿਛੁ ਨੇੜਿ ਨ ਆਵੈ ॥ ਗੁਰ ਕਾ ਮੰਤ੍ਰ ਸਦਾ ਮਨਿ ਧਿਆਵੈ ॥ ਸਿਮਰੈ ਨਾਮ ਨਾਹੀ ਦੁਖ ਕੋਇ ॥ ਨਾਨਕ ਤਿਸੈ ਨ ਚਿਤਵਨੀ ਹੋਇ ॥ ੧ ॥... |
| ਅੰਤ | : ...ਸਲੋਕ ॥ ਪੂਰਾ ਪ੍ਰਭ ਅਰਾਧੀਐ ਪੂਰਾ ਜਾ ਕਾ ਨਾਉ ॥ ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ੧ ॥ ਤੇਰਾ ਕਾਰਜੁ ਪ੍ਰਭ ਜੀ ਆਪਿ ਪੂਰਾ ਕੀਤਾ ਹੈ ॥ ਏਹੁ ਕਾਰਜੁ ਕਿਆ ਤੇਰੇ ਸਭੇ ਕਾਰਜੁ ਸੰਪੂਰਨ ਭਏ ਹੈ ॥ ਮਨਿ ਚਿੰਦੇ ਮਨ ਭਾਵਦੇ ਫਲ ਪਾਵਹਿਗਾ ॥ ਅਰ ਦੀਨ ਦੁਨੀਆ ਮਹਿ ਸੁਰਖਰੂ ਹੋਵਹਿਗਾ ॥ ਤੇਰੇ ਉਪਰਿ ਪਰਮੇਸਰ ਸ੍ਰੀ ਭਗਵਾਨ ਜੀ ਕੀ ਕ੍ਰਿਪਾ ਭਈ ਹੈ ਤੂ ਆਪਨੇ ਮਨਿ ਮਹਿ ਕਈ ਚਿੰਤਾ ਚਿੰਤਵਣੀ ਨਾ ਕਰੁ ॥ ਜਪਿ ਸ੍ਰੀ ਭਗਵਾਨ ਜੀ ਕੀ ਸੰਪੂਰਨ ਹੋਈ ॥ ਕਾਰਜ ਸਫਲਾ ਹੋਇਗਾ ॥ ਗੁਰ ਪ੍ਰਸਾਦਿ ਵਾਹਗੁਰੂ ਜੀ ॥ ਸਤਿਗੁਰੂ ਜੀ ॥ ਧੰਨਿ ਗੁਰੂ ਜੀ ॥ ਅਕਾਲ ਪੁਰਖ ਜੀ ਕਾ ਸਮਪੂਰਨ ਹੋਈ ॥ ਸੁਭੰ ॥ ॥ ॥ ॥ |

| | |
|---|---|
| ਹੱਥ ਲਿਖਤ ਨੰ | : MS 327 ਸ |
| ਸਿਰਲੇਖ | : ਬਾਰਾ ਮਾਹਾ ਮਾਝ ਮਹਲਾ 5 |
| ਲੇਖਕ | : ਬਖਸੀਸ ਸਿੰਘ |
| ਸਥਾਨ | : ਕਸ਼ਮੀਰ |
| ਸਮਾਂ | : ਸੰਮਤ 1917 |
| ਪੱਤਰੇ | : 7 |
| ਅਕਾਰ | : 17 X 13 ਸ.ਮ. ਲਿਖਤ : 14 X 9 ਸ.ਮ. |
| ਵੇਰਵਾ | : ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-10 ਹਨ। |

| | |
|---|---|
| ਆਮ ਵੇਰਵਾ | : ਪੋਥੀ ਦੇ ਅਖੀਰਲੇ ਪੰਨੇ ਉਪਰ, ਕਾਨੀ ਬਦਲ ਕੇ ਪੋਥੀ ਲਿਖਣ ਦੇ ਸੰਮਤ ਬਾਰੇ, ਲਿਖਾਰੀ ਬਾਰੇ , ਸਥਾਨ ਬਾਰੇ ਇੰਵ ਲਿਖਿਆ ਹੋਇਆ ਹੈ ।<br>"ਸੰਮਤ 1917 ਮਗਰ ਦੀ ਪੋਥੀ 15 ਪੂਰੀ ਹੋਈ ਲਿਖੀ ਕਸ਼ਮੀਰ ਵਿਚੋਂ ਲਿਖਾਈ ਬਖਸੀਸ ਸਿੰਘ ਨੇ । ਇਹ ਸਭ ਕਾਲੀ ਕਾਨੀ ਨਾਲ, ਮੋਟੇ ਹਾਸ਼ੀਏ ਵਿਚ ਲਿਖਿਆ ਹੈ । |
| ਆਰੰਭ | : ਬਾਰਾ ਮਹਾ ਮਾਝ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਕਿਰਤ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥ ਚਾਰਿ ਕੁੰਟਿ ਦਹ ਦਿਸਿ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥ ਧੇਨੁ ਦੁਧੈ ਤੇ ਬਾਹਰੀ ਕਿਤ ਨ ਆਵੈ ਕਾਮ ॥ ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥ ਹਰਿ ਨਾਹ ਨ ਮਿਲੀਐ ਸਾਜਨੈ ਕਤ ਪਈਐ ਬਿਸ੍ਰਾਮ ॥ ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗ੍ਰ ਸੇ ਗ੍ਰਾਮ ॥… |
| ਅੰਤ | : …ਕੂੜ ਗਏ ਦੁਬਿਧਾ ਨਸੀ ਪੂਰਨ ਸਚੁ ਭਰੇ ॥ ਪਾਰਬ੍ਰਹਮ ਪ੍ਰਭ ਸੇਵਦੇ ਮਨ ਅੰਦਰਿ ਏਕ ਧਰੇ ॥ ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ ਨਾਨਕ ਮੰਗੈ ਦਰਸੁ ਦਾਨੁ ਕਿਰਪਾ ਕਰਹੁ ਹਰੇ ॥ ੧੪ ॥ ੧ |

| | |
|---|---|
| ਹੱਥ ਲਿਖਤ ਨੰ | : MS 328 ਸੰਗ੍ਰਹਿ |
| ਸਿਰਲੇਖ | : ਗੀਤਾ ਸਾਰਿ |
| ਪੱਤਰੇ | : 2-32 ਅ |
| ਅਕਾਰ | : 10 X 6.5 ਸ.ਮ. ਲਿਖਤ: 6X4 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਲਿਖਾਈ ਸੁੰਦਰ ਪਰ ਪੋਥੀ ਦੀ ਹਾਲਤ ਮਾੜੀ।ਸਤਰਾਂ ਪ੍ਰਤੀ ਪੰਨਾ-5 । |
| ਆਮ ਵੇਰਵਾ | : ਪੱਤਰਾ 9 ਅ ਉਪਰ 'ਪਵਨ ਅਰਾਧਨੇ ਕੀ ਬਿਧਿ' ਵੀ ਦਸੀ ਹੋਈ ਹੈ । ਰਚਨਾ ਦੇ ਸ਼ੁਰੂ ਵਿਚ ਕੁਝ ਪੱਤਰੇ ਉਖੜੇ ਹੋਏ ਹਨ। ਜਿਲਦ ਵੀ ਉਖੜੀ ਹੋਈ ਹੈ । |
| ਆਰੰਭ | : ….. ਸ੍ਰੀ ਭਗਵਾਨੋ ਵਾਚ ॥ ਹੇ ਅਰਜਨ ਤੁਝੇ ਬਹੁਤ ਭਲਾ ਪ੍ਰਸਨ ਕੀਆ ਹੈ ॥ ਉਅੰਕਾਰ ਬਿਸਥਾਰ ਕਰ ਕਹਤਾ ਹੌਂ ॥ ਤੂੰ ਸ੍ਰਵਣ ਕਰ ॥ ਏਹ ਗੀਤਾ ਸਾਰ ਹੈ ॥ ਬ੍ਰਹਮਾ ਬਿਸਨੁ ਮਹੇਸੁਰ ਇਹੁ ਇਸ ਕੇ ਰਖਿਆ ਕਰਨਹਾਰੇ ਹੈ ॥ ਅਗਨਿ ਵਾਉ ਸੁਰਜੁ ਇਹੁ ਇਸ ਕੇ ਦੇਵਤਾ ਹੈ ॥ ਗਾਇਤ੍ਰੀ ਸਾਵਤ੍ਰੀ ਤ੍ਰਿਸਟਤਾ ਇਹੁ ਤੀਨੋ ਛੰਦ ਹੈ ॥… |
| ਅੰਤ | : …ਇਤ ਸ੍ਰੀ ਭਗਵਤ ਗੀਤਾ ਸੂਪ ਨਿਖਤ੍ਰ ਸੋ ਬ੍ਰਹਮ ਵਿਦਿਆ ਜੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਪਰਮਹੰਸ ਸਹਤ ਗੀਤਾ ਸਾਰ ਸਮਾਪਤੰ ॥ ੧ ॥ ਸਾਰਿ ਗੀਤਾ ਸਤਿਗੁਰ ਪ੍ਰਸਾਦਿ ਪੂਰੀ ਹੋਈ ॥ ਲਿਖਤੇ ਸੁਨਤੇ ਕਮਾਵਤੇ ਪੁਨੀਤ ॥ ਸ੍ਰੀ ਰਾਂਮ ਸ੍ਰੀ ਰਾਂਮ ਸ੍ਰੀ ਰਾਂਮ ॥ |

| | |
|---|---|
| ਹੱਥ ਲਿਖਤ ਨੰ | : MS 328 ਅ |
| ਸਿਰਲੇਖ | : ਸ੍ਰੀ ਸਪਤ ਸਲੋਕੀ ਗੀਤਾ |
| ਪੱਤਰੇ | : 33-37 ੳ |
| ਅਕਾਰ | : 10 X 6.5 ਸ.ਮ. ਲਿਖਤ: 6 X 4 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਇਸ ਰਚਨਾ ਦੇ ਸ਼ੁਰੂ ਵਿਚ ਲਾਲ ਸਿਆਹੀ ਨਾਲ ਪੱਤਰਾ ਨੰ: 37 ਅੰਕਿਤ ਕੀਤਾ ਹੋਇਆ ਹੈ। ਬਾਕੀ ਦੇ ਪੱਤਰੇ ਕਾਲੀ ਸਿਆਹੀ ਨਾਲ ਲਿਖੇ ਹੋਏ ਹਨ, ਪੋਥੀ ਕਿਰਮ ਖੁਰਦਾ ਹੈ ਅਤੇ ਭਿੱਜੀ ਹੋਈ ਮਾਲੂਮ ਹੁੰਦੀ ਹੈ । ਸਮੇਂ ਸਥਾਨ ਅਤੇ ਲੇਖਕ ਬਾਰੇ ਕੋਈ ਵੇਰਵਾ ਨਹੀਂ ਹੈ । |

| | |
|---|---|
| ਆਰੰਭ | : ੧ਓੇ ਸ੍ਰੀ ਗਣੇਸਾਇ ਨਮ: ਉਅੰ ਅਥ ਸ੍ਰੀ ਸਪਤ ਸਲੋਕੀ ਗੀਤਾ ॥ ਮਾਲਾ ਮੰਤ੍ਰਸ੍ਰ ਸ੍ਰੀ ਭਗਵਾਨ ਵੇਦ ਵਿਆਸ ਰਿਖਾ: ॥ ਰਨੁਸਟਪ ਛੰਦ ॥ ਸ੍ਰੀ ਕ੍ਰਿਸਨ : ॥ ਪਰਮਾਤਮਾ ਦੇਵਤਾ: ॥ ਸ੍ਰੀ ਕ੍ਰਿਸਨ ਪ੍ਰੀਤਰਥੇ ਪਾਠੇ ਵਿਨਯੋਗ: ॥… |
| ਅੰਤ | : …ਯੋਮਾਂ ਗੀਤਾ ਸਮੂਹੇਨ ਸਤੋਤ੍ਰ ਮਿਛਤ ਪਾਂਡਵ ॥ ਤੇਨਹੰ ਸਪਤਿਭਿ: ॥ ਸਲੋਕੈ ਉਸਤਤਏ ਵਨ ਸੰਸਯਹ: ॥ ਇਤ ਸ੍ਰੀ ਸਪਤ ਸਲੋਕੀ ਗੀਤਾ ਸਮਾਪਤੰ ॥ ੧ ॥ ੨ ॥ |

| | |
|---|---|
| ਹੱਥ ਲਿਖਤ ਨੰ | : MS 328 ੲ |
| ਸਿਰਲੇਖ | : ਸੂਰਜ ਉਸਤਤਿ (ਸ੍ਰੀ ਅਸਮੇਧ ਬਿਖਿਆਨਾ) |
| ਲੇਖਕ | : ਟੈਹਕਨ (ਕਵਿ ਟਹਿਕਨ) |
| ਪੱਤਰੇ | : 37 ੳ-51 |
| ਅਕਾਰ | : 10 X 6.5 ਸ.ਮ. ਲਿਖਤ : 6 X 4ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਜਿਥੇ ਵੀ ਨਵੀਂ ਰਚਨਾ ਸ਼ੁਰੂ ਹੁੰਦੀ ਹੈ ਲਾਲ ਸਿਆਹੀ ਨਾਲ ਵਖਰੇਵਾਂ ਕੀਤਾ ਹੋਇਆ ਹੈ ਅਤੇ ਪੱਤਰਾ ਨੰਬਰ ਵੀ ਲਾਲ ਸਿਆਹੀ ਨਾਲ ਹੀ ਲਿਖਿਆ ਹੈ। |
| ਆਰੰਭ | : ੧ਓੇ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਇ ਨਮ: ॥ ਅਥ ਸੂਰਜ ਉਸਤਤਿ ॥ ॥ ਦੋਹਰਾ ॥ ਮੰਜਨ ਕਰਤਨ ਸੁਚ ਕੀਓ ਸੰਧਿਆ ਸਿਮਰਨ ਕੀਨ ॥ ਰਵ ਸਨਮੁਖ ਕਰ ਜੋਰ ਕੇ ਠਾਢੇ ਹ੍ਵੈ ਮਨ ਦੀਨ ॥… |
| ਅੰਤ | : …ਚੌਪਈ ॥ ॥ ਸੂਰਜ ਅੰਤਰਿ ਧਿਆਂਨ ਤਬ ਭਯੋ ਗੱਯੋ ਨਿਜ ਧਾਂਮ ॥ ਰਥ ਚਢ ਲਵ ਕੁਸ ਸਸਤ੍ਰ ਗਹਿ ਚਲੇ ਕਰਨ ਸੰਗ੍ਰਾਮ ॥ ੧੪ ॥ ਇਤਿ ਸ੍ਰੀ ਅਸਮੇਧ ਬਖਿਆਨ ॥ ਕਵ ਟੈਹਕਨ ਪੂਰਨ ਭਏ ਧਿਆਉ ਛਤੀਸਵੋ ਜਾਨ ॥ ੧ ॥ ੩ ॥ ॥ |

| | |
|---|---|
| ਹੱਥ ਲਿਖਤ ਨੰ | : MS 328 ਸ |
| ਸਿਰਲੇਖ | : ਉਪਦੇਸ ਕੀਆ ਗੋਪੀ ਚੰਦ ਕਉ |
| ਪੱਤਰੇ | : 51-281 ਅ |
| ਅਕਾਰ | : 10 X 6.5 ਸ.ਮ. ਲਿਖਤ : 6 X 4 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓੇ ਸਤਿਗੁਰ ਪ੍ਰਸਾਦਿ ॥ ਰਾਮਕਲੀ ॥ ਉਪਦੇਸ ਕੀਆ ਗੋਪੀ ਚੰਦ ਕਉ ॥ ॥ ਸਲੋਕ ॥ ॥ ਏਕ ਸਮੇ ਗੋਪੀ ਚੰਦੁ ਦੇਖਿਆ ਮਜਨੁ ਕਰਤਾ ਰਾਂਣੀ ॥ ਰਾਂਣੀ ਕੇ ਮਨ ਚਿੰਤਾ ਉਪਜੀ ਦੇਹੀ ਦੇਖਿ ਪਛੁਤਾਂਨੀ ॥ ੧ ॥… |
| ਅੰਤ | : …ਜੀਵਤੁ ਮਿਰਤਕੁ ਹੋਇ ਗਇਆ ਬਾਲਾ ਕਰਿ ਬਿਮਲ ਇਸਨਾਨ ॥ ਬਦੰਤ ਗੋਰਖ ਸੁਣਿ ਮੈਣਾਵੰਤੀ ਤੇਰਾ ਅਸਥਿਰੁ ਭਇਆ ਰਜਾਣੁ ॥ ੪ ॥ ੧ ॥ |

| | |
|---|---|
| ਹੱਥ ਲਿਖਤ ਨੰ | : MS 328 ਹ |
| ਸਿਰਲੇਖ | : ਮੰਤਰ ਰਾਮ ਜੀ ਕਾ |
| ਪੱਤਰੇ | : 282 ੳ - 285 |
| ਅਕਾਰ | : 10 X 6.5 ਸ.ਮ. ਲਿਖਤ : 6 X 4ਸ.ਮ. |
| ਵੇਰਵਾ | : ਓਹੀ |

| | |
|---|---|
| ਆਮ ਵੇਰਵਾ | : ਇਸ ਮੰਤਰ ਨੂੰ ਤਿੰਨ ਵਾਰ ਜਪਣ ਬਾਰੇ ਦਸਿਆ ਹੈ, ਜੋ ਵੱਖ ਵੱਖ ਵਿਧੀ ਨਾਲ ਸਬੰਧਤ ਹਨ। ਇਸ ਰਚਨਾ ਦੇ ਪੱਤਰੇ ਭਿੱਜੇ ਹੋਇ ਮਾਲੂਮ ਹੁੰਦੇ ਹਨ। |
| ਆਰੰਭ | : ੧ੳੱ ਸਤਿਗੁਰ ਪ੍ਰਸਾਦਿ ॥ ਰਾਂਮ ਜੀ ਕਾ ਮੰਤ੍ਰ ਰਾਂਮ ਰਖਿਆ ਲਿਖਯਤੇ ॥ ॥ ਆਦਿ ਸੁਖੁ ਅੰਤਿ ਸੁਖੁ ॥ ਹੈ ਭੀ ਸੁਖ ॥ ਹੋਸੀ ਭੀ ਸੁਖੁ ॥ ਧਨ ਧੋਰੀ ਗ੍ਰਹ ਮੰਡਲ ਸੁਖ ॥ ਨਿਸਿ ਬਾਸੁਰ ਹਰਿ ਸਾਂਤਿ ਸੁਖੁ ॥ ਜਾਗਤੇ ਸੋਵਤੇ ਆਵਤੇ ਚਲਤੇ ਪੋਹੇ ਨਹੀ ਕਲ ॥... |
| ਅੰਤ | : ...ਤੀਨ ਵਾਰ ਮੰਤ੍ਰ ਜਾਪੇ ਜੋ ਕੋਇ ॥ ਕਾਂਇਆ ਕੋ ਬਿਘਨੁ ਨ ਲਾਗੈ ਕੋਇ ॥ ਗੁਰ ਕੀ ਸਕਤਿ ਹਮਾਰੀ ਭਗਤਿ ਫੁਰਹੋ ਮੰਤ੍ਰ ਈਸਰ ਮਹਾਂਦੇਵ ਤੇਰੀ ਵਾਚਾ ਚਲੈ ॥ ॥ ਜਿਸੁ ਗੁਣ ਤੇ ਚਲਾਏ ਤਿਸ ਤੇ ਚਲੇ ॥ ੧ ॥ ਮੰਤ੍ਰ ਸਪੂਰਨਨੰ ॥ |

| | |
|---|---|
| ਹੱਥ ਲਿਖਤ ਨੰ | : MS 328 ਕ |
| ਸਿਰਲੇਖ | : ਹਿਕਮਤ |
| ਪੱਤਰੇ | : 285 ਅ - 288 |
| ਅਕਾਰ | : 10 X 6.5 ਸ.ਮ. ਲਿਖਤ : 6 X 4ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ੳੱ ਸਤਿਗੁਰ ਪ੍ਰਸਾਦਿ ॥ ਆਗੇ ਦਾਰੂ ਲਿਖੇ ॥ ॥ ਦਾਰੂ ਭਾਰ ਦੀ ਕਸ ਦਾ ॥ ਮਾਸੇ ਦਸ ਪੂਦਨਾ ॥ ਮਾਸੇ ਦਸ ਅਨਾਰਦਾਣਾ ॥ ਮਾਸੇ ਸਤ ਫੁਲ ਗੁਲਾਬ ਦੇ ॥ ਮਾਸੇ ਸਤਿ ਸਤ ਗਿਲੋਇ ॥ ਮਾਸੇ ਸਤ ਲਾਚੀਦਾਣਾ ॥ ਮਾਸੇ ਪੰਜ ਪਿਪਲੀ ॥ ਤ੍ਰੈ ਸਿਰਸਾਹੀ ਮਿਸਰੀ ਰਲਾਇ ਕੁਟੇ ਸਜਰੇ ਪਾਣੀ ਨਾਲ ਫਕੇ ਵਜੁਨੁ ਮਾਸੇ ਪੰਜ ॥... |
| ਅੰਤ | : ...ਦਾਰੂ ਅਖੀ ਦਾ ਠੰਢਾ ॥ ਪੈਸਾ ਭਰ ਚੰਬੇ ਕੇ ਫੂਲ ॥ ਪੈਸਾ ਭਰ ਸਰਦ ਚੀਨੀ ॥ ਪੈਸਾ ਭਰ ਸੋਰਾ ॥ ਪੈਸਾ ਸਿਕਾ ॥ ਪਹਲੋ ਸਿਕਾ ਮਹੀਨ ਕਰੇ ਫੇਰ ਅਕਠੇ ਦਾਰੂ ਪੀਸੇ ਮਹੀਨ ॥ ਅਖੀ ਸਲਾਈ ਭਰ ਪਾਵੇ ਸਵੇਰੇ ਅਖੀ ਚੰਗੀਆ ਹੋਨ ॥ ਦਾਰੂ ਚਲਤੀ ਧਾਂਤ ਕਾ ॥ ਸਿੰਬਲ ਕੀ ਜੜ ਕੀ ਛਿਲ ਸਿਆਹ ਮੂਸਲੀ ॥ ਖੰਡ ਸਿਰਸਾਹੀ ॥ ਦਾਰੂ ਰੋਜ ਫਕੇ ਸ..... |

| | |
|---|---|
| ਹੱਥ ਲਿਖਤ ਨੰ | : MS 329 |
| ਸਿਰਲੇਖ | : ਆਸਵ ਬਣਾਉਣੇ ਕੀ ਬਿਧਿ (ਸਾਲਿਹੋਤ੍ਰ) |
| ਲੇਖਕ | : ਕੇਸਵ ਦਾਸ ਪੁੱਤ੍ਰ ਨੈਨ ਸੁਖ |
| ਪੱਤਰੇ | : 1-238 |
| ਅਕਾਰ | : 16 X 10.5 ਸ.ਮ. ਲਿਖਤ: 11X8 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਪੋਥੀ ਦੀ ਹਾਲਤ ਠੀਕ ਠੀਕ। ਸਤਰਾਂ ਪ੍ਰਤੀ ਪੰਨਾ-8 ਹਨ। |
| ਆਮ ਵੇਰਵਾ | : ਪੋਥੀ ਕਿਰਮ ਖੁਰਦਾ, ਸਾਰੀ ਪੋਥੀ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਇਕ ਪੰਨੇ ਤੇ ਅਤੇ ਦੂਸਰੇ ਪੰਨੇ ਤੇ ਦੋ ਦੋ ਕਾਲੀਆਂ ਲਕੀਰਾਂ। ਲੇਖਕ ਬਾਰੇ ਪੱਤਰਾ ਨੰ: 60 ਉਪਰ ਇਉਂ ਲਿਖਿਆ ਹੋਇਆ ਹੈ।<br>ਇਤਿ ਸ੍ਰੀ ਪੰਡਤਿ ਕੇਸਵ ਦਾਸ ਪੁੱਤਰ ਨੈਨ ਸੁਖ ਬਿਰਚਤੇ ਬੈਦ ਅਨੁਤਸਵ ਅਰ ਸਭ ਗਦਰ ਗੁਲਾਮਾਂਮ ਬਾਤ ਕ੍ਰਿਮ ਸੂਲ ਪਤ੍ਰਿ ਖਈ ਰੋਗ ਨਾਮਾ ਤ੍ਰਿਤੀਆ ---<br>ਪੱਤਰਾ ਨੰ: 232 ਉਪਰ ਅਖੀਰ ਵਿਚ ਇੰਞ ਲਿਖਿਆ ਹੋਇਆ ਹੈ "ਸਾਲਿਹੋਤ੍ਰ ਸਮਾਪਤੰ।<br>ਸਭਮਸਤ - ਸਾਰੀ ਪੋਥੀ ਵਿਚ ਆਸਵ (ਘੋੜਿਆਂ) ਬਾਰੇ ਦੱਸਿਆ ਹੋਇਆ ਹੈ। |

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਆਸਵ ਬਣਾਵਣੇ ਕੀ ਬਿਧਿ ਲਿਖ਼ਤੇ ॥ ਪਹਿਲੇ ਔਖਧ ਨਵੇ ਪੁਰਾਣੇ ਦੇਖ ਲਏ ॥ ਤੇ ਓਨਾ ਦਾ ਰਸ ਦੇਖਿ ਲਏ ॥ ਫੇਰ ਜਿਨਾ ਵਿਚ ਸਤ ਹੋਇ ਸੋ ਲਏ ॥ ਤੇ ਭੁਗੀਆ ਨਿਸਤੀਆ ਨ ਲਏ ॥ ਏਹ ਗਲ ਮੈ ਆਸਵਾ ਤੇ ਰਿਸਟਾਂ ਦੇ ਭੇਦ ਦੇ ਵਾਸਤੇ ਕਹੀ ਹੈ ॥...

ਅੰਤ : ...ਜਿਸ ਘੋੜੇ ਨੂੰ ਹਡੇ ਮੁਤ੍ਰੇ ਹੋਨਿ ਤਿਸ ਕਾ ਇਲਾਜੁ ॥ ਛਾਹ ਸੇਰ ੨● ਗੋਕੀ ਨਿੰਮ ਸੇਰ ੫ ਜਵਾਇਣ ਸੇਰ ੪ ਗੁੜ ਸੇਰ ੫ ਭਾੜੰਗੀ ਸੇਰ ੨ ਏਕਤ੍ਰ ਕਰਿ ਕੈ ਕਾੜਾ ਕਰਨਾ ਯਾਨੇ ਪਾਣਾ ਮਾਸ ਸੇਰ ੨ ਦੇਣਾ ਮਾਤ੍ਰਾ ਬਰਾਬਰਿ ਕਰਣੀ ਤਾਜਾ ਹੋਇ ॥ ਜਿਸ ਘੋੜੇ ਨੁ ਬਾਇ ਹੋਵੈ ਤਿਸ ਕਾ ਇਲਾਜੁ ॥ ਤਮਾਲ ਪਤ੍ਰ ॥ ਪੁਹਕਰ ਮੂਲ ॥ ਲੋਧਰ ॥ ਅਪੁਠ ਕੰਡਾ ਪੰਚਾਂਗ ॥ ਦੁਧ ਗੋਕਾ ॥ ਏਕਤ੍ਰ ਕਰਿ ਕੈ ਘੋੜੇ ਨੁ ਦੇਇ ਬਾਇ ਜਾਇ ॥ ੮ ॥ ॥ ॥

ਹੱਥ ਲਿਖਤ ਨੰ : MS 330 ਸੰਗ੍ਰਹਿ
ਸਿਰਲੇਖ : ਗਿਆਨ ਸਰੋਦ ਮਹਲਾ ੧
ਲੇਖਕ : ਨਾਨਕ ਦਾਸ
ਪੱਤਰੇ : 1 ੳ – 51 ੳ
ਅਕਾਰ : 8.5 X 13.5 ਸ.ਮ. ਲਿਖਤ : 5.5 X 9.5 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ ਉਖੜੀ ਹੋਈ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ-6 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ-ਖੁਰਦਾ, ਕਿਨਾਰੇ ਭੁਰੇ ਹੋਣ ਕਾਰਣ ਪੱਤਰਾ ਅੰਕ ਪੜ੍ਹਨਯੋਗ ਨਹੀਂ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਰਾਮਕਲੀ ਗਿਆਨ ਸਰੋਦ ਮਹਲਾ ੧ ॥ ਪੁਰਸੋਤਮ ਪਰਮਾਤਮਾ ਪੂਰਨ ਬਿਸਵੇ ਬੀਸ ॥ ਆਦ ਪੁਰਖੁ ਅਬਚਲ ਤੁਹੀ ਤੋਹਿ ਨਿਵਾਓ ਸੀਸੁ ॥ ਛਰ ਅਛਰ ਸੋ ਕਹਤ ਹੋ ਅਛਰ ਸੋਹੰ ਜਾਨ ॥ ਨਹਿ ਅਛਰ ਸੁਆਸਾ ਰਹਤ ਤਾਹੀ ਕੋ ਮਨ ਆਨ ॥...
ਅੰਤ : ...ਬਾਲ ਅਵਸਥਾ ਮਹਿ ਬਹਾਰ ਮੈ ਕਉਨੈ ਲਾਗ ॥ ਗੁਰ ਮਿਲੈ ਜਗਦੀਸ ਨਾਉ ਨਾਨਕ ਕਰ ਥਾਪੋ ॥ ਜੋਗ ਜੁਗਤਿ ਹਰਿ ਭਗਤਿ ਕਰਿ ਬ੍ਰਹਮ ਗਿਆਨ ਦ੍ਰਿੜ ਕਰ ਗਹੋ ॥ ਆਤਮ ਤਤ ਬੀਚਾਰ ਕੈ ਅਜ ਪਾਸੇ ਮਨ ਸਮ ਰਹੋ ॥ ੧ ॥ ਇਤ ਸ੍ਰੀ ਗਿਆਨ ਸਰੋਦੈ ਮਾਲਾ ਮੰਤ੍ਰੈ ਨਾਨਕ ਦਾਸ ਕ੍ਰਿਤ ਗ੍ਰੰਥ ਸਪੂਰਨੰ ਸਮਾਪਤੰ ਪੜੰਤੇ ਸੁਣੰਤੇ ਬਿਚਾਰਤੇ ਮੋਖ ਮੁਕਤਿ ਲਹੰਤੇ ॥ ਸ੍ਰੀ ਗੁਰੂ ਜੀ ਕੇ ਚਰਨ ਪਾਦਕਾ ਨਮਸਤੰ ਨਮਸਤੇ ॥

ਹੱਥ ਲਿਖਤ ਨੰ : MS 330 ਅ
ਸਿਰਲੇਖ : ਬਾਣੀ ਮਹਲੇ ਨਾਵੇਂ ਕੀ
ਪੱਤਰੇ : 51 ੳ–114 ੳ
ਅਕਾਰ : 8.5 X 13.5 ਸ.ਮ. ਲਿਖਤ : 5.5 X 9.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਰਾਗ ਗਉੜੀ ਮਹਲਾ ੯ ॥ ਸਾਧੋ ਮਨ ਕਾ ਮਾਨ ਤਿਆਗਉ ॥ ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ ॥ ੧ ॥...
ਅੰਤ : ...ਰਾਮ ਨਾਮ ਉਰ ਮੋ ਗਹੋ ਜਾਕੇ ਸਮ ਨਹੀ ਕੋਇ ॥ ਜਿਹ ਸਿਮਰਤ ਸੰਕਟ ਮਿਟੇ ਦਰਸ ਤੁਹਾਰੋ ਹੋਇ ॥ ੧ ॥ ੫੬ ॥ ਬੰਧ ਸਖਾ ਸਭ ਤਜਿ ਗਏ ਦੀਓ ਨ ਕਾਹੁ [ਕੋਊ ਨ ਨਿਬਹਿਓ]

ਸਾਥ ॥ ਕਹੁ ਨਾਨਕ ਇਹ ਬਿਪਤ ਮੈ ਟੇਕ ਏਕ ਰਘੁਨਾਥ ॥ ੫੭ ॥ ਬਾਣੀ ਸੰਪੂਰਨ ਮਹਲੇ ਨਾਵੇ ਕੀ ॥

ਹੱਥ ਲਿਖਤ ਨੰ : MS 330 ੲ
ਸਿਰਲੇਖ : ਬਿਚਰਤੰ ਭਗਉਤੀ ਛੰਦ ਖਸਟਕੰ
ਲੇਖਕ : ਗੋਬਿੰਦ ਸਿੰਘ, ਗੁਰੂ
ਪੱਤਰੇ : 114 ੳ–138 ੳ
ਅਕਾਰ : 8.5 X 13.5 ਸ.ਮ. ਲਿਖਤ : 5.5 X 9.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸ੍ਰੀ ਵਾਹਗੁਰੂ ਜੀ ਕੀ ਫਤੇ ॥ ਸ੍ਰੀ ਭਗਉਤੀ ਜੀ ਸਹਾਇ ॥ ਤ੍ਵਪ੍ਰਸਾਦਿ ॥ ਛਕਾ ਪਾਤਿਸਾਹੀ ੧● ॥ ਨਮੋ ਉਗਰਦੰਤੀ ਅਨੰਤੀ ਸਵਈਯਾ ॥ ਨਮੋ ਜੋਗ ਜੋਗੇਸ੍ਵਰੀ ਜੋਗ ਮੈਯਾ ॥...
ਅੰਤ : ...ਇਤ ਬਿਧ ਦੁਰਗੇ ਕ੍ਰਿਪਾ ਧਾਰੀ ॥ ਤਿਹਿ ਆਪਨ ਦਾਸ ਕੋ ਲੀਓ ਓਬਾਰੀ ॥ ਇਤਿ ਸ੍ਰੀ ਗੋਬਿੰਦ ਸਿੰਘ ਬਿਚਰਤੰ ਭਗਉਤੀ ਛੰਦ ਖਸਟਕੰ ਸਮਾਪਤੰ ਸੁਭੰ ਮਸਤੁ ॥ ਅਫਜੂੰ ॥ ਸੰਪੂਰਨੰ ॥ ਵਾਹਗੁਰੂ ਜੀ ਕੀ ਫਤੇ ॥ ॥ ॥

ਹੱਥ ਲਿਖਤ ਨੰ : MS 330 ਸ
ਸਿਰਲੇਖ : ਭਗਵਤ ਗੀਤਾ
ਪੱਤਰੇ : 138 ਅ–160 ੳ
ਅਕਾਰ : 8.5 X 13.5 ਸ.ਮ. ਲਿਖਤ : 5.5 X 9.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ॥ ਆਗੈ ਧਿਆਉ ਗੀਤਾ ਕਾ ਚਲਿਆ ਅਸਟਵਾ ॥ ਸ੍ਰੀ ਕ੍ਰਿਸਨ ਭਗਵਾਂਨ ਕੇ ਬਚਨ ਸੁਣਿ ਕਰਿ ਅਰਜਨ ਪ੍ਰਸਨੁ ਕਰੈ ਹੈ ॥ ਅਰਜਨੋ ਵਾਚ ॥ ਹੇ ਪੁਰਖੋਤਮ ਜੀ ਤੁਮ ਕੋ ਜੋ ਤੁਮਾਰੇ ਭਗਤਿ ਬ੍ਰਹਮ ਜਾਣਤੇ ਹੈ ॥ ਸੋ ਬ੍ਰਹਮ ਕਿਆ ਕਹੀਐ ਹੈ ॥...
ਅੰਤ : ...ਜੋ ਸਰਧਾ ਸਹਿਤ ਰਿਦੈ ਅਵਧਾਰੁ ਕਰੈ ਅਰੁ ਮੇਰੇ ਰਿਦੇ ਬਿਖੇ ਪਰਮਾਨੰਦ ਅਬਿਨਾਸੀ ਪਦਿ ਬਿਖੈ ਜਾਇ ਪ੍ਰਾਪਤਿ ਹੋਇ ॥ ਇਤਿ ਸ੍ਰੀ ਭਗਵਤ ਗੀਤਾ ਸੂਪ ਨਿਖਤਸੁ ਬ੍ਰਹਮ ਬਿਦਿਆ ਜੋਗ ਸਾਸਤ੍ਰੇ ਸ੍ਰੀ ਕ੍ਰਿਸ੍ਨ ਅਰਜਨ ਸੰਬਾਦੇ ॥ ਅਖਰ ਨਿਦੇਸੋ ਨਾਮੁ ਅਸਟਮੋ ਧਿਆਯ: ॥ ੮ ॥ ਸ੍ਰੀ ਰਾਮ ਕ੍ਰਿਸ੍ਨਾਰਪਣੰ ਮਸਤੁ ॥ ॥

ਹੱਥ ਲਿਖਤ ਨੰ : MS 330 ਹ
ਸਿਰਲੇਖ : ਸਤੀ ਈਸਰ ਸੰਬਾਦ (ਪਦਮ ਪੁਰਾਣ)
ਪੱਤਰੇ : 160 ੳ–171 ੳ
ਅਕਾਰ : 8.5 X 13.5 ਸ.ਮ. ਲਿਖਤ : 5.5 X 9.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਆਗੇ ਅਠਵੇ ਧਿਆਉ ਕਾ ਮਹਾਤਮ ਚਲਿਆ ॥ ਅਬ ਇਸ ਅਠਵੇ ਧਿਆਇ ਕਾ ਮਹਾਤਮੁ ਸੁਣੁ ॥ ਸ੍ਰੀ ਨਾਰਾਇਣੋ ਵਾਚ ॥ ਹੇ ਲਛਮੀ ਦਖਣ ਦੇਸ ਕੇ ਕਨਾਰੇ ਇਕ ਨਰਬਦਾ ਨਦੀ ਹੈ ॥

| | |
|---|---|
| | ਤਿਸ ਨਦੀ ਕੇ ਪਰਮਾਨ ਇਕੁ ਨਗਰੁ ਥਾ ॥ ਤਹਾਂ ਏਕੁ ਸੁਧਰਮਾ ਨਾਮੁ ਬ੍ਰਹਮਣੁ ਰਹਿਦਾ ਥਾ ॥ ਦਰਬੁ ਉਸਕੇ ਬਹੁਤ ਥਾ ॥ ਪਰ ਉਸ ਕੀ ਸੰਤਤ ਕਛੁ ਨ ਥੀ ਹੋਤੀ ॥... |
| ਅੰਤ | : ...ਜਗੁ ਕਾ ਫਲੁ ਹੈ ॥ ਸਾਸਤ੍ਰ ਕਾ ਫਲੁ ਹੈ ॥ ਇਸ ਧਿਆਇ ਕੇ ਪੜੇ ਤੇ ਹੋਤਾ ਹੈ ॥ ਜੋ ਕੋਈ ਪੜੇ ਸੁਣੇ ਅਥਵਾ ਕੋਈ ਪਾਠੁ ਕਰੈ ਤਿਸ ਕਾ ਉਧਾਰੁ ਹੋਵੈ ॥ ਅਠਵਾ ਧਿਆਉ ਸੰਪੂਰਨ ਭਇਆ ॥ ੮ ॥ ਇਤਿ ਸ੍ਰੀ ਪਦਮ ਪੁਰਾਣੇ ਸਤੀ ਈਸਰ ਸੰਬਾਦੇ ਉਤਰ ਖੰਡੇ ਸ੍ਰੀ ਗੀਤਾ ਮਹਾਤਮਨੇ ਅਠਵਾ ਧਿਆਉ ਸੰਪੂਰਨੁ ਭਇਆ ॥ ੮ ॥ |

| | |
|---|---|
| ਹੱਥ ਲਿਖਤ ਨੰ | : MS 330 ਕ |
| ਸਿਰਲੇਖ | : ਚਾਣਕਾ ਸਾਸਤ੍ਰ ਭਾਖਾ |
| ਲੇਖਕ | : ਸੈਨਾਪਤੀ, ਕਵਿ |
| ਪੱਤਰੇ | : 171 ਅ - 218 ਅ |
| ਅਕਾਰ | : 8.5 X 13.5 ਸ.ਮ. ਲਿਖਤ : 5.5 X 9.5 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓ ॥ ਸਤਿਗੁਰ ਪ੍ਰਸਾਦਿ ॥ ਅਥ ਚਾਣਕਾ ਸਾਸਤ੍ਰ ਭਾਖਾ ਲਿਖਤੇ ॥ ਦੋਹਰਾ ॥ ਪ੍ਰਣਵਤ ਹੋ ਸ੍ਰੀ ਕ੍ਰਿਸਨ ਕੋ ਜੋ ਤ੍ਰਿਲੋਕ ਕੋ ਰਾਇ ॥ ਚਾਣਾਕੇ ਭਾਖਾ ਕਰੋ ਜੋ ਤੁਮ ਹੋਹਿ ਸਹਾਇ ॥ ੧ ॥ ਦੋਹਰਾ ॥ ਬਹੁ ਸਾਸਤ੍ਰ ਅਵਲੋਕ ਕੈ ਸੁੰਦਰ ਬਚਨ ਨਿਕਾਰ ॥ ਰਾਜਨੀਤ ਸੰਬ੍ਰਹ ਕੋ ਬਚਨਨ ਕਰੋ ਬਿਚਾਰਿ ॥ ੨ ॥... |
| ਅੰਤ | : ...ਦੋਹਰਾ ॥ ਗੁਰ ਗੋਬਿੰਦ ਕੀ ਸਭ ਮੈ ਲੇਖਕ ਪਰਮ ਸੁਜਾਣ ॥ ਚਾਣਾਕੇ ਭਾਖਾ ਕੀਏ ਕਵਿ ਸੈਨਾਪਤਿ ਨਾਮ ॥ ੧੧ ॥ ਇਤਿ ਸ੍ਰੀ ਬ੍ਰਿਧ ਚਾਣਾਕੇ ਭਾਖਾ ਖੋੜਸ ਧਿਆਇ ਸਮਾਪਤੰ ਸੁਭੰ ਮਸਤੁ ॥ ੧੬ ॥ |

| | |
|---|---|
| ਹੱਥ ਲਿਖਤ ਨੰ | : MS 330 ਖ |
| ਸਿਰਲੇਖ | : ਦੁਆਦਸ ਸਕੰਧ ਗੁਰ ਬਨਸਾਵਲੀ |
| ਪੱਤਰੇ | : 219 ੳ-239 ੳ |
| ਅਕਾਰ | : 8.5 X 13.5 ਸ.ਮ. ਲਿਖਤ : 5.5 X 9.5 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓ ॥ ਸਤਿਗੁਰ ਪ੍ਰਸਾਦਿ ॥ ਅਥ ਦੁਵਾਦਸਇ ਸਕੰਧੇ ਗੁਰਵੰਸਾਵਲੀ ਲਿਖਤੇ ਚਤਰੁ ਦਸ ਗੁਰੰਡ ਨਾਮੇ ਬਰਨਨੰ ॥ ਸ੍ਰੀ ਮੁਖ ਵਾਕ ਪਾਤਸਾਹੀ ੧● ॥ ਭੋਗਲ ਪੁਰਾਨ ਦਵਾਦਸਇ ਸਕੰਧੇ ॥ ਸੁਕ ਰਾਜਾ ਪ੍ਰੀਛਤ ਸੰਬਾਦੇ ॥ ਇਤਿ ਸ੍ਰੀ ਗੁਰੰਡ ਨਾਮੈ ਕਲਜੁਗ ਰੇ ॥... |
| ਅੰਤ | : ...ਜਾਮਾ ਤ੍ਰੈ ਦਸ ਮਹੀਅਰ ਪਾਇਆ ਸੁਕ ਵੰਸਾਦਿ ਭੋਗ ਮੈ ਗਾਇਆ ॥ ਭਾਗਵਤ ਧਰਮ ਮਹਾ ਪੁਨੀਤਾ ॥ ਗਾਇਓ ਕਵੀ ਸਾਮਯਾ ਗੀਤਾ ॥ ਇਤ ਦੁਆਦਸ ॥ ਇਤ ਦੁਆਦਸ ਗੁਰੰਡ ਅਵਨੀਅਯ ਪਤਿ ਪ੍ਰਕਾਰ ਬਿਚਰਤੰ ॥ ਭਾਗਵਤ ਦੁਆਦਸ ਇਸਕੰਧ ਭੋਗਲ ਧਿਆਉ ॥ ਸੁਕ ਪ੍ਰੀਛਤ ਪ੍ਰਤਿ ਚਤੁਰ ਦਸ ਗੁਰੰਡ ਮਹਿਮਾ ਵਰਨਨੰ ॥ |

| | |
|---|---|
| ਹੱਥ ਲਿਖਤ ਨੰ | : MS 330 ਗ |
| ਸਿਰਲੇਖ | : ਬਾਣੀ |

ਲੇਖਕ : ਗੁਰੂ ਗੋਬਿੰਦ ਸਿੰਘ
ਪੱਤਰੇ : 239 ਅ-269 ੳ
ਅਕਾਰ : 8.5 X 13.5 ਸ.ਮ. ਲਿਖਤ : 5.5 X 9.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਅੰਤ ਤੇ 6 ਪੱਤਰੇ ਬਿਨਾਂ ਅੰਕ ਨੰ: ਦੇ ਹਨ ਜਿਨ੍ਹਾਂ ਤੇ ਹੋਰ ਕਲਮ ਨਾਲ ਜੰਤ੍ਰ ਮੰਤ੍ਰ ਦਿੱਤੇ ਹਨ ।
ਆਰੰਭ : ੧ੴ ਸ੍ਰੀ ਵਾਹ ਗੁਰੂ ਜੀ ਕੀ ਫਤੇ ॥ ਸ੍ਰੀ ਭਗਉਤੀ ਜੀ ਸਹਾਇ ॥ ਸ੍ਰੀ ਮੁਖਵਾਕ ਪਾਤਸਾਹੀ ੧● ॥ ਸ੍ਵੈਯੇ ॥ ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕੁ ਨ ਆਨੈ॥ ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜੀ ਮਨ ਭੂਲ ਨ ਮਾਨੈ ॥ ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹਿ ਨੈ ਕੁ ਪਛਾਨੈ ॥...
ਅੰਤ : ...ਦਾਦਰ ਮੀਨ ਸਦਾ ਤੀਰਥ ਮੋ ਕਰਯੋ ਕਰਤ ਇਸਨਾਨਾ ॥ ਧਿਜਾਨ ਬਿੜਾਲ ਬਕੀ ਬਕਲਾਵਤ ਤਿਨ ਕੀਆ ਜੋਗ ਪਛਾਨਾ ॥ ੨ ॥ ਜੈਸੇ ਕਸਟ ਠਗਨ ਕੋ ਠਾਗਤ ਐਸੇ ਹਰਿ ਹਿਤੁ ਕੀਜੈ ॥ ਤਬ ਹੀ ਮਹਾਗਾਨ ਕੋ ਜਾਨੈ ਪਰਮ ਪਿਯੂਖਹਿ ਪੀਜੈ ॥ ੩ ॥ ੧੧ ॥ ਅਫਜੂੰ ॥ ਵਾਹਗੁਰੂ ਜੀ ਕੀ ਫਤੇ ॥ ਭੁਲ ਚੁਕ ਅਖਰ ਸੋਧ ਪੜਨਾ॥

ਹੱਥ ਲਿਖਤ ਨੰ : MS 331
ਸਿਰਲੇਖ : ਵੈਦਗੀ ਅਤੇ ਨਾੜੀ ਪ੍ਰੀਛਾ (ਵੈਦਕ - ਹਿਕਮਤ)
ਪੱਤਰੇ : 1-63
ਅਕਾਰ : 10 X 10 ਸ.ਮ. ਲਿਖਤ: 8X 8 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਲਿਖਾਈ ਸੁੰਦਰ। ਸਤਰਾਂ ਪ੍ਰਤੀ ਪੰਨਾ-9 ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ, ਪੋਥੀ ਦੇ ਸ਼ੁਰੂ ਵਿਚ ਵੱਖ ਵੱਖ ਰੋਗਾਂ ਬਾਰੇ ਦਸਕੇ ਦੋ ਪੱਤਰਿਆਂ ਤੇ ਅੰਕ ਨੰ: 9 ਦਿੱਤਾ ਹੋਇਆ ਹੈ ਅਤੇ ਅਖੀਰ 63 ਪੱਤਰੇ ਤੱਕ ਨੰਬਰ ਦਿਤੇ ਹੋਏ ਹਨ ਪਰ ਹਿਕਮਤ ਬਾਰੇ ਉਸ ਤੋਂ ਬਾਅਦ ਵੀ ਲਿਖਿਆ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਅਖੀਰਲੇ ਪੱਤਰਿਆਂ ਤੇ ਕਾਨੀ ਬਦਲੀ ਹੋਈ ਹੈ ਅਤੇ ਪੱਤਰੇ ਉਖੜੇ ਹੋਏ ਹਨ । ਹਾਸ਼ੀਏ ਵਿਚ ਲਿਖਤ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਤੋਂ ਸ਼੍ਰੀ ਗਣੇਸ਼ਾਯ ਨਮ: ਅਥ ਵੈਦੰਗੀ ਲਿਖਜਤੇ ॥ ਨਾੜੀ ਪ੍ਰੀਛਾ ਲਿਖਜਤੇ॥ : ਜੇ ਪਹਲੀ ਅੰਗਲ ਪਰ ਬੋਲੇ ਤਾ ਪਿਤ ਹੋਇ ਵਿਚਲੀ ਅੰਗਲ ਪਰ ਕਫੀ ਤੀਸਰੀ ਪਰ ਬਾਇ ॥...
ਅੰਤ : ...ਆਡੇ ੨ ਕਚਾ ਦੁਧ ਖਾਵੇ ਤਾ ਜਾਵੇ ਇਸਤ੍ਰੀ ਪਾਸ ਜਾਵੇ ॥ ਦੁਧੁ ਪਕਾ ਪਾ ਆਡੇ ੨ ਚਟਣੀ ਦਾਲਚੀ ਮਾਸਾ ੧ ॥ ਮਘਾ ਮਾਸੇ ੩ ਲਾਚੀ ਬੜੀ ਮਾਸੇ ੬ ਤਵਾਸੀਰ ਤੋਲਾ ੧ ਬਦਾਂਮ - ਰੋਗਨ ਤੋਲੇ ੪ ਸੰਹਤੁ ਤੋਲੇ ੧● ਮਿਸਰੀ ਤੋਲੇ ੪ ਖੁਰਾਕ ਮਾਸਾ ੧ ॥ ਡੇਡ ੧ ॥

ਹੱਥ ਲਿਖਤ ਨੰ : MS 332
ਸਿਰਲੇਖ : ਹਿਕਮਤ
ਪੱਤਰੇ : ਵੱਖ ਵੱਖ ਦਿਤੇ ਹੋਏ ਹਨ।
ਅਕਾਰ : 15 X 13 ਸ.ਮ. ਲਿਖਤ : 10 X 9 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ, ਹਾਸ਼ੀਏ ਇਕ ਪੱਤਰੇ ਉਪਰ ਦੋ ਦੋ ਕਾਲੀਆਂ ਲਕੀਰਾਂ ਬਾਕੀ ਪੋਥੀ ਹਾਸ਼ੀਏ ਤੋਂ ਬਗੈਰ, ਪੋਥੀ ਦਾ ਹਾਲ ਠੀਕ ਠੀਕ ।

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਇਕ ਪੱਤਰੇ ਤੇ ਲੇਖਾ ਜੋਖਾ ਦਿੱਤਾ ਹੋਇਆ ਹੈ ਅਤੇ ਸੰਮਤ ਅਠਵੰਜਾ ਲਿਖਿਆ ਹੋਇਆ ਹੈ । ਅਗਲੇ ਪੰਨਿਆਂ ਤੇ ਨੁਸਖੇ ਲਿਖੇ ਹੋਏ ਹਨ ਅਤੇ ਪੱਤਰਾ ਨੰਬਰ ਵੱਖ ਵੱਖ ਦਿਤੇ ਹੋਏ ਹਨ। ਕਾਨੀ ਵੀ ਬਦਲੀ ਹੋਈ ਹੈ, ਹਾਸ਼ੀਏ ਵਿਚ ਵੀ ਸ਼ੁਧਤਾ ਕੀਤੀ ਹੋਈ ਮਿਲਦੀ ਹੈ । ਇੰਝ ਮਾਲੂਮ ਹੁੰਦਾ ਹੈ ਕਿ ਕਈ ਪੱਤਰੇ ਹੋਰ ਪੋਥੀਆਂ ਤੋਂ ਲਏ ਹਨ ਅਤੇ ਇਸ ਵਿਚ ਜੋੜ ਦਿਤੇ ਹਨ। ਇਕ ਦੋ ਪੱਤਰਿਆਂ ਦੇ ਸਾਈਜ਼ ਵਿਚ ਵੀ ਫਰਕ ਹੈ । ਲਿਖਤ ਪੜਨ ਯੋਗ ਹੈ । ਜਿਥੇ ਧੱਬੇ ਪਏ ਹਨ ਲਿਖਾਈ ਸਾਫ ਨਹੀਂ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸਿਵੋ ਵਾਚ ॥ ਸਿਵ ਜੀ ਪਾਰਬਤੀ ਨੂ ਉਲੂ ਦੀ ਜੁਗਤ ਕਰਤੇ ਹੈ ॥ ਹੇ ਪਾਰਬਤੀ ॥ ਉਲੂ ਜੋ ਪੰਖੀ ਤੈ ਪੰਖੀਆ ਵਿਖੇ ਪ੍ਰਸਿਧ ॥ ਤਿਸ ਦਾ ਕਰਮ ਸੁਣ ॥...

ਅੰਤ : ...ਮਲਮ ਦਾਣਿਯਾ ਦੀ ਲਿਖੀ ਕਥ ੧ ਤੋਲਾ ਨੀਲਾ ਥੋਥਾ ੧ ਤੋਲਾ ਤਵਾਸੀਰ ੧ ਤੋਲਾ ਨਿਕੀਯਾ ਲਾਚੀਯਾ ੧ ਤੋਲਾ ਗੰਧਕ ਆਵਲੇ ਸਾਰ ੧ ਤੋਲਾ ਸਬ ਚੀਜਾਂ ਕੁਟ ਕਪੜ ਛਾਣ ਕਰਨੀਯਾ ਜੀ ॥ ਮਖਣ ੧●੧ ਇਕ ਪਾਣੀ ਵਿਚ ਧੋ ਕੇ ਸਬ ਕੁਟੀਯਾਂ ਚੀਜਾਂ ਮਿਲਾ ਕੇ ਮਲ ਕਰ ਲੈਣੀ ਦਾਣਿਯਾ ਉਤੇ ਮਲਮ ਲਾਵਣੀ ਦਾਣੇ ਹਟਣ ।

ਹੱਥ ਲਿਖਤ ਨੰ : MS 333
ਸਿਰਲੇਖ : ਦੰਪਤਿ ਬਿਲਾਸ
ਲੇਖਕ : ਸਸਿਜ ਮ੍ਰਿਗਿੰਦ
ਸਮਾਂ : ਸੰਮਤ 1860
ਪੱਤਰੇ : 29-293 ਅ
ਅਕਾਰ : 14 X 9 ਸ.ਮ. ਲਿਖਤ : 8 X 6ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 7 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਠੀਕ , ਲਿਖਾਈ ਸੁੰਦਰ, ਪੋਥੀ 29 ਪੱਤਰੇ ਤੋਂ ਸ਼ੁਰੂ ਹੁੰਦੀ ਹੈ ਉਪਰ ਕਾਗਜ਼ ਦੀਆਂ ਚੇਪੀਆਂ ਲਗਾਈਆ ਹੋਈਆਂ ਹਨ। ਪੱਤਰੇ ਨੰ: ਠੀਕ ਤਰਾਂ ਪੜ੍ਹੇ ਨਹੀਂ ਜਾਂਦੇ।

ਆਰੰਭ : .....ਰਹਾਉ ॥ ਲੰਪਟ ਚੋਰ ਦੂਤ ਮਹਵਾਰੇ ਤਿਨ ਸੰਗਿ ਸਦਾ ਬਸੇਰਾ ॥ ੨ ॥ ਕਾਮ ਕ੍ਰੋਧ ਮਾਇਆ ਮਦ ਮਤ ਏ ਸੰਪੈ ਮੋ ਮਾਹੀ ॥ ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥ ੪ ॥...

ਅੰਤ : ...ਹਰੈ ਰੋਗ ਬ੍ਰਿੰਦੋ ਦਯਾ ਹਰਿ ਗੁਬਿੰਦ ॥ ਕਹਾ ਕ੍ਰਿਤ ਕਵਿ ਬਰ ਸਭੋ ਉਰਗ ਛੰਦ ॥ ੪੮੪ ॥ ਸੰਬਤ ਸੁਨੋ ਸੁਨੰ ਰਾਗੇਸੁ ਨਾਗ ॥ ਰਦਨ ਰੁੱਦ੍ਰ ਨੰਦਨ ਲਖੋ ਚਿਤ ਸੁਭਾਗ ॥ ੪੮੫ ॥ ਤਟੇ ਸੋਮ ਸਰਵਰ ਰਚਜੋ ਦੇਖਿ ਗ੍ਰੰਥ ॥ ਪਢੈ ਯਾਹ ਕੇ ਬੂਝਿ ਹੈ ਬੈਦਜ ਪੰਥ ॥ ੪੮੬ ॥ ਦਯਾ ਸਿੰਧ ਸ੍ਰੀ ਗੁਰ ਗੁਬਿੰਦ ਸਿੰਘ ਦੇਵ ॥ ਜਪੈ ਜਾਪ ਹਰਿ ਹਰਿ ਸਿਮਰ ਸੁੱਧ ਸੇਵ ॥ ੪੮੭ ॥ ਇਤਿ ਸ੍ਰੀ ਦੰਪਤਿ ਬਿਲਾਸ ਕ੍ਰਿਤ ਕਵਿ ਸਸਿਜ ਮ੍ਰਿਗਿਦ ਬਿਰਚਿਤੇ ਦੰਪਤਿ ਚਿਕਿਤਸਾ ਨਾਮ ਸਪਤਮੋ ਹੁਲਾਸ ॥ ਸੁਭ ਮਸਤੁ ॥

ਹੱਥ ਲਿਖਤ ਨੰ : MS 334
ਸਿਰਲੇਖ : ਮੇਘ ਮਾਲਾ
ਲੇਖਕ : ਮੇਘ ਰਾਜ, ਮੁਨਿ
ਪੱਤਰੇ : 1-91
ਅਕਾਰ : 13.5 X 17ਸ.ਮ. ਲਿਖਤ : 8 X 12 ਸ.ਮ.

| | |
|---|---|
| ਵੇਰਵਾ | : ਜਿਲਦ ਗੱਤਾ ਕਪੜਾ, ਹਾਸ਼ੀਆ ਦੋਵੇਂ ਪਾਸੀਂ ਦੋ ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ, ਹਾਲਤ ਚੰਗੀ। ਸਤਰਾਂ ਪ੍ਰਤੀ ਪੰਨਾ 12 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਠੀਕ , ਪੱਤਰਾ ਨੰ: 91 ਉਪਰ " ਮੇਘ ਮਾਲਾ ਸੰਮਾਪਤੰ " ਦੇ ਨਾਲ ਹੀ ਇਵੇ ਲਿਖਿਆ ਹੈ "ਕਾਤਿਕ ਸੁਦਿ ਕੀ ਪੂੰਨਮੇ ਕੁਜ ਰਵਿ ਭ੍ਰਿਗੁ ਗੈਰਾਹੁ ਮਿਲਤ ਚੰਦ ਤਿਸ ਰਾਸ ਮੈ ਚਲਾ ਚਲੀ ਜਗ ਮਾਹਿ"<br>ਪੱਤਰਾ ਨੰਬਰ 91 ਅ ਉਪਰ ਸੰਬਤ ਬਾਰੇ ਵੇਰਵਾ ਦਿਤਾ ਹੋਇਆ ਹੈ ਜੋ ਅਸਪੱਸ਼ਟ ਹੈ ।<br>"ਸੰਮਤ ਬਿੱਕ੍ਰਮ ਤਿ ਗੁਨ ਕਰ ਪਾਂਚ ਉਰਧ ਤੇ ਪਾਇ ॥ ਸਾਤ ਸਾਤ ਕਾ ਭਾਗ ਦੈ ਫਲ ਲਖਿਯੇ ਅਧਿ ਕਾਇ" 91 ਅ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ ਅਤੇ ਅਗਲੇ ਪੱਤਰੇ ਤੇ, ਨੰਬਰ ਤੋਂ ਬਗੈਰ ਗ੍ਰਹਿਾਂ ਬਾਰੇ ਲਿਖਿਆ ਹੋਇਆ ਹੈ ।<br>ਲਿਖਾਈ ਸੁੰਦਰ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਓਅੰ ਸ੍ਰੀ ਗਣੇਸਾਯ ਨਮ: ॥ ਅਥ ਮੇਘ ਮਾਲਾ ਲਿਖਜਤੇ ॥ਦੋਹਰਾ॥ ਪਰਮ ਪੁਰਖ ਘਟ ਘਟ ਰਮਜੋ ਜੋਤ ਰੂਪ ਭਗਵਾਨ ॥ ਸਕਲ ਸਿਧ ਸੁਖ ਦੈਨ ਪ੍ਰਭੁ ਨਮਤਿ ਮੇਘ ਧਰਿ ਧਜਾਨ ॥ ੧ ॥… |
| ਅੰਤ | : …ਕਰਕ ਗ੍ਰਹਨ ਬਰਖਾ ਬਡੀ ਗਰਭ ਨਾਸ ਫਲ ਚੂਰ ॥ ਸਿੰਘ ਗ੍ਰਹਨ ਬਿਜਾਕੁਲ ਧਰਤ ਮੇਘ ਕਪਾਸ ਸੁਦੂਰ ॥ ੫ ॥ ਕੁਆਰ ਗ੍ਰਹਨ ਸੁਖ ਰਾਜ ਜਗ ਸਰਬ ਬਸਤੁ ਤਬ ਲੇਇ ॥ ਲਾਭ ਬਪਾਰੀ ਕੌ ਬਡਾ ਭਨਤ ਮੇਘ ਰਿਖ ਯੇਹਿ ॥ ੬ ॥ |

| | |
|---|---|
| ਹੱਥ ਲਿਖਤ ਨੰ | : MS 335 |
| ਸਿਰਲੇਖ | : ਗੁਨ ਸਾਗਰ ਬਚਿਤ੍ਰ (ਕੋਕ ਗ੍ਰਿੰਥ) |
| ਲੇਖਕ | : ਹਰ |
| ਲਿਖਾਰੀ | : ਸੁਬਾ ਸਿੰਘ |
| ਸਮਾਂ | : ਸੰਮਤ 1871 |
| ਪੱਤਰੇ | : 1-7 |
| ਅਕਾਰ | : 10X 7 ਸ.ਮ. ਲਿਖਤ : 7 X 6ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਹਾਸ਼ੀਆਂ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ , ਸਤਰਾਂ ਪ੍ਰਤੀ ਪੰਨਾ 6-7 ਹਨ। |
| ਆਮ ਵੇਰਵਾ | : ਪੋਥੀ ਕਿਰਮ ਖੁਰਦਾ, ਲਿਖਾਈ ਸੁੰਦਰ ਪੜ੍ਹਨ ਯੋਗ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਕਾਨੀ ਵੀ ਬਦਲੀ ਹੋਈ ਹੈ । ਪੋਥੀ ਦੇ ਸ਼ੁਰੂ ਵਿਚ ਚਾਰ ਪੱਤਰੇ ਅਤੇ ਅਖੀਰ ਵਿਚ ਸੱਤ (7) ਪੱਤਰੇ ਖਾਲੀ । ਪੋਥੀ ਕਿਧਰੇ ਕਿਧਰੇ ਪਾਣੀ 'ਚ ਭਿੱਜੀ ਮਾਲੂਮ ਹੁੰਦੀ ਹੈ । |
| ਆਰੰਭ | : ੧ੴ ਸ੍ਰੀ ਗਣੇਸਾਯ ਨਮਾ: ਅਥ ਗੁਨ ਸਾਗਰ ਬਚਿਤ੍ਰ ਲਿਖਜਤੇ ॥ ਦੋਹਰਾ ॥ ਅਲਖ ਅਮੂਰਤ ਪਰਮ ਗੁਰ ਆਦਿ ਅੰਤ ਬਿਸਤਾਰ ॥ ਜੀਅ ਜੰਤ ਜਲ ਥਲ ਸਕਲ ਕਰੈ ਜਗਤ ਨਿਸਤਾਰ ॥ ੧ ॥ ਏਕ ਰੂਪ ਬਹੁ ਰੂਪ ਰਚਿ ਰੂਪਹਿ ਰੂਪ ਅਪਾਰ ॥ ਜਲ ਥਲ ਮਹਿ ਮੰਡਲ ਸਕਲ ਪ੍ਰਗਟ ਜੋਤਿ ਅਵਿਧਾਰ ॥ ੨ ॥… |
| ਅੰਤ | : …ਇਤ ਬਚਿਤ੍ਰ ਗੁਨ ਸਾਗਰ ਕ੍ਰਿਤ ਹਰ ਸਮਾਪਤੰ ॥ ੧ ॥ = ॥ = ॥ ਦੋ ॥ ॥ ਰਤ ਕੋ ਪਾਵੈ ਭੇਦ ਵਹੁ ਜੋ ਨਰਿ ਪੜੈ ਬਿਚਾਰ ॥ ਭੋਗ ਅਨਕ ਯਹਿ ਮਹਿ ਲਿਖੇ ਜੀਤੈ ਸੁੰਦਰ ਨਾਰਿ ॥ ੧ ॥ ਦੋ ॥ ਠਾਰਾ ਸੈ ਇਕਤਰਾ ਸੰਮਤ ਬਿਕ੍ਰਮ ਜੋਇ ॥ ਕੋਕ ਗ੍ਰਿੰਥ ਪੂਰਨ ਭਯੋ ਸੁਨਿਅਹੁ ਮੁਨਿ ਜਨ ਸੋਇ ॥ ੨ ॥ ਦੋ ॥ ਕੁਜ ਦਿਨ ਪੜ ਵਾ ਥਿਤ ਹੈ ਕ੍ਰਿਸ੍ਨ ਪਖ ਤੁਮ ਜਾਨ ॥ ਸੁਬਾ ਸਿੰਘ ਪੋਥੀ ਲਿਖੀ ਜਾਨਹੁ ਚਤਰੁ ਸੁਜਾਨ ॥ = ॥ = ॥ |

ਹੱਥ ਲਿਖਤ ਨੰ : MS 336 ਸੰਗ੍ਰਹਿ
ਸਿਰਲੇਖ : ਸਾਰੰਗਧਰ (ਅਧੂਰੀ)
ਲੇਖਕ : ਸੀਤਾ ਰਾਮ
ਪੱਤਰੇ : 5-303
ਸਮਾਂ : 1736
ਅਕਾਰ : 15 X 10 ਸ.ਮ. ਲਿਖਤ : 11 X 7 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਕਪੜਾ। ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਇਕ ਕਾਲੀ ਲਕੀਰ ।ਸਤਰਾਂ ਪ੍ਰਤੀ ਪੰਨਾ-7 ।
ਆਮ ਵੇਰਵਾ : ਪੋਥੀ 5 ਪੱਤਰੇ ਤੋਂ ਆਰੰਭ ਹੁੰਦੀ ਹੈ । ਪੱਤਰਾ 302 ਅ ਅਤੇ 303 ਤੇ ਹੋਰ ਕਾਨੀ ਨਾਲ ਬੰਧੇਜਦ ਦੇ ਨੁਸਖੇ ਦਿੱਤੇ ਹਨ ।
ਆਰੰਭ : .....ਮਾਲਿ ॥ ੫ ॥ ਦੋਹਰਾ ॥ ਸਤਰਾ ਸੈ ਛਤੀਸ ਵੈਸੰਕੇ ਬਿਕ੍ਰਮ ਰਾਇ ॥ ਸੁਖ ਨਿਧਾਨ ਪੋਥੀ ਕਥੋ ਸੁਨੀਐ ਹਿਤੁ ਚਿਤੁ ਲਾਇ ॥ ੬ ॥ ਦੋਹਰਾ ॥ ਭੂਪਤਿ ਨਰਪਤਿ ਇੰਦੁਪਤਿ ਦਿਲੀਪਤਿ ਸੁਲਤਾਨ ॥ ਆਲਮਗੀਰ ਸਦਾ ਜੀਉ ਜਾਤੇ ਸੁਖੀ ਜਹਾਨ ॥ ੭ ॥...
ਅੰਤ : ...॥ ਹੋਰੁ ॥ ਆਯੁਰਬੇਦ ਸਮੁਦ੍ਰ ਹੈ ਗੁਰੂ ਅਰਥੁ ਹੈਨਿ ਸੋ ਰਤਨ ਹੈਨਿ ਜੋ ਭਲੇ ਪੰਡਿਤ ਅਰੁ ਬੈਦ ਹੈਨਿ ਤਿਨਾ ਬੀਚਾਰਿ ਕੈ ਬਹੁਤ ਭਾਂਤੀ ਕੀ ਸੰਘਤਾ ਕੀਤੀ ਹੈ ॥ ਉਸ ਤੇ ਕਛੁ ਸਾਰੁ ਲੈ ਕੈ ਸੰਘਤਾ ਕੀਤੀ ਹੈ ॥ ਤਿਸ ਕਉ ਭਲੇ ਸਾਧ ਪੁਰਖ ਕਿਰਪਾ ਕਰਕੈ ਦੇਖਨ ॥ ਸ੍ਰੀ ਗੁਰੂ ਸਹਾਇ ॥ ਸ੍ਰੀ ਗੁਰੂ ਪ੍ਰਸੰਨ ਹੋਉ ॥ ਇਸੁ ਸਾਰੰਗਧਰ ਕੀ ਪੋਥੀ ਸੰਪੂਰਣੰ ਸੁਭੰ ॥ ॥ ॥ ॥ ਸ੍ਰੀ ਸਤਗੁਰ ਸਹਾਇ ॥

ਹੱਥ ਲਿਖਤ ਨੰ : MS 336 ਅ
ਸਿਰਲੇਖ : ਕਬਿਤ ਰੰਗ (ਤਿਵਸਹਾਵੀ ਭਾਖਾ)
ਲਿਖਾਰੀ : ਕੇਸ਼ਵ ਬ੍ਰਹਮਣ
ਸਥਾਨ : ਰੋਪੜ
ਲੇਖਕ : ਸੀਤਾ ਰਾਮ
ਪੱਤਰੇ : 1-205
ਸਮਾਂ : 1760
ਸਥਾਨ : ਰੋਪੜ
ਅਕਾਰ : 15 X 10 ਸ.ਮ. ਲਿਖਤ : 11 X 7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੱਤਰਾ ਨੰਬਰ 200 ਤਕ ਦਿੱਤਾ ਹੈ, ਅਗਲੇ ਪੱਤਰਿਆਂ ਤੇ ਨੰਬਰ ਨਹੀਂ ਲਿਖੇ । 189 ਪੱਤਰੇ ਤੋਂ ਅਗੇ ਕਿਰਮ-ਖੁਰਦਾ ਹੋਣ ਕਾਰਨ ਪਾਠ ਪੂਰੀ ਤਰਾਂ ਪੜਨਯੋਗ ਨਹੀ । ਪੱਤਰਾ 199 ਅ ਤੋਂ ਅਗੇ ਕਾਨੀ ਬਦਲੀ ਹੋਈ ਹੈ ਅਤੇ ਕੁਝ ਮੰਤ੍ਰ ਦਿਤੇ ਹਨ । ਇਸ ਵਿਚ ਦਿੱਲੀਪਤਿ ਆਲਮਗੀਰ (ਔਰੰਗਜ਼ੇਬ) ਦੀ ਮਹਿਮਾ ਕੀਤੀ ਹੋਈ ਹੈ ।
ਆਰੰਭ : ੧ਓੰ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ: ॥ ਅਥ ਤਿਵਸਹਾਵੀ ਭਾਖਾ ਕਵਿਤ ਰੰਗ ਸੀਤਾ ਰਾਮ ਕ੍ਰਤ ਲਿਖਯਤੇ ॥ ਦੋਹਰਾ ॥ ਪ੍ਰਥਮ ਨਮੋ ਪਰਮਾਤਮਹਿ ਬਹੁਰੁ ਸਾਰਦ ਮਾਇ ॥ ਸਿਵ ਸੁਤ ਪਦ ਪ੍ਰਤਾਪ ਤੈ ਭਾਖਾ ਕਹੁੰ ਬਨਾਇ ॥ ੧ ॥ ਸੰਵਤ ਸਤ੍ਰਾ ਸੈ ਸਮੈ ਔਰ ਸਾਠ ਨਿਰਧਾਰ ॥ ਮਾਰਗ ਸੀਰਖ ਤ੍ਰੀਤੀਯਾ ਅਸਿਤ ਸੋਮ ਸੁਭ ਵਾਰ ॥ ਦੇਖੀ ਤਿਵਸਹਾਵ ਕੀ ਉਪਜੌ ਮਨ ਆਨੰਦ ॥ ਅਰਥ

ਫਾਰਸੀ ਕਠਨ ਤੈ ਸੁਗਮ ਬਨਾਯੋ ਛੰਦ ॥ ੩ ॥ ਬ੍ਰਹਮਨਿ ਤੈਖੈ ਬੰਸ ਮੈ ਕੇਸਵ ਸੁਤ ਕਬਿਰਾਮ ॥ ਰੋਪੜ ਮੈ ਭਾਖਾ ਕਰੀ ਕਬਿਤਰੰਗ ਧਰ ਨਾਮ ॥ ੪ ॥…

ਅੰਤ : …ਦੋਹਰਾ ॥ ਅਰਥ ਫਾਰਸੀ ਕਠਨ ਤੈ ਭਾਖਾ ਕਹੀ ਬਖਾਨਿ ॥ ਤੰਾਤੈ ਛਮੀਯੈ ਚਤਰੁ ਸਬ ਚੂਕ ਪਠੈ ਕਹੂੰ ਆਨਿ ॥ ੬੮ ॥ ਇਤਿ ਸ੍ਰੀ ਤਿਵ ਫਾਰਸੀ ਕੀ ਭਾਖਾ ਕਬਿਤ ਰੰਗ ਸੀਤਾ ਰਾਮ ਕ੍ਰਤ ਸੰਪੂਰਣੰ ॥ ॥ ॥ ॥

ਹੱਥ ਲਿਖਤ ਨੰ : MS 337
ਸਿਰਲੇਖ : ਨੁਸਖੇ (ਦਵਾ ਦਾਰੂ)
ਪੱਤਰੇ : 11-297
ਅਕਾਰ : 14X9.5 ਸ.ਮ. ਲਿਖਤ: 11X7 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ , ਸਤਰਾਂ ਪ੍ਰਤੀ ਪੰਨਾ–8 ਹਨ।
ਆਮ ਵੇਰਵਾ : ਪੋਥੀ ਦੇ ਪਹਿਲੇ 10 ਪੱਤਰੇ ਨਹੀਂ ਹਨ, ਪੋਥੀ ਅਧੂਰੀ ਹੈ । ਅਖੀਰ ਵਿਚ ਵੀ ਪੱਤਰਾ ਨੰ: 297 ਤੋਂ ਬਾਅਦ ਪੱਤਰੇ ਫੱਟੇ ਹੋਏ ਹਨ ਅਤੇ ਰਚਨਾ ਅਧੂਰੀ ਹੈ । ਸਿਆਹੀ ਕਾਲੀ ਹੈ ਸਾਰੀ ਪੋਥੀ ਵਿਚ ਕਈ ਜਗ੍ਹਾ ਤੇ ਕਾਨੀ ਬਦਲੀ ਹੋਈ ਹੈ ।
ਪੋਥੀ ਕਈ ਜਗ੍ਹਾ ਤੋਂ ਭਿਜੀ ਹੋਣ ਕਾਰਨ, ਲਿਖਾਈ ਧੱਬਿਆਂ ਵਾਲੀ ਹੈ ਅਤੇ ਪੜ੍ਹਨੀ ਮੁਸ਼ਕਲ ਹੈ । ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਿਚ ਲਿਖਤ ਵੀ ਹੈ। ਹਾਸ਼ੀਏ ਵਿਚ ਥਾਂ ਥਾਂ ਇੰਞ ਲਿਖਿਆ ਹੋਇਆ ਹੈ 'ਦਾਰੂ ਚੰਗਾ ਹੈ' ।
ਆਰੰਭ : ….. ਤ ਵਾਰ ਪਰਛਾਵਾ ਰਖਿ ਕੇ ਲੈਣਾ ॥ ਕਚੇ ਤੇਲ ਕੀ ਝਗ ਵਿਚ ਮੋਵਣਾ ਗਊ ਮੂਤ੍ਰ ਵਿਚ ਘੋਲ ਕੇ ਵਟਣੇ ਵਾਂਗੂ ਮਲਣਾ ਥਿੰਮ ਉਪਰਿ ਦਿਨ ॥ ੩:੫॥੧॥ ਦੇਹੀ ਮੁਖ ਸਰਬਤ ਅੰਗ ਕੇ ਥਿੰਮ ਜਾਂਨਿਗੇ ॥ ੧ ॥…
ਅੰਤ : …ਨਾਗ ਕੇਸਰੁ ਮਾਸੇ ॥ ੩ ॥ ਕਤੀਰਾ ਗੂੰਦਿ ਮਾਸਾ ॥ ੧ ॥ ਬੰਸਲੋਚਨੁ ਮਾਸਾ ॥ ੧ ॥ ਨਿਕੀਆ ਲਾਚੀਆਂ ਦੇ ਦਾਣੇ ਮਾਸਾ ॥ ੧ ॥ ਮੋਚੁ ਰਸੁ ਮਾਸੇ ॥ ੩ ॥ ਬਾਜੀ ਬੈਦੰਗੀ ॥ ਜਿਸ ਜਨਾਵਰ ਦੈ ਪੈਰ ਮਰੋੜ ਹੋਵੈ ਉਸ ਦਾ ਦਾਰੂ ॥ ਉਸ ਦੇ ਪੈਰ ਸਿਬਾਂਲੂ ਬੰਨ੍ਹਣਾ ਪਾਂਣੀ ਨਾਲਿ ਪੈਰ ਭੇਵਦਿਆ ਰਹਣਾ ॥ ਤਿਹੁ ਦਿਹਾਂ ਵਿਚ ਚੰਗਾ ਹੋਵੈ ॥ ਉਗਾਨ ਹੋਵੇ ਤ ਪੈਰ ਦੀ ਗੰਢ ਸੁਣੀ ਹੋਵੈ ਸੂਣੇ ਥਾਇ ਜੋ…..

ਹੱਥ ਲਿਖਤ ਨੰ : MS 338
ਸਿਰਲੇਖ : ਸ੍ਰੀ ਬਿਸਨ ਪੁਰਾਨ ਭਾਖਾ , ਬਿਸ਼ਨ ਬੇਦਾਂਤ
ਪੱਤਰੇ : 1-240
ਅਕਾਰ : 19 X 14 ਸ.ਮ. ਲਿਖਤ : 12 X 9 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, , ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 10 ਹਨ।
ਆਮ ਵੇਰਵਾ : ਪੋਥੀ ਕਿਧਰੇ ਕਿਧਰੇ ਕਿਰਮ ਖੁਰਦਾ ਹੈ ਲਿਖਾਈ ਸੁੰਦਰ ਹੈ ।
ਆਰੰਭ : ੴ ਸਤਿਗੁਰ ਪ੍ਰਸਾਦਿ॥ ਸਤ ਚਿਤੁ ਅਨੰਦੁ ਸ੍ਰੀ ਪਰਮਾਤਮਾਇ ਨਮਹਹਿ॥ ਅਥਿ ਸ੍ਰੀ ਬਿਸ੍ਨ ਪੁਰਾਨ ਭਾਖਾ ਲਿਖਤੇ॥ ॥ ਪਰਾਸਰੋ ਵਾਚ॥ ਪਰਾਸਰ ਮੈਤ੍ਰੋ ਕੌ ਕਹੇ ਹੈ ਕਿ ਹੇ ਮੈਤ੍ਰੋ ਯਹਿ ਜੋ ਤੁਝੇ ਉਪਦੇਸ ਕਰੋ ਹੋ ਸੋ ਅੰਮ੍ਰਿਤ ਸਮਾਨੁ ਹੈ ਸੋ ਮਨ ਕੇ ਪਾਤ੍ਰ ਸੋ ਪੀਉ॥ ਅਰੁ ਜੋ ਨਾਰਾਇਣੁ ਤੇ ਭਿੰਨ ਹੈ ਤਿਸ ਕਾ ਤਿਆਗੁ ਕਰੁ॥…

ਅੰਤ : ...ਆਤਮ ਦਰਸੀ ਜਬ ਯਹਿ ਸਰਬ ਵਚਨੁ ਬੁਧ ਕੇ ਸ੍ਰਵਣ ਕਰ ਸੁਣੇ ਅਰੁ ਆਪ ਕੌ ਦੇਖਾ ਅਰੁ ਪਛਾਣਾ ॥ ਆਤਮਾ ਬਿਖੇ ਲੀਨ ਭਯਾ ॥ ਅਰੁ ਸਰੂਪੁ ਸੌ ਮਿਲਾ ਅਰ ਬੰਧ ਮੁਕਤ ਕੇ ਭੈ ਤੇ ਨਿਰਭੈ ਭਯਾ ॥ ॥ ਇਤ ਸ੍ਰੀ ਪੋਥੀ ਬਿਸ੍ਨ ਬੇਦਾਂਤ ਸੰਪੂਰਨੰ ਸਮਾਪਤੰ ॥ ॥ ੧ ॥

ਹੱਥ ਲਿਖਤ ਨੰ : MS 339
ਸਿਰਲੇਖ : ਮਦਨ ਚੰਦ੍ਰੋਦਯ (ਤੰਤ੍ਰ ਮੰਤ੍ਰ ਵੈਦਕ ਨਾਮ - ਚਤੁਰਥ ਪ੍ਰਕਰਣ )
ਸਮਾਂ : ਸੰਮਤ 1815
ਪੱਤਰੇ : 1-42
ਅਕਾਰ : 15.5X23 ਸ.ਮ. ਲਿਖਤ: 11X18 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਲਿਖਾਈ ਸੁੰਦਰ, ਸਤਰਾਂ ਪ੍ਰਤੀ ਪੰਨਾ-21 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਇਕ ਪੱਤਰਾ ਖਾਲੀ, ਬਾਅਦ ਵਿਚ ਤਤਕਰਾ ਦਿੱਤਾ ਹੋਇਆ ਹੈ ਅਤੇ ਪੋਥੀ ਦੇ ਅਖੀਰ ਵਿਚ ਚਾਰ ਪੱਤਰੇ ਖਾਲੀ ਹਨ। ਪੋਥੀ ਕਿਰਮ ਖੁਰਦਾ ਹੈ । ਪਰ ਲਿਖਾਈ ਸਾਫ ਹੋਣ ਕਰਕੇ ਪੜ੍ਹੀ ਜਾਂਦੀ ਹੈ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਕਾਮ ਦੇਵਾਯ ਨਮ: ॥ ਅਥ ਮਦਨ ਚੰਦ੍ਰੋਦਯ ਲਿਖਤੇ ॥ ਕਬਿਤੁ ॥ ਲਲਿਤ ਸੁਮਨ ਧਨੁ ਅਲਿਨ ਪਚਨ ਭਨ ਬਿਹਰ ਉਪਬਨ ਸੁਖਮਾ ਸਮਾਜ ਜੂ ॥ ਰਤਨ ਜਟਤ ਸੁਘਟਤ ਹੂੰ ਮੁਕਟ ਸੀਸ ਕਟਿ ਮੈ ਨਿਖੰਗ ਪੰਚ ਬਾਨਨ ਬਿਰਾਜ ਜੂ ॥ ਸਕਲ ਸਿੰਗਾਰ ਸੁਖ ਸਾਰ ਮਧਿ ਹਿਤਕਾਰ ਪ੍ਰਮਲ ਸੁਧਾਰ ਤਰੁਨਾਈ ਤਰੁ ਬਾਜ ਜੂ ॥ ਕਮਲਾ ਅਨੰਦ ਸੁਖਕੰਦ ਨੰਦ ਨੰਦ ਜੈ ਜੈ ਸੰਬਰਾਰਿ ਬੀਰ ਜੈ ਜੈ ਰਿਤ ਰਾਜ ਜੂ ॥ ੧ ॥...
ਅੰਤ : ...ਇਤਿ ਸ੍ਰੀ ਮਦਨ ਚੰਦ੍ਰੋਦਯ ਕਾਬਜ ਸਾਰੇ ਤੰਤ੍ਰ ਮੰਤ੍ਰ ਵੈਦਕ ਨਾਮ ਚਤੁਰਥ ਪ੍ਰਕਰਣ ਸਮਾਪਤੰ ਮਸਤੁ ਸੁਭ ਮਸਤੁ ॥ ੪ ॥ ੪ ॥੪ ॥ ੪ ॥ ੪ ਦੋਹਰਾ ॥ ਪਰਿਲੰਭ ਦ੍ਰਿਖ ਅਨੁਭ੍ਰਾਤ ਅਨੁ ਗਹੈ ਨਾਮ ਪਤਿ ਗ੍ਰੰਥ ॥ ਸੰਤਨ ਕੇ ਅਭਿਯਾਸ ਮੈ ਰਮ ਹੈ ਸਦਾ ਸੁਪੰਥ ॥ ੧● ॥ ਸੋਰਠਾ ॥ ਅਹੈ ਮਸਕਰੀ ਭੇਸ ਅਸਜ ਲਿਖਾਰੀਯੋ ਕਹੈ ॥ ਆਨਨ ਇਖੂ ਨਿਸੇਸ ਨਾਮ ਤਾਂਹ ਪਰੀ ਚਖਜਤੇ ॥ ੨ ॥ ੨ ॥ ਦੋ ॥ ਅਸਟਾ ਦਸ ਸਸਿ ਸਤ ਭਨੇ ਅਪਰ ਦੋਸ ਸਰ ਜਾਨ ॥ ਸਮਤੁ ਮਹੀਨਾ ਚੇਤ ਕਹਿ ਦੇਵ ਗੁਰੂ ਦਿਨ ਮਾਸ ॥ ੩ ॥ ੩ ॥ ੩ ॥ ੩ ॥ ੩ ॥

ਹੱਥ ਲਿਖਤ ਨੰ : MS 340
ਸਿਰਲੇਖ : ਅਸਵਮੇਧ ਭਾਖਾ (ਸ੍ਰੀ ਮਹਾਂ ਭਾਰਥ)
ਲੇਖਕ : ਟਹਕਨ
ਲਿਖਾਰੀ : ਸਿਵਰਾਮ ਦਾਸ
ਸਥਾਨ : ਬਿਲਾਸ ਪੁਰ
ਸਮਾਂ : ਸੰਮਤ 1927
ਪੱਤਰੇ : 1-592
ਅਕਾਰ : 24 X 14 ਸ.ਮ. ਲਿਖਤ : 20 X 13 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ 13 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ 8-9 ਪੱਤਰੇ ਖਾਲੀ ਅਤੇ ਅਖੀਰ ਵਿਚ 8 ਪੱਤਰੇ ਖਾਲੀ ਸਾਰੀ ਪੋਥੀ ਦੇ 73 ਅਧਿਆਏ ਸੰਪੂਰਨ ਦੱਸੇ ਹਨ । ਪੱਤਰਾ ਨੰ: 2 ਉਪਰ ਸੰਮਤ ਬਾਰੇ ਇੰਞ ਲਿਖਿਆ ਹੈ ।
ਸੰਮਤ ਸਰ ਦਸ ਸਪਤਿ ਅਧਿਕ ਬਰਖ ਖਟ ਬੀਸ ।
ਥਿਤ ਤ੍ਰਿਓਦਸੀ ਅਖਾਢਿ ਬਦਿ ਬੁਧਿ ਬਾਸਰ ਸ਼ੁਭ ਦੀਸ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਅਸ੍ਵਮੇਧ ਭਾਖਾ ਲਿਖ੍ਯਤੇ ॥ ਸ੍ਰੀ ਗਣੇਸਾਏ ਨਮਹ ॥ ਸ੍ਰੀ ਕਾਲਕਾਐ ਨਮਹ ॥ ਓਅੰ ਸ੍ਰੀ ਨੰਦ ਲਾਲੋ ਜਯਹਿ ॥ ਕ੍ਰਿਤ ਟਹਕਨ ॥ ਚੌਪਈ ॥ ਪ੍ਰਥਮੋ ਪ੍ਰਣਵੋ ਗਿਰਜਾ ਨੰਦੁਨ ॥ ਸੰਕਰ ਤਨ ਗਨਿ ਬਿਘਨ ਨਿਕੰਦਨ ॥ ਲੰਬੋਦਰ ਦੁਖ ਹਰਿ ਸੁਖਦਾਇਕ ॥ ਏਕ ਰਦਨ ਗਜ ਬਦਨ ਬਨਾਇਕ ॥ ਬੁਧਿ ਸਦਨ ਅਘ ਓਘ ਬਿਨਾਸਨ ॥ ਮੰਗਲ ਰੂਪ ਅਮੰਗਲ ਨਾਸਨ ॥ ਅਸਰਨ ਸਰਨ ਸਗਲ ਜਗ ਬੰਦਨ ॥ ਸੇਵਤਿ ਸੁਰ ਨਰ ਸੈ ਧੁਰ ਚੰਦਨ ॥ ਸ੍ਰੀ ਭਾਰਥ ਕੇ ਪਰਬ ਅਸਟ ਦਸ ॥ ਤਿਨ ਮੈ ਅਸ੍ਵਮੇਧ ਅਦਭੁਤ ਰਸ ॥ ਕੀਜੈ ਕ੍ਰਿਪਾ ਦਾਸ ਟਹਕਨਿ ਪਰਿ ॥ ਸੰਪੂਰਨ ਭਾਖਾ ਬਰਨੋ ਬਰ ॥ ੧ ॥...

ਅੰਤ : ...ਦੋਹਰਾ ॥ ਇਤਿ ਸ੍ਰੀ ਭਾਰਥ ਪਰਬਣੇ ਅਸ੍ਵਮੇਧ ਬਖਿਆਨਿ ॥ ਕਬਿ ਟਹਕਨ ਧਿਆਉ ਤ੍ਰਿਹਤਰੋਹਯ ਕ੍ਰਿਤ ਪੂਰਨ ਜਾਨਿ ॥ ੬੧ ॥ ਇਤਿ ਸ੍ਰੀ ਮਹਾਂਭਾਰਥ ਪੁਰਾਣੇ ਧਰਮ ਜਗਿ ਬਖਿਆਂਨੇ ਕ੍ਰਿਸਨ ਚਰਿਤ੍ਰ ਜਗਿ ਸੰਪੂਰਨ ਸਿਧਿ ਕਾਰਜ ਧਰਮ ਸਫਲ ਨਾਮੇ ਤ੍ਰਿਹਤਰੋ ਧਿਆਇ ॥ ੭੩ ॥ ਸਮਾਪਤੰ ॥ ਦੋਹਰਾ ॥ ਫਾਲਗੁਣ ਵਦੀ ਤਿਥਿ ਅਸਟਮੀ ਪੋਥੀ ਪੂਰਨ ਜਾਂਨ ॥ ਪਹਿਲੇ ਪਹਰ ਚਢਤੇ ਰਵ ਭੁਲ ਚੁਕ ਬਖਸ ਲੇਨੀ ਸੁ ਜਾਂਨ ॥ ਸੰਮਤਿ ੧੯੨੭ ॥ ਲਿਖਾਈ ਸਾਧ ਗੰਗਾ ਰਾਮ ਦਾਸ ਨੇ ਬਿਲਾਸਪੁਰਿ ਬਿਚ ਸਿਵ ਰਾਮ ਦਾਸ ਨੇ ਲਿਖੀ ਬਾਸੀ ਬਿਲਾਸਪੁਰ । ਸੋਮਵਾਰ ਕੇ ਦਿਨਿ ਪੂਰੀ ਪੋਥੀ ਹੋਈ ॥ ਪ੍ਰਵਿਸਟੀ ਚਉਥੇ ।

ਹੱਥ ਲਿਖਤ ਨੰ : MS 341 ਸੰਗ੍ਰਹਿ
ਸਿਰਲੇਖ : ਸ੍ਰੀ ਭਾਗਵਤ ਗੀਤਾ
ਲੇਖਕ : ਕਾਨ ਸਿੰਘ
ਪੱਤਰੇ : 1-321
ਸਥਾਨ : ਭਾਗਨਗਰ
ਅਕਾਰ : 18 X 17 ਸ.ਮ. ਲਿਖਤ : 12 X 9 ਸ.ਮ.
ਵੇਰਵਾ : ਜਿਲਦ ਗੱਤਾ, ਚਮੜਾ ; ਸਿਆਹੀ ਕਾਲੀ, ਵਖਰੇਵੇਂ ਲਈ ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਕਾਲੀ ਲਕੀਰ, ਸਤਰਾਂ ਪ੍ਰਤੀ ਪੰਨਾ-10 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ, ਲਿਖਾਈ ਸੁੰਦਰ ।
ਆਰੰਭ : ੧ੴ ਸ੍ਰੀ ਸਤਿਗੁਰ ਪ੍ਰਸਾਦਿ ॥ ਸ੍ਰੀ ਭਗਵਾਨੋ ਜੀ ॥ ਸ੍ਰੀ ਭਾਗਵਤ ਗੀਤਾ ਲਿਖਤੇ ॥ ਸ੍ਰੀ ਭਗਵਾਨੋ ਵਾਚ ॥ ਏ ਲਛਮੀ ਏਕ ਸਮੈ ਬਿਖੈ ਕੈਲਾਸ ਪਰਬਤ ਉਪਰ ਮਹਾਦੇਉ ਅਰੁ ਪਾਰਬਤੀ ਕੀ ਆਪਸ ਮੈ ਗੋਸਟ ਹੋਈ ਤਾਂ ਗਉਰਾਂ ਪਾਰਬਤੀ ਪੂਛੈ ਹੈ ॥ ਹੇ ਸ੍ਰੀ ਮਹਾਦੇਉ ਜੀ ਤੁਮ ਅੰਤਹਿ ਕਰਣ ਮੈ ਕਿਸ ਗਿਆਂਨ ਕਰਕੈ ਪਵਿਤ੍ਰ ਹੋ ਜਿਸ ਗਿਆਨੁ ਕਰ ਸੰਸਾਰ ਕੇ ਮਨੁਖ ਤੁਮ ਕੋ ਸਿਵ ਕਰ ਪੂਜਦੇ ਹੈ ॥...
ਅੰਤ : ...ਇਤ ਸ੍ਰੀ ਪਦਮ ਪੁਰਾਣੇ ਸਤ੍ਰੀ ਈਸਰ ਸੰਬਾਦੇ ਉਤਰਖੰਡੇ ਗੀਤਾ ਮਹਾਤਮੁ ਅਠਾਰਾ ਧਿਆਉ ਅਠਾਰਾ ਮਹਾਤਮ ਸਪੂਰਨ ॥ ਦੋਹਰਾ ॥ ਲਿਖਤਮ ਦਾਸ-ਨ-ਦਾਸ ਇਹ ਕਾਨ ਸਿੰਘ ਕਰ ਜੋਰ ॥ ਨਾਨਕ ਸਾਹੀ ਮੈ ਲਿਖੀ ਭਾਗ ਨਗਰ ਸੁਭ ਠੌਰ ॥ ਪੋਥੀ ਸਪੂਰਨ ਹੋਈ ਬਾਵੇ ਹਬੀਰ ਚੰਦ ਬੇਦੀ ਕੀ ॥ ॥ ॥ ॥ ॥

ਹੱਥ ਲਿਖਤ ਨੰ : MS 341 ਅ
ਸਿਰਲੇਖ : ਪ੍ਰਕ੍ਰਿਤ ਸਾਰੋਦੇ
ਪੱਤਰੇ : 322-340
ਅਕਾਰ : 18 X 14 ਸ.ਮ. ਲਿਖਤ : 12 X 9 ਸ.ਮ.

ਵੇਰਵਾ : ਜਿਲਦ ਚਮੜਾ ਗੱਤਾ, ਸਿਆਹੀ ਕਾਲੀ , ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 10 ਹਨ।

ਆਮ ਵੇਰਵਾ : ਇਸ ਰਚਨਾ ਵਿਚ ਪੋਥੀ ਦੇ ਦੂਸਰੇ ਭਾਗ ਵਿਚ ਕਾਨੀ ਬਦਲੀ ਹੋਈ ਅਤੇ ਨਿਰੋਲ ਕਾਲੀ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਕਿਧਰੇ ਕਿਧਰੇ ਹਾਸ਼ੀਏ ਵਿਚ ਲਿਖਤ ਪੋਥੀ ਭਿਜੀ ਹੋਈ ਹੈ ਪਰ ਪੜ੍ਹਨ ਯੋਗ ਹੈ। ਅੱਧੇ ਅੱਖਰ ਜਾਂ ਪੈਰਾਂ ਵਿਚ ਪੈਣ ਵਾਲੇ ਅਖਰਾਂ ਦਾ ਢੰਗ (ਸਟਾਇਲ) ਸੰਸਕ੍ਰਿਤ ਵਾਲਾ ਹੈ ।

ਪੱਤਰਾ ਨੰ: 340 ਉਪਰ ਖਾਨੇ ਬਣਾ ਕੇ

ਰਾਮਸੀਤਾ ਲਛਮਣ ਭਭੀਖਣ

ਕੁੰਭ ਕੁਨ - ਅੰਗਤ ਸੁਗ੍ਰੀਵ ਇੰਦ੍ਰਜੀਤ

ਸੇਲੋਚਨਾ, ਭਰਥਾ ਜਾਅਵੰ ਨਾਰਦ

ਕਕਈ ਧਨਵੰਤ ਬਿਸ਼ਨ ਰਾਵਣਾ - ਆਦਿ ਲਿਖਿਆ ਹੋਇਆ ਹੈ ਅਤੇ ਅਖੀਰ ਵਿਚ ਇਸੇ ਪੱਤਰੇ ਉਪਰ ਬਿਸ਼ਨ ਸੁਖਦਾਇਕਾ - ਰਾਵਨ ਕਲ ਪਿਯੰ । ਇਤ ਰਾਮ ਸਕੋਨੋ ਸਮਾਪਤ ਲਿਖਿਆ ਹੋਇਆ ਹੈ ਅਤੇ ਅਖੀਰਲੇ ਪੱਤਰੇ ਉਪਰ ਜਿਹੜਾ ਨੰ: ਤੋਂ ਬਗੈਰ ਹੈ ਇਕ ਨੁਸਖਾ ਲਿਖਿਆ ਹੋਇਆ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਪ੍ਰਕ੍ਰਿਤ ਸਾਰੋਦੇ ਲਿਖਯਤੇ ॥ ਦੋਹਰਾ ॥ ਸੁਧ ਸਾਤਿ ਅਰੁ ਸਾਤਿ ਜਨ ਗੁਰ ਭਗਤਾ ਦਿੜ ਚਿਤ ॥ ਕੀਆ ਜਾਨੈ ਏਕ ਮਨ ਤਾਹਿ ਗਿਆਨ ਕਹੁ ਮਿਤ ॥ ੧ ॥ ਦੋ ॥ ਦੁਰਜਨ ਦੁਸਟ ਜੋ ਨੀਚ ਜਨ ਗਨਿੰਦਕ ਨਹਿ ਸਾਤਿ ॥ ਦੁਰਾਚਾਰ ਅਰੁ ਹੀਨ ਮਤ ਤਾਤੇ ਗਿਆਨ ਦੁਰਾਤਿ ॥ ੨ ॥...

ਅੰਤ : ...ਪਰਮ ਤਤ੍ਰ ਪ੍ਰਹਲਾਦ ਪ੍ਰਕਾਸੈ ॥ ਜਨਮ ਜਨਮ ਕੇ ਤਿਮਰ ਬਿਨਾਸੈ ॥ ਪਠੈ ਸੁਨੈ ਸੋ ਮੁਕਤ ਕਹਾਵੈ ॥ ਗੁਰ ਕੇ ਚਰਣ ਕਵਲ ਸਿਰ ਨਿਆਵੈ ॥ ਐਸੈ ਮੰਤ੍ਰ ਤੰਤ੍ਰ ਜਗ ਨਾਹੀ ॥ ਜੈਸਾ ਗਿਆਨ ਸਰੋਦੇ ਮਾਹੀ ॥ ੯੮ ॥ ਸਮਨ ਪਾਠ ਕੈ ਕਹੈ ਪਾਈ ਜੀਵਨ ਮੂਲ ॥ ਮਣ ਪਾਈ ਮੂਲੀ ਬਹੁਰ ਤਤ੍ਰ ਸਦਾ ਅਨਕੂਲ ॥ ੯੯ ॥ ਇਤ ਸਰੋਦੇ ਸਮਾਪਤੰ ॥

ਹੱਥ ਲਿਖਤ ਨੰ : MS 342

ਸਿਰਲੇਖ : ਜਨਮਸਾਖੀ (ਭਾਈ ਬਾਲਾ)

ਲੇਖਕ : ਪੈੜਾ ਮੋਖਾ

ਸਮਾਂ : ਸੰਮਤ 1582

ਪੱਤਰੇ : 1-256

ਅਕਾਰ : 24 X 15 ਸ.ਮ. ਲਿਖਤ : 20 X 12 ਸ.ਮ.

ਵੇਰਵਾ : ਜਿਲਦ ਚਮੜਾ, ਗੱਤਾ ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ, ਦੋਵੇ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ, ਸਤਰਾਂ ਪ੍ਰਤੀ ਪੰਨਾ 12 ਹਨ।

ਆਮ ਵੇਰਵਾ : ਪਹਿਲੇ ਪੱਤਰੇ ਬੜੀ ਬੁਰੀ ਤਰਾਂ ਕਿਰਮ ਖੁਰਦਾ ਹੋਣ ਕਾਰਨ ਫਟੇ ਹੋਏ ਹਨ ਅਤੇ ਲਿਖਤ ਅਧੂਰੀ ਹੈ ।

ਪੋਥੀ ਕਿਰਮ ਖੁਰਦਾ- ਬੁਰੀ ਤਰਾਂ, ਫਟੀ ਹੋਈ, ਪੋਥੀ ਦੇ ਸ਼ੁਰੂ ਵਿਚ ਅਤੇ ਅਖੀਰ ਵਿਚ ਪੱਤਰੇ ਫਟੇ ਹੋਏ ਹਨ ਲਿਖਤ ਅਧੂਰੀ ਹੈ ਅਤੇ ਪੜ੍ਹਨਯੋਗ ਨਹੀ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਿਚ ਵੀ ਲਿਖਿਆ ਹੋਇਆ ਹੈ । ਲਿਖਤ ਸੁੰਦਰ ਹੈ।

ਆਰੰਭ : ੧ੴ ਸਤਿਨਾਮ... ਗੁਰ ਪ੍ਰਸਾਦਿ ॥ ਸੰਮਤ ॥ ੧੫ ॥ ੮੨ ॥ ਪੰਦਰਾ ਸੈਇ ਬਿਆਸੀਆ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ ਪੇੜੈ ਮੋਖੈ ਸੁਲਤਾਨਪੁਰਿ ਕੇ ਖਤਰੇਟੇ ॥ ਗੁਰੂ ਅੰਗਦ ਲਿਖਵਾਈ ॥ ਪੇੜੈ ਲਿਖੀ ॥ ਮੁਖਾਗਰ ਭਾਈ ਬਾਲੇ ਜਟੇਟੇ ॥...

ਅੰਤ : ...ਤਾ ਫੇਰਿ ਗੁਰੂ ਅੰਗਦ ਜੀ ਬਚਨ ਕੀਤਾ ਭਾਈ ਬਾਲਾ ਏਹ ਵਰਤਾਰਾ ਤੁਸਾ ਸੁਣਿਆ ਹੈ ਸਤਿ ਜਾਣਨਾ ਅਤੇ ਜੇ ਕੋਈ ਉਸ ਨੁ ਸਤਿ ਕਰਿ ਜਾਣੈਗਾ ॥ ਤਿਸ ਦੇ ਅਉਗੁਣ ਸਭੇ ਪਾਪ ਜਿਤਨੇ ਕੀਤੇ ਹੋਏ ਹੋਸਨਿ ॥ ਤਿਤਨੇ ਉਸ ਦੇ ਬਚਨਾ ਨੋ ਸਤਿ ਆਖਣਿ ਨਾਲਿ ਸਭੇ ਧੋਤੇ ਜਾਸਨਿ ॥ ਜੋ ਹਿਰਦੇ ਸਤਿ ਪਰਤੀਤਿ ਨਾਲਿ ਆਖਸਨਿ ॥ ਅਤੇ ਭਾਈ ਬਾਲਾ ਗੁਰੂ ਨਾਨਕ ਸਤਿ ਹੈ ॥ ਅਤੇ ਉਸ ਦੇ ਵਚਨ ਭੀ ਸਤਿ ਹੈਨਿ ॥ ਅਤੇ ਉਸ ਦਾ ਵਰਤਾਰਾ ਭੀ ਸਤਿ ਹੈ ॥ ਅਤੇ ਜੋ ਕੋਈ ਉਸ ਦੇ ਬਚਨਿ ਕਮਾਵੈਗਾ ॥ ਸੋ ਜਿਥੇ ਗੁਰੂ ਨਾਨਕ ਤਿਥੇ.....

ਹੱਥ ਲਿਖਤ ਨੰ : MS 343
ਸਿਰਲੇਖ : ਅਸਵਮੇਧ ਪਰਬ ਭਾਖਾ
ਲੇਖਕ : ਜੈਮਿਨੀ ਰਿਖੀ
ਲਿਖਾਰੀ : ਸੇਵਕ ਰਾਮ
ਸਮਾਂ : ਸੰਮਤ 1726 ਬਿ
ਰਚਨਾ ਕਾਲ : ਸੰਮਤ 1888 ਬਿ
ਸਥਾਨ : ਲਵਪੁਰ (ਲਾਹੌਰ)
ਪੱਤਰੇ : 1-413
ਅਕਾਰ : 23 X 31 ਸ.ਮ. ਲਿਖਤ: 18 X 25 ਸ.ਮ.

ਵੇਰਵਾ : ਜਿਲਦ ਗੱਤਾ, ਚਮੜਾ ਵੇਲ ਬੂਟੀਆਂ ਵਾਲੀ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-18.

ਆਮ ਵੇਰਵਾ : ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਆਰੰਭ ਵਿਚ ਪੰਜ ਅਤੇ ਅੰਤ ਵਿਚ ਦੋ ਪੱਤਰੇ ਖਾਲੀ, ਪਹਿਲੇ ਪੱਤਰੇ ਤੇ ਚੁਪਾਸੀਂ ਦੋਹਰਾ ਹਾਸ਼ੀਆ

ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਅਤਿ ਸ੍ਰੀ ਗਣੇਸਾਇ ਨਮਹ॥ ਚੌਪਈ ॥ ਅਥ ਕ੍ਰਿਤ ਟਹਕਨ ਕੀ॥॥ ਪ੍ਰਿਥਮੈ ਪ੍ਰਣਵੈ ਗਿਰਜਾ ਨੰਦਨ॥ ਸੰਕਰ ਤਨ ਗਨ ਬਿਘਨ ਨਿਕੰਦਨ ਲੰਬੋਦਰ ਦੁਖ ਹਰ ਸੁਖਦਾਇਕ॥ ਏਕ ਰਦਨ ਗਜ ਬਦਨ ਬਿਨਾਇਕ॥ ਬੁਧ ਸਦਨ ਅਘ ਓਘ ਬਿਨਾਸਨ॥ ਮੰਗਲ ਰੂਪ ਅਮੰਗਲ ਨਾਸਨ॥ ਅਸਰਨ ਸਰਨ ਸਕਲ ਜਗ ਬੰਦਨ॥ ਸੇਵਤ ਸੁਰ ਨਰ ਸੋ ਧੁਰ ਚੰਦਨ॥ ਸ੍ਰੀ ਭਾਰਥ ਕੇ ਪੁਰਬ ਅਸਟ ਦਸ॥ ਤਿਨ ਮਹਿ ਅਸ੍ਵਮੇਧ ਅਦਭੁਤ ਰਸਿ॥ ਕੀਜੈ ਕ੍ਰਿਪਾ ਦਾਸ ਟਹਕਨ ਪਰਿ॥ ਸੰਪੂਰਨ ਭਾਖਾ ਬਰਨੋ ਬਰ॥...

ਅੰਤ : ...ਕਬਿਤ ॥ ਪੰਡਤ ਪੁਰਾਨ ਬਾਚ ਕਹੂੰ ਹੋਤੀਆ ਨਾਚ ਗੀਤ ਔ ਸੰਗੀਤ ਬੋਲੇ ਭਰ ਸਾਤ ਸੁਰ ਹੈ ॥ ਕਾਮਨੀ ਕਮਾਨ ਭੌਹ ਨੈਨ ਕੇ ਬਾਂਨ ਤਾਂਨ ਕਰਤ ਕਟਖਯ ਰਸ ਭਰੀ ਮੁਰਮੁਰ ਹੈ ॥ ਊਰਧ ਅਟਾਰਨ ਮੈ ਬਾਰਨ ਚੁਬਾਰਨ ਮੈ ਅਬਲਾ ਸੁਰਤ ਰੂਚੇ ਪ੍ਰੀਤਮ ਸੋਜ ਰਹੈ ॥ ਗੁਣੀ ਔਰ ਧਨੀ ਜਾ ਮੈ ਔਰ ਪ੍ਰਭਾ ਘਨੀ ਜਾ ਮੈ ਸੇਹਵਕ ਕਹਤ ਐਸੋ ਨੀ ਕੋ ਲਵਪੁਰ ਹੈ ॥ ॥ ॥ ॥

ਹੱਥ ਲਿਖਤ ਨੰ : MS 344
ਸਿਰਲੇਖ : ਗੁਰ ਬਿਲਾਸ ਗ੍ਰੰਥ
ਲੇਖਕ : ਸੁੱਖਾ ਸਿੰਘ

| | |
|---|---|
| ਸਥਾਨ | : ਅਨੰਦਪੁਰ (ਕੇਸਗੜ) |
| ਪੱਤਰੇ | : 1 ਅ –369 ਅ |
| ਅਕਾਰ | : 19 X 27 ਸ.ਮ. ਲਿਖਤ: 14 X 18 ਸ.ਮ. |
| ਵੇਰਵਾ | : ਜਿਲਦ ਗੱਤਾ, ਚਮੜਾ ਵੇਲ ਬੂਟਿਆਂ ਵਾਲੀ ਪਰ ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਸੰਤਰੀ ਅਤੇ ਕਾਲੀਆਂ ਕਿਤੇ ਪੰਜ ਕਿਤੇ ਛੇ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ–13 ਹਨ। |
| ਆਮ ਵੇਰਵਾ | : ਪੱਤਰਾ 1 ਅ 2 ੳ ਵਿਸ਼ੇਸ਼ ਤੌਰ ਤੇ ਵੇਲ ਬੂਟਿਆਂ ਨਾਲ ਸ਼ਿੰਗਾਰੇ ਹੋਏ, ਕਿਤੇ ਕਿਤੇ ਹਾਸ਼ੀਏ ਵਿਚ ਲਿਖਤ, ਕੇਵਲ ਇਕ ਪੱਤਰੇ (117 ੳ) ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ , 289 ਅ ਤੋਂ ਅਗੇ ਕਈ ਥਾਈਂ ਕਾਨੀ ਬਦਲੀ ਹੋਈ; ਆਰੰਭ ਵਿਚ ਸੱਤ ਅਤੇ ਅੰਤ ਤੇ ਅਠ ਪੱਤਰੇ ਹਾਸ਼ੀਏ ਵਾਲੇ ਖਾਲੀ। |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ॥ ਅਥ ਗੁਰ ਬਿਲਾਸੁ ਗ੍ਰਿੰਥ ਲਿਖਯਤੇ ॥ ਪਾਤਿਸਾਹੀ ਦਸਮੀ ਕੇ ਚਰਿਤ੍ਰ ॥ ਦੋਹਰਾ ॥ ਸਗਲ ਬਿਘਨ ਅਘ ਹਰਨ ਕੋ ਤਿਮਰ ਤਪਤ ਅਗਿਆਨ ॥ ਗੁਰ ਨਾਂਨਕ ਗੋਬਿੰਦ ਬਿਨੁ ਅਵਰ ਨ ਜਗ ਮਹਿ ਆਂਨ ॥ ੧ ॥... |
| ਅੰਤ | : ...ਦੋਹਰਾ ॥ ਇਹ ਬਿਧ ਤਿਨ ਸਮੁਝਾਇ ਕਰਿ ਬਿਬਧ ਕਥਾ ਕਰਤਾਰ ॥ ਅਲੋਪ ਭਏ ਤਿਹ ਠੌਰ ਮੈ ਉਨਕੀ ਦ੍ਰਿਸ੍ਰਿ ਅਗਾਰ ॥ ੪੬ ॥ ਗੁਨ ਗਾਵਤ ਗੁਰਦੇਵ ਕੇ ਦਿੱਬ ਰੂਪ ਉਰਧਾਰ ॥ ਆ ਪ੍ਰਾਪਤ ਭਏ ਨਗਰ ਮਹਿ ਬਾਜ ਬਜਾਵਤ ਚਾਰ ॥ ੪੭ ॥ ਇਤ ਸ੍ਰੀ ਗੁਰਬਿਲਾਸ ਸਾਖੀ ਬਾਲੇ ਰਾਇ ਜਨ ਵਾਰੇਸ੍ਵਰ ਕੀ ਬਰਨਨੰ ਨਾਮ ਇਕਤਸਮੋ ਧਿਆਇ ਸਮਾਂਪਤ ਮਸਤੁ ਸੁਭ ਮਸਤ ॥ ਛੰਦਾ ਕਾ ਜੋੜ ੫੨੧● ॥ |

| | |
|---|---|
| ਹੱਥ ਲਿਖਤ ਨੰ | : MS 345 ਸੰਗ੍ਰਹਿ |
| ਸਿਰਲੇਖ | : ਬਾਰਾਂਮਾਹ ਦਜਾਲ ਸਿੰਘ |
| ਲੇਖਕ | : ਦਿਆਲ ਸਿੰਘ |
| ਪੱਤਰੇ | : 1 ੳ –9 ੳ |
| ਅਕਾਰ | : 18X12.5 ਸ.ਮ. ਲਿਖਤ: 13X9 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ, ਰਚਨਾ ਦੀ ਸਮਾਪਤੀ ਸੂਚਨਾ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ–14 ਹਨ। |
| ਆਮ ਵੇਰਵਾ | : ਲਿਖਾਰੀ ਸਾਫ ਅਤੇ ਸੁੰਦਰ, ਸੁਧਾਈ ਲਈ ਕਿਤੇ ਹੜਤਾਲ ਫੇਰੀ ਹੋਈ ਅਤੇ ਕਿਤੇ ਕਿਤੇ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਪੱਤਰਾ 70 ਅ ਖਾਲੀ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਬਾਰਾਮਹਾਂ ਦਯਾਲ ਸਿੰਘ ਕ੍ਰਿਤ ਲਿਖਜਤੇ ॥ ਦੋਹਰਾ ॥ ਚੇਤਰ ਮੈ ਰਥ ਬੈਠਿ ਕੇ ਮਥਰਾ ਚਲਿਓ ਕਾਂਨ ॥ ਜਾਂਦਾ ਸਾਜਨ ਦੇਖ ਕੈ ਲਗੇ ਕਲੇਜੇ ਬਾਨ ॥ ੧ ॥ ਸੁਨੋ ਸਖੀ ਜਬ ਚੇਤ੍ਰ ਚੜਿਆ॥ ਜਾਂਦੇ ਸਜਣ ਦਾ ਲੜ ਫੜਿਆ ॥ ਮੈਨੂੰ ਛੋਡ ਨ ਜਾਵੀ ਆੜਿਆ ॥ ਕਾਲਾ ਨਾਂਗ ਕਲੇਜੇ ਲੜਿਆ ॥... |
| ਅੰਤ | : ...ਦੋਹਰਾ ॥ ਜਿਉ ਸੁਖ ਰਾਧਾ ਜੀ ਲਯੋ ਤਿਉ ਸੁਖ ਦੀਜੈ ਸੰਜਾਮ ॥ ਚਿੰਤਾ ਸਗਲ ਮਿਟਾਇ ਕੈ ਪਾਵੋ ਸੁਖ ਬਿਸ੍ਰਾਂਮ ॥ ੧੨ ॥ ੧ ॥ ਬਾਰਾਮਾਹਾ ਸੰਪੂਰਨ ਹੋਇਆ ॥ |

| | |
|---|---|
| ਹੱਥ ਲਿਖਤ ਨੰ | : MS 345 ਅ |
| ਸਿਰਲੇਖ | : ਸੀਹਰਫੀ ਪੂਰਨ ਭਗਤ |
| ਲੇਖਕ | : ਕਾਦਰਯਾਰ |

ਪੱਤਰੇ : 9 ੳ –54 ੳ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸਿਹਰਫੀ ਪੂਰਨ ਭਗਤ ਦੀ ਲਿਖਯਤੇ ॥ ਅਲਫ ਆਦਿ ਗਣੇਸ ਦਾ ਧਿਆਨੁ ਧਰੀਏ ਗੌਰੀ ਨੰਦ ਅਨੰਦ ਕਹਾਵਦਾ ਈ ॥ ਮਸਤਕ ਚੰਦ ਸੋਹੇ ਕੁੰਡਲ ਕਰਨ ਸੋਹੇ ਸੁਰ ਨਰ ਮੋਹੇ ਜਸੁ ਗਾਵਦਾ ਈ ॥ ਤੇਰਾ ਨਾਂਮ ਲੀਤਾ ਦੁਆਰੇ ਜਸੁ ਕੀਤਾ ਦਾਨ ਮੰਗ ਲੀਤਾ ਮਨ ਭਾਵਦਾ ਈ ॥ ਇਕ ਦਾਸ ਦੀ ਬੇਨਤੀ ਮੰਨ ਮਾਤਾ ਅਠੇ ਪਹਰ ਤੇਰਾ ਜਸੁ ਗਾਵਦਾ ਈ ॥ ੧ ॥...
ਅੰਤ : ...ਯੇ ਯਾਦ ਕੀਤਾ ਪੂਰਨ ਮਾਂਉ ਤਾਂਈ ਬਚਾ ਕੀਤਾ ਈ ਕੌਲ ਕਰਾਰੁ ਪੂਰਾ ॥ ਸਿਧ ਮੰਡਲੀ ਦੇ ਵਿਚ ਵਡਾ ਜੋਗੀ ਤੈਨੂੰ ਮਿਲਿਆ ਈ ਨਾਥ ਜੀ ਗੁਰੂ ਪੂਰਾ ॥ ਭਰਮ ਭੇਦ ਜਾਗੇ ਮੇਰੇ ਸਜਣਾ ਦੇ ਹੋਇ ਮੁਕਤ ਬੈਕੁੰਠ ਜਾ ਪੈਨੋ ਚੂੜਾ ॥ ਕਾਦੂਯਾਰ ਕਿਸਾ ਪੂਰਨ ਭਗਤ ਵਾਲਾ ਸੁਣੋ ਯਾਰੋ ਲੋਕੋ ਏਥੇ ਹੋਇਆ ਪੂਰਾ ॥ ੩● ॥ ੫ ॥ ਸਿਹਰਫੀ ਸੰਪੂਰਨੰ ॥

ਹੱਥ ਲਿਖਤ ਨੰ : MS 345 ੲ
ਸਿਰਲੇਖ : ਸੀਹਰਫੀ ਸਸੀ ਕੀ
ਲੇਖਕ : ਹਾਸ਼ਮ ਸ਼ਾਹ
ਪੱਤਰੇ : 54 ੳ – 62 ੳ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸ੍ਰੀ ਗੁਰੋ ਨਮ: ॥ ਅਥ ਸਿਹਰਫੀ ਸਸੀ ਕੀ ਲਿਖਯਤੇ ॥ ਅਲਫ ਆਉ ਮਾਏ ਵੇਖੀ ਹਾਲ ਮੇਰਾ ਦੁਖਾ ਘੇਰਿਆ ਆਇ ਨਿਮਾਣਿਆ ਨੂੰ ॥ ਪੁਨੂੰ ਬਾਝ ਭੰਭੋਰ ਵਿਰਾਨ ਹੋਦੀ ਰੋਂਦੀ ਹੋਤਾ ਦੇ ਦੇਖ ਟਿਕਾਣਿਆ ਨੂੰ ॥ ਜੇ ਮੈ ਜਾਣਾ ਮਾਏ ਹੋਤ ਲਦ ਜਾਦੇ ਭਾਹਿ ਲਾਵਦੀ ਏਨਾ ਪਲਾਣਿਆ ਨੂੰ ॥ ਹਾਸਮ ਸਾਹਿ ਮੀਆ ਹੋਤਾ ਕਹਿਰ ਕੀਤਾ ਮੁਨੀ ਜਾਦੇ ਨੀ ਦਰਦ ਰਵਾਣਿਆ ਨੂੰ ॥ ੧ ॥...
ਅੰਤ : ...ਯੇ ਯਾਰੁ ਪਿਛੇ ਤੂੰ ਤਾ ਜਾਦੜੀ ਹੈ ਤੈਨੂੰ ਮਿਲਗ ਜੇ ਰਬ ਮਿਲਾਵਣ ਈ ॥ ਖੜੀ ਬਾਹ ਕਰਕੇ ਸਸੀ ਵਿਚ ਥਲਾ ਰਬਾ ਗੈਰ ਦੇ ਵਸਿ ਨ ਪਾਵਣਾ ਈ ॥ ਸਸੀ ਗਰਕ ਹੋਈ ਪੁੰਨੂੰ ਦੁਇ ਮੰਗੀ ਰਬ ਯਾਰ ਨੂ ਯਾਰ ਮਿਲਾਵਣਾ ਈ ॥ ਹਾਸਮ ਸਾਹੁ ਮੀਆ ਦੋਵੈ ਵੰਝ ਸੁਤੇ ਸਭਨਾ ਖਾਕ ਦੇ ਵਿਚ ਸਮਾਵਣਾ ਈ ॥ ੩● ॥

ਹੱਥ ਲਿਖਤ ਨੰ : MS 345 ਸ
ਸਿਰਲੇਖ : ਬਾਰਾਮਾਂਹ ਕ੍ਰਿਸ਼ਨ ਜੀ ਦਾ
ਲੇਖਕ : ਮੂਲ ਸਿੰਘ
ਪੱਤਰੇ : 62 ੳ – 64 ਅ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਬਾਰਾਮਹਾਂ ਕ੍ਰਿਸ੍ਨ ਜੀ ਦਾ ਕ੍ਰਿਤ ਮੂਲ ਸਿੰਘ ਲਿਖਯਤੇ ॥ ਚੇਤ ਮਹੀਨੇ ਚੜੇ ਸਯਾਮ ਜੀ ਮਥਰਾ ਓਰੁ ਸਿਧਾਰੇ ॥ ਸਾਰੀ ਬ੍ਰਿਜ ਲੁਕਾਈ ਰੋਦੀ ਬਹਿ ਬਹ ਜਮਨ

ਕਨਾਰੇ ॥ ਹਾਰ ਸਿੰਗਾਰ ਉਤਾਰ ਚੋਲੀਆ ਚੀਰ ਗੋਪੀਆ ਫਾਰੇ ॥ ਬਾਝ ਸਯਾਮ ਦੇ ਮੂਲ ਸਿੰਘ ਸਭ ਸੁੰਞੇ ਮਹਲ ਚੁਬਾਰੇ ॥ ੧ ॥…

ਅੰਤ : …ਫਾਗਨ ਚੜੇ ਬਸੰਤ ਫੂਲਿਆ ਸਯਾਮ ਮਚਾਈ ਹੋਰੀ ॥ ਕੇਸਰ ਛਿਣਕ ਗੁਲਾਲ ਮੁਹਰ ਕੀ ਡਾਰਤ ਜੋਰ ਬਿਜੋਰੀ ॥ ਲਾਲ ਗੁਲਾਲ ਭਇਓ ਮੁਖ ਮਸਤਕਿ ਤਿੰਨੀ ਰਾਧਕਾ ਗੋਰੀ ॥ ਹਸਿ ਹਸਿ ਖੇਲਤ ਮੂਲ ਸਿੰਘਾ ਦੋਊ ਬਨੀ ਅਨੁਪਮਾ ਜੋਰੀ ॥ ੧੨ ॥ ਸੰਪੂਰਣੰ ॥

ਹੱਥ ਲਿਖਤ ਨੰ : MS 345 ਹ

ਸਿਰਲੇਖ : ਮਿਠੜੇ ਕਾਨ ਜੀ ਕੇ

ਲੇਖਕ : ਸੌਂਧਾ (ਕਵਿ)

ਰਚਨਾ ਕਾਲ : ਸੰਮਤ 1821 ਈ (ਅਨੁਮਾਨਿਤ)

ਪੱਤਰੇ : 64 ਅ – 70 ੳ

ਅਕਾਰ : 18X12.5 ਸ.ਮ. ਲਿਖਤ: 13X9 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ॥ ਅਥ ਕਾਂਨ ਮਿਠੜੇ ਲਿਖ੍ਯਤੇ ॥ ਦੋਹਰਾ ॥ ਦਰਪਨ ਮੈ ਮੁਖ ਦੇਖ ਕੈ ਰਾਧੇ ਕੀਆ ਗੁਮਾਂਨ ॥ ਸੰਦ੍ਰ ਦੇਖਉ ਰੂਪ ਨਿਜ ਕੀਨੋ ਮਨ ਅਭਿਮਾਨ ॥ ੧ ॥ ਮੇਰੇ ਸੁੰਮਸਰ ਜਗਤ ਮੈ ਅਉਰ ਨ ਸੁੰਦ੍ਰ ਨਾਰ ॥ ਮੋਹਿ ਲੀਆ ਮੈ ਕ੍ਰਿਸ੍ਨ ਕੋ ਫਾਸ ਪ੍ਰੇਮ ਕੀ ਡਾਰ ॥ ੨ ॥…

ਅੰਤ : …ਦੋ ॥ ਸਭ ਤੇ ਊਤਮ ਪ੍ਰੇਮ ਹਰਿ ਕਿਸੀ ਭਾਂਤ ਸੋ ਲੇਇ ॥ ਈਤ ਊਤ ਸੁਖ ਸਿਉ ਰਹੇ ਸਭ ਫਲ ਤਿਸ ਕੋ ਦੇਇ ॥ ਦੋਹਰਾ ॥ ਔਰ ਭਗਤ ਸੌ ਜਗਤ ਮੈ ਸਭ ਤੇ ਊਤਮ ਪ੍ਰੇਮ ॥ ਪ੍ਰੇਮੀ ਹਰਿ ਜੀ ਤੇ ਲਹੇ ਸਦਾ ਕੁਸਲ ਅਰ ਖੇਮ ॥ ਮਿਠੜੇ ਸੰਪੂਰਨੰ ॥ ੧ ॥ ॥ ॥

ਹੱਥ ਲਿਖਤ ਨੰ : MS 345 ਕ

ਸਿਰਲੇਖ : ਸੀਹਰਫੀ ਮੀਰਨ ਦੀ

ਲੇਖਕ : ਮੀਰਨ ਸ਼ਾਹ

ਪੱਤਰੇ : 71 ੳ–79 ੳ

ਅਕਾਰ : 18X12.5 ਸ.ਮ. ਲਿਖਤ: 13X9 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸਿਹਰਫੀ ਮੀਰਨ ਦੀ ॥ ਅਲਫ ਆਇ ਕੇ ਇਸਕ ਲਖਾਉ ਕੀਤਾ ਮੈ ਤਾ ਮੰਜੜੇ ਚਾਇ ਬੇਮਾਰ ਸੁਦੀ ॥ ਦੁਖਾਂ ਦਰਦਾਂ ਨੇ ਮਾਰ ਹੈਰਾਨ ਕੀਤੀ ਚੰਦਨ ਜੇਹੀ ਮੈ ਰੋਦੀ ਦੀ ਦੇਹ ਘਟੀ ॥ ਮਾਪੇ ਲਖ ਤਬੀਤਾ ਦੇ ਢੋਇ ਰਹੇ ਦਾਈ ਦੇਇ ਰਹੀ ਸਾਨੂੰ ਜਨਮ ਘੁਟੀ ॥ ਮੀਰਨ ਆਇ ਕੇ ਮੈ ਦੁਖਆਰੜੀ ਦੀ ਮੇਰੀ ਲਗੀ ਨਾਵੇ ਦੁਨਾਂ ਹਾਇ ਮੁਠੀ ॥ ੧ ॥…

ਅੰਤ : …ਯੇ ਯਾਰ ਆਇਆ ਹੁਣਿ ਖੁਸੀ ਹੋਈ ਵਿਚ ਚੋਲੜੇ ਮੂਲ ਨਾਂ ਮਾਵਨੀ ਹਾਂ ॥ ਚੂੜਾ ਪਹਿਨ ਕੇ ਲਾਲ ਸੁਹਾਗ ਵਾਲਾ ਹਮ ਮਾਂਗ ਸੰਧੂਰ ਭਰਾਵਨੀ ਹਾਂ ॥ ਸਈਯਾ ਲਖ ਮੁਪਾਰਖਾਂ ਦੇਨ ਮੈਨੂ ਪੀੜੇ ਬੈਠਿ ਕੇ ਸੋਹਿਲੇ ਗਾਵਨੀ ਹਾਂ ॥ ਮੀਰਨ ਸਾਹੁ ਦੇ ਲਖ ਸਦਕੜੇ ਨੀ ਮੇਹੀਵਾਲ ਨੂੰ ਸੋਹਣੀ ਭਾਵਨੀ ਹਾਂ ॥ ੩● ॥

| | |
|---|---|
| ਹੱਥ ਲਿਖਤ ਨੰ | : MS 345 ਖ |
| ਸਿਰਲੇਖ | : ਬਾਰਾਮਾਹਾ ਨਢੜੇ ਦਾ |
| ਲੇਖਕ | : ਪ੍ਰੇਮ ਦਾਸ |
| ਪੱਤਰੇ | : 79 ਅ – 81 ਅ |
| ਅਕਾਰ | : 18X12.5 ਸ.ਮ. ਲਿਖਤ: 13X9 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ ॥ ਬਾਰਾਮਾਹਾ ਨਢੜੇ ਦਾ ॥ ਚੇਤ੍ਰ ਚਿਤ ਉਦਾਸ ਸਈਓ ਨੀ ਮੈ ਕਿਤ ਵਲ ਜਾਵਾਂ ॥ ਨਢੜੇ ਨਿਦਾਨ ਕੰਤ ਨਾਲ ਮੈ ਲਈਆ ਲਾਂਵਾਂ ॥ ਨਿਜ ਜਣੇਦੀਏ ਨੀ ਮੇਰੀਏ ਭੋਲੀਏ ਮਾਏ ॥ ਅਨੀ ਓਹੁ ਲਾਗੀ ਮਰ ਜਾਂਨ ਜਿਨਾਂ ਮਰੈ ਲਗਨ ਗਿਣਾਏ ॥ ੧ ॥.. |
| ਅੰਤ | : …ਫਗਣ ਦੇ ਮਹੀਨੇ ਫੁਲਾਂ ਵਾਂਸ ਘਨੇਰਾ ॥ ਅਨੀ ਮਾਏ ਭੌਰੇ ਨੇ ਕੀਤਾ ਇਕ ਰੈਨ ਬਸੇਰਾ ॥ ਫੁਲਾਂ ਦੀ ਛੇਜ ਕੰਤ ਨੇ ਆਇ ਵਿਛਾਈ ॥ ਅਨੀ ਮਾਏ ਕਹੇ ਪ੍ਰੇਮ ਦਾਸ ਰਬ ਸਚੇ ਪੂਰੀ ਪਾਈ ॥ ੧੨ ॥ |

| | |
|---|---|
| ਹੱਥ ਲਿਖਤ ਨੰ | : MS 345 ਗ |
| ਸਿਰਲੇਖ | : ਬਾਰਾਮਾਹਾ ਨਿਰਬਾਣ ਦਾ |
| ਲੇਖਕ | : ਹਰਿ ਕ੍ਰਿਸ਼ਨ ਦਿਆਲ |
| ਪੱਤਰੇ | : 82 ੳ – 87 ੳ |
| ਅਕਾਰ | : 18X12.5 ਸ.ਮ. ਲਿਖਤ: 13X9 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ ॥ ਬਾਰਾਮਾਹਾ ਨਿਰਬਾਣ ਦਾ ਲਿਖਯਤੇ ॥ ਜਬ ਚੜੇ ਚੇਤ ਬਹਾਰੁ ॥ ਸਿਮਰ ਲੈ ਏਕੋ ਸਿਰਜਣਹਾਰੁ ॥ ਰਹਿਆ ਸਭ ਘਟਿ ਮੈ ਜੋਤੁ ਪਾਸਾਰੁ ਨਿਰਾਲਾ ਆਦਿ ਹੈ ॥੧॥ ਜੋ ਕਿਛੁ ਕਰੇ ਸੋਈ ਕਿਛੁ ਸਾਜੇ ॥ ਬ੍ਰਹਮਾ ਬਿਸਨ ਮਹਾਂ ਦੇਉ ਰਾਜੇ ॥ ਤੀਨੋ ਤੀਨ ਲੋਕ ਕੇ ਰਾਜੇ ਆਦਿ ਜੁਗਾਦਿ ਹੈ ॥ ੨ ॥… |
| ਅੰਤ | : …ਓਇ ਰਤੇ ਨੀ ਹਰਿ ਨਾਲਿ ॥ ਸਦਾ ਨਿਤ ਰਹਿਦੇ ਅਪਨੇ ਖਿਆਲ ॥ ਮਸਤਕ ਸੋਹੇ ਲਾਲ ਗੁਲਾਲ ਸਾਖੀ ਨੀ ਧਰਮ ਦੇ ॥ ੩ ॥ ਅਮਰ ਦਾਸ ਘਰ ਏਹਾ ਪਲ ਪਲ ॥ ਇਕੋ ਲਖਾਂ ਜੇਹੀ ਗੁਜਰੀ ਸਾਇਤ ਕੂੜ ਸਨੇਹਾ ਐਵੇ ਭਰਮਦੇ ॥ ਫੁਲ ਹਰੀ ਕੇ ਹਰਿ ਜੀ ਕਿਸਨਾ ਦਯਾਲ ਜੀ ॥ ੪ ॥ ੧੨ ॥ |

| | |
|---|---|
| ਹੱਥ ਲਿਖਤ ਨੰ | : MS 345 ਘ |
| ਸਿਰਲੇਖ | : ਸੀਹਰਫੀ ਹਾਸ਼ਮ ਸ਼ਾਹ ਦੀ |
| ਲੇਖਕ | : ਹਾਸ਼ਮ ਸ਼ਾਹ |
| ਪੱਤਰੇ | : 87 ੳ – 95 ੳ |
| ਅਕਾਰ | : 18X12.5 ਸ.ਮ. ਲਿਖਤ: 13X9 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |

ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸਿਹਰਫੀ ਹਾਸਮ ਸਾਹ ਦੀ ਲਿਖਯਤੇ ॥ ਅਲਫ ਅਲੀਆ ਵਾਲੀਏ ਆਸਕਾ ਨੂੰ ਕੇਹੀਆ ਅਲੀਆਂ ਛੰਮਕਾ ਲਾਉਨੀ ਹੈ ॥ ਤੇਰਿਆ ਸਾਦਿਆ ਨੈਣਾਂ ਨੇ ਮਾਰ ਸੁਟੇ ਪਿਛੋ ਸੁਰਮੇ ਦੀ ਸਾਂਗ ਚਲਾਵਨੀ ਹੈ ॥ ਤੇਰੀ ਚਾਲ ਥੋ ਜਾਨ ਕੁਰਬਾਨ ਕਦੀ ਮਨੁ ਆਜਦਾ ਕਿਉ ਤਰਸਾਵਨੀ ਹੈ ॥ ਹਾਂਸਮ ਸਾਹ ਦੀ ਮੌਤ ਨਜੀਕ ਆਵੈ ਜਦੋ ਅਲੀਆਂ ਤੂੰ ਛਣਕਾਉਨੀ ਹੈ ॥ ੧ ॥…

ਅੰਤ : …ਯੇ ਯਾਰੀਆ ਕਰਨ ਐਸਾਨ ਨਾਹੀ ਨਾਲ ਜੋਗੁ ਬੈਰਾਗੁ ਸੰਨਿਆਸੀਆ ਦੇ ॥ ਕੌਣ ਲਾਇ ਬਿਭੂਤ ਮਲੰਗ ਹੋਇ ਦਿਲਾਂ ਘਾਇਲਾ ਨਾਲ ਉਦਾਸੀਆਂ ਦੇ ॥ ਪਿਛੇ ਲਗ ਕੇ ਬਹੁਤ ਖਰਾਬ ਹੋਏ ਇਨਾਂ ਅਖੀਆ ਦਰਸ ਪਿਆਸੀਆ ਦੇ ॥ ਹਾਸਮ ਸਾਹਿ ਮੀਆ ਹੁਣਿ ਬਹੁਤ ਹੋਈ ਛਡਿ ਖਿਯਾਲ ਰਸੀਲੀਆ ਹਾਸੀਆ ਦੇ ॥ ੩● ॥

ਹੱਥ ਲਿਖਤ ਨੰ : MS 345 ਙ
ਸਿਰਲੇਖ : ਸੀਹਰਫੀ ਗੁਪਾਲ ਸਿੰਘ ਦੀ
ਲੇਖਕ : ਗੁਪਾਲ ਸਿੰਘ
ਪੱਤਰੇ : 95 ੳ – 102 ੳ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ

ਆਰੰਭ : ਸਿਹਰਫੀ ਗੁਪਾਲ ਸਿੰਘ ਦੀ ॥ ੧ੳ ਸਤਿਗੁਰ ਪ੍ਰਸਾਦਿ ॥ ਅਲਫ ਆਣਿ ਕੇ ਏਸ ਜਹਾਂਨ ਬੰਦੇ ਗੰਦੇ ਕੰਮ ਨੂੰ ਹਥ ਕੀ ਪਾਇਆ ਈ ॥ ਸਚੇ ਰਬ ਦੇ ਨਾਲ ਕਰਾਰੁ ਤੇਰਾ ਮੁਢੋ ਚਿਤ ਤੋ ਚਾਇ ਭੁਲਾਇਆ ਈ ॥ ਸੰਗਿ ਛਡਿ ਕੁਸੰਗ ਦੇ ਨਾਲ ਰਤੋ ਝੂਠਾ ਆਪ ਨੂੰ ਕੁਝ ਕਹਾਇਆ ਈ ॥ ਕੰਨੀ ਬਨ ਕੇ ਕਚ ਗੁਪਾਲ ਸਿੰਘਾ ਹੀਰਾ ਖਾਕ ਦੇ ਨਾਲ ਰਲਾਇਆ ਈ ॥ ੧ ॥…

ਅੰਤ : …ਯੇ ਯਾਰ ਅਸਾਡੜਾ ਇਕੁ ਤੂੰ ਹੈ ਤੇਰੇ ਬਾਝੁ ਨ ਆਸਰਾ ਹੋਰ ਹੈ ਜੀ ॥ ਰਬਾ ਸੁਣੀ ਚਿਰੀ ਚਿਛੁੰਨਿਆ ਦੀ ਗਈ ਰੈਣ ਹੋਇਆ ਹੁਣਿ ਭੋਰੁ ਹੈ ਜੀ ॥ ਜਫੀ ਘਤ ਲਈ ਗਲ ਯਾਰ ਦੇ ਜੀ ਸੁਣੀ ਏਸ ਦਾ ਇਹੁ ਨਿਚੋੜ ਹੈ ਜੀ ॥ ਅਖੀ ਖੋਲੀਆ ਗੁਰਾ ਗੁਪਾਲ ਸਿੰਘਾ ਆਪੇ ਚੰਦ ਤੇ ਆਪ ਚੋਕਰੁ ਹੈ ਜੀ ॥ ੩● ॥ ਸਿਹਰਫੀ ਸਪੂਰਨੰ ॥ ੧ ॥

ਹੱਥ ਲਿਖਤ ਨੰ : MS 345 ਚ
ਸਿਰਲੇਖ : ਸੀਹਰਫੀ ਐਦਲ ਕੀ
ਲੇਖਕ : ਐਦਲ
ਪੱਤਰੇ : 102 ਅ – 109 ੳ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ

ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸੂਫੀ ਐਦਲ ਕੀ ਲਿਖਯਤੇ ॥ ॥ ਅਲਫ ਅਸਾਡੇ ਦਿਲ ਵਿਚ ਆਈ ਕਿਤੈ ਲਗਾਏ ਯਾਰੀ ਦੋਸਤਦਾਰੀ ॥ ਕੋਈ ਰੋਵੈ ਨੇਕ ਅਸੀਲ ਅਵਾਇਲੁ ਸੂਰਤ ਸਕਲ ਨਿਜਾਰੀ ਬਹੁਤ ਪਿਜਾਰੀ ॥ ਲਾਡ ਅਡਾਇ ਮਹਿਬੂਬਾ ਵਾਲੀ ਕ੍ਰੋ ਮੁਹਬਤ ਯਾਰੀ ਦਿਲ ਥੀ ਸਾਰੀ ॥ ਐਦਲ ਤੋੜੀ ਨਬਾਵੈ ਜੇਹੜਾ ਫਿਰ ਮੁਕਰੇ ਨਾ ਖੁਵਾਰੀ ਸੋ ਹਰ ਤੇ ਭਾਰੀ ॥ ੧ ॥…

ਅੰਤ : ...ਅਲਫ ਅਰਜ ਮੈਡੀ ਰਬ ਸਾਹਿਬ ਦਿਲ ਵਿਚਰੈ ਮਲਿ ਆਵੀ ਆਸ ਪੁਜਾਵੀ ॥ ਜਾਨੀ ਯਾਰ ਦੋਸਤਾ ਕੋਲੋ ਮੇਰੀ ਇਜਤ ਨਾਲ ਨਿਬਾਹਾਵੀ ਫਰਕ ਨਾ ਪਾਵੀ ॥ ਬੇਮੁਹਤਾਜ ਰਖੀ ਜਿੰਦ ਮੈਡੀ ਗਮੀ ਮੂਲ ਨਾ ਦਿਖਾਵੀ ਐਸ ਕਰਾਵੀ ॥ ਨਰ ਮੁਰਖ ਕੀ ਜਾਣ ਨਿਗੋਲੇ ਨੇਹੁ ਅਸੀਲ ਕਮਾਵਨ ਉਮਰਾ ਤਾਂਈ ਆਸ ਪੁਜਾਵੀ ॥ ੩● ॥

ਹੱਥ ਲਿਖਤ ਨੰ : MS 345 ਛ
ਸਿਰਲੇਖ : ਬਾਰਾਮਾਹਾ ਹੀਰ
ਲੇਖਕ : ਬੁਧਿ ਸਿੰਘ
ਪੱਤਰੇ : 109 ੳ – 118 ਅ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ੳਹੀ
ਆਮ ਵੇਰਵਾ : ੳਹੀ
ਆਰੰਭ : ੧ੴ ਸਤਿਗੁਰੁ ਪ੍ਰਸਾਦਿ ॥ ਅਥ ਬਾਰਾਮਾਹਾਂ ਹੀਰ ਕ੍ਰਿਤ ਬੁਧਿ ਸਿੰਘ ਲਿਖਯਤੇ ॥ ਰਬਾ ਚੜਿਆ ਚੇਤ ਮਹੀਨਾ ॥ ਇਸ ਕੇ ਜੋਰ ਤਪਾਇਆ ਸੀਨਾ ਮੈਡਾ ਦਿਲੁ ਮਾਹੀ ਨੇ ਲੀਨਾ ॥ ਖੇੜਾ ਹੁੰਦਾ ਕੌਣ ਕਮੀਨਾ ॥ ਮੌਲਾ ਮੇਲੀ ਯਾਰ ਨਗੀਨਾ ॥ ਮੈ ਤਾਂ ਹੋਈਆ ਬਾਝ ਅਧੀਨਾ ਬਾਝੋ ਯਾਰ ਦੇ ॥...
ਅੰਤ : ...ਬੁਧ ਸਿੰਘੁ ਹੀਰ ਸੁ ਹੀਰਾ ਪਾਇਆ ॥ ਬ੍ਰਿਹੋ ਦਾਰਦ ਦੁਖੁ ਵੰਵਾਇਆ ॥ ਮੌਲੇ ਮੁਲਖੁ ਸੁ ਫੇਰ ਵਸਾਇਆ ॥ ਸੀਨੇ ਸਚੁ ਸਲੇਟੀ ਆਇਆ ॥ ਹਭੋ ਹਾਰ ਸਿੰਗਾਰੁ ਬਣਾਇਆ ॥ ਦੂਜਾ ਭਾਉ ਸੁ ਮਨਹੁ ਮਿਟਾਇਆ ॥ ਸੁਲਖਣੀ ਇਹਿ ਘੜੀ ॥ ੪ ॥ ਫੁਲਹਰੀ ਸੁਹਰਦੀ ਹਾਂ ਕਿ ਵਹਦੀ ਤਖਤ ਹਜਾਰੇ ਜਾਂ ਮਹੀਨੇ ਸਭੇ ਗੁਜਰੇ ॥ ੧੨ ॥

ਹੱਥ ਲਿਖਤ ਨੰ : MS 345 ਜ
ਸਿਰਲੇਖ : ਸੀਹਰਫੀ ਰਾਵਣ ਦੀ
ਪੱਤਰੇ : 119 ੳ – 125 ੳ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ੳਹੀ
ਆਮ ਵੇਰਵਾ : ੳਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸਿਹਰਫੀ ਰਾਵਣ ਦੀ ਬੈਤ ਲਿਖਯਤੇ ॥ ਅਲਫ ਅਰਾਧਣਾ ਸਿਵਾ ਦੀ ਕਰੈ ਰਾਵਨ ਜਿਸ ਜੋਗੀ ਦਾ ਭੇਸ ਬਨਾਇਆ ਏ ॥ ਇਕ ਸੋਨੇ ਦਾ ਮ੍ਰਿਗ ਬਨਾਇ ਕੇ ਜੀ ਅਗੇ ਸੀਤਾ ਦੇ ਆਨ ਕੁਦਾਇਆ ਏ ॥ ਸੀਤਾ ਆਖਦੀ ਰਾਮ ਜੀ ਮ੍ਰਿਗ ਲਿਆਵੋ ਰਾਮ ਪਕੜ ਧਨਖ ਉਠ ਧਾਇਆ ਏ ॥ ਸੀਤਾ ਲਾਇਆ ਤਾਨਾ ਪਿਛੋ ਗਇਆ ਲਛਮਨ ਰਾਵਣ ਆਣ ਅਲਖ ਜਗਾਇਆ ਏ ॥ ੧ ॥...
ਅੰਤ : ...ਯੇ ਯਾਦ ਅਜੁਧਿਆ ਰਾਮ ਆਈ ਹਨੂੰਮਾਨ ਦੀ ਚੌਕੀ ਬਹਾਉਦਾ ਏ ॥ ਸੀਤਾ ਲੈ ਸਮੁੰਦ੍ਰੋ ਪਾਰ ਹੋਇਆ ਪੁਲ ਤੋੜ ਅਜੁਧਿਆ ਆਉਦਾ ਏ ॥ ਭਰਥ ਆਨਿ ਕੇ ਰਾਮ ਦੇ ਪੈਰ ਚੁੰਮੇ ਗਦੀ ਆਪਣੀ ਛਤਰ ਝੁਲਾਉਦਾ ਏ ॥ ਸੇਵਾਦਾਰੁ ਮੁਥਾਜੁ ਗੁਲਾਮ ਤੇਰਾ ਦੇਹੋ ਵਰੁ ਤੇਰਾ ਜਸੁ ਗਾਉਦਾ ਏ ॥੩●॥ ਸੰਪੂਰਨੰ ॥

| | |
|---|---|
| ਹੱਥ ਲਿਖਤ ਨੰ | : MS 345 ਝ |
| ਸਿਰਲੇਖ | : ਕਾਫ਼ੀ ਬਾਬੇ ਨਾਨਕ ਜੀ |
| ਲੇਖਕ | : ਗੁਰੂ ਨਾਨਕ ਦੇਵ |
| ਪੱਤਰੇ | : 125 ਅ – 127 ਅ |
| ਅਕਾਰ | : 18X12.5 ਸ.ਮ. ਲਿਖਤ: 13X9 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ ॥ ਕਾਫ਼ੀ ਬਾਬੇ ਨਾਨਕ ਜੀ ਲਿਖੀ ਮਹਲਾ । ੧ । ਆਵੋ ਸਖੀ ਸਹੇਲੀਓ ਬਹਿ ਮਸਲਤ ਗੋਈਐ ॥ ਆਪੋ ਆਪਨੇ ਹਾਲ ਨੂੰ ਭਰਿ ਹੰਝੂ ਰੋਈਐ ॥ ਖੇਡੇ ਲਾਲਚ ਲਗਿਆ ਮੈ ਉਮਰ ਗਵਾਈ ॥ ਕਦੇ ਨ ਬੈਠੀ ਪੂਣੀ ਹਥ ਲੈ ਇਕ ਤੰਦ ਨ ਪਾਈ ॥ ਚਰਖਾ ਮੇਰਾ ਰੰਗਲਾ ਉਸ ਘਾਂੜੂ ਘੜਿਆ ॥ ਇਵੈ ਪੁਰਾਣਾ ਹੋਇ ਗਇਆ ਵਿਚ ਕੁਛੇ ਧਰਿਆ ॥... |
| ਅੰਤ | : ...ਨ ਗਲ ਹਾਰ ਹਮੇਲ ਹੈ ਨ ਮੁੰਦੀ ਛਲੇ ॥ ਅਹਾਰੁ ਤਤੀ ਦਾਨ ਹੋਇਆ ਕੋਈ ਢੰਗੁ ਨ ਸਵਲਾ ॥ ਬਾਜੂ ਬੰਦੁ ਨ ਬੰਧਿਆ ਨ ਕੰਗਣ ਪਏ ॥ ਵਖਤੁ ਵਿਗਣਾ ਕੀ...ਰਾਣੀ ਮੇਰੀ ਮਾਏ ॥ ਆਖ ਫ਼ਰੀਦਾ ਕੀ ਕਰਾ ਹੁਣ ਵਖਤੁ ਵਿਹਾਣੀ ॥ ਓੜਕ ਵੇਲਾ ਦੇਖ ਕੇ ਹੁਣ ਬਹੁ ਪਛੁਤਾਣੇ ॥ ਕਾਫੀ ਬਾਬੇ ਨਾਨਕ ਜੀ ਕੀ ਸੰਪੂਰਨੰ ॥ ੩ ॥ |

| | |
|---|---|
| ਹੱਥ ਲਿਖਤ ਨੰ | : MS 345 ਞ |
| ਸਿਰਲੇਖ | : ਬੁਲੇ ਸ਼ਾਹ ਕੀ ਸ਼ਹਰਫ਼ੀ [ਸੀਹਰਫੀ] |
| ਲੇਖਕ | : ਬੁਲ੍ਹੇ ਸ਼ਾਹ |
| ਪੱਤਰੇ | : 129 ੳ – 135 ਅ |
| ਅਕਾਰ | : 18X12.5 ਸ.ਮ. ਲਿਖਤ: 13X9 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ ॥ ਬੁਲੇ ਸ਼ਾਹ ਕੀ ਸਹਰਫੀ ਲਿਖਯਤੇ । ਅਲਫ ਅਪਣੇ ਆਪ ਨੂੰ ਸਮਝ ਪਹਿਲੇ, ਕੀ ਵਸਤ ਹੈ ਤੇਰੜਾ ਰੂਪ ਪਿਆਰੇ ॥ ਬਾਝ ਆਪਣੇ ਆਪ ਦੇ ਸੁਹੀ ਕੀਤੇ, ਰਹਿਓ ਵਿਚੁ ਵਿਸੂਰੇ ਦੇ ਦੁਖ ਭਾਰੇ ॥ ਹੋਰ ਲਖ ਉਪਾਉ ਨਾ ਸੁਖ ਕੋਈ, ਪੁਛ ਵੇਖ ਸਿਆਨੜੇ ਜਗ ਸਾਰੇ ॥ ਸੁਖ ਰੂਪ ਅਨੰਦ ਚਿਤਨ ਹੈ ਤੂੰ ਬੁਲਾ ਸਾਹੁ ਪੁਕਾਰਦੇ ਵੇਦ ਚਾਰੇ । ੧ ।... |
| ਅੰਤ | : ...ਯੇ ਯਾਰ ਪਾਇਆ ਸਈਓ ਮੇਰੀਓ ਨੀ, ਮੈ ਤਾਂ ਆਪਣਾ ਆਪ ਗਵਾਇਕੇ ਨੀ ॥ ਰਹੀ ਸੁਧ ਨਾ ਬੁਧ ਜਹਾਂਨ ਕੇਰੀ, ਥਕੀ ਬ੍ਰਿਤ ਅਨੰਦ ਮੋ ਜਾਇ ਕੇ ਨੀ ॥ ਆਠੋ ਜਾਂਮ ਬਿਸਰਾਂਮ ਨਾ ਕਾਮ ਕੋਈ, ਦੂਯੀ ਗਿਯਾਨ ਦੀ ਭਾਹਿ ਜਲਾਇ ਕੇ ਨੀ ॥ ਬੁਲਾ ਸਾਹੁ ਜਾਨੀ ਗਲ ਲਾਇ ਕੇ ਨੀ ।੩●। |

| | |
|---|---|
| ਹੱਥ ਲਿਖਤ ਨੰ | : MS 345 ਟ |
| ਸਿਰਲੇਖ | : ਸਿਹਰਫ਼ੀ ਗੋਪੀ ਚੰਦ |
| ਲੇਖਕ | : ਗੰਗਾ ਰਾਮ |
| ਪੱਤਰੇ | : 135 ਅ – 144 ੳ |
| ਅਕਾਰ | : 18X12.5 ਸ.ਮ. ਲਿਖਤ: 13X9 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਿਹਰਫ਼ੀ ਗੋਪੀਚੰਦ ਲਿਖਯਤੇ ॥ ਅਲਫ ਆਇ ਗੋਪੀ ਚੰਦ ਨਾਵਦਾ ਸੀ, ਮਾਤਾ ਦੇਖ ਮਹਲ ਦੇ ਵਿਚ ਰੋਈ ॥ ਛਡ ਗਏ ਨੀ ਸੀਸ ਮਹਲ ਰਾਜੇ, ਜਾਂਦੀ ਵਾਰ ਨਾ ਲੈ ਗਇਆ ਨਾਲ ਕੋਈ ॥ ਜੇਹੜੇ ਰਾਜ ਤਿਆਗ ਕੇ ਹੋਨ ਜੋਗੀ, ਉਨਾ ਮਿਲੇ ਦਰਗਾਹ ਦੇ ਵਿਚ ਢੋਈ ॥ ਗੰਗਾ ਰਾਮ ਪੁਕਾਰਦੀ ਮੈਣਾਵੰਤੀ, ਮਨੁ ਭਾਵਦੀ ਹੀ ਕਰੀ ਗਲ ਸੋਈ । ੧ ।…

ਅੰਤ : …ਯੇ ਯਾਦ ਕਰੀਏ ਰਬ ਆਪਣੇ ਨੂੰ ਮੈਣਾਵੰਤੀ ਦੀ ਮਉਤ ਜੁ ਆਈ ਮਾਤਾ ॥ ਗੋਪੀ ਚੰਦ ਨੇ ਮਾਤਾ ਨੂੰ ਫੂਕਿਆ ਈ, ਹਥ ਸਜੇ ਤੇ ਅਗ ਲਗਾਈ ਮਾਤਾ ॥ ਮਾਤਾ ਗਈ ਬੈਕੁੰਠ ਵਿਚ ਉਸੇ ਵੇਲੇ ਸਿਧਾ ਜੈ ਜੈ ਕਾਰ ਬੁਲਾਈ ਮਾਤਾ ॥ ਗੰਗਾ ਰਾਮ ਸੁਮੇਰ ਨੂ ਗਇਆ ਰਾਜਾ, ਜਾ ਕੇ ਗੋਰਖ ਨੂੰ ਅਲਖ ਜਗਾਈ ਮਾਤਾ ॥ ੩● ॥ ਸੰਪੂਰਨੰ ॥

ਹੱਥ ਲਿਖਤ ਨੰ : MS 345 ਠ

ਸਿਰਲੇਖ : ਦਿਨ ਸਾਵਣ

ਲੇਖਕ : ਸਾਵਣਯਾਰ

ਪੱਤਰੇ : 144 ੳ – 150 ਅ

ਅਕਾਰ : 18X12.5 ਸ.ਮ. ਲਿਖਤ: 13X9 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਦਿਨੁ ਸਾਵਣ ਲਿਖਯਤੇ । ਦਿਨ ਪਹਿਲੇ ਮੈਨੂੰ ਸੋਤ ਸਜਣ ਦੀ, ਵਿਛੁੜੇ ਨੀ ਅਜੁ ਬੇਲੀ ॥ ਹੋਇ ਹਿਰਾਂਨ ਕੂਕਾ ਵਿਚਿ ਦਰਦੇ, ਸੁਞੀ ਵੇਖ ਹਵੇਲੀ ॥ ਦਰਦ ਫਿਰਾਕ ਮਾਹੀ ਦੇ ਢੂੰਢਾਂ, ਜੰਗਲ ਜਾਂਨ ਇਕੇਲੀ ॥ ਸਾਵਣਯਾਰ ਵਿਸਾਰ ਨ ਮੈਨੂੰ ਕੰਤਾ ਬਾਝ ਮਹੇਲੀ ।…

ਅੰਤ : …ਦਿਨ ਤੀਹਵੈ ਮੈਨੂੰ ਯਾਰ ਜੁ ਮਿਲਿਆ, ਮੇਰੇ ਦਾਰਦ ਦੁਖ ਵੰਞਾਏ ॥ ਹੋਆ ਫਜਲ ਘੁਲੀ ਵਾਉ ਠੰਢੀ, ਆਨੰਦ ਮੰਗਲ ਗੁਣ ਗਾਏ ॥ ਸਭ ਸਈਯਾਂ ਮੈਨੂੰ ਦੇਹੁ ਵਧਾਈਆਂ, ਸਗਲੀ ਚਿੰਤ ਮਿਟਾਏ ॥ ਸਾਵਣਯਾਰ ਮੈ ਹੋਈ ਸੁਹਾਗਣਿ, ਜੇ ਜਾਨੀ ਗਲ ਲਾਏ ॥ ੩● ॥

ਹੱਥ ਲਿਖਤ ਨੰ : MS 345 ਡ

ਸਿਰਲੇਖ : ਸਿਹਰਫ਼ੀ ਦਿਯਾਲ ਸਿੰਘ ਜੀ ਕੀ

ਲੇਖਕ : ਦਿਆਲ ਸਿੰਘ

ਪੱਤਰੇ : 150 ਅ – 158 ੳ

ਅਕਾਰ : 18X12.5 ਸ.ਮ. ਲਿਖਤ: 13X9 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਿਹਰਫ਼ੀ ਦਿਆਲ ਸਿੰਘ ਜੀ ਕੀ ਲਿਖਯਤੇ ॥ ੧ ॥ ਅਲਫ ਆਇਓ ਕੁਝ ਕਮਾਵਣੇ ਨੂੰ, ਅਤੇ ਚਾਵਣੇ ਕੁਝ ਤੂੰ ਚਾਵਨਾਂ ਹੈ ॥ ਇਸ ਗਲ ਥੀ ਕੁਝ ਨਾਂ ਫਾਇਦਾ ਈ, ਜੇੜੇ ਗੈਰ ਤੂੰ ਕੰਮ ਕਮਾਵਨਾਂ ਹੈ ॥ ਇਸ ਵੇਲੜੇ ਹਥੁ ਨਾਂ ਆਵਣਾਂ ਈ, ਜਾਣ ਬੁਝ ਕੇ ਦੁਖ ਤੂੰ ਪਾਵਨਾਂ ਹੈ ॥ ਦਿਯਾਲ ਸਿੰਘ ਨੀ ਪੈਦੀਆ ਕਿੜਾਂ ਤੈਨੂੰ, ਕਿਉ ਰਾਹਿ ਅਵਲੜੇ ਜਾਵਨਾਂ ਹੈ ॥੧॥…

ਅੰਤ : …ਯੇ ਯਾਰ ਪੁਕਾਰਦੇ ਸਭ ਤੈਨੂੰ, ਉਤੋ ਦਿਹੁ ਲਥਾ ਰਾਤ ਆਈਆ ਈ ॥ ਕੁਝ ਕਰ ਲੈ ਕੰਮ ਕਮਾਵਣਾ ਈ, ਵਿਚ ਖੇਡ ਦੇ ਉਮਰ ਵੰਞਾਈਆ ਈ । ਜਿਸ ਵੇਲੜੇ ਸਦਕੇ ਪੁਛੀਏਗਾ, ਤੈਨੂੰ

ਆਵਸੀ ਗਲ ਨਾਂ ਕਾਈਆ ਈ ॥ ਦਿਯਾਲ ਸਿੰਘ ਇਹ ਕਹਿਰ ਕੀ ਪਿਆ ਤੈਨੂੰ, ਬੂਹੇ ਵੜਦਿਆਂ ਵਸਤ ਮੁਹਾਈਆ ਈ ॥ ੩● ॥

ਹੱਥ ਲਿਖਤ ਨੰ : MS 345 ਢ
ਸਿਰਲੇਖ : ਜੰਵ ਦਿਯਾਲ ਸਿੰਘ
ਲੇਖਕ : ਦਿਆਲ ਸਿੰਘ
ਪੱਤਰੇ : 158 ੳ – 160 ਅ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਜੰਵ ਦਿਆਲ ਸਿੰਘ ਕੀ ਲਿੱਖਯਤੇ ॥ ਦੋਹਰਾ ॥ ਪ੍ਰਿਥਮ ਗਣੇਸ ਮਨਾਇ ਕੈ ਦੇਵੀ ਵਰ ਤੁਮ ਦੇਹੁ ॥ ਦੇਹ ਬੁਧ ਤਤਕਾਲ ਹਮ ਜੁ ਲਾਗੋ ਤੁਮਰੀ ਸੇਵ ॥੧॥ ਚੌਂ ॥ ਸੁਨੋ ਸਖੀ ਇਕ ਬਚਨ ਉਚਾਰੋਂ ॥ ਤੁਮਰੇ ਮਨ ਕਾ ਭਰਮ ਨਿਵਾਰੋਂ ਤੁਮ ਬਾਧੀ ਹੈ ਜੰਵ ਹਮਾਰੀ ॥ ਅਬਿ ਬਿਨਤੀ ਸੁਨ ਲੇਹੁ ਪਿਆਰੀ ॥ ੨ ॥...
ਅੰਤ : ...ਮਾ ਤੇਰੀ ਜੁ ਆਗਰੇ ਬੰਧੀ, ਪਿਉ ਤੇਰਾ ਅਜਮੇਰ ॥ ਜੇ ਤੂ ਸੁਘੜ ਸੁਜਾਨ ਹੈ, ਤਾ ਦੁਹਾ ਦਾ ਕਰ ਮੇਲ ॥ ੨੯ ॥ ਬੰਨ੍ਹ ਸਠਿ ਸਹੇਲੀਆ, ਬੰਨ੍ਹ ਕੁਆਰੀ ਕੰਜ ਸਦਕਾ ਨਾਨਕ ਸ਼ਾਹ ਦਾ , ਛੁਟੀ ਅਸਾਡੀ ਜੰਵ ॥ ੩●੩ ॥ ੧ ॥ ਜੰਵ ਸੰਪੂਰਨੰ ॥

ਹੱਥ ਲਿਖਤ ਨੰ : MS 345 ਣ
ਸਿਰਲੇਖ : ਜੰਗਨਾਮਾ ਸ਼ਾਹ ਮੁਹੰਮਦ ਦਾ
ਲੇਖਕ : ਸ਼ਾਹ ਮੁਹੰਮਦ
ਪੱਤਰੇ : 161 ੳ – 193 ਅ
ਅਕਾਰ : 18X12.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਜੰਗਨਾਵ ਸਾਹੁ ਮਹੰਮਦਿ ਦਾ ॥ ਅਵਲ ਹਮਦ ਜੁਨਾਬ ਅਲਾਹੀ ਦਾ, ਜੇਹੜਾ ਕੁਦਰਤੀ ਖੇਲ ਬਨਾਵਦਾ ਈ ॥ ਚੌਦਾ ਤਬਕਾ ਦਾ ਨਕਸਿ ਨਿਗਾਰ ਕਰਕੇ, ਰੰਗ ਰੰਗ ਦੇ ਬਾਗ ਲਗਾਵਦਾ ਈ ॥ ਸਬਾ ਪਿਛਲੀ ਸਭ ਸਮੇਟ ਲੈਦਾ, ਅਗੇ ਹੋਰ ਦੀ ਹੋਰ ਵਛਾਵਦਾ ਈ ॥ ਸਾਹੁ ਮਹੰਮਦਾ ਓਸ ਥੋ ਸਦਾ ਡਰੀਏ, ਬਾਤਸਾਹਾ ਤੋ ਭੀਖ ਮੰਗਾਵਦਾ ਈ ॥ ੧ ॥...
ਅੰਤ : ...ਸੰਮਤਿ ਉਨੀ ਸੈ ਦੂਸਰਾ ॥ ਵਰਤਿਆ ਸੀ ਜਦੋਂ ਹੋਇਆ ਸੀ ਫਰੰਗੀ ਦਾ ਜੰਗ ਮੀਆਂ ॥ ਹੈ ਸੀ ਖੂਨ ਦੀ ਓਹੁ ਜਮੀਨ ਪਿਆਸੀ ॥ ਹੋਇ ਸੁਰਖ ਸਰਾਬ ਦੇ ਰੰਗ ਮੀਆਂ ॥ ਧਰਤੀ ਵਡ ਕੇ ਧੂੜ ਦੇ ਬਣੇ ਬਦਲ, ਜੈਸੇ ਚੜੇ ਅਕਾਸ ਪਤੰਗ ਮੀਆਂ ॥ ਸਾਹੁ ਮਹੰਮਦਾ ਸਿਰਾ ਦੀ ਲਾਇ ਬਾਜੀ ਨਹੀ ਮੋੜਦੇ ਸੂਰਮੇ ਅੰਗ ਮੀਆਂ ॥ ੧੫ ॥ = ॥ = ॥ ਜੰਗਨਾਵਾ ਸੰਪੂਰਨੰ ॥ ਜੋੜ ਸਰਬਤਿ ਬੈਤਾਂ ਦਾ ॥ ਇਕਸੌ ਪੰਜ ॥ ਹੈਨ ॥ ੧●੫ ॥ = ॥ = ॥

ਹੱਥ ਲਿਖਤ ਨੰ : MS 346 ਸੰਗ੍ਰਹਿ
ਸਿਰਲੇਖ : ਬਾਣੀ (ਪਾਤਸ਼ਾਹੀ 10)
ਪੱਤਰੇ : 1-6

ਅਕਾਰ : 19 X 13 ਸ.ਮ. ਲਿਖਤ : 15 X 10 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ ਖੜ੍ਹੇ ਰੁਖ, ਇਕ ਪੱਤਰੇ ਤੇ, ਵਿਚਕਾਰ ਲਾਲ ਕਾਲੀ ਅਤੇ ਆਸ ਪਾਸ ਲਾਲ ਲਕੀਰਾਂ ਹਨ । ਸਤਰਾਂ ਪ੍ਰਤੀ ਪੰਨਾ 11 ਹਨ ।

ਆਮ ਵੇਰਵਾ : ਪੱਤਰੇ 1 ਤੋਂ 6 ਤਕ ਬਹੁਤ ਕਿਰਮ ਖੁਰਦਾ ਫਟੇ ਹੋਏ, ਅਧੂਰੇ ਹਨ । ਇੰਵ ਮਾਲੂਮ ਹੁੰਦਾ ਹੈ ਕਿ ਕਿਸੇ ਹੋਰ ਪੋਥੀ ਦਾ ਹਿੱਸਾ ਹਨ । ਕਾਨੀ ਵੀ ਬਦਲੀ ਹੋਈ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਜਾਪੁ ॥ ਸ੍ਰੀ ਮੁਖਵਾਕ ਪਾਤਿਸਾਹੀ ॥ ੧● ॥ ਛਪੈ ॥ ਛੰਦ ॥ ਤ੍ਵਪ੍ਰਸਾਦਿ ॥ ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥ ਕੋਟਿ ਇੰਦ੍ਰ ਇੰਦ੍ਰਾਣਿ ਸਾਹ ਸਾਹਾਣਿ ਗਣਿਜੈ ॥...

ਅੰਤ : ...ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥ ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥ ੧੮ ॥ ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥ ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥ ੧੯ ॥ ਨਮੋ ਸਰਬ ਖਾਪੇ ॥ ਨਮੋ.....

ਹੱਥ ਲਿਖਤ ਨੰ : MS 346 ਅ

ਸਿਰਲੇਖ : ਅਸਵਮੇਧ ਭਾਖਾ

ਲੇਖਕ : ਬਿਆਸ, ਰਿਖੀ (ਵਿਆਸ)

ਅਨੁਵਾਦਕ : ਹਰਨਾਮ ਕਵੀ

ਪੱਤਰੇ : 7-480

ਅਕਾਰ : 19 X 13 ਸ.ਮ. ਲਿਖਤ : 15 X 10 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਖਸਤਾ, ਲਿਖਤ ਅਧੂਰੀ, ਪੰਨਿਆਂ ਦੇ ਅੰਕਿਤ ਨੰ: ਪੜ੍ਹਨ ਯੋਗ ਨਹੀਂ । ਅੰਤ ਵਿਚ ਕਾਨੀ ਵਿਚ ਫ਼ਰਕ ਹੈ । ਪੰਨਾ 441 ਤੋਂ ਲੈਕੇ ਪੰਨਿਆਂ ਦੇ ਅਕਾਰ ਵਿਚ ਫ਼ਰਕ ਹੈ । ਕਿਧਰੇ ਕਿਧਰੇ ਹਾਸ਼ੀਏ ਵਿਚ ਲਿਖਤ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਲਿਖਤ ਵੀ ਸਾਫ ਨਹੀਂ ਹੈ ।

ਆਰੰਭ : .....ਤੁਮਹੁੰ ਮਹਾਂਵੀਰ ਰਘੁਪਤਿ ਕੀ ॥ ਭਾਖੀ ਕਥਾ ।..... ਤਕੀ ॥ ਸੋ ਸੰਖਜਾ ਪਸੁ ਨੀ ਆਹਿ ਨਾਯਕ ॥ ਅਬ ਬਿਸਤਾਰ ਕਰੋ ਸੁਖ ਦਾਇਕ ॥ ੧● ॥....

ਅੰਤ : ...ਇਤਿ ਸ੍ਰੀ ਪਦਮ ਪੁਰਾਣੇ ਪਤਾਲ ਖੰਡੇ ਸੇਸ ਵਾਤਸਾਯਨ ਸੰਬਾਦੇ ਰਾਮਾ ਅਸ੍ਵਮੇਧ ਭਾਖਾ ਵਿਚਰਤਯੰ ਨਾਮ ਸਪਤ ਸਾਠਯੋ ਧਜਾਇ ॥ ੩੧ ॥ = ॥ = ॥ ਦੋਹਰਾ ॥ ਪੂਰਨ ਆਹੁਤ ਕਰ ਕਰੈ ਪ੍ਰਭੁ ਅਵੇ ਭ੍ਰਿਤ ਇਸਨਾਨ ॥ ਅਸਟ ਖਸਟਮੋ ਪ੍ਰਭੁ ਸੁ ਜਸ ਫਲ ਹੋਵੈ ਵਖਜਾਨ ॥ ਸੇਸਉ ਵਾਚ ॥ ਦੋਹਰਾ.....

ਹੱਥ ਲਿਖਤ ਨੰ : MS 347 ਸੰਗ੍ਰਹਿ

ਸਿਰਲੇਖ : ਗੁਰੂ ਨਾਨਕ ਦੇਵ ਅਸਟੰਕ

ਲੇਖਕ : ਨਰਾਇਣ ਸਿੰਘ ਨਿਰਮਲਾ

ਪੱਤਰੇ : 1-3

ਸਥਾਨ : ਤਰਨਤਾਰਨ

ਅਕਾਰ : 15 X 9 ਸ.ਮ. ਲਿਖਤ : 13 X 6 ਸ.ਮ.

ਵੇਰਵਾ : ਜਿ਼ਲਦ ਗੱਤਾ, ਸਿਆਹੀ ਕਾਲੀ , ਲਿਖਤ ਸੁੰਦਰ, , ਬਗੈਰ ਹਾਸ਼ੀਏ ਤੋਂ ਲਿਖਿਆ ਹੈ ।

ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਤ ਸੁੰਦਰ ਹੈ । ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਸਤਰਾਂ ਪ੍ਰਤੀ ਪੰਨਾ 5 ਹਨ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਸ੍ਰੀ ਗੁਰੂ ਨਾਨਕ ਦੇਵਾਸ੍ਰਕੰ ਪਰਾਰੰਮ: ॥ ਤੇਂ ॥ ਆਦਿ ਦੇਵ ਅਭੇਵ ਮੂਰਤਿ ਪਰਮ ਜੋਤਿ ਪ੍ਰਕਾਸਿਨੰ ॥ ਪ੍ਰਭੂ ਕਰਨ ਕਾਰਨ ਦੂਖ ਟਾਰਨ ਸਕਲ ਭਵ ਭਯ ਨਾਸਿਨੰ ॥ ਨਰ ਨਾਗ ਦੇਵ ਜਾਂ ਸੇਵ ਚਰਣੰ ਨਾਮ ਦਾਨ ਦਯਮਾਨਿਕੰ ॥ ਦੀਨ ਦਿਆਲ ਕ੍ਰਿਪਾਲ ਸ੍ਵਾਮੀ ਵੰਦੇਤੰ ਗੁਰੁ ਨਾਨਕੰ ॥ ੧ ॥...

ਅੰਤ : ...ਭਗਤ ਭਾਵਰੁ ਪ੍ਰੇਮ ਸੇਤੀ ਪਠਿ ਦਜੋ ਗੁਰੁ ਅਸ੍ਰਕੰ ॥ ਨਾਰੈਨ ਸਿੰਘ ਦੋ ਪਾਨ ਜੋਰੀ ਵੰਦੇਤੰ ਗੁਰੁ ਨਾਨਕੰ ॥ ੯ ॥ ਇਤਿ ਸ੍ਰੀਮਤ ਪੰਡਿਤ ਹਜੂਰਾ ਹਰੀ ਸਿਖਜੇਣ ਨਾਰਾਇਣ ਸਿੰਘੇਨ ਕਵਿ ਨਿਰਮਲੇਨ ਤਰਨ ਤਾਰਨ ਨਿਵਾਸਿਨਾ ਵਿਰਚਿਤੰ ਗੁਰੁ ਨਾਨਕ ਦੇਵਾਸ੍ਰਕੰ ਸੰਪੂਰਣੰ ॥

ਹੱਥ ਲਿਖਤ ਨੰ : MS 347 ਅ

ਸਿਰਲੇਖ : ਗੁਰੂ ਅੰਗਦ ਦਾਸ ਅਸਟੰਕ

ਲੇਖਕ : ਨਾਰਾਇਣ ਸਿੰਘ ਨਿਰਮਲਾ

ਪੱਤਰੇ : 4 - 5 ਅ

ਸਥਾਨ : ਤਰਨਤਾਰਨ

ਅਕਾਰ : 15 X 9 ਸ.ਮ. ਲਿਖਤ : 13 X 6 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ਤੇਂ ਨਸ: ੧ੴ ਸਤਿਗੁਰ ਪ੍ਰਸਾਦਿ ॥ ਅਥ ਸ੍ਰੀ ਗੁਰੂ ਅੰਗਦਾਸ੍ਰਕੰ ਪਰਾਰੰਭ: ॥ ਜਗੱਦ ਜਾਲ ਜਾਲਨੰ ॥ ਸਦੀਵ ਦਾਸ ਪਾਲਨੰ ॥ ਕ੍ਰਿਪਾਲ ਲਾਲ ਲੋਚਨੰ ॥ ਅਨੰਤ ਪਾਪ ਮੋਚ ਨੰ ॥ ਭਜੇ ਸੁ ਦਾਸਯੰ ਪਦੰ ॥ ਨਮਾ ਮਜ ਹੰਗੁਵੰ ਗਦੰ ॥ ੧ ॥...

ਅੰਤ : ...ਪ੍ਰਭਾਤ ਕਾਲ ਮਾਲ ਲੈ ॥ ਜਪੈ ਜੁ ਨਾਮ ਜਾਲ ਲੈ ॥ ਅਕਾਲ ਰੂਪ ਪਾਵਹੀ ॥ ਨਰੈਨ ਸਿੰਘ ਗਾਵਹੀ ॥ ੯ ॥ ਇਤਿ ਸ੍ਰੀਮਤ ਪੰਡਿਤ ਹਜੂਰਾ ਹਰੀ ਸਿਖਜੇਣ ਨਾਰਾਇਣ ਸਿੰਘੇਨ ਕਵਿ ਨਿਰਮਲੇਨ ਤ੍ਰਨ ਤਾਰਨ ਨਿਵਾਸਿ ਨਾ ਵਿਰਚਿਤੰ ਸ੍ਰੀ ਗੁਰੁ ਅੰਗਦਾਸ੍ਰਕੰ ਸੰਪੂਰਣੰ ॥

ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਜਿਲਦ ਤੇ ਬ੍ਰਾਸ ਰੰਗ ਦਾ ਪੈਚਵਰਕ, ਆਰੰਭ ਵਿਚ ਪੰਜ ਬਿਨਾਂ ਹਾਸ਼ੀਆ ਅਤੇ ਦੋ ਹਾਸ਼ੀਏ ਵਾਲੇ ਪੱਤਰੇ, ਅੰਤ ਵਿਚ ਇਕ ਹਾਸ਼ੀਏ ਵਾਲਾ ਅਤੇ ਦੋ ਬਿਨ੍ਹਾਂ ਹਾਸ਼ੀਆ ਪੱਤਰੇ ਖਾਲੀ ਹਨ । ਕਿਤੇ-ਕਿਤੇ ਹਾਸ਼ੀਏ ਵਿਚ ਲਿਖਤ, ਪੱਤਰਾ ਨੰ 229 ਤੋਂ ਬਾਅਦ 230 ਨੰ ਨਹੀਂ ਲਿਖਿਆ, ਅਤੇ ਦੋ ਪੱਤਰਿਆਂ ਤੇ 231 ਲਿਖਿਆ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ: ॥ ਅਥ ਵਿਚਾਰ ਸਾਗਰ ਗ੍ਰਿੰਥ ਲਿਖਯਤੇ ॥ ਅਥ ਵਸਤੂ ਨਿਰਦੇਸ ਰੂਪ ਮੰਗਲ ॥ ਦੋਹਰਾ ॥ ਜੋ ਸੁਖ ਨਿਤਜ ਪ੍ਰਕਾਸ ਵਿਭੁ ਨਾਮੁ ਰੂਪ ਆਧਾਰੁ ਮਤਿ ਨ ਲਖੈ ਜਿਹ ਮਤਿ ਸੋ ਮੈ ਸੁਧ ਅਪਾਰ ॥ ੧…

ਅੰਤ : …ਗਜਾਂਨੀ ਮੁਕਤਿ ਬਿਦੇਹਿ ਜਾਂ ਸੈ ਹੋਯ ਅਭੇਦ ॥ ਦਾਦੂ ਰੂਪ ਸੋ ਜਾਂਹਿ ਬਖਾਂਨਤ ਬੇਦ ॥੧੧੧॥ ਨਾਮ ਰੂਪ ਵਜਭਿਦਾਰ ਮੈ ਅਨੁਗਤ ਏਕ ਅਨੂਪ ॥ ਦਾਦੂ ਪਦ ਕੋ ਲਛਜ ਹੈਅ ਸੱਤਿ ਭਾਂਤ ਪ੍ਰਿਯ ਰੂਪ ॥ ੧੧੨ ॥ ਇਤਿ ਸ੍ਰੀ ਬਿਚਾਰ ਸਾਗਰੇ ਜੀਵਨ ਮੁਕਤਿ ਬਿਦੇਹ ਮੁਕਤਿ ਬਰਣਨੰ ਨਾਮ ਸਪਤਮ ਸਤ ਰੰਗ ॥ ੭ ॥ ॥ ॥

ਹੱਥ ਲਿਖਤ ਨੰ : MS 357 ਸੰਗ੍ਰਹਿ

ਸਿਰਲੇਖ : ਗਿਆਨ ਸਰੋਦ (ਮਹੱਲਾ ੧)

| | |
|---|---|
| ਸਮਾਂ | : ਸੰਮਤ 1928 ਆਸਿਨ ਸੁਦੀ 6 ਮੰਗਲਵਾਰ |
| ਪੱਤਰੇ | : 1 ਅ-30 ੳ |
| ਅਕਾਰ | : 18 X 14 ਸ.ਮ. ਲਿਖਤ : 13 X 10 ਸ.ਮ. |
| ਵੇਰਵਾ | : ਜਿਲਦ ਗੱਤਾ - ਉਖੜੀ ਹੋਈ ਅਤੇ ਖਸਤਾ ਹਾਲਤ ਵਿਚ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-9 ਹਨ। |
| ਆਮ ਵੇਰਵਾ | : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ। ਕਈ ਥਾਈ ਹਾਸ਼ੀਏ ਵਾਲੀ ਥਾਂ ਤੇ ਡੀਜ਼ਾਈਨ ਬਣਾਕੇ ਸੁੰਦਰ ਢੰਗ ਨਾਲ ਲਿਖਿਆ ਹੋਇਆ ਹੈ । |
| ਆਰੰਭ | : ੧ੳ ਸਤਿਗੁਰ ਪ੍ਰਸਾਦਿ ॥ ਰਾਗ ਰਾਮਕਲੀ ਗਿਆਨ ਸਰੋਦ ਮਹਲਾ ੧ ॥ ਪੁਰਖੋਤਮ ਪਰਮਾਤਮਾ ਪੂਰਨ ਬਿਸਵਾ ਬੀਸ ॥ ਆਦਿ ਪੁਰਖ ਅਬਿਚਲ ਤੁਹੀ ਤੋਹਿ ਨਵਾਵ ਸੀਸ ॥ ੧ ॥ ਓਅੰ ਅਛਰ ਕਹਤ ਹੋ ਸੋਹੰ ਅਛਰ ਜਾਨ ॥ ਨਿਹ ਅਛਰ ਸੰਵਾਸਾਰ ਹਿਤ ਤਾਹੀਂ ਕੋ ਮਨ ਆਨ ॥੨॥… |
| ਅੰਤ | : …ਜੋਗ ਜੁਗਤਿ ਹਰਿ ਭਗਤਿ ਕਰਿ ਬ੍ਰਹਮ ਗਜਾਨ ਦ੍ਰਿੜ ਕਰਿ ਗਹੋ ॥ ਆਤਮ ਤਤ ਬਿਚਾਰਿ ਕੈ ਅਜ ਪਾ ਮੈ ਮਨ ਸਮ ਰਹੋ ॥ ੨੩੭ ॥ ਇਤਿ ਸ੍ਰੀ ਗਿਆਨ ਸਰੋਦੈ ਮਾਲਾ ਮੰਤ੍ਰੇ ਸ੍ਰੀ ਗੁਰੂ ਨਾਨਕ ਦਾਸ ਜੀ ਬਿਰਚਿਤੇ ਗ੍ਰੰਥ ਸੰਪੂਰਣੰ ॥ ਪੜੰਤੇ ਸੁਨੰਤੇ ਗੁਨੰਤੇ ਮੋਖ ਮੁਕਤਿ ਲਹੰਤੇ ਸ੍ਰੀ ਗੁਰੂ ਜੀ ਕੇ ਚਰਣ ਪਾਦੁਕਾ ਨਮਸਤੇ ਨਮਸਤੇ ॥ |

| | |
|---|---|
| ਹੱਥ ਲਿਖਤ ਨੰ | : MS 357 ਅ |
| ਸਿਰਲੇਖ | : ਸ੍ਰੀ ਸਰੋਦੈ ਸਲੋਕ |
| ਸਮਾਂ | : ਸੰਮਤ 1928 |
| ਪੱਤਰੇ | : 30 ਅ - 32 ੳ |
| ਅਕਾਰ | : 18 X14 ਸ.ਮ. ਲਿਖਤ : 13 X 10 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ–8 ਹਨ। |
| ਆਮ ਵੇਰਵਾ | : ਪੰਨਾ ਨੰ: 32 ਅ ਖਾਲੀ ਛਡਿਆ ਹੋਇਆ ਹੈ। ਅਤੇ ਫਿਰ ਰਚਨਾ ਸ਼ੁਰੂ ਕੀਤੀ ਹੈ । |
| ਆਰੰਭ | : ੧ੳ ਸਤਿਗੁਰ ਪ੍ਰਸਾਦਿ ॥ ਸਲੋਕ । ਓਅੰਕਾਰ ਜਾ ਦਿਨ ਨਹੀ ਨਹਿ ਮਾਯਾ ਬਿਸਤਾਰ ॥ ਸੁੰਨ ਨਹੀ ਅਜਪਾਨ ਹੀ ਕੌਨ ਬਸਤੁ ਹੈ ਸਾਰ ॥ ੧ ॥ ਓਅੰਕਾਰ ਨਿਰੰਕਾਰ ਹੈ ਪਾਰਬ੍ਰਹਮ ਕੋ ਮੂਲ ॥ ਅਬਿਗਤ ਅਗਮ ਅਪਾਰ ਹੈ ਨਹੀ ਤਤ ਅਸਥੂਲ ॥ ੨ ॥… |
| ਅੰਤ | : …ਨਿਰਾਕਾਰ ਆਕਾਰ ਸਭ ਨਿਰਗੁਨ ਔਗੁਨਵੰਤ ॥ ਹੈ ਨਾਹੀ ਸੋ ਜਾਨ ਲੈ ਨਾਨਕ ਇਓ ਭਗਵੰਤ ॥ ੧੬ ॥ ਜੀਉ ਨਾਮ ਸੋਹੰਗਮ ਹੈ ਨਿਸ ਦਿਨ ਅਜਪਾ ਹੋਇ॥ ਅਜਪਾ ਮੇ ਅਜਪਾ ਲਖੈ ਗੁਰ ਗਮ ਭੇਦ ਬਤਾਵੇ ਕੋਇ ॥ ੧੭ ॥ ਇਤਿ ਸ੍ਰੀ ਸਰੋਦੈ ਸਲੋਕ ਸਮਾਪਤ: ॥ |

| | |
|---|---|
| ਹੱਥ ਲਿਖਤ ਨੰ | : MS 357 ੲ |
| ਸਿਰਲੇਖ | : ਗਯਾਨ ਸਰੋਦੈ |
| ਸਮਾਂ | : ਸੰਮਤ 1928 |
| ਪੱਤਰੇ | : 1 - 40 ਅ |
| ਅਕਾਰ | : 18 X 14 ਸ.ਮ. ਲਿਖਤ : 13 X 10 ਸ.ਮ. |
| ਵੇਰਵਾ | : ਸਤਰਾਂ ਪ੍ਰਤੀ ਪੰਨਾ - 8, ਪਰ ਅਖੀਰਲੇ ਪੰਨੇ ਉਪਰ ਸਤਰਾਂ 11 ਹਨ। |
| ਆਮ ਵੇਰਵਾ | : ਕਚੀ ਬਾਣੀ ਨਾਲ ਦੋਹਰਾ ਅਤੇ ਚੌਪਾਈ ੫੪ ਤੱਕ ਕੀਤੀ ਹੋਈ ਹੈ । ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ । ਰਚਨਾ ਖਤਮ ਕਰਨ ਉਪਰੰਤ ਇਕ ਪੰਨਾ ਖਾਲੀ ਛਡਿਆ ਹੋਇਆ ਹੈ । |

| | |
|---|---|
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਅਥ ਗਜਾਨ ਸਰੋਦੇ ਲਿਖਜਤੇ ॥ ਦੋਹਰਾ । ਪ੍ਰਥਮ ਚਰਨ ਗੁਰ ਬੰਦਿ ਕੈ ਸੁਮਿਰੋ ਪਾਵ ਨਾਮ ॥ ਅਲਖ ਦਾਸ ਸੁਖ ਦੇਤ ਜਨ ਮੋਹਨ ਕਰਤ ਪ੍ਰਨਾਮ ॥ ੧ ॥ ਜਗ ਸਾਗਰ ਗੰਭੀਰ ਅਤਿ ਮੋਹਨ ਰੰਗ ਉਤੰਗ ॥ ਕੁਲ ਮਰਜਾਦਾ ਕੂਲ ਬਿਬਿਸ ੨੩ ਲਛ ਨਹਿ ਪੰਗ ॥ ੨ ॥... |
| ਅੰਤ | : ...ਚੌਪਈ ॥ ਜੋ ਸਵਰ ਬਹੈ ਜੁਗਲ ਏਕ ਰੀਤ ॥ ਕਰੀ ਨ ਕਾਜ ਜਾਨਿ ਪਰਤੀਤ ॥ ਕਿੰਬਾ ਕੂਰ ਸੋਮ ਕਿਨ ਹੋਇ ॥ ਨਿਹਫਲ ਜਾਇ ਕਰੈ ਜੋ ਕੋਇ ॥ ਇਤਿ ਸੁਭਾ ਸੁਭ ਬਾਮਦ ਛਿਨ ਸਵਰ ਬਿਚਾਰ ਸੰਪੂਰਨੰ ॥ ਸਮਸ੍ਰ ਸੁਭ ਮਸਤੂ ॥ |

| | |
|---|---|
| ਹੱਥ ਲਿਖਤ ਨੰ | : MS 357 ਸ |
| ਲੇਖਕ | : ਜੋਗ ਮੀਜ ਮੰਤ੍ਰ ਕਾ |
| ਸਮਾਂ | : ਸੰਮਤ 1928 |
| ਪੱਤਰੇ | : 1 - 20 |
| ਅਕਾਰ | : 18 X 14 ਸ.ਮ. ਲਿਖਤ : 13 X 10 ਸ.ਮ. |
| ਵੇਰਵਾ | : ਓਹੀ । |
| ਆਮ ਵੇਰਵਾ | : ਰਚਨਾ ਦੇ ਸ਼ੁਰੂ ਵਿਚ "ਜੋਗ ਮੀਜ ਮੰਤ੍ਰ ਕਾ ਧਿਆਵ ਰਾਗ ਰਾਮਕਲੀ ਮਹਲਾ ੧" ਇੰਞ ਜਾਪਦਾ ਹੈ ਇਹ ਕਚੀ ਬਾਣੀ ਮਹੱਲਾ ਪਹਿਲਾ ਨਾਲ ਜੋੜੀ ਹੋਈ ਹੈ ਜੋ ਕਿ ਪੰਨਾ ਨੰ: 20 ਉਪਰ ਜਾਕੇ ਸਮਾਪਤ ਹੋ ਜਾਂਦੀ ਹੈ । ਪੋਥੀ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਅੰਤ ਵਿਚ ਇਕ ਪੰਨਾ ਖਾਲੀ ਛਡਿਆ ਹੋਇਆ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਜੋਗ ਮੀਜ [ਬੀਜ] ਮੰਤ੍ਰ ਕਾ ਧਿਆਵ ਰਾਗ ਰਾਮਕਲੀ ਮਹਲਾ ॥ ੧ ॥ ਸਲੋਕ ॥ ਸ੍ਰੀ ਕ੍ਰਿਸਨ ਜੀ ਕੀ ਆਗਜਾ ਦੇਵ ਬ੍ਰਿਜ ਭੇਦ ਬਤਾਇ ॥ ਸੋਈ ਕਰਤਾ ਦੇਵ ਸੋਈ ਪਰਮਾਤਮਾ ਦੇਵ ਕਹਾਇ ॥ ਪਉੜੀ ॥ ਓਅੰ ਬੀਜ ਮੰਤ੍ਰ ਕਾਇ ਹੈ ਬਿਚਾਰ ॥ ਤਾਕਾ ਅੰਤੁ ਨ ਪਾਰਾਵਾਰ ॥ ਸਰਬ ਧਰਮ ਕਾ ਮੂਲ ਏਹ ਕੀਆ ॥ ਜਹਾਂ ਪਾਰ ਬ੍ਰਹਮ ਨੇ ਵਾਸਾ ਲੀਆ ॥... |
| ਅੰਤ | : ...ਚਾਰ ਬੇਦ ਪਢੇ ਮੁਖਾਗਰ ਮਾਹੀ ॥ ਅਰੁ ਆਤਮ ਪਰਆਤਮ ਕੋ ਜਾਨੈ ਨਾਹੀ ॥ ਸੋਊ ਪੁਰਖ ਸੂਕਰ ਕਹਾਹੀਂ ॥ ਫਿਰਿ ਜੋਨੀ ਆਵਹਿ ਜਾਂਹੀ ॥ ਇਹ ਏਤੀ ਅਧਜਾਵ ਕਹਾਂਹੀ ॥ ਨਾਨਕ ਆਤਮ ਬ੍ਰਹਮ ਘਟ ਮਾਹਿ ਸਮਾਹੀ ॥ ੮੧ ॥ ਇਤਿ ਸ੍ਰੀ ਬੀਜ ਮੰਤ੍ਰ ਕਾ ਧਿਆਉ ਸਮਾਪਤੰ ॥ |

| | |
|---|---|
| ਹੱਥ ਲਿਖਤ ਨੰ | : MS 357 ਹ |
| ਸਿਰਲੇਖ | : ਸ੍ਰੀ ਰਤਨ ਜੋਗ |
| ਸਮਾਂ | : ਸੰਮਤ 1928 |
| ਪੱਤਰੇ | : 1 ਅ – 16 ਅ |
| ਅਕਾਰ | : 18 X 14 ਸ.ਮ. ਲਿਖਤ : 13 X 10 ਸ.ਮ. |
| ਵੇਰਵਾ | : ਓਹੀ । |
| ਆਮ ਵੇਰਵਾ | : ਰਚਨਾ ਦੇ ਸ਼ੁਰੂ ਵਿਚ ਇਕ ਪੰਨਾ । ਅਤੇ ਅਖੀਰ ਵਿਚ ਇਕ ਪੰਨਾ ਖਾਲੀ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਰਤਨ ਲਿਖਜਤੇ ॥ ਚੌਪਾਈ ॥ ਪ੍ਰਥਮਹਿ ਬੰਦੌ ਆਦਿ ਗੁਰਦੇਵਾ ॥ ਜਿਹ ਪ੍ਰਸਾਦ ਪਾਏ ਨਿਜ ਭੇਵਾ ॥ ਆਦਿ ਦੇਵ ਸਤਿਗੁਰ ਸੁਆਮੀ ॥ ਸਰਬ ਭੂਤ ਮੋ ਅੰਤਰ ਜਾਮੀ ॥ ਅਗਮ ਅਗੋਚਰ ਲਖਾ ਨਾ ਜਾਈ ॥ ਕਹਾਂ ਤੇ ਉਪਜੈ ਕਹਾਂ ਸਮਾਈ ॥ ਤਾ ਕੋ ਖੋਜਹਿ ਦਾਸ ਮੁਨਿੰਦਰ ॥ ਜਤੀ ਜੰਗਮ ਸੰਨਯਾਸੀ ਜੋਗਿੰਦਰ ॥... |

ਅੰਤ : ...ਆਤਮ ਤਤ ਦੇਹ ਮਾਹਿ ਬਤਾਯਾ ॥ ਭਿੰਨ ਭਿੰਨ ਕੈ ਪ੍ਰਗਟ ਸੁਨਾਯਾ ॥ ਜੋ ਸਮਝੈ ਤਿਸ ਰਹੇ ਨ ਸੰਕਾ ॥ ਭਾਂਵੈ ਸੁਨੈ ਰਾਜਾ ਕਿ ਰੰਕਾ ॥ ਸਮੁਝਿ ਬਿਚਾਰਿ ਜੋ ਕਰਨੀ ਕਰਈ ॥ ਗੁਰ ਪ੍ਰਸਾਦਿ ਕਬਹੀ ਨਹਿ ਮਰਈ ॥ ਦੋਹਾ ॥ ਆਦਿ ਅੰਤ ਮਧ ਜੋਗ ਕੀ ਬਰਨਤ ਬਰਨਿ ਨ ਜਾਇ ॥ ਮਨਸਾ ਬਾਚਾ ਕਰ ਮਨਾ ਜੋਗ ਜੁਗਤਿ ਨਿਜ ਸਾਇ ॥ ੨● ॥ ਇਤਿ ਰਤਨ ਜੋਗ ਸੰਪੂਰਨੰ ॥

ਹੱਥ ਲਿਖਤ ਨੰ : MS 357 ਕ

ਸਿਰਲੇਖ : ਹਾੜ ਮਾਲਾ ਸਿਵ ਪਾਰਬਤੀ ਸੰਬਾਦ

ਸਮਾਂ : ਸੰਮਤ 1928

ਪੱਤਰੇ : 1 ਅ– 40 ੳ

ਅਕਾਰ : 18X14 ਸ.ਮ. ਲਿਖਤ: 13X10 ਸ.ਮ.

ਵੇਰਵਾ : ਓਹੀ ।

ਆਮ ਵੇਰਵਾ : ਰਚਨਾ ਦੇ ਸ਼ੁਰੂ ਵਿਚ ਇਕ ਪੰਨਾ ਖਾਲੀ ਅਤੇ ਰਚਨਾ ਦੇ ਅੰਤ ਵਿਚ ਤਿੰਨ ਪੱਤਰੇ ਖਾਲੀ ਹਨ । ਪੋਥੀ ਕਿਧਰੇ ਕਿਧਰੇ ਕਿਰਮ ਖੁਰਦਾ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਗ੍ਰੰਥ ਹਾੜ ਮਾਲਾ ਸਿਵ ਪਾਰਬਤੀ ਸੰਬਾਦ ਲਿਖਯਤੇ ॥ਦੋਹਾ॥ ਜੇਤਿਕ ਬਾਰ ਨਾ ਸਤਿ ਤੁਮ ਜਨਮੇਹੁ ਤੇਤਿਕ ਬਾਰ ॥ ਤੇਤੇ ਜਨਮ ਕੀ ਤੁਮ ਭਾਰਜਾ ਸੁਨਹੁ ਤਤ ਬੀਚਾਰ ॥ ੧ ॥ ਚੌਪਾਈ ॥ ਇਹ ਸੁਨਿ ਦੇਬੀ ਉਠੀ ਰਿਸਾਈ ॥ ਹਮਰੋ ਬਚਨ ਸੁਨਹੁ ਸਿਵਰਾਈ ॥ ਹਮ ਮਰੇਂ ਤੁਮ ਜੀਅਹੁ ਕਾਹੇ ॥ ਇਹ ਕਾਰਨ ਕਹਹੁ ਮੋਹਿ ਪਾਹੇ ॥...

ਅੰਤ : ...ਜੋ ਪੁਛੌਂ ਸੋ ਕਹਾ ਬਖਾਨੀ ॥ ਅਸਥਿਰ ਮਨ ਅਬ ਕਰਹੁ ਭਵਾਨੀ ॥ ਨਿਸਚੈ ਮੋਰਿ ਬਚਨ ਸੁਭ ਜਾਨੀ ॥ ਦੋਹਾ ॥ ਹਾੜ ਮਾਲਾ ਇਹ ਗ੍ਰੰਥ ਹੈ ਸਿਵ ਸਕਤੀ ਸੰਬਾਦ ॥ ਜੋ ਨਰ ਧਯਾਨ ਲਗਾਇ ਹੈ ਤਾਹਿ ਨ ਹੋਇ ਬਿਖਾਦ ॥ ੬੧ ॥ ਇਤਿ ਸ੍ਰੀ ਹਾੜ ਮਾਲਾ ਸੰਪੂਰਨੰ ॥

ਹੱਥ ਲਿਖਤ ਨੰ : MS 357 ਖ

ਸਿਰਲੇਖ : ਰਤਨ ਮਾਲਾ

ਸਮਾਂ : ਸੰਮਤ 1928

ਪੱਤਰੇ : 1 ਅ – 8 ਅ

ਅਕਾਰ : 18 X 14 ਸ.ਮ. ਲਿਖਤ : 13 X 10 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਰਚਨਾ ਦੇ ਸ਼ੁਰੂ ਵਿਚ ਕੁਝ ਪੰਨੇ ਖਾਲੀ, ਬਾਅਦ ਵਿਚ ਰਚਨਾ ਸ਼ੁਰੂ ਹੋਈ ਹੈ ਅਤੇ ਰਾਗ ਰਾਮਕਲੀ ਮਹੱਲਾ ੧ ਪਰ ਬਾਅਦ ਵਿਚ ਕੱਟ ਕੇ ਉਪਰ 'ਰਤਨਮਾਲਾ' ਲਿਖਿਆ ਹੋਇਆ । ਰਚਨਾ ਦੇ ਅੰਤ ਵਿਚ ਲਿਖਿਆ ਹੈ : "ਰਤਨਮਾਲਾ ਦਾ ਸ਼ੁਧ ਉਤਾਰਾ ਕੀਤਾ ਗਿਰੰਥ ਕਾ ਸੰਬਤ 1928 ਆਸਿਨ ਸੁਦੀ ੬ ਮੰਗਲਵਾਰ ਕੋ ਲਿਖਾ ਸੰ – 1 ਇਸ ਤੋਂ ਇੰਵ ਜਾਪਦਾ ਹੈ ਕਿ ਇਹ ਰਚਨਾ ਕਿਸੇ ਹੋਰ ਗ੍ਰੰਥ ਦਾ ਉਤਾਰਾ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਰਾਗ ਰਾਮਕਲੀ ਰਤਨ ਮਾਲਾ ਮਹਲਾ ੧ ॥ ਆਸਨ ਸਾਧਿ ਨਿਰਾਲਮ ਰਹੈ ॥ ਪੰਚ ਤਤ ਕਾ ਨਿਗ੍ਰਹ ਗਹੈ ॥ ਥੋੜੀ ਨਿੰਦ੍ਰਾ ਅਲਪ ਅਹਾਰੀ ॥ ਸਾਧਕ ਪਿੰਡ ਸਦਾ ਬਿਚਾਰੀ ॥ ਜਤ ਸਤ ਸੰਜਮ ਸੁਰਤਿ ਬਿਚਖਣ ॥ ਨਾਨਕ ਕਹੈਂ ਜੋਗ ਕੇ ਲਖਣ ॥ ੧ ॥...

ਅੰਤ : ...ਬੈਰਾਗੀ ਸੋ ਜੋ ਬੈਮਹਿ ਆਵੈ ॥ ਸਿਵ ਕੇ ਆਗੇ ਸਕਤਿ ਨਿਵਾਵੈ ॥ ਸਿਵ ਸਕਤਿ ਕੇ ਕਰਮ ਕਰੈ ॥ ਅਜਰ ਵਸਤੁ ਅਗੋਚਰ ਜਰੈ ॥ ਤਾਮਸ ਤਿਸਨਾ ਮਨ ਮੈ ਤਿਆਗੀ ॥ ਨਾਨਕ ਕਹੈ ਸੋਈ

ਬੈਰਾਗੀ ॥ ੨੫ ॥ ਰਤਨ ਮਾਲਾ ਸੁਧ ਉਤਾਰ ਕੀਤਾ ਗਿਰੰਥ ਕਾ ॥ ਸੰਬਤ ੧੯੨੯ ਆਸਿਨ ਸੁਦੀ ੬ ਮੰਗਲਵਾਰ ਕੋ ਲਿਖਾਸੰ ॥

ਹੱਥ ਲਿਖਤ ਨੰ : MS 358 ਸੰਗ੍ਰਹਿ
ਸਿਰਲੇਖ : ਵੈਰਾਗ ਪ੍ਰਕਰਣ
ਪੱਤਰੇ : 1 ਅ – 242 ਅ
ਅਕਾਰ : 10 X 15 ਸ.ਮ. ਲਿਖਤ: 6X11.5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਚੁਪਾਸੀਂ ਪੰਜ ਲਕੀਰਾਂ ( ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ, ਵਿਚ ਮੋਟੀ ਪੀਲੀ ਲਕੀਰ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਪੋਥੀ ਦੇ ਆਰੰਭ ਤੇ ਚਾਰ ਅਤੇ ਅੰਤ ਤੇ ਤਿੰਨ ਬਿਨਾਂ ਹਾਸ਼ੀਆ ਪੱਤਰੇ ਖਾਲੀ, ਪੱਤਰਾ ਨੰ 243 ੳ ਅਤੇ 405 ਅ ਖਾਲੀ ਹਨ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਓਅੰ ਸ੍ਰੀ ਪਰਮਾਤਮਾਏ ਨਮਹ ॥ ਅਥ ਵੈਰਾਗ ਪ੍ਰਕਰਣ ਸਿੰਮ੍ਰਿਤ ਭਾਖਾ ਲਿਖਤੇ ॥ ਸਤਿ ਚਿਤ ਆਨੰਦ ਰੂਪ ਜੋ ਆਤਮਾ ਹੈ ਤਿਸ ਕਉ ਨਮਸਕਾਰੁ ਹੈ ॥ ਕੈਸਾ ਹੈ ਸਤਿ ਚਿਤ ਆਨੰਦ ਰੂਪ ਜੋ ਆਤਮਾ ਕਹਤ ਹੈ ॥…
ਅੰਤ : …ਕਹਣੇ ਮਾਤ੍ਰ ਸੀਘ੍ਰ ਹੀ ਇਸ ਕਉ ਗਿਆਨ ਹੋਵੈਗਾ ॥ ਅਰ ਹਮ ਜੋ ਸਭ ਹੀ ਬੈਠੇ ਹੈ ਹਮਾਰੇ ਵਿਦਿਮਾਨ ਇਸ ਕੌ ਗਿਆਨ ਨਾ ਹੋਵੈਗਾ ॥ ਤਉ ਜਾਣੀਐ ਜੋ ਹਮ ਸਭ ਹੀ ਮੁਰਕ ਬੈਠੇ ਹਹਿ ॥ ੨੮ ॥ ਇਤਿ ਸ੍ਰੀ ਵੈਰਾਗ ਪ੍ਰਕਰਣੇ ਮੋਛ ਉਪਾਇ ਨਾਮ ਸਰਗਹ ॥ ੨੮ ॥ ਪ੍ਰਥਮ ਪ੍ਰਕਰਣੇ ਸਮਾਪਤੰ ॥ ਸੁਭੰ ॥

ਹੱਥ ਲਿਖਤ ਨੰ : MS 358 ਅ
ਸਿਰਲੇਖ : ਮੋਛ ਪ੍ਰਕਰਣ
ਪੱਤਰੇ : 243 ਅ – 405
ਅਕਾਰ : 10 X 15 ਸ.ਮ. ਲਿਖਤ: 6X11.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਮੋਛ ਪ੍ਰਕਰਣ ਲਿਖਤੇ ॥ ਬਾਲਮੀਕੋ ਵਾਚ ॥ ਹੇ ਸਾਧ ਇਹ ਜੋ ਬਚਨ ਹੈ ਸੋ ਪਰਮ ਪਾਵਨ ਹੈ ॥ ਅਰੁ ਕਲਿਆਣ ਕੇ ਕਰਤਾ ਹੈ ॥ ਇਨਹੁ ਬਿਖੇ ਪ੍ਰੀਤ ਕਰਣੀ ਸ੍ਰਵਣ ਕੀ ॥ ਤਬ ਉਪਜਤੀ ਹੈ ॥ ਜਬ ਬਡੇ ਪੁੰਨ ਬਹੁਤੇ ਜਨਮੋ ਕੇ ਏਕਠੇ ਆਨ ਹੋਤੇ ਹੈ ॥…
ਅੰਤ : …ਤਾਂ ਤੇ ਇਸ ਮੋਛ ਓਪਾਇ ਸਾਸਤ੍ਰ ਕਾ ਭਲੀ ਪ੍ਰਕਾਰ ਅਭਿਆਸੁ ਕਰਹੁ ॥ ਇਤਿ ਸ੍ਰੀ ਮਮੋਛ ਪ੍ਰਕਰਣੇ ਨਿਰਣੇ ਸਮਾਪਤੰ ਨਾਮੁ ਸਰਗਹ ॥ ੧੮ ॥ ਦੁਤੀਆ ਪ੍ਰਕਰਣ ਸਮਾਪਤੰ ॥ ਦੋਹਰਾ ॥ ਉਪਮਾ ਸਾਧੂ ਸੰਗ ਕੀ ਮੋ ਪਹਿ ਕਹੀ ਨਾ ਜਾਏ ॥ ਜਬ ਸਾਧੂ ਕਉ ਸੇਵੀਐ ਤਬ ਹਰਿ ਕਰਤ ਸਹਾਇ ॥ ੨ ॥ = ॥

ਹੱਥ ਲਿਖਤ ਨੰ : MS 358 ੲ
ਸਿਰਲੇਖ : ਸੁਖਮਨੀ ਮਹਲਾ ਪੰਜਵਾਂ
ਲੇਖਕ : ਗੁਰੂ ਅਰਜਨ ਦੇਵ
ਪੱਤਰੇ : 96

ਅਕਾਰ : 10 X 15 ਸ.ਮ. ਲਿਖਤ: 6X11.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਰਾਗ ਗਉੜੀ ਮਹਲਾ ੫ ॥ ਸਲੋਕੁ ॥ ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥ ਸਤਿ ਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥ ੧ ॥...
ਅੰਤ : ... ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸ ਜਨ ਆਵੈ ਹਰਿ ਪ੍ਰਭ ਚੀਤਿ ॥ ਜਨਮ ਮਰਨ ਤਾਕਾ ਦੂਖੁ ਨਿਵਾਰੈ ॥ ਦੁਲਭ ਦੇਹ ਤਤਕਾਲ ਉਧਾਰੈ ॥ ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ ॥ ਏਕੁ ਨਾਮੁ ਮਨ ਮਾਹਿ ਸਮਾਨੀ ॥ ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾਕੇ ਕਰਮ ॥ ਸਭ ਤੇ ਊਚ ਤਾਕੀ ਸੋਭਾ ਬਨੀ ॥ ਨਾਨਕ ਇਹੁ ਗੁਣਿ ਨਾਮ ਸੁਖਮਨੀ ॥੮॥੨੪॥=॥

ਹੱਥ ਲਿਖਤ ਨੰ : MS 359 ਸੰਗ੍ਰਹਿ
ਸਿਰਲੇਖ : ਗਿਆਨ ਰਤਨਾਵਲੀ ਦੀ ਵਾਰ ਟੀਕਾ
ਲੇਖਕ : ਮਨੀ ਸਿੰਘ, ਭਾਈ
ਲਿਖਾਰੀ : ਟੀਕਾਕਾਰ ਭਜਨਾ ਨੰਦ
ਸਮਾਂ : ਸੰਮਤ 1909
ਪੱਤਰੇ : 1 – 432
ਅਕਾਰ : 20 X 23 ਸ.ਮ. ਲਿਖਤ : 14 X 17 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਏ ਤੋਂ ਬਗੈਰ, ਪੋਥੀ ਦੀ ਹਾਲਤ ਸੁੰਦਰ । ਲਿਖਤ ਸੁੰਦਰ । ਸਤਰਾਂ ਪ੍ਰਤੀ ਪੰਨਾ 14 ਹਨ।
ਆਮ ਵੇਰਵਾ : ਪੰਨਾ ਨੰ: 432 'ੳ' ਉਪਰ ਲਿਖਾਰੀ ਬਾਰੇ, ਸੰਮਤ ਬਾਰੇ ਅਤੇ ਟੀਕਾਕਾਰ – ਅਤੇ ਅਸਲ ਪੋਥੀ ਬਾਰੇ ਅੰਤ ਤੇ ਡੀਜਾਈਨ ਬਣਾ ਕੇ ਲਿਖਿਆ ਹੋਇਆ ਹੈ । ਡੀਜ਼ਾਈਨ ਬਣਾ ਕੇ ਟੀਕਾਕਾਰ ਭਜਨ ਨੰਦ ਬਾਰੇ ਲਿਖਿਆ ਹੋਇਆ ਹੈ ।
ਆਰੰਭ : ੧ੴ ਸ੍ਰੀ ਸਤਿਨਾਮ ਕਰਤਾ ਪੁਰਖ... ਗੁਰ ਪ੍ਰਸਾਦਿ ॥ ਨਾਮ ਸਭ ਦੇਵਾਂ ਦਾ ਦੇਵ ਹੈ ॥ ਕੋਈ ਦੇਵੀ ਨੂ ਮਨਾਵਦਾ ਹੈ ॥ ਕੋਈ ਸਿਵ ਨੂ ਕੋਈ ਗਣੇਸ ਨੂ ਕੋਈ ਹੋਰ ਦੇਵਤਿਆਂ ਨੂ ਗੁਰੂ ਕੇ ਸਿਖ ਸਤਿਨਾਮ ਨੂ ਅਰਾਧਦੇ ਹੈਨ ॥ ਤਿਸ ਕਰਿ ਸਭ ਵਿਘਨ ਨਾਸ ਹੋਏ ਹੈਨ ਤਾ ਤੇ ਸਤਿਨਾਮ ਕਾ ਮੰਗਲਾਚਰਨ ਆਦਿ ਰਖਿਆ ਹੈ ...
ਅੰਤ : ... ਇਤਿ ਸ੍ਰੀ ਗਿਆਨ ਰਤਨਾਵਲੀ ਦੀ ਵਾਰ ਸ੍ਰੀ ਗੁਰੂ ਨਾਨ [ਨਾਨਕ] ਕੀ ਜਨਮ ਸਾਖੀ ਪੜੰਤੇ ਸੁਨੰਤੇ ਗੁਨੰਤੇ ਬਿਚਾਰੰਤੇ ਮੋਖ ਮੁਕਤਿ ਲਹੰਤੇ ਸ੍ਰੀ ਗੁਰੂ ਜੀ ਕੇ ਚਰਣ ਪਾਦੁਕਾ ਨਮਸਤੇ ਨਮਸਤੇ ਨਮਸਤੇ ਸੁਭ ਸੰਬਤ ੧੯●੯ ਸ੍ਰਾਵਣ ਸੁਕਲ ਭਜਨਾਨੰਦ ਕੇ ਭੂਲ ਕੋ ਬਖਸ ਲੇਹੁ ਗੁਰਦੇਵ ॥ ਕ੍ਰਿਪਾ ਕਰੇ ਜਾਂ ਆਪਣੀ ਸਭੇ ਬਤਾਵੈ ਭੇਵ ॥ ਸ੍ਰੀ ਵਾਹਗੁਰੂ ਜੀ ਸਹਾਇ ॥

ਹੱਥ ਲਿਖਤ ਨੰ : MS 359 ਅ
ਸਿਰਲੇਖ : ਲਘੁ ਖਟ ਸਾਸਤ੍ਰ
ਸਮਾਂ : ਸੰਮਤ 1909
ਪੱਤਰੇ : 432 - 434 ੳ
ਅਕਾਰ : 20 X 23 ਸ.ਮ. ਲਿਖਤ : 14 X 17 ਸ.ਮ.
ਵੇਰਵਾ : ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ–14 ਹਨ।

| | |
|---|---|
| ਆਮ ਵੇਰਵਾ | : ਪੋਥੀ ਦੇ ਅਖੀਰਲੇ ਪੰਨੇ ਭਿਜੇ ਹੋਏ ਹਨ । ਅਖੀਰ ਵਿਚ ਡੀਜਾਈਨ ਬਣਾਇਆ ਹੋਇਆ ਹੈ । ਲਿਖਤ ਸੁੰਦਰ ਹੈ । ਅਖੀਰ ਵਿਚ ਇਕ ਪੱਤਰਾ ਖਾਲੀ ਛਡਿਆ ਹੋਇਆ ਹੈ । |
| ਆਰੰਭ | : ੧ਓ ਸ੍ਰੀ ਸਤਿਗੁਰੂ ਪ੍ਰਸਾਦਿ ॥ ਅਥ ਲਘੁ ਖਟ ਸਾਸਤ੍ਰ ਲਿ. ਓਅੰ ਆਤਮ ਕੋ ਕੀਜੈ ਪ੍ਰਣਾਮ ॥ ਜਾ ਕੀ ਮਹਿਮਾ ਚਿਤਘਨ ਰਾਮ ॥ ਚਾਰ ਬੇਦ ਖਤ ਸਾਸਤ੍ਰ ਭਏ ॥ ਅਪਨੀ ਮਹਿਮਾ ਮੈ ਨਿਰਮਏ ॥ ਮੀਮੰਸ ਬਿਸੇਖਕ ਜਾਨੌ ॥ ਖਟ ਸਾਸਤ੍ਰ ਖਟ ਦਰਸਨ ਜਾਨੋ ॥ ਅਨੰਤ ਸਕਤਿ ਮਤਿ ਹੈ ਅਬਿਨਾਸੀ ॥ ਸੋਹੰ ਬਲੀ ਸਰਬ ਪ੍ਰਕਾਸੀ ॥ |
| ਅੰਤ | : ... ਖਟ ਸਾਸਤ੍ਰ ਕਾਰਣ ਕਰਤ ਬੀਚਾਰ ॥ ਨਿਤ ਬੀਚਾਰ ਏਹੀ ਮਤ ਸਾਰ ॥ ਜੈਸੇ ਏਕੋ ਗਾਵਨਹਾਰ ॥ ਰਾਗ ਰਾਗਨੀ ਬਹੁ ਬਿਸਥਾਰ ॥ ਗਾਵਨਹਾਰੇ ਕੇ ਮਨ ਭਾਵੈ ॥ ਰੀਝ ਰੀਝ ਸੋਈ ਫੁਨ ਗਾਵੈ ॥ ਬਿਧ ਨਿਖੇਧ ਕਵਨ ਪੈ ਕਹੀਏ ॥ ਜਬ ਏਕਹਿ ਗਾਵਨਹਾਰਾ ਲਹੀਏ ॥ ਵਲੀ ਸਰਬ ਮਤ ਪੂਰਣ ਏਕ ॥ ਅਪਨੇ ਭਾਵੈ ਭਏ ਅਨੇਕ ॥ ੧ ॥ ਇਤਿ ਸ੍ਰੀ ਲਘੁਖਟ ਸਾਸਤ੍ਰ ਸੰਪੂਰਣਮੁ ॥ ਦੋਹਰਾ ॥ ਅਖਰ ਮਾਂਤ੍ਰ ਜੇ ਭੂਲ ਕੇ ਤੁਮ ਹੀ ਲੇਹੁ ਸੁਧਾਰ ॥ ਹਮ ਕੋ ਦੋਸ ਨ ਦੀਜਿਓ ਹਮ ਖਿਣ ਖਿਣ ਭੂਲਨਹਾਰ ॥ ੧ ॥ |

| | |
|---|---|
| ਹੱਥ ਲਿਖਤ ਨੰ | : MS 360 |
| ਸਿਰਲੇਖ | : ਜਨਮ ਪਤ੍ਰੀ ਬਾਬੇ ਜੀ ਕੀ |
| ਲੇਖਕ | : ਪੈੜੇ ਮੋਖੇ |
| ਲਿਖਾਰੀ | : ਗੁਰੂ ਅੰਗਦ ਦੇਵ |
| ਸਮਾਂ | : ਸੰਮਤ 1582 (1812 ਸੰਮਤ ਅੰਤਲੇ ਪੰਨੇ ਤੇ ) |
| ਪੱਤਰੇ | : 1 - 374 |
| ਅਕਾਰ | : 15 X 23 ਸ.ਮ. ਲਿਖਤ : 12 X 20 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ-ਉਖੜੀ ਹੋਈ ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਏ ਤੋਂ ਬਗੈਰ। ਸਤਰਾਂ ਪ੍ਰਤੀ ਪੰਨਾ 15 ਹਨ। |
| ਆਮ ਵੇਰਵਾ | : ਸਾਰੀ ਪੋਥੀ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਸੰਮਤ ਬਾਰੇ ਤਤਕਰੇ ਅਤੇ ਸ਼ੁਰੂ ਵਿਚ 1582 ਸੰਮਤ ਲਿਖਿਆ ਹੋਇਆ ਹੈ। ਪਰ ਅੰਤ ਵਿਚ ਸੰਮਤ 1512 ਲਿਖਿਆ ਹੋਇਆ ਹੈ ਪੰਨਾ ਨੰ: 53 ਅ ਤੇ ਸੰਮਤ 1545 ਲਿਖਿਆ ਹੋਇਆ ਹੈ । ਪੋਥੀ ਦੇ ਸ਼ੁਰੂ ਵਿਚ ਤਤਕਰਾ ਦਿਤਾ ਹੋਇਆ ਹੈ ਅਤੇ ਬਾਅਦ ਵਿਚ ਦੋ ਪੱਤਰੇ ਖਾਲੀ ਛਡ ਕੇ ਰਚਨਾ ਸ਼ੁਰੂ ਕੀਤੀ ਹੋਈ ਹੈ । |
| ਆਰੰਭ | : ੧ਓ ਸ੍ਰੀ ਸਤਿਗੁਰ ਪ੍ਰਸਾਦਿ ॥ ਜਨਮ ਪਤ੍ਰੀ ਬਾਬੇ ਜੀ ਕੀ ॥ ਸੰਬਤ ੧੫੮੨ ॥ ਪੰਦ੍ਹ ਸੈ ਬੈਆਸੀਆ ਮਿਤੀ ਵੈਸਾਖ ਸੁਦੀ ੫ ॥ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੇਟੇ ਗੁਰੂ ਅੰਗਦ ਲਿਖਵਾਈ ਪੈੜੇ ਲਿਖੀ ਮੁਖਾਸਤ ਬਾਲੇ ਸੰਧੂ ਜਟੇਟੇ ਕੀ ਰਾਇ ਭੋਇ ਦੀ ਤਲਵੰਡੀਅਹੁ ਆਇਆ ਹਾ ॥... |
| ਅੰਤ | : ... ਏਹੁ ਸਬਦੁ ਤਲਵੰਡੀ ਹੋਇਆ ਆਹਾ ॥ ਗੁਰੂ ਪ੍ਰਸਾਦਿ ਪੋਥੀ ਲਿਖੀ ਸੰਪੂਰਨ ਗੁਰੂ ਸੰਗਤਿ ਜੀ ਕਾ ਜਾਚਕ ॥ ਸੰਮਤ ੧੯੧੨ ॥ ਮਿਤੀ ਜੇਠੀ ਸੁਦੀ ੧੧ ॥ ਏਕਾਦਸੀ ਬੋਲਹੁ ਭਾਈ ਵਾਹਗੁਰੂ ॥ ਭੁਲਿਆ ਚੁਕਿਆ ਬਖਸ ਲੈਣਾ ॥ |

| | |
|---|---|
| ਹੱਥ ਲਿਖਤ ਨੰ | : MS 361 |
| ਸਿਰਲੇਖ | : ਸ੍ਰੀ ਰਾਮ ਚਰਿੱਤ੍ਰ ਮਾਨਸ (ਤੁਲਸੀ ਰਮਾਇਣ) |
| ਪੱਤਰੇ | : ਵੱਖ ਵੱਖ ਕਾਂਡ ਦੇ ਵਖ ਵਖ ਪੰਨੇ ਦਿਤੇ ਹੋਏ ਹਨ । |
| ਅਕਾਰ | : 25 X 17 ਸ.ਮ. ਲਿਖਤ : 19 X 11 ਸ.ਮ. |

ਵੇਰਵਾ : ਜਿਲਦ ਗੱਤਾ ਉਖੜੀ ਹੋਈ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਲਿਖਾਈ ਸੁੰਦਰ।ਸਤਰਾਂ ਪ੍ਰਤੀ ਪੰਨਾ 15 ਹਨ।

ਆਮ ਵੇਰਵਾ : ਸਾਰੀ ਪੋਥੀ ਦੀ ਰਚਨਾ ਨੂੰ ਵੱਖ ਵੱਖ ਕਾਂਡਾਂ ਵਿਚ ਵੰਡਿਆ ਹੋਇਆ ਹੈ। ਪੱਤਰਾ ਨੰ: ਵੀ ਵੱਖ ਵੱਖ ਦਿਤੇ ਹੋਏ ਹਨ ਅਤੇ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ ਹੈ, ਪਰ ਕਈ ਥਾਈਂ ਧੱਬੇ ਪਏ ਹੋਏ ਹਨ । ਪਹਿਲੇ ਕਾਂਡਾਂ ਤੇ ਸ੍ਰੀ ਰਾਮ ਚਰਿਤ੍ਰ ਮਾਨਸ ਨਾਲ ਸ਼ੁਰੂ ਅਤੇ ਅਧਿਆਏ ਅਨੁਸਾਰ (ਕਾਂਡ ਅਨੁਸਾਰ ਖਤਮ ਕੀਤੇ ਹਨ) ਅਤੇ ਅਖੀਰ ਦੇ ਕਾਂਡ ਵਿਚ ਬਾਲਮੀਕ ਰਮਾਯਣ ਨਾਲ ਸ਼ੁਰੂ ਕਰਕੇ - ਅੰਤ ਵਿਚ ਇੰਵ ਲਿਖਿਆ ਹੋਇਆ ਹੈ :
" ਇਤਿ ਸ੍ਰੀ ਰਾਮ ਚਰਿਤ੍ਰ ਮਾਨਸੇ ਸਕਲ ਕਲਿ ਕਲੁਖਿ ਵਿਧੁੰਸਨੇ ਉਤਰ ਕਾਂਡ ਭਕ੍ਤਿ ਪ੍ਰਗਾਸ ਸਮਾਪਤੰ "

ਆਰੰਭ : ੧ਓ ਸਤਿਗੁਰੂ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ: ॥ ਸ੍ਰਸ੍ਰਤੀਯੇ ਨਮ: ॥ ਰਾਮ ਚੰਦਾਯ ਨਮ: ॥ ਵਰਣਾ ਨਾਮ ਰਥ ਸੰਘਾਨਾਂ ਰਸਾਨਾਂ ਛੰਦ ਸਾਮਪਿ ॥ ਮਗਲਾ ਨਾਂ ਚਕਰ ਤਾਰੌ ਬੰਦੇ ਬਾਣੀ ਵਿਨਾਯਕੌ ॥ ੧ ॥ ਭਵਾਨੀ ਸੰਕਰੌ ਬੰਦੇ ਸ੍ਰਧਾ ਵਿਸ੍ਵਾਸ ਰੂਪਣੌ ॥ ਯਾ ਭਯਾਂ ਬਿਨਾ ਨ ਪਸਯੰਤਿ ਸਿਧਾਂ ਸ੍ਵਾਂਤ ਸਥਮੀ ਸ੍ਵਰੰ ॥ ੨ ॥...

ਅੰਤ : ... ਪਨਜੰ ਪਾਪ ਹਰੰ ਸਦਾ ਸਿਵ ਕਰੰ ਬਿਗਜਾਨ ਭਕਤਿ ਪ੍ਰਦੰ ॥ ਮਾਯਾ ਮੋਹ ਮਲਾਪ ਹੰਸੁ ਬਿੰਸਲੰ ਪ੍ਰੇਮ ਬੁਪੂਰੰ ਸੁਭੰ ॥ ਸ੍ਰੀ ਮਦ੍ਰਾਮ ਚਰਿਤ੍ਰ ਮਾਨਸ ਮਿਦੰਭਕ ਤਜਾਵਗਾਹੰਤਿਯੇ ॥ ਤੇ ਸੰਸਾਰ ਪਤੰਗ ਘੋਰ ਕਿਰਣੈ ਰਦ ਹੁਜੰਤਿਨੋ ਮਾਨਵਾ : ॥ ੨ ॥ ਇਤਿ ਸ੍ਰੀ ਰਾਮ ਚਰਿਤ੍ਰ ਮਾਨਸੇ ਸਕਲ ਕਲਿ ਕਲੁਖਿ ਵਿਧੁੰਸਨੇ ਉੱਤਰ ਕਾਂਡ ਭਕ੍ਤਿ ਪ੍ਰਮਾਸ ਸਮਾਪਤੰ ॥ ੧ ॥ ਸਪਤਮ ਸੋਪਾਨ ਸਮਾਪਤੰ ॥ ੧ ॥

ਹੱਥ ਲਿਖਤ ਨੰ : MS 362 ਸੰਗ੍ਰਹਿ

ਸਿਰਲੇਖ : ਕਵਿਤਾ - ਸ਼ਬਦਾਰਥ

ਪੱਤਰੇ : 2 ੳ - 20 ਅ

ਅਕਾਰ : 13 X 11 ਸ.ਮ. ਲਿਖਤ : 8 X 8 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਨ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਅਤੇ ਦੋ ਦੋ ਲਾਲ ਬਰੀਕ ਲਕੀਰਾਂ ਨਾਲ ਹੈ। ਸਤਰਾਂ ਪ੍ਰਤੀ ਪੰਨਾ-7 ਹਨ।

ਆਮ ਵੇਰਵਾ : ਲਿਖਾਈ ਸੁੰਦਰ ਹੈ ਰਚਨਾ ਦੇ ਇਸ ਭਾਗ ਵਿਚ ਸ਼ਬਦਾਰਥ - (ਸ਼ਬਦ ਅਰਥ) ਕੀਤੇ ਹੋਏ ਹਨ ਜਿਹੜੇ ਕਿ ਬਹੁਤ ਸੁਚੱਜੇ ਢੰਗ ਨਾਲ ਲਿਖੇ ਹੋਏ ਹਨ । ਪਹਿਲਾ ਪੰਨਾ ਭਿਜਿਆ ਹੋਣ ਕਾਰਨ ਧੱਬੇ ਪਏ ਹੋਏ ਹਨ। ਕਈ ਥਾਵਾਂ ਤੇ ਪੰਨੇ ਅੱਧੇ ਅੱਧੇ ਖਾਲੀ ਛੱਡੇ ਹੋਏ ਹਨ ਅਤੇ ਸਤਰਾਂ ਵਿਚ ਫਰਕ ਹੈ, ਕਿਧਰੇ 5 ਅਤੇ ਕਿਧਰੇ 7 ਸਤਰਾਂ ਹਨ । ਸ਼ਬਦ-ਅਰਥ ਵਿਚ ਕਾਨੀ ਬਦਲੀ ਹੋਈ ਹੈ । ਰਚਨਾ ਦੇ ਸ਼ੁਰੂ ਵਿਚ ਇਕ ਇਕ ਪੰਨਾ ਨਹੀਂ ਹੈ, ਅਤੇ ਰਚਨਾ ਵੀ ਅਧੂਰੀ ਹੈ। ਪੰਨਾ ਨੰ:2 ਤੋਂ ਪੋਥੀ ਸ਼ੁਰੂ ਹੁੰਦੀ ਹੈ ।

ਆਰੰਭ : .....ਤ ਪ੍ਰੇਮ ਮਨ ਸਾਥ ॥ ੫ ॥ ਸੁਰਪਤਿ ਬਾਹਨ ਰਿਪ ਗੁਰੂ ਤਾ ਭੋਜਨ ਪਤ ਤਾਤਾ ॥ ਤਾ ਅਰਪਤ ਨੀ ਸੰਗਲੈ ਹਰਿ ਭਜੁ ਹ੍ਵੈ ਕੁਸਲਾਤਾ ॥ ੬ ॥...

ਅੰਤ : ...ਦੋਹਰਾ ॥ ਬਿਪਤ ਪਰੈ ਜੋ ਥਿਰ ਰਹੈ ਸੋਈ ਪ੍ਰੀਤ ਪਰਵਾਂਨ ॥ ਚਤੁਰਨ ਕੀ ਛਿਨ ਛਿਨ ਅਧਿਕ ਪ੍ਰੀਤਿ ਰੀਤ ਕੀ ਬਾਂਨ ॥ ੮● ॥ ਦੋਹਰਾ ॥ ਬਿਰਛਾ ਤੁਮ ਫਲ ਫੂਲੀਓ ਹਰੀਓ ਭਰੀਓ ਨੀਤ ॥ ਪੰਛੀ ਦੇਤ ਅਸੀ ਹੈ ਸੁਨੋ ਮੀਤ ਦੈ ਚੀਤ ॥ ੮੧ ॥ ਸਮਾਪਤੰ ॥

| | |
|---|---|
| ਹੱਥ ਲਿਖਤ ਨੰ | : MS 362 ਅ |
| ਸਿਰਲੇਖ | : ਮਾਝੇ ਦੀਆਂ ਜੱਟੀਆਂ, ਕਬਿਤ |
| ਪੱਤਰੇ | : 21 ਅ - 25 ਅ |
| ਅਕਾਰ | : 13 X 11 ਸ.ਮ. ਲਿਖਤ : 8 X 8ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਲਿਖਾਈ ਸੁੰਦਰ। ਸਤਰਾਂ ਪ੍ਰਤੀ ਪੰਨਾ 8 ਹਨ । |
| ਆਮ ਵੇਰਵਾ | : ਪੋਥੀ ਦੀ ਹਾਲਤ ਆਮ ਕਰਕੇ ਠੀਕ, ਲਿਖਾਈ ਖੁਸ਼ਖ਼ਤ ਹੈ। ਕਈ ਥਾਵਾਂ ਤੇ ਡੀਜ਼ਾਈਨ ਬਣਾਏ ਹੋਏ ਹਨ ਅਤੇ ਕਈ ਥਾਵਾਂ ਤੇ ਵਿਚ ਵਿਚ ਇਕ-ਇਕ ਪੰਨਾ ਖਾਲੀ ਛੱਡਿਆ ਹੋਇਆ ਹੈ। ਕਵਿਤਾ ਵਿਚ ਇਸ ਸੰਗ੍ਰਹਿ ਦੀ ਰਚਨਾ ਕੀਤੀ ਹੋਈ ਹੈ । |
| ਆਰੰਭ | : ੧ਓ ਸਤਿਗੁਰੂ ਪ੍ਰਸਾਦਿ ॥ ਕਬਿਤੁ ॥ ਤੀਖੇ ਨੈਨ ਸੁੱਧ ਸਾਫ ਸਾਂਗ ਔਸਰੋ ਹੀ ਜੈਸੇ ਖਾਇ ਜਾਤਿ ਅੱਖੀਆ ਕਲੇਜੇ ਬੀਚ ਅੱਟੀਆ ॥ ਗੋਲ ਗੋਲ ਗਾਲਨ ਪੈ ਗਡਤ ਜੀਉ ਝੁਕ ਰਹੈ ਬਲ ਖਾਇ ਰਹੈ ਮਾਂਗ ਪਰ ਪਟੀਆ ॥ ਰੂਪ ਰਸ ਰਾਜ ਮੈ ਰਸੀਲੀ ਭਰੀ ਤਾਬੇ ਮੁਖ ਤੇ ਨਿੱਕਸ ਕੱਸ ਲੇਤ ਹੀ ਏ ਫਟੀਆ ॥ ਜੋਮ ਭਰੀ ਜੋਸ ਭਰੀ ਜਾਹਰ ਜਮਾਲ ਭਰੀ ਜੇਬਦਾਰ ਜਗ ਮਗੈ ਮਾਝੇ ਦੀਆਂ ਜਟੀਆਂ ॥ ੧ ॥... |
| ਅੰਤ | : ... ਵੁਠਏ ਨੀ ਮਾਏ ਮੈ ਤਾ ਗਾਲੀਵਾ ਨੂੰ ਦੇ ਨ ਸਕਾ ਚੋਲੀ ਹੱਥ ਘਤ ਸਾਂਨੂ ਕੁੱਚ ਥੋ ਉਠਾਉਦਾ ॥ ਗੋਕਲ ਦੇ ਵਾਸੀ ਤੁਸੀ ਜਾਇ ਕੇ ਜਰੂਰ ਕਹੋ ਪਤਣ ਤੋ ਛੋਡਿਆ ਸਾਥੋ ਵਤਨ ਛਡਾਉਦਾ ॥ ੮ ॥ = ॥ |

| | |
|---|---|
| ਹੱਥ ਲਿਖਤ ਨੰ | : MS 362 ੲ |
| ਸਿਰਲੇਖ | : ਕਾਬਿਤ |
| ਪੱਤਰੇ | : 26 ੳ - 28 ਅ |
| ਅਕਾਰ | : 13 X 11 ਸ.ਮ. ਲਿਖਤ : 8 X 8ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ 7 ਹਨ। |
| ਆਮ ਵੇਰਵਾ | : ਲਿਖਾਈ ਸੁੰਦਰ ਪੰਨਾ ਨੰ: 26 ਅਤੇ ਤਿੰਨ ਪੱਤਰੇ ਹੋਰ ਬਗੈਰ ਨੰ: ਤੋਂ ਖਾਲੀ ਛੱਡੇ ਹੋਏ ਹਨ। ਅਤੇ ਅਖੀਰ ਵਿਚ ਪੰਜਾਬੀ ਵਿਚ ਰੋਕੜੀ ਭਾਈ ਕ੍ਰਿਪਾਲ ਸਿੰਘ ਦਾ ਹਵਾਲਾ ਦਿੱਤਾ ਹੋਇਆ ਹੈ ਅਤੇ ਪੈਨਸਿਲ ਨਾਲ ਸੰਮਤ 1843 ਚੇਤ ਸੁਦੀ ਲਿਖਿਆ ਹੋਇਆ। ਇਸ ਮਿਤੀ ਦਾ ਰਚਨਾ ਨਾਲ ਕੋਈ ਸਬੰਧ ਨਹੀਂ ਹੈ । ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ। |
| ਆਰੰਭ | : ਕਬਿਤੁ ॥ ਘ੍ਰਿਤ ਬਿਨੁ ਭੋਜਨ ਜਿਉ ਪੰਥ ਬਿਨੁ ਸਾਥੀ ਜਿਉ ਦਲ ਬਿਨੁ ਹਾਥੀ ਜਿਉ ਦਾਰੂ ਬਿਨ ਬਾਨ ਹੈ ॥ ਰਸਿ ਰਸਿ ਰੀਤ ਬਿਨੁ ਮਿਤ੍ਰ ਪ੍ਰਤੀਤ ਬਿਨੁ ਬਿਯਾਹ ਕਾਰਜ ਗੀਤ ਬਿਨੁ ਆਦਰ ਬਿਨੁ ਦਾਨ ਹੈ ॥ ਕੂਪ ਜਿਉ ਪਾਨੀ ਬਿਨੁ ਕਬਿ ਜਿਉ ਬਾਨੀਂ ਬਿਨੁ ਰਾਵਰ ਜਿਉ ਰਾਨੀ ਬਿਨੁ ਸੁਘਰ ਬਿਨੁ ਤਾਨ ਹੈ ॥ ਜਰਦ ਜਿਉ ਕੇਸਰ ਬਿਨੁ ਮੁਖਿ ਜਿਉ ਬੇਸਰ ਬਿਨੁ ਪਿਆਰੀ ਬਿਨੁ ਰੈਨਿ ਜਿਉ ਸੁਪਾਰੀ ਬਿਨੁ ਪਾਨ ਹੈ ॥ ੧● ॥... |
| ਅੰਤ | : ... ਪ੍ਰੇਮ ਬਿਨਾ ਨਰ ਜਗਤ ਜੋ ਸੋ ਹੈ ਪਸੂ ਸਮਾਨ ॥ ਪ੍ਰੇਮੀ ਆਏ ਜਗਤ ਮੈ ਧਨ ਜਨ ਮਿਤਰ ਜਾਨ ॥ ੧੬ ॥ |

| | |
|---|---|
| ਹੱਥ ਲਿਖਤ ਨੰ | : MS 363 ਸੰਗ੍ਰਹਿ |
| ਸਿਰਲੇਖ | : ਕੇਰਲਿ ਪ੍ਰਸ਼ਨ ਜੋਤਿਸ |
| ਲੇਖਕ | : ਨਾਰਾਯਣ ਸਿੰਘ, ਸੰਤ |

| | |
|---|---|
| ਲਿਖਾਰੀ | : ਮਲੂਕ ਸਿੰਘ |
| ਸਥਾਨ | : ਤਰਨ ਤਾਰਨ |
| ਸਮਾਂ | : ਸੰਮਤ 1957 |
| ਪੱਤਰੇ | : 1- 6 ੳ |
| ਅਕਾਰ | : 17 X 10 ਸ.ਮ. ਲਿਖਤ : 15 X 18 ਸ.ਮ. |
| ਵੇਰਵਾ | : ਜਿਲਦ ਗੱਤਾ ਉਖੜੀ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਪੋਥੀ ਦੀ ਹਾਲਤ ਖਸਤਾ।ਸਤਰਾਂ ਪ੍ਰਤੀ ਪੰਨਾ 14 ਹਨ। |
| ਆਮ ਵੇਰਵਾ | : ਪੋਥੀ ਦੀ ਇਸ ਰਚਨਾ ਵਿਚ ਕਾਨੀ ਬਦਲੀ ਹੋਈ ਹੈ । ਪੱਤਰੇ ਉਖੜੇ ਹੋਏ ਹਨ ਅਤੇ ਹਾਸ਼ੀਏ ਵਾਲੀ ਜਗਾ ਤੇ ਲਿਖਿਆ ਹੋਇਆ ਹੈ । ਰਚਨਾ ਦੇ ਸ਼ੁਰੂ ਵਿਚ ਇੰਵ ਲਿਖਿਆ ਹੋਇਆ ਹੈ: "੧ੴ ਸਤਿਗੁਰ ਪ੍ਰਸਾਦਿ ਅਥ ਕੇਰਲਿ ਪ੍ਰਸ਼ਨ ਜੋਤਿਸ਼ ਮਤ ਭਾਖਾ ਲਿਖਯਤੇ"। ਇਸ ਤੋਂ ਅਗਲੇ ਪੰਨੇ ਤੇ ਕੁਝ ਹੋਰ ਰਚਨਾ ਬਾਰੇ ਲਿਖਿਆ ਹੈ ਜੋ ਪੂਰੀ ਨਹੀਂ ਹੈ ਅਤੇ ਬਾਅਦ ਵਿਚ ਅੱਧੇ ਤੋਂ ਜ਼ਿਆਦਾ ਪੰਨਾ ਖਾਲੀ ਹੈ, ਤੇ ਫਿਰ ਤਿੰਨ ਪੰਨੇ ਖਾਲੀ ਹਨ । ਕਾਗਜ਼ ਖਸਤਾ ਹਾਲਤ ਵਿਚ ਹੈ । |
| ਆਰੰਭ | : ਅਥ ਵਿਵਾਰ ਪ੍ਰਸਨ ॥ ਦੋ: ॥ ਵਿਖਮ ਗ੍ਰਹੈ ਗਤ ਸਸਿ ਕਵੀ ਤਨਘਰ ਵਇ ਗ੍ਰਹ ਪੇਖਾ ॥ ਤਿੰਨਰ ਕੌ ਤ੍ਰਿਯਾ ਲਾਭ ਹ੍ਵੈ ਸਮਘਰ ਤ੍ਰੀਵਰ ਦੇਖ ॥... |
| ਅੰਤ | : ...ਅਥ ਦ੍ਵਾਦਸ ਰਾਸੀ ਸੇ ਅੰਗ ਪ੍ਰਛਨ ॥ ਇਤਿ ਸ੍ਰੀਮਤ ਪੰਡਿਤ ਹਜੂਰਾ ਹਰੀ ਸਿਖੇਜਣ ਨਾਰਾਯਣ ਸਿੰਘੇਨ ਕਵਿ ਨ੍ਰਿਮੇਲਨ ਤਰਨ ਤਾਰਨ ਨਿਵਾਸਿਨਾ ਵਿਰਚਿਤੰ ਕੇਰਲਿ ਜੋਤਿਸ ਮਤ ਭਾਖਾ ਸੰਗ੍ਰਹ ਸੁਭੰ ॥ = । |

| | |
|---|---|
| ਹੱਥ ਲਿਖਤ ਨੰ | : MS 363 ਅ |
| ਸਿਰਲੇਖ | : ਵਾਰ ਧੰਨੇ ਭਗਤ ਕੀ |
| ਲੇਖਕ | : ਨਾਰਾਯਣ ਸਿੰਘ, ਸੰਤ |
| ਲਿਖਾਰੀ | : ਮਲੂਕ ਸਿੰਘ |
| ਸਥਾਨ | : ਤਰਨ ਤਾਰਨ |
| ਸਮਾਂ | : ਸੰਮਤ 1957 |
| ਪੱਤਰੇ | : 1-4 |
| ਅਕਾਰ | : 17 X 10 ਸ.ਮ. ਲਿਖਤ : 15 X 8 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ 11 ਹਨ। |
| ਆਮ ਵੇਰਵਾ | : ਪਹਿਲੀ ਰਚਨਾ ਨਾਲੋਂ ਕਾਨੀ ਬਦਲੀ ਹੋਈ ਹੈ । ਪੰਨਿਆਂ ਉਪਰ ਪੰਨਾ ਨੰਬਰ ਅੰਕਤ ਨਹੀਂ ਹਨ। ਇੰਵ ਪ੍ਰਤੀਤ ਹੁੰਦਾ ਹੈ ਕਿ ਇਹ ਹਿੱਸਾ ਕਿਸੇ ਹੋਰ ਪੋਥੀ ਨਾਲੋਂ ਲਿਆ ਗਿਆ ਹੈ। |
| ਆਰੰਭ | : ੧ੴ ਸਤਿਗੁਰੁ ਪ੍ਰਸਾਦਿ ॥ ਅਥ ਵਾਰ ਧੰਨੇ ਭਗਤ ਕੀ ਲਿਖਜਤੇ ॥ ਧੰਨੇ ਦਾ ਹਰਿ ਸਿਉ ਬਡਾ ਸਨੇਹੁ ॥ ਪਾਰ ਬ੍ਰਹਮ ਪੂਰਨ ਪਰਮੇਸਵਰ ਨਿਹਜਲ ਜਾਕੀ ਸੇਵ ॥... |
| ਅੰਤ | : ... ਗੋਰਖ ਨੌ ਮਾਛਿੰਦ ਤਰਾਯਾ ਧੰਨੇ ਗੁਰੁ ਤਰਾਯਾ ॥ ਦਾਸ ਗੁਰੂ ਕੀ ਚਰਣੀ ਲੱਗਾ ਜੱਸ ਬੇਦ ਪੁਰਾਨੀ ਗਾਯਾ " ਧੰਨੇ ਕੀ ਵਾਰ ਇਤੀ ॥ ਦਸਤਖ੍ਹ ਸੰਤ ਨਾਰਾਯਣ ਸਿੰਘ ਤਰਨ ਤਾਰਨ ਨਿਵਾਸੀ ॥ ਸੰਮਤ ੧੯੫੭ ॥ ਵਿਸਾਖੀ ਵਦੀ ੧● ਕੋ ਪੋਥੀ ਛਪਾਹੀ ਭਾਈ ਮਲੂਕ ਸਿੰਘ ਹਿਤਾਰਥ ਲਿਖੀ ● ● ਰਾਮ ਸ੍ਰੀ ਸਤ ਸਹਾਇ ॥ |

| | |
|---|---|
| ਹੱਥ ਲਿਖਤ ਨੰ | : MS 363 ੲ |
| ਸਿਰਲੇਖ | : ਖਿਆਲ ਜੋਤ ਸਜਨ ਮਲਗ ਨਕ |
| ਲੇਖਕ | : ਨਾਰਾਯਣ ਸਿੰਘ, ਸੰਤ |
| ਲਿਖਾਰੀ | : ਮਲੂਕ ਸਿੰਘ |
| ਸਥਾਨ | : ਤਰਨ ਤਾਰਨ |
| ਸਮਾਂ | : ਸੰਮਤ 1957 |
| ਪੱਤਰੇ | : 1-3 |
| ਅਕਾਰ | : 17 X 10 ਸ.ਮ. ਲਿਖਤ : 15 X 18 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ 11 ਹਨ। |
| ਆਮ ਵੇਰਵਾ | : ਇਹਰਚਨਾ ਜੋਤਿਸ ਨਾਲ ਸਬੰਧਿਤ ਹੈ । ਇਸ ਤੋਂ ਬਾਅਦ ਦੀ ਰਚਨਾ ਇਸੇ ਪੰਨੇ ਤੇ ਸ਼ੁਰੂ ਹੁੰਦੀ ਹੈ। |
| ਆਰੰਭ | : ੧ਓ ਸਤਿਗੁਰੁ ਪ੍ਰਸਾਦਿ ॥ ਅਥ ਖਿਆਲ ਜੋਤਸ ਜਨਮ ਲਗਨ ਕਥਨੰ ॥ ਭੂਤ ਭਵਿੱਖ ਵਰਤਮਾਨ ਜੋ ਤੀਨ ਕਾਲ ਵਤ ਲਾਤਾ ਹੈ ॥ ਜੋਤਿ ਸਾਸਤ੍ਰ ਸਭਿ ਸਾਸ੍ਰ ਸਿਰੋਮਣ ਬਿਨਾ ਭਾਗ ਨਹੀਂ ਆਤਾ ਹੈ ।… |
| ਅੰਤ | : … ਮੀਨ ਲਗਨ ਕੇ ਸੁਤ ਕਾ ਜੀਨਾ ਮ੍ਰਿਤ ਲੋਕ ਮੈ ਮਹਾਂ ਕਠਨ ॥ ਨਹੀਂ ਕਿਸੀ ਕਾ ਦੋਸ ਕਰਮ ਫਲ ਅਪਨੇ ਨਰ ਪਾਤਾ ਹੈ ॥ ਜੋਤਿ ਸਾਸ੍ਰ ਸਤਿ ਸਾਸ੍ਰ ਸਿਰੋਮਣਿ ਬਿਨਾ ਭਾਗ ਨਹੀਂ ਆਤਾ ਹੈ ॥ ੩ ॥ |

| | |
|---|---|
| ਹੱਥ ਲਿਖਤ ਨੰ | : MS 363 ਸ |
| ਸਿਰਲੇਖ | : ਕਬਿਤਾ ਹੁਨਰ |
| ਲੇਖਕ | : ਨਾਰਾਯਣ ਸਿੰਘ, ਸੰਤ |
| ਲਿਖਾਰੀ | : ਮਲੂਕ ਸਿੰਘ |
| ਸਥਾਨ | : ਤਰਨ ਤਾਰਨ |
| ਸਮਾਂ | : 1957 ਸੰਮਤ |
| ਪੱਤਰੇ | : ਕੁੱਲ ਪੰਨੇ 6 |
| ਅਕਾਰ | : 17 X 10 ਸ.ਮ. ਲਿਖਤ : 15 X 8 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਲਾਲ, ਹਾਸ਼ੀਏ ਤੋਂ ਬਗੈਰ ਸਤਰਾਂ ਪ੍ਰਤੀ ਪੰਨਾ 11 ਹਨ। |
| ਆਮ ਵੇਰਵਾ | : ਪੋਥੀ ਦੀ ਇਹ ਰਚਨਾ ਲਾਲ ਸਿਆਹੀ ਨਾਲ ਸ਼ੁਰੂ ਕੀਤੀ ਹੋਈ ਹੈ। ਪਹਿਲੇ ਕੁਝ ਪੱਤਰਿਆਂ ਤੇ ਲਿਖਤ ਲਾਲ ਸਿਆਹੀ ਨਾਲ ਕੀਤੀ ਹੋਈ ਹੈ ਅਤੇ ਬਾਅਦ ਵਿਚ ਕਾਲੀ ਸਿਆਹੀ ਨਾਲ ਕੀਤੀ ਹੋਈ ਹੈ । ਵਿਚ ਵਿਚ ਕਾਨੀ ਵੀ ਬਦਲੀ ਹੋਈ ਹੈ । ਲਿਖਤ ਵੀ ਕਿਧਰੇ ਕਿਧਰੇ ਧਬਿਆਂ ਵਾਲੀ ਹੈ ਪਰ ਪੜ੍ਹਨ ਯੋਗ ਹੈ ਅਤੇ ਸਪਸ਼ਟ ਹੈ । ਕਿਧਰੇ ਕਿਧਰੇ ਕਾਲੀ ਕਾਨੀ ਨਾਲ ਸੁਧਾਈ ਕਰਕੇ ਲਿਖਿਆ ਹੋਇਆ ਹੈ । |
| ਆਰੰਭ | : ੧ਓ ਸਤਿਗੁਰੁ ਪ੍ਰਸਾਦਿ ॥ ਕਬਿਤ ॥ ਹੁਨਰ ਕੇ ਤਾਨ ਮਾਨ ਪਾਇ ਨ੍ਰਿਪ ਦ੍ਵਾਰਨ ਮੈ ਹੁਨਰ ਸੋ ਹਾਕਮ ਹੋ ਹੁਕਮ ਕਮਾਈਯੇ ॥… |
| ਅੰਤ | : … ਹੁਨਰ ਵਿਹੀਨ ਹਰਿ ਪਾਇਨ ਨਰੈਨ ਸਿੰਹੁ ਨਰ ਹਮੇਂਸ਼ ਤਾਂ ਤੇ ਉਰ ਮਾਹਿਲਯਾਈਯੇ ॥ |

| | |
|---|---|
| ਹੱਥ ਲਿਖਤ ਨੰ | : MS 363 ਹ |
| ਸਿਰਲੇਖ | : ਗਰਗਾਰਯ 'ਜੋਤਿਸ ਸਾਰ' (ਵਿਚਾਰ ਭਾਖਾ) |

ਲੇਖਕ : ਨਾਰਾਯਣ ਸਿੰਘ, ਸੰਤ
ਲਿਖਾਰੀ : ਮਲੂਕ ਸਿੰਘ
ਸਥਾਨ : ਤਰਨ ਤਾਰਨ
ਸਮਾਂ : ਸੰਮਤ 1957
ਪੱਤਰੇ : ਤਕਰੀਬਨ 12 ਪੱਤਰੇ
ਅਕਾਰ : 17 X 10 ਸ.ਮ. ਲਿਖਤ: 15 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 14 ਹਨ।
ਆਮ ਵੇਰਵਾ : ਇਸ ਰਚਨਾ ਵਿਚ ਜੋਤਿਸ਼ ਸਾਰ, ਪ੍ਰਸਨ ਵਿਚਾਰ ਭਾਖਾ ਦਾ ਵਰਣਨ ਹੈ । ਸ਼ੁਰੂ ਵਿਚ ਪੰਨਾ ਨੰ: 1 ਦਿੱਤਾ ਹੋਇਆ ਹੈ ਅਤੇ ਬਾਅਦ ਵਿਚ ਪੰਨਾ ਨੰ: ਅੰਕਿਤ ਨਹੀਂ ਕੀਤਾ । ਅਥ ਗਰਗਾਰਯ ਜੋਤਿਸ਼ ਸਾਰ ।
ਆਰੰਭ : ੧ਓ ਸਤਿਗੁਰੁ ਪ੍ਰਸਾਦਿ ॥ ਅਥ ਗੁਰ ਗਾਰਯ ਜੋਤਿਸ਼ ਸਾਰ ਸੁਭਾਸਭ ਪ੍ਰਸ੍ਨ ਫਲ ਵਿਚਾਰ ਭਾਖਾ ਲਿਖਯਤੇ ॥ ਦੋਹਾ ॥ ਸਾਰਦ ਗਨਪਤਿ ਹਰਿ ਬਿਧੀ ਹਰ ਸਭਿ ਪਾਦ ਮਨਾਇ ॥...
ਅੰਤ : ... ਦੇਖੁ ਨਿਸਾਨੀ ਤ੍ਰੀਕੀ ਬਾਤ ॥ ਪਰ ਦੇਵੀ ਪੂਜਨ ਕਰ ਵਿਖਯਾਤ ॥ ਯਾਂਤੇ ਵਿਘਨ ਵਿਨਾਸਨ ਹੋਇ ॥ ਅਰਥੀ ਸੰਸਾ ਕਰੋ ਨ ਕੋਇ ॥ ੧੬ ॥

ਹੱਥ ਲਿਖਤ ਨੰ : MS 364
ਸਿਰਲੇਖ : ਕਾਦੇਸੀ (ਇਕਾਦਸੀ ਮਹਾਤਮ)
ਲੇਖਕ : ਨਿਵਾਹੂ ਰਾਮੁ
ਪੱਤਰੇ : 1 - 191
ਅਕਾਰ : 17 X 9 ਸ.ਮ. ਲਿਖਤ : 11 X 7 ਸ.ਮ.
ਵੇਰਵਾ : ਜਿਲਦ ਗੱਤਾ ਕੱਪੜਾ, ਉਖੜੀ ਹੋਈ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਪੋਥੀ ਦੀ ਹਾਲਤ ਬਹੁਤ ਮਾੜੀ ਹੈ । ਸਤਰਾਂ ਪ੍ਰਤੀ ਪੰਨਾ–7 ਹਨ।
ਆਮ ਵੇਰਵਾ : ਪੱਤਰਾ ਨੰ: 149 ਤੋਂ ਬਾਅਦ ਪੋਥੀ ਦੀ ਹਾਲਤ ਬਹੁਤ ਖਸਤਾ–ਕਈ ਥਾਂਵਾਂ ਤੋਂ ਧੁਆਂਖੀ ਹੋਈ–ਭਿਜੀ ਹੋਈ ਹੋਣ ਕਾਰਨ ਲਿਖਾਈ ਤੇ ਬਹੁਤ ਬੁਰਾ ਅਸਰ ਹੈ, ਪੱਤਰੇ ਖਸਤਾ ਹਾਲਤ ਵਿਚ ਹਨ। ਵਿਚੋਂ ਖਾਧੇ ਹੋਏ ਹੋਣ ਕਾਰਨ ਰਚਨਾ ਪੂਰੀ ਤਰ੍ਹਾਂ ਪੜ੍ਹੀ ਨਹੀਂ ਜਾ ਸਕਦੀ ਅਤੇ ਅਖੀਰ ਵਿਚ ਕੁਝ ਪੱਤਰੇ ਨਹੀਂ ਹਨ। ਰਚਨਾ ਅਧੂਰੀ ਹੈ । ਜਿਵੇਂ : –

ਸਭ ਕੁਟੰਭ ਤਾ ਕੋ ਭਜ ਦੀਨੋ ਗ੍ਰਹਤੇ ਨਿਕਲੀ ---

ਅਗਲੇ ਪੰਨੇ ਨਹੀਂ ਹਨ । ਵੈਸੇ ਲਿਖਾਈ ਸੁੰਦਰ, ਪੋਥੀ ਦੇ ਪਹਿਲੇ ਅੱਧ ਦਾ ਹਿੱਸਾ ਠੀਕ ਠੀਕ ਹੈ ਪਰ ਅਗਲੇ ਭਾਗ ਦੀ ਮਾੜੀ ਹਾਲਤ ਹੈ ।

ਆਰੰਭ : ੧ਓ ਸ੍ਰੀ ਗਣੇਸਾਇ ਨਮਹਿ ॥ ਅਥ ਕਾਦਸੀ ਮਹਾਤਮੁ ਲਿਖਤੇ ॥ ਕ੍ਰਿਤਿ ਨਿਵਾਹੂ ਰਾਮਾ ॥ ਦੋਹਰਾ ॥ ਬਿਘਨਿ ਹਰਨਿ ਮੰਗਲ੍ਹ ਕਰਨਿ ਦੁਸਟ ਹਰਨ ਜਿਹਿ ਰੂਪ ॥
ਅੰਤ : ... ਸਭ ਕੁਟੰਭ ਤਾ ਕੋ ਤਜ ਦੀਨੋ ॥ ਗ੍ਰਹਤੇ ਨਿਕਲ ਗ...ਲਿਖਤ ਅਧੂਰੀ ਹੈ।

ਹੱਥ ਲਿਖਤ ਨੰ : MS 365
ਸਿਰਲੇਖ : ਸੀਹਰਫੀ
ਲੇਖਕ : ਮੋਹਰਿ ਸਿੰਘ (ਮੋਹਰੀ ਸਿੰਘ)
ਪੱਤਰੇ : 127 – 162
ਅਕਾਰ : 18 X 13 ਸ.ਮ. ਲਿਖਤ : 14 X 8 ਸ.ਮ.

| | |
|---|---|
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ, ਪੋਥੀ ਦੀ ਹਾਲਤ ਆਮ ਕਰਕੇ ਮਾੜੀ । ਸਤਰਾਂ ਪ੍ਰਤੀ ਪੰਨਾ 8 ਹਨ। |
| ਆਮ ਵੇਰਵਾ | : ਪੋਥੀ 127 ਪੰਨੇ ਤੋਂ ਸ਼ੁਰੂ ਕੀਤੀ ਹੋਈ ਹੈ, ਇੰਵ ਮਾਲੂਮ ਹੁੰਦਾ ਹੈ ਕਿ ਕਿਸੇ ਹੋਰ ਪੋਥੀ ਨਾਲੋਂ ਪੱਤਰੇ ਲਾਹ ਕੇ ਇਥੇ ਲਾਏ ਹਨ । ਪੋਥੀ ਦੇ ਆਦਿ ਅਤੇ ਅੰਤ ਦੇ ਪੱਤਰੇ ਨਹੀਂ ਹਨ । ਪੋਥੀ ਦੇ ਸ਼ੁਰੂ ਵਿਚ ਪਹਿਲੇ ਲਾਏ ਪੱਤਰੇ ਨਾ ਹੋਣ ਕਾਰਨ ਅਧੂਰੀ ਹੈ । ਸ਼ੁਰੂ ਵਿਚ ਇੰਵ ਲਿਖਿਆ ਹੈ ।<br>"ਹੀ ਇਸ੍ਰ ਅਨਿ ਸੁਦੀ ਕਾਵਿ ਰਹੀ ਯਾ ਗੁਰਾ ਸਚਿਆ" |
| ਆਰੰਭ | : "ਹੀ ਇਸ੍ਰ ਅਨਿ ਸੁਦੀ ਕਾਵਿ ਰਹੀ ਯਾ ਗੁਰਾ ਸਚਿਆ ਸਚੁ ਦਿਖਾਇਆ ਹੀ ॥ ਮੋਹਰਿ ਸਿੰਘ ਤੂੰ ਸਰਬ ਮੈ ਰਮਿ ਰਹਿਆ ਵਿਚੋ ਦੂਸਰਾ ਭਾਉ ਉਠਾਇਆ ਹੀ ॥" |
| ਅੰਤ | : ... ਗਇਆ ਭੁਪੁਤੇ ਰਹਿਆ ਹੈ ਪ੍ਰੇਮ ਨੰਦ ਆਖੰਡ ਸਚ ਸਰੂਪ ਨ ਪਾਇਆ ਹੀ ॥ ਰਚਨਾ ਅਧੂਰੀ ਹੈ । |

| | |
|---|---|
| ਹੱਥ ਲਿਖਤ ਨੰ | : MS 366 ਸੰਗ੍ਰਹਿ |
| ਸਿਰਲੇਖ | : ਪੰਚਕ (ਸ੍ਰੀ ਗੁਰੂ ਨਾਨਕ ਦੇਵ ਜੀ) |
| ਲੇਖਕ | : ਨਰਾਇਨ ਸਿੰਘ (ਤਰਨਤਾਰਨ ਨਿਵਾਸੀ) |
| ਪੱਤਰੇ | : 2 |
| ਅਕਾਰ | : 12 X 18 ਸ.ਮ. ਲਿਖਤ : 10 X 16 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ, ਸਤਰਾਂ ਪ੍ਰਤੀ ਪੰਨਾ 14 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਠੀਕ । ਪਹਿਲੇ ਪੰਨੇ ਕੁਝ ਖਸਤਾ ਹਾਲਤ ਵਿਚ ਹਨ । |
| ਆਰੰਭ | : ਤੇਂ ਨਮ: ੧ਓ ਸਤਿਗੁਰੁ ਪ੍ਰਸਾਦਿ ॥ ਅਥ ਸ੍ਰੀ ਗੁਰੂ ਨਾਨਕ ਪੰਚਕ ਲਿਖਯਤੇ ॥ ਸ੍ਵੈਯਾ ਨਾਨਕ ਹੀ ਗੁਰੁ ਹਾਰ ਗਹੀ ਗੁਰ ਤਾਰ ਗਹੀ ਗੁਨ ਗੋਵਿੰਦ ਗਾਨਕ ॥ ਗਾਨਕ ॥ ਹਰਿਦਾਸ ਪ੍ਰਤੀ ਪ੍ਰਭੂ ਪੂਰਨ ਬ੍ਰਹਮ ਲਖਾਇ ਅਚਾਨਕ ॥... |
| ਅੰਤ | : ...ਇਤਿ ਸ੍ਰੀ ਮਤ ਪੰਡਿਤ ਹਜੂਰਾ ਹਰੀ ਲਿਖਯੇਣ ਨਾਰਾਇਨ ਸਿੰਘੇਨ ਕਵਿ ਨਿਰਮਲੇਨ ਤਰਨ ਤਾਰਨ ਨਿਵਾਸਿਨ ਵਿਰਚਿਤੰ ਸ੍ਰੀ ਗੁਰੂ ਨਾਨਕ ਦੇਵ ਪੰਚਕ ਸੁਭੰ ॥ ਸ੍ਵੈਯਾ ॥ ਸਿੱਧ ਸੁਮੇਰੁ ਪੈ ਜਰੇ ਕਰੇ ਜਿਨ ਫੇਰ ਮਕਾਸੁ ਅਚੰਭੁ ਦਿਖਾਯੋ ॥ |

| | |
|---|---|
| ਹੱਥ ਲਿਖਤ ਨੰ | : MS 366 ਅ |
| ਸਿਰਲੇਖ | : ਸ੍ਰੀ ਦਸੇਸਟ ਦਸਕ |
| ਲੇਖਕ | : ਨਰਾਇਣ ਸਿੰਘ (ਤਰਨਤਾਰਨ ਨਿਵਾਸੀ) |
| ਪੱਤਰੇ | : ਤਕਰੀਬਨ 4 ਪੱਤਰੇ |
| ਅਕਾਰ | : 12 X 18 ਸ.ਮ. ਲਿਖਤ : 10 X 16 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ-13 ਹਨ। |
| ਆਮ ਵੇਰਵਾ | : ਕਾਨੀ ਬਦਲੀ ਹੋਈ ਹੈ ਅਤੇ ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਰਚਨਾ ਖਤਮ ਹੋਣ ਤੋਂ ਬਾਅਦ ਸਵੈਯਾ ਦਿੱਤਾ ਹੋਇਆ ਹੈ ਅਤੇ ਅੰਤ ਵਿਚ ਕਬਿਤ ਸ੍ਰੀ ਗੁਰੂ ਨਾਨਕ ਜੀ ਦਿੱਤਾ ਹੋਇਆ ਹੈ । |
| ਆਰੰਭ | : ੧ਓ ਸਤਿਗੁਰੁ ਪ੍ਰਸਾਦਿ ॥ ਅਥ ਸ੍ਰੀ ਗੁਰੂ ਦੇਸਸ੍ਰ ਦਸਕ ਲਿਖਯਤੇ... |
| ਅੰਤ | : ...ਇਤਿ ਸ੍ਰੀ ਮਤ ਪੰਡਿਤ ਹਜੂਰਾ ਹਰੀ ਸਿਖਯੇਣ ਨਾਰਾਇਣ ਸਿੰਘੇਨ ਕਵਿ ਨਿਰਮਲੇਨ ਤਰਨ ਤਾਰਨ ਨਿਵਾਸਿਨ ਵਿਰਚਿਤੰ ਦਸੇਸ੍ਰ ਗੁਰੂ ਦਸਿਕ ਸੁਭੰ ਭੁਯਾਤਾ ॥<br>ਰਚਨਾ ਖਤਮ ਹੋਣ ਤੋਂ ਬਾਅਦ ਸਵੈਯਾ ਦਿੱਤਾ ਹੋਇਆ ਹੈ । |

| | |
|---|---|
| ਹੱਥ ਲਿਖਤ ਨੰ | : MS 366 ੲ |
| ਸਿਰਲੇਖ | : ਦਸੇਸਟ ਗੁਰੁ ਦਸਿਕ - (ਕਬਿਤ) |
| ਲੇਖਕ | : ਨਰਾਇਣ ਸਿੰਘ (ਤਰਨਤਾਰਨ ਨਿਵਾਸੀ) |
| ਪੱਤਰੇ | : ਤਕਰੀਬਨ 7 ਪੰਨੇ |
| ਅਕਾਰ | : 12 X 18 ਸ.ਮ. ਲਿਖਤ : 10 X 16 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ-13 ਹਨ। |
| ਆਮ ਵੇਰਵਾ | : ਰਚਨਾ ਦੇ ਸ਼ੁਰੂ ਵਿਚ ਸ੍ਰੀ ਦਸੇਸਟ ਦਸਕ ਲਿਖਯਤੇ ਬਾਅਦ ਵਿਚ ਸਵੈਯਾ ਗੁਰੂ ਲਿਖਿਆ ਹੈ। |
| ਆਰੰਭ | : ੧ਓ ਸਤਿਗੁਰੁ ਪ੍ਰਸਾਦਿ ॥ ਅਥ ਦਸੇਸ੍ਰ ਗੁਰੁ ਦਸਿਕ ਲਿਖਯਤੇ ॥ ਕਬਿੱਤ ॥ ਆਯੋ ਜਬਿ ਪਹਿਰਾ ਵਿਕ੍ਰਾਲ ਕੂਲਕਾਲ ਜੁ ਕੋ ਸਭੀ ਵਰਣਾ ਸ੍ਰਮਲੋਗ ਲਾਗੇ ਕੁਕ੍ਰਿਤ ਮੈ ॥... |
| ਅੰਤ | : ...ਇਤਿ ਸ੍ਰੀ ਮਤ ਪੰਡਿਤ ਹਜੂਰਾ ਹਰੀ ਸਿੱਖਯੇਣ ਨਾਰਾਇਣ ਸਿੰਘੇਨ ਕਵਿ ਨਿਰਮਲੇਨ ਤਰਨਤਾਰਨ ਨਿਵਾਸੀ ਕ੍ਰਿਤ ਦਸੇਸ੍ਰ ਗੁਰੂ ਦਸਿਕ ਕਬਿੱਤਾਵਲੀ ਸੁਭੰ ॥ = ॥ = ॥ = ॥ |

| | |
|---|---|
| ਹੱਥ ਲਿਖਤ ਨੰ | : MS 366 ਸ |
| ਸਿਰਲੇਖ | : ਚੋਕੁੜੀ ਕਬਿਤ |
| ਲੇਖਕ | : ਨਰਾਇਣ ਸਿੰਘ, ਸੰਤ |
| ਪੱਤਰੇ | : 5 |
| ਅਕਾਰ | : 12 X 18 ਸ.ਮ. ਲਿਖਤ : 10 X 16 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ 14 ਹਨ। |
| ਆਮ ਵੇਰਵਾ | : ਇਸ ਰਚਨਾ ਵਿਚ ਕਾਨੀ ਬਦਲੀ ਹੋਈ ਹੈ । ਹਾਸ਼ੀਏ ਵਿਚ ਲਿਖਤ ਹੋਰ ਕਾਨੀ ਨਾਲ ਕੀਤੀ ਹੋਈ ਹੈ । |
| ਆਰੰਭ | : ੧ਓ ਸਤਿਗੁਰੁ ਪ੍ਰਸਾਦਿ ॥ ਚੌਕੜੀ ਕਬਿੱਤ ॥ ਹੁਨਰ ਕੇ ਤਾਨ ਮਾਨ ਪਾਇ ਨ੍ਰਿਪ ਦ੍ਵਾਰਨ ਮੈ ਹੁਨਰ ਸੋ ਹਾਕਿਮ ਹ੍ਵੈ ਹੁਕਮ ਕਮਾਈਯੇ ॥... |
| ਅੰਤ | : ...ਅਮਰਦਾਸ ਅਧੋਗਤਿ ਧਰਤ ਰਾਮ ਸੁ ਦਾਸ ਅਰਾਮ ਪ੍ਰਕਾਸੈ ॥ ਨਾਸਅਰੀਨ ਸਦਾ ਗੁਰੂ ਅਰਜੁਨ ਸ੍ਰੀ ਹਰਿ ਗੋਵਿੰਦ ਹੌਂਸ ਹੁਲਾਸੈ ॥ ਹੂਕ ਹਰੈ ਹਰਿਰਾ ਹਰਿ ਹਿੰਸਨੁ ਤੇਰਾਤਮਾ ਰਾਮ ਗੋਵਿੰਦ ਨਾਸੈ ॥ ਅੰਤ ਵਿਚ ਸਵੈਯਾ ਹੈ । |

| | |
|---|---|
| ਹੱਥ ਲਿਖਤ ਨੰ | : MS 367 |
| ਸਿਰਲੇਖ | : ਸ੍ਰੀ ਭਾਗਵਤੇ ਦਸ ਸਕੰਦ (ਭਾਖਾ ਟੀਕਾ) |
| ਲੇਖਕ | : ਬੇਦੀ, ਅਛਰ ਸਿੰਘ |
| ਸਥਾਨ | : ਤਾਰਾ ਗੜ੍ਹ |
| ਸਮਾਂ | : ਸੰਮਤ 1887 |
| ਪੱਤਰੇ | : 1-178 ਅ |
| ਅਕਾਰ | : 28 X 22 ਸ.ਮ. ਲਿਖਤ : 20 X 22 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ, ਉਖੜੀ ਹੋਈ, ਖਸਤਾ ਹਾਲਤ ਵਿਚ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ, ਦੋ ਦੋ ਕੇਸਰੀ ਲਕੀਰਾਂ। ਸਤਰਾਂ ਪ੍ਰਤੀ ਪੰਨਾ 19 ਹਨ। |
| ਆਮ ਵੇਰਵਾ | : ਲਿਖਾਈ ਚੰਗੀ । ਪੋਥੀ ਦੀ ਹਾਲਤ ਠੀਕ ਠੀਕ । ਪੋਥੀ ਦੇ ਸ਼ੁਰੂ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਅਤੇ ਅੰਤ ਵਿਚ ਵੀ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। |

ਆਰੰਭ : ੧ਓ ਸ੍ਰੀ ਸਤਿ ਗੁਰਪ੍ਰਸਾਦਿ ॥ ਉ ਅੰਸ੍ਰੀ ਗਣੇਸਾਯ ਨਮ ॥ ਓਅੰ ਨਮੋ ਭਗਵਤੇ ਵਾਸਦੇਵਯ ਨਮ ॥ ਅਥ ਸ੍ਰੀ ਭਾਗਵਤੇ ਦਸ ਸਕੰਦ ਭਾ ਲਿਖਤੇ ॥ ਦਸਮ੍ਰਾ ॥ ਦੋ ਮਤਿ ਘਟ ਮਹਿ ਪ੍ਰਸਪਰਿ ਬੋਲਤੇ ਏਕ ਸਮਾਨ।

ਅੰਤ : ... ਇਤਿ ਸ੍ਰੀ ਭਾਗਵਤੇ ਮਹਾਪੁਰਾਣ ਦਸਮ ਸਕੰਧੇ ਸੁਕ ਪਰੀਛਤਿ ਸੰਬਾਦੇ ਸ੍ਰੀ ਰਾਮ ਕ੍ਰਿਸ਼ਨ ਅਰਪਨ ਮਸਤ ਸੁਭ ਮਸਤ ॥ ਨਵਹਿ ਧਿਆਇ ਸੰਪੂਰਨੰ ਸਮਾਪਤੰ ॥ ਨਵਹਿ ਧਿਆਹਿ ਸੰਪੂਰਨ ਭਏ ॥ ਸਾਖੀਆ ਤਥਾ ਚਉਪਈਆ ॥ ੧੯੧ ॥ ਜੈ ਸ੍ਰੀ ਕ੍ਰਿਸ੍ਨਚੰਦੁ ਸੁਖਧਾਮੁ ਸੂਬ ਬਿਆਪੀ ਪੂਰਨ ਕਾਮ ਜੈ ਜੈ ਜੈ ਸ੍ਰੀ ਕ੍ਰਿਸ੍ਨ ਧ੍ਰਬ ਬਿਆਪੀ ਪੂਰਨ ਬਿਸ੍ਨ ਸੁੰਭ ਮਸਤੁ ਲੇਖਿਕ ਪਾਠਕਯੋ ਸੁਭੰ ਦੋਹਰਾ ॥ ਸੰਬਤ ਅਠਾਰਾ ਸੈ ਸਤਾਸੀਏ ਪੋਥੀ ਲਖੀ ਸੁਜਾਨਿ ॥ ਮਾਸ ਵੈਸਾਖ ਪੁਨੀਤ ਮੈ ਬਿਤੁ ਖਸੁਮੀ ਜਾਨਿ ॥ ੧ ॥ ਦੋਹਰਾ ॥ ਅਛਰ ਸਿੰਘ ਬੇਦੀ ਲਿਖੀ ਤਾਰਾਗੜ ਸੁਭ ਥਾਨਿ ॥ ਭੂਲ ਚੂਕ ਜਹਿ ਹਮ ਲਿਖੀ ਸਮਝ ਪੜੋ ਬੁਧ ਜਾਨਿ ॥ ੨ ॥ ਸੰਮਤੁ ੭ ਮਹੀਨੇ ਵੈਸਾਖ ਸੁਕਲ ਪਖੁ ਥੇਤ ਛਟਿ ਲੰਖਤੰਮ ਅਛਾਰੁ ਸਿੰਘ ਬੇਦੀ ॥ ਦਸਮੁ ਸਕੰਧ ਸੰਪੂਰਨੰ ਮਸਤੂ ਸੁਭੰ ਮਸਤੂ ॥

ਹੱਥ ਲਿਖਤ ਨੰ : MS 368 ਸੰਗ੍ਰਹਿ
ਸਿਰਲੇਖ : ਗਿਆਨ ਗੋਦੜੀ
ਲੇਖਕ : ਦਾਸ ਬੀਰਮ (ਉਦਾਸੀ)
ਸਥਾਨ : ਹੋਤੀ ਮਰਦਾਨ (ਹੁਣ ਪਾਕਿਸਤਾਨ ਵਿਚ ਹੈ)
ਪੱਤਰੇ : 1-61
ਅਕਾਰ : 20 X 15 ਸ.ਮ. ਲਿਖਤ : 15 X 11 ਸ.ਮ
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ, ਸਤਰਾਂ ਪ੍ਰਤੀ ਪੰਨਾ ੧੩, ਲਿਖਾਈ ਸੁੰਦਰ ਕਰਕੇ ਠੀਕ ਠੀਕ ਪੋਥੀ ਦੀ ਪਹਿਲੀ ਰਚਨਾ ਦੇ ਸ਼ੁਰੂ ਵਿਚ ਇਕ ਪੱਤਰਾ ਨਹੀਂ ਹੈ । ਇਸ ਤੋਂ ਅੱਗੇ ਡੀਜ਼ਾਇਨ ਬਣਾ ਕੇ-ਰਚਨਾ ਦਾ ਅੰਤ ਕੀਤਾ ਹੋਇਆ ਹੈ ਅਤੇ ਦੂਸਰੀ ਰਚਨਾ ਇਸੇ ਪੰਨੇ ਤੋਂ ਸ਼ੁਰੂ ਕਰ ਦਿੱਤੀ ਹੈ ।
ਆਰੰਭ : ...."ਮਹਿਠਾਂਨੀਐ"॥੪॥ ਤਾਂ ਸਿਖ ਨੇ ਪ੍ਰਸਨ ਕੀਆ॥ ਅਰਖਾਣ ਕੈਸੇ ਹੋਈ॥ਉਤ੍ਰ॥ ਤਾਂ ਸਤਿਗੁਰ ਕਹਾ ਹੈ ਸਿਖ ਏਕ ਤੇ ਅਨੇਕ ਐਸੇ ਹੂਆ॥
ਅੰਤ : ਦਾਸ ਬੀਰਮ ਉਦਾਸੀ ਤਿਨਕਾਟੀ ਭ੍ਰਮ ਫਾਸੀ ਗੁਰੂ ਨਾਨਕ ਕੀ ਸਰਨ ਆਏ ਅੰਮਰ ਪਦ ਪਾਵੈ ਹੈ॥ ਗਿਆਨ ਗੋਦੜੀ ਸੰਪੂਰਨ ਹੋਈ॥

ਹੱਥ ਲਿਖਤ ਨੰ : MS 368 ਅ
ਸਿਰਲੇਖ : ਗਿਆਨ ਸਰੋਦੈ (ਮਹਲਾ 1)
ਲੇਖਕ : ਦਾਸ ਬੀਰਮ (ਉਦਾਸੀ)
ਸਥਾਨ : ਹੋਤੀ ਮਰਦਾਨ (ਪਾਕਿਸਤਾਨ)
ਪੱਤਰੇ : 61 ੳ - 77 ਅ
ਅਕਾਰ : 20 X 15 ਸ.ਮ. ਲਿਖਤ : 15 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 13 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਸੁੰਦਰ। ਅਖਰਾਂ ਦੀ ਬਣਤਰ ਦੇਵਨਾਗਰੀ ਅਖਰਾਂ ਵਾਂਗ ਹੈ ।
ਆਰੰਭ : "੧ਓ ਸਤਿਗੁਰ ਪ੍ਰਸਾਦਿ" ਰਾਗੁ ਰਾਮਕਲੀ ਗਿਆਨ ਸਰੋਦੈ ਮਹਲਾ ੧॥ ਪੁਰਸੋਤਮ ਪਰਮਾਤਮਾ ਪੂਰਨ ਬਿਸਵੇ ਬੀਸ॥

ਅੰਤ : ਇਤ ਸ੍ਰੀ ਗਿਯਾਨ ਸਰੋਦੈ ਮਾਲਾ ਮੰਤ੍ਰ ਨਾਨਕ ਦਾਸ ਕ੍ਰਿਤ ਗ੍ਰੰਥ ਸੰਪੂਰਨੰ ਸਮਪਤੰ॥ ਪੜੰਤੇ ਸੁਨੰਤੇ ਮੋਖ ਮੁਕਤਲ ਹੰਤੇ॥ ਸ੍ਰੀ ਗੁਰੁ ਜੀ ਕੇ ਚਰਨ ਪਾਦ ਕਮਲ ਨਮਸਤਤੇ॥ ਯਾ ਦਰਸਨੰ ਪੁਸਤਕੰ॥ ਦ੍ਰਿਸਟਵਾਤਾ ਦ੍ਰਸੰ ਲਿਖਯਤੰਮਯਾ॥ ਯਦੀ ਸੁਧੰਮ ਸੁਧੰ ਵਾਸਮੋ ਦੋਸੋ ਨ ਦੀਯਤੇ॥ ॥ ॥ ॥

ਹੱਥ ਲਿਖਤ ਨੰ : MS 368 ੲ
ਸਿਰਲੇਖ : ਪਿੰਗਲਸਾਰ (ਭਾਖ ਰੂਪ ਦੀਪ)
ਲੇਖਕ : ਰਾਮ ਸਿੰਘ , ਭਾਈ
ਸਥਾਨ : ਹੋਤੀ ਮਰਦਾਨ (ਪਾਕਿਸਤਾਨ)
ਸਮਾਂ : ਸੰਮਤ 1776
ਪੱਤਰੇ : 77 ਅ - 87 ਅ
ਅਕਾਰ : 20 X 15 ਸ.ਮ. ਲਿਖਤ : 15 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 12-13 ਹਨ।
ਆਰੰਭ : "੧ਓ ਸਤਿਗੁਰ ਪ੍ਰਸਾਦਿ" ਅਥ ਪਿੰਗਲਸਾਰ ਲਿਖਯਤੇ॥ ਭਾਖਾ ਰੂਪ ਦੀਪ॥ਦੋਹਰਾ॥ ਸਾਰਦ ਮਾਤਾ ਤੁਮਬਰੀ ਸੁਬੁਧ ਦੇਹ ਦਰ ਹਾਲਾ॥ ਪਿੰਗਲ ਕੀ ਛਾਇਆ ਲੀਏ ਬਰਨੋ ਬਾਵਨ ਚਾਲਾ॥੧॥
ਅੰਤ : ਇਤ ਸ੍ਰੀ ਪਿੰਗਲ ਰੂਪ ਦੀਪ ਭਾਖਾ ਜੈ ਕ੍ਰਿਸਨ ਭੋਜਗ ਕ੍ਰਿਤ ਸੰਪੂਰਨੰ॥ ਲਿਖੀ ਭਾਈ ਰਾਮ ਸਿੰਘ ਨੈ ਛਾਵਨੀ ਹੋਤੀ ਮਰਦਾਨ॥ ਪੜੀ ਅਹੁ ਸੋਧ ਕੈ ਸੁਰਜਨੋ ਲਗਮਾਤ੍ਰ ਕਰ ਧਿਆਨ॥੧॥

ਹੱਥ ਲਿਖਤ ਨੰ : MS 368 ਸ
ਸਿਰਲੇਖ : ਸ੍ਰੀ ਆਤਮੇਹੇ ਪ੍ਰਮਾਰਥ (ਸਤਿ ਚਿਤ ਆਨੰਦਇ ਨਮਹਿ)
ਸਮਾਂ : ਸੰਮਤ 1776
ਪੱਤਰੇ : 87 ਅ-92 ਅ
ਅਕਾਰ : 20 X 15 ਸ.ਮ. ਲਿਖਤ : 18 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 12 ਹਨ।
ਆਮ ਵੇਰਵਾ :
ਆਰੰਭ : "੧ਓੰ ਸਤਿਗੁਰ ਪ੍ਰਸਾਦਿ ॥" ਸਤਿ ਚਿਤ ਆਨੰਦਇ ਨਮਹਿ ॥ ਗੁਰਵਾਚ ॥ ਹੇ ਸਿਖ ਆਤਮੇ ਕੋ ਮਿਲਕਰ ਮੁਕਤ ਹੋਤੀ ਹੈ ॥ ਸੋ ਆਤਮਾ ਜੋ ਹੈ ਸੋ ਪ੍ਰਮਾਰਥ ਕੇ ਦੇਸ ਕਾਲ ਵਿਖੈ ਰਹਿਤਾ ਹੈ ਏਹ॥ ਜੋ ਜੀਵ ਹੈ ਸੋ ਚਾਰ ਮਜਲਾਂ ਕਰ ਆਤਮੇ ਕਉ ਮਿਲਤਾ ਹੈ ॥
ਅੰਤ : ਅਬ ਕਿਰਪਾ ਕਰ ਖਟ ਸੰਪਦਾ ਮਜਲ ਕਹੁ ਜੀ ॥ ਇਤ ਸ੍ਰੀ ਆਤਮੇ ਹੇਤ ਪ੍ਰਮਾਰਥ ਮੋ ਵੈਰਾਗ ਮਜਲ ਸੰਪੂਰਨੰ ॥

ਹੱਥ ਲਿਖਤ ਨੰ : MS 368 ਹ
ਸਿਰਲੇਖ : ਖਟ ਸੰਪਤ ਸੁਨਾ ਖਟ ਨਾਮ
ਸਮਾਂ : ਸੰਮਤ 1776
ਪੱਤਰੇ : 93 ਅ 122
ਅਕਾਰ : 20X15 ਸ.ਮ. ਲਿਖਤ: 15X11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 12 ਹਨ।
ਆਰੰਭ : ਸ੍ਰੀ ਸਤਿਗੁਰੇ ਵਾਚ ॥ ਹੇ ਸਿਖ ਖਟ ਸੰਪਤ ਸੁਨ ॥ ਖਟ ਨਾਮ ਛੇ ਆ ਕਾ ਹੈ । ਸਪਤ ਨਾਮ ਸੰਮਜਾਨੇ ਕਾ ਹੈ ॥

ਅੰਤ : ਜੋ ਬਲ ਕਰ ਹੀ ਜਾਣੀਤਾ ਹੈ ॥ ਅਰ ਬਲ ਕਰ ਹੀ ਜਾਣਾਈਤਾ ਹੈ ॥ ਹੇ ਸਿਸ ਏਹੁ ਅਸਟੁ ਪ੍ਰਵਾਨ ਹੈਨ । ਸਿਖ ਵਾਚ ॥ ਹੇ ਗੁਰੋ ਅਬ ਮੈ ਅਸਟ ਪ੍ਰਵਾਨ ਭੀ ਜਾਣੇ ਹੈ । ਸੰਪੂਰ੍ਨ ਹੋਇਆ ਬਬੇਕ ॥ ਗੁਰ ਪ੍ਰਸਾਦਿ ਤੇ ॥ ਗੁਰ ਸਿਖ ਉਤ੍ਰ ॥ ਪ੍ਰਸੰਨ ॥ ਸੋਧ ਪੜਨਾ ॥

ਹੱਥ ਲਿਖਤ ਨੰ : MS 369 ਸੰਗ੍ਰਹਿ
ਸਿਰਲੇਖ : ਚਾਣਾਕਾ ਸਾਸਤ੍ਰ (ਚਾਣਾਕੇ ਭਾਖਾ) (ਚਾਣਕੀਆ)
ਪੱਤਰੇ : 1-25
ਅਕਾਰ : 14 X 11 ਸ.ਮ. ਲਿਖਤ : 11 X 9 ਸ.ਮ.
ਵੇਰਵਾ : ਜਿਲਦ ਗੱਤਾ ਸਿਆਹੀ ਕਾਲੀ, ਪੋਥੀ ਦੀ ਹਾਲਤ ਠੀਕ ਠੀਕ। ਸਤਰਾਂ ਪ੍ਰਤੀ ਪੰਨਾ – 9 ਹਨ।
ਆਰੰਭ : ੴ ਸੁਅਲਤ ਸ੍ਰੀ ਗੁਣੇਸਾਇ ਨਮ॥ ਅਥ ਚਾਣਾਕਾ ਸਾਸਤ੍ਰ ਲਿਖਤੇ॥ ਦੋਹਰਾ॥ ਪ੍ਰਣਮਤ ਹੋਸੀ ਬ੍ਰਿਸਨ ਕੋ ਜੋ ਤ੍ਰਿਲੋਕੀ ਕੋ ਰਾਇ॥…
ਅੰਤ : …ਗੁਰੁ ਗੁਬਿੰਦ ਕੀ ਸਭਾ ਮੇ ਲੇਖ ਕੀ ਪਰਮ ਸੁਜਾਨ॥ ਏਕ ਵਿਸੈਨਾ ਪਤਿਨਾਮਾ॥ ਇਤਿ ਬ੍ਰਿਧ ਚਾਣਾਕਾ ਭਾਖਾ ਖੋੜਸ ਧਿਯਾਉ॥੬॥ ਚਾਣਾਕੇ ਭਾਖਾ ਕੀ ॥=॥=॥=॥=॥=॥

ਹੱਥ ਲਿਖਤ ਨੰ : MS 369 ਅ
ਸਿਰਲੇਖ : ਸੀਹਰਫੀ
ਲੇਖਕ : ਮੀਰਨ ਸ਼ਾਹ
ਪੱਤਰੇ : 25 ਅ - 36 ਅ
ਅਕਾਰ : 14 X 11 ਸ.ਮ. ਲਿਖਤ : 11 X 9 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 9 ਹਨ।
ਆਮ ਵੇਰਵਾ : ਇਸ ਰਚਨਾ ਵਿਚ ਕਾਨੀ ਬਦਲੀ ਹੋਈ ਹੈ । ਇਸ ਤੋਂ ਬਾਅਦ ਇਕ ਪੰਨਾ ਖਾਲੀ ਛੱਡ ਕੇ ਕੁਝ ਪੰਜਾਬੀ ਵਿਚ ਲਿਖਿਆ ਹੋਇਆ ਹੈ ਜੋ ਧਬਿਆਂ ਵਾਲੀ ਲਿਖਤ ਹੋਣ ਕਾਰਨ ਪੜ੍ਹਨ ਯੋਗ ਨਹੀਂ ਹੈ ਅਤੇ ਨਾ ਹੀ ਉਪਰੋਕਤ ਰਚਨਾ ਨਾਲ ਸਬੰਧਤ ਹੈ ।
ਆਰੰਭ : ੴ ਸਤਿਗੁਰ ਪ੍ਰਸਾਦਿ। ਹਰਫੀ ਮੀਰਨ ਕੀ॥ ਅਲਫ ਆਇਕੇ ਇਸਕ ਲਖਾਓ ਕੀਤਾ ਮੈਤਾ ਮੰਤੜੇ ਚਾਇ ਬੀਮਾਰ ਸੁਦੀ॥…
ਅੰਤ : ਯੇ ਯਾਰ ਆਇਆ ਹੁਣ ਖੁਸੀ ਹੋਈ ਵਿਚ ਚੋਲੇਨ ਮੂਲ ਸਮਾਵਨੀ ਹਾਂ॥ ਸਈਆ ਲਖ ਮੁਸਮਾਰਧੀ ਦੇ ਦੀਆ ਨੀ ਪੀੜੇ ਬੈਠ ਕੇ ਸੋਹਲੇ ਗਾਵਨੀ ਹਾਂ॥ ਚੂੜਾ ਪਹਿਨ ਕੇ ਲਾਲ ਸੁਹਾਗ ਵਾਲਾ ਹਸ ਮਾਂਗ ਸੰਧੂਰ ਭਰਾਵਨੀ ਹਾਂ॥ ਮੀਰਨ ਸਾਹ ਦੇ ਲਖ ਸਦਕੜੇ ਨੀ ਏਹੀ ਲਾਲ ਨੂ ਸੋਹਣੀ ਭਾਵਨੀ ਹਾਂ॥

ਹੱਥ ਲਿਖਤ ਨੰ : MS 370
ਸਿਰਲੇਖ : ਪਦਮ ਪੁਰਾਨੇ ਕਾਰਤਕ ਮਹਾਤਮ (ਸ੍ਰੀ ਕ੍ਰਿਸਨ)
ਪੱਤਰੇ : 1-25
ਅਕਾਰ : 11.5 X 8.5 ਸ.ਮ. ਲਿਖਤ: 7 X 6 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ-ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਹਾਸ਼ੀਆ ਦੋਵੇਂ ਪਾਸੇ, ਬਾਹਰ ਦੋ ਦੋ ਕਾਲੀਆਂ ਅਤੇ ਦੋ ਕੇਸਰੀ ਲਕੀਰਾਂ । ਵਿਚਕਾਰ ਇਕ ਮੋਟੀ ਲਕੀਰ । ਸਤਰਾਂ ਪ੍ਰਤੀ ਪੰਨਾ 7 ਹਨ।

| | |
|---|---|
| ਆਮ ਵੇਰਵਾ | : ਲਿਖਾਈ ਸੁੰਦਰ ਹੈ । ਰਚਨਾ ਦੇ ਕਈਆਂ ਪੰਨਿਆ ਨੂੰ ਖਾਲੀ ਛਡਿਆ ਹੋਇਆ ਹੈ । ਅਤੇ ਫਿਰ ਰਚਨਾ ਸ਼ੁਰੂ ਕੀਤੀ ਹੋਈ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ਅਥ ਸਾਮ ਕਾਰਤਕ ਲਿਖਤੇ॥ਅਥ ਗਣੇਸ ਉਸਤਤਿ ਲਿਖਤੇ॥ਅਥ ਅੰਮ੍ਰਤ ਧੁਨ ਛੰਦ॥ |
| ਅੰਤ | : ਵਿਧਨਾ ਅੰਕਨ ਮੇਟੇ ਕੋਈ॥ਪੀਪਲ ਬ੍ਰਹਿਮ ਸਰੂਪ ਕਹਾਵੇ॥ਸਨੁ ਦਿਨ ਬਿਨ ਕੋ ਨਿਕਟ ਨ ਆਵੇ॥੧੧॥ ਇਤ ਸ੍ਰੀ ॥ਪਦਮ ਪੁਰਾਣੇ ਕਾਰਤਕ ਮਹਾਤਮੇ ਸ੍ਰੀ ਲਿਖਤ ਅਧੂਰੀ ਹੈ। |

| | |
|---|---|
| ਹੱਥ ਲਿਖਤ ਨੰ | : MS 371 |
| ਸਿਰਲੇਖ | : ਸ੍ਰਧਾ ਪੂਰਕ |
| ਲੇਖਕ | : ਜੋਗ੍ਰਮਤ |
| ਸਮਾਂ | : ਸੰਮਤ ਸਤਰਾਂ ਸੈ ਭਇਓ ਔਰਸਾਰ ਬਿਚਾਰ |
| ਪੱਤਰੇ | : 1-20 |
| ਅਕਾਰ | : 15 X 11 ਸ.ਮ. ਲਿਖਤ : 12 X 8 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ। ਪੋਥੀ ਦੀ ਹਾਲਤ ਠੀਕ ਠੀਕ। ਸਤਰਾਂ ਪ੍ਰਤੀ ਪੰਨਾ 10 ਹਨ। |
| ਆਮ ਵੇਰਵਾ | : ਪੋਥੀ ਦੇ ਪਹਿਲੇ ਪੰਨੇ ਉਪਰ ਸਿਆਹੀ ਡੁਲੀ ਹੋਈ ਹੈ । ਲਿਖਾਈ ਸੁੰਦਰ ਹੈ । ਅਖੀਰ ਤੇ ਡੀਜਾਇਨ ਬਣਾਇਆ ਹੋਇਆ, ਸੁਧਾਈ ਕਰਕੇ, ਹਾਸ਼ੀਏ, ਵਾਲੀ ਜਗ੍ਹ ਤੇ ਲਿਖਿਆ ਹੋਇਆ ਹੈ । |
| ਆਰੰਭ | : "ਹਰਿ ਗੁਰਾਮ" "ਸਤਿਗੁਰ ਪ੍ਰਸਾਦਿ" "੧ੴ ਤਤਕ੍ਰਾ ਪੋਥੀ ਸ੍ਰਧਾਪੂਰਕ ਕੀ ਲਿਖਯਤੇ॥ਏਕ ਸਮੇਂ ਭਾਈ ਨੰਦ ਲਾਲ ਜੀ ਗੁਰੂ ਗ੍ਰੀਬੁਨ ਵਾਜੁ ਦਸੇ ਪਾਤਿਸਾਹੁ ਅਗੇ ਬੇਨਤੀ ਕੀਤੀ॥ |
| ਅੰਤ | : ਪੋਥੀ ਸ੍ਰਧਾ ਪੂਰ ਜੋਗ੍ਰ ਮਤ ਲਿਖੀ ਸੁਧਾਰ॥ਸੰਮਤੁ ਸਤ੍ਰਾ ਸੈ ਭਇਓ ਐੌਸਾਰ ਬਿਚਾਰੁ॥ਸ੍ਰੀ ਵਾਹ ਗੁਰੂ ਕਾ ਮੰਤ੍ਰ ਜੋ ਸ੍ਰੀ ਮੁਖ ਕਾ ਬਿਚਾਰੁ ॥ਹਮ ਗ੍ਰਸ੍ਰੇਕ ਹੈ ਸਦਾ ਸਦ ਚਰਨਨ ਕੀ ਪਿਆਸ॥ |

| | |
|---|---|
| ਹੱਥ ਲਿਖਤ ਨੰ | : MS 372 |
| ਸਿਰਲੇਖ | : ਗੁਰਬਾਣੀ (ਸ੍ਰੀ ਆਦਿ ਗ੍ਰੰਥ ਅਤੇ ਦਸਮ ਗ੍ਰੰਥ) |
| ਪੱਤਰੇ | : 1-380 |
| ਅਕਾਰ | : 20 X 15 ਸ.ਮ. ਲਿਖਤ : 14 X 10 ਸ.ਮ. |
| ਵੇਰਵਾ | : ਜਿਲਦ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ ਲਿਖਾਈ ਸੁੰਦਰ । ਹਾਸ਼ੀਆ, ਦੋਵੇਂ ਪਾਸੇ ਦੋ ਲਾਲ , ਦੋ ਦੋ ਕਾਲੀਆਂ ਲਕੀਰਾਂ, ਵਿਚ ਕੇਸਰੀ ਮੋਟੀ ਲਕੀਰ ।ਸਤਰਾਂ ਪ੍ਰਤੀ ਪੰਨਾ 10 ਹਨ। |
| ਆਮ ਵੇਰਵਾ | : ਇਸ ਪੋਥੀ ਵਿਚ ਗੁਰਬਾਣੀ ਆਦਿ ਸ੍ਰੀ ਗੁਰੂ ਗਰੰਥ ਅਤੇ ਦਸਮ ਗ੍ਰੰਥ ਸਾਹਿਬ ਵਿਚੋਂ ਲਈ ਗਈ ਹੈ । |

ਇਸ ਪੋਥੀ ਵਿਚ ਹੇਠ ਲਿਖੀਆਂ ਰਚਨਾਵਾਂ ਹਨ:

| | |
|---|---|
| ਜਪੁਜੀ ਸਾਹਿਬ | 1–12 ਅ |
| ਰਹਿਰਾਸ ਸਾਹਿਬ | 12 ਅ–18 ੳ |
| ਕੀਰਤਨ ਸੋਹਿਲਾ | 18 ਅ–20 ਅ |
| ਪਾਠ ਚਉਪਈ | 20 ਅ–24 ਅ |
| ਦਖਣੀ ਓਅੰਕਾਰ | 24 ਅ–37 ਅ |
| ਸਿਧ ਗੋਸਟਿ | 37 ਅ–51 ਅ |

| | |
|---|---|
| ਅਨੰਦੁ ਸਾਹਿਬ | 51 ਅ–61 ਅ |
| ਬਾਵਨ ਅਖਰੀ | 61 ਅ–81 ਅ |
| ਸੁਖਮਨੀ ਸਾਹਿਬ | 81 ਅ–136 ਅ |
| ਜਾਪੁ ਸਾਹਿਬ | 136 ਅ–150 ੳ |
| ਬਚਿਤ੍ਰ ਨਾਟਕ | 150 ੳ–243 ੳ |
| ਚੰਡੀ ਚਰਿਤ੍ਰ ਉਕਤ ਬਿਲਾਸ | 243 ੳ–280 ਅ |
| ਚੰਡੀ ਚਰਿਤ੍ਰ | 280 ਅ–319 ਅ |
| ਗਿਆਨ ਪ੍ਰਬੋਧ | 319 ਅ–359 ਅ |
| ਆਸਾ ਦੀ ਵਾਰ | 360 ੳ–380 ੳ |

ਆਰੰਭ : ੧ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥...

ਅੰਤ : ... ਪਉੜੀ ॥ ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣ ਨ ਜਾਇ॥ ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ॥ ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥ ਨਾਨਕ ਏਕੀ ਬਾਰੀ ਹੋਰ ਦੂਜੀ ਨਾਹੀ ਜਾਇ॥ ਸੋ ਕਰੇ ਜਿ ਤਿਸੈ ਰਜਾਇ॥ ੨੪੧॥ ਸੁਧੁ॥

ਹੱਥ ਲਿਖਤ ਨੰ : MS 373

ਸਿਰਲੇਖ : ਪ੍ਰਾਨ ਸੰਗਲੀ (ਅਧੂਰੀ )

ਪੱਤਰੇ : 70 ੳ - 244

ਅਕਾਰ : 20 X 21 ਸ.ਮ. ਲਿਖਤ : 15 X 16 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ ; ਹਾਸ਼ੀਆ ਦੋਵੇਂ ਪਾਸੇ ਇਕ ਇਕ ਲਾਲ ਲਕੀਰ ਵਿਚਕਾਰ ਕਾਲੀ ਮੋਟੀ ਲਕੀਰ, ਲਿਖਾਈ ਸੁੰਦਰ। ਸਤਰਾਂ ਪ੍ਰਤੀ ਪੰਨਾ 16 ਹਨ।

ਆਮ ਵੇਰਵਾ : ਪੋਥੀ ਅਧੂਰੀ ਹੈ ਪੰਨਾ ਨੰ: 70 ੳ ਤੋਂ ਰਚਨਾ ਸ਼ੁਰੂ ਹੁੰਦੀ ਹੈ ਅਤੇ ਕਈ ਥਾਵਾਂ ਤੋਂ ਕਾਗਜ ਭੁਰਿਆ ਹੋਇਆ ਖਾਧਾ ਹੋਇਆ, ਪੋਥੀ ਕਿਰਮ ਖੁਰਦਾ ਹੈ ।

ਆਰੰਭ : "ਏਕ ਤੇ ਆਈ। ਸਭ ਮਹਿ ਏਕੋ ਏਕੁ ਪਛਾਨੈ॥ ਜਬ ਇਹੁ ਮਨੁ ਸਾਕ ਦੀਪ ਪਹਿ ਆਨੈ॥ ਸਾਕ ਦੀਪ ਜਾਇ ਸਕ ਤਿਗਵਾਈ॥

ਅੰਤ : ਜਿਤ ਲਉ ਬਸਤੁ ਹੈਸਾ ਨਿਰੰਜਨ ਦੀ ਜੋਤਿ ਸਿਓ ਸਮਾਇ ਜਾਤੀ ਹੈ ਬਹੁੜਿ ਏਕ ਕਾ ਏਕੁ ਹੋਇ ਜਾਤਾ ਹੈ॥ ਨਾ ਮ੍ਰਹਮੰਡੁਨ ਪਿੰਡ ਨ ਦੂਜਾ ਮੇਲੁ ਤਬ ਏਕੁ ਨਿਰੰਜਨ ਨਿਰੰਕਾਰ ਏਕਲਾ॥੧॥ ਗੋਸਟਿ ਸੰਪੂਰਨ ਹੋਈ॥ ਵਾਹੁਗੁਰੂ॥

ਹੱਥ ਲਿਖਤ ਨੰ : MS 374

ਸਿਰਲੇਖ : ਸ੍ਰੀ ਮਤ ਅਧਿਆਤਮ ਰਮਾਇਣੇ

ਲੇਖਕ : ਗੁਲਾਬ ਸਿੰਘ

ਸਮਾਂ : 1839

ਸਥਾਨ : ਪ੍ਰਾਚੀਕੂਲਸੁ ਤੀਰਥ ਨੀਰ ਸੁਰਸ੍ਰਤੀ

ਪੱਤਰੇ : 1 – 192 ਅ

ਅਕਾਰ : 30 X 22 ਸ.ਮ. ਲਿਖਤ : 26 X 18 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਉਖੜੀ ਹੋਈ, ਸਿਆਹੀ ਕਾਲੀ, ਹਾਸ਼ੀਆ ਦੋਵੇ ਪਾਸੇ ਦੋ ਦੋ ਕਾਲੀਆ ਲਕੀਰਾਂ । ਸਤਰਾਂ ਪ੍ਰਤੀ ਪੰਨਾ 16 ਹਨ।

| | |
|---|---|
| ਆਮ ਵੇਰਵਾ | : ਪੋਥੀ ਦੀ ਹਾਲਤ ਖਸਤਾ ਭਿੱਜੀ ਹੋਈ, ਅਖੀਰਲੇ ਕੁੱਝ ਪੱਤਰੇ ਭਿੱਜੇ ਹੋਏ ਹੋਣ ਕਾਰਨ ਖਸਤਾ ਹਾਲਤ ਵਿਚ ਹਨ । ਅਖੀਰਲੇ ਪੰਨਿਆਂ ਵਿਚ ਛਪੈ ਛੰਦ ਦੇ ਨਾਲ ਨਾਲ ਗੁਰੂ ਨਾਨਾਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਦਸਾਂ ਪਾਤਸ਼ਾਹੀਆਂ ਦਾ ਜਿਕਰ ਆਉਂਦਾ ਹੈ ਅਤੇ ਗੁਲਾਬ ਸਿੰਘ ਬਾਰੇ ਪੰਨਾ 191 ਉਪਰ ਜਿਕਰ ਆਉਂਦਾ ਹੈ ॥ ਸਥਾਨ ਬਾਰੇ , 90-91 ਤੇ ਇੰਞ ਲਿਖਿਆ ਹੈ ।<br>"ਪ੍ਰਾਚੀ ਕਲਸ ਤੀਰਥ ਨੀਰ ਸ਼ੁਰਸਵਸੀ ਛਾਏ ।<br>ਤਹਾਂ ਬੈਰ ਭਾਖਾ ਲਈ ਤਿਨਕਥਾਰ ਤੇ ਬਾ ਸੁਸਭਿਮ"<br>ਅਤੇ ਅਖੀਰ ਵਿਚ ਪੋਥੀ ਸਮਾਪਤ ਕਰਨ ਉਪਰੰਤ ਵੱਖ ਵੱਖ ਅਧਿਆਵਾਂ ਬਾਰੇ ਲਿਖਿਆ ਹੋਇਆ ਹੈ । |
| ਆਰੰਭ | : ੧ਓ ਸਿਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯ ਨਮਹ॥ ਦੋਹਰਾ॥ ਦੇਵੀ ਮਾਤਾ ਸਾਰਦਾ ਸਰਦ ਇੰਦੁ ਸਮਹਾਸ॥ ਬੰਦੋ ਪਦ ਪੰਕਜ ਸਦਾ ਕਰੋ ਸੁਮਤਿ ਪ੍ਰਕਾਸ॥੧॥ |
| ਅੰਤ | : ਗ੍ਰਹ ਅਗਨੀ ਵਸੁ ਚੰਦ ਪੁਨ ਸੰਬਤ ਆਨੰਦ ਧਾਰ॥ ਦਸਮੀ ਕਾਤਕ ਸੁਦੀ ਸੁਭ ਸੁਰਾਧੀਸ ਗੁਰਵਾਰ॥੫੩॥ ਇਤ ਸ੍ਰੀ ਮਤ ਅਧਿਆਤਮ ਰਮਾਇਣੇ ਉਮਾਮਹੇਸੁਰ ਸੰਬਾਦੇ ਓਤ੍ਰ ਕਾਂਡੇ ਬੈਕੁੰਠ ਨਿਰਆਣੋ ਨਾਮ ਨਵਮੋ ਧਿਆਇ॥੯॥ ਸੰਪੂਰਣੰ ਸੁਭ ਭਵਤੁ॥੧॥ ਸ੍ਰੀ ਰਾਮ ਸੀਖ ਜੈਤ॥<br>ਬਾਲ ਕਾਂਡ ਦੇ ਧਿਆ ੮॥ ਅਯੁਦਿਆ ਕਾਂਡ ਧਿਆ ੯॥ ਅਰੰਨ ਕਾਂਡ ਧਿਆ ੧●॥ ਕਿਸਕਾਂਡ ਦੇ ਧਿਆ ੯॥ ਸੁੰਦਰ ਕਾਂਡ ਦੇ ਧਿਆ ੫॥ ਯੁਧਕਾਂਡ ਦੇ ਧਿਆ ੧੬॥ ਉਤਰ ਕਾਂਡ ਦੇ ਧਿਆ ੯॥ ਕੁਲ ਜੋੜ ੬੬॥ |

| | |
|---|---|
| ਹੱਥ ਲਿਖਤ ਨੰ | : MS 375 |
| ਸਿਰਲੇਖ | : ਮਹਾ ਰਮਾਇਣ ਟੀਕਾ |
| ਸਮਾਂ | : ਸੰਮਤ 1851 |
| ਪੱਤਰੇ | : 1-700 |
| ਅਕਾਰ | : 22 X 30 ਸ.ਮ. ਲਿਖਤ : 17 X23 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਸਤਰਾਂ ਪ੍ਰਤੀ ਪੰਨਾ - ੧੬; ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ , ਵਿਚਕਾਰ ਇਕ ਕਾਲੀ ਲਕੀਰ । |
| ਆਮ ਵੇਰਵਾ | : ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਿਚ ਲਿਖਿਆ ਹੋਇਆ ਹੈ । ਲਿਖਾਈ ਸੁੰਦਰ ਹੈ । ਪੋਥੀ ਦੀ ਪਹਿਲੀ ਰਚਨਾ ਵੈਰਾਗ ਪ੍ਰਕਰਣੇ ਪੰਨਾ ਨੰ: ੬੧ ਤੇ ਸਮਾਪਤ ਹੁੰਦੀ ਹੈ , ਅਤੇ ਬਾਕੀ ਪੋਥੀ ਵਿਚ ਵੱਖ ਵੱਖ ਪ੍ਰਕਣਾਂ ਬਾਰੇ ਵੇਰਵਾ ਦਿਤਾ ਹੋਇਆ ਹੈ । ਪੋਥੀ ਦੇ ਸ਼ੁਰੂ ਵਿਚ ਕੁਝ ਪੱਤਰੇ ਫੱਟੇ ਹੋਏ ਹਨ । |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ ਓਅੰ ਸ੍ਰੀ ਪ੍ਰਮਾਤਮਾਇ ਨਮਹਿ॥ ਵੈਰਾਗ ਪ੍ਰਕਰਣ ਸ੍ਰਵਣ॥ ਸਿਮ੍ਰਤ ਭਾਖਾ ਲਿਖਤੇ॥ ਸਤਿ ਚਿਤ ਅਨੰਦ ਰੂਪ ਜੋ ਆਤਮਾ ਹੈ॥ ਤਿਸ ਕਉ ਨਮਸਕਾਰ ਹੈ॥ ਕੈਸਾ ਹੈ ਸਤਿ ਚਿਤ ਅਨੰਦ ਰੂਪ ਸੋ ਆਤਮਾ ਕਹਤੇ ਹਰਿ॥ |
| ਅੰਤ | : ਇਤ ਆਰਯੇ ਦੇਵ ਦੂਤ ਉਕਤੇ ਮਹਾਰਮਾਇਣੇ ਸਤ ਸਹੰਸੁ ਸਹੰਤਾਯੰ ਬਾਲਕਾਂਡੇ ਮੋਖੋ ਪਾਏ ਖੂਉਪ ਸਮ ਪ੍ਰਕਰਣੇ ਸਮਾਪਤੰ ਨਾਮੁ ਸਰਗਹ॥ ਸਤਿ ਚਿਦਾ ਨੰਦ॥ ਓ ਰਾਮ ਸਤਿ। ਹਾੜ ਵਦੀ ਤਿਥਿ ਨੌਮੀ॥ ਸੰਬਤ ਅਠਾਰਾ ਸੈਇ ਇਕਵੰਜਾ॥ ੧੮●● ੫੧॥ ਪੋਥੀ ਪੂਰੀ ਹੋਈ॥ ਸ੍ਰੀ ਅਕਾਲ ਸ੍ਰੀ ਅਕਾਲ ਸ੍ਰੀ ਅਕਾਲ ਸਤਿ ਨਾਨਕ ਜੀ॥ ਸ੍ਰੀ ਰਾਮ ਸ੍ਰੀ ਰਾਮ ਸ੍ਰੀ ਰਾਮ ਸ੍ਰੀ ਰਾਮ ਸ੍ਰੀ ਰਾਮ ਸਤਿ ਵਸਿਸ੍ਰ ਜੀ॥ |

| | |
|---|---|
| ਹੱਥ ਲਿਖਤ ਨੰ | : MS 376 |
| ਸਿਰਲੇਖ | : ਗੁਟਕਾ ਗੁਰਬਾਣੀ |
| ਸਮਾਂ | : ਸੰਮਤ 1896 |
| ਪੱਤਰੇ | : 1-386 |
| ਅਕਾਰ | : 17X11 ਸ.ਮ. ਲਿਖਤ : 13 X 8 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਉਖੜੀ ਹੋਈ ਹੈ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਲਿਖਾਈ ਸੁੰਦਰ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਦੋ ਦੋ ਕਾਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ-8 ਹਨ। |
| ਆਮ ਵੇਰਵਾ | : ਪੋਥੀ ਦੀ ਸਾਰੀ ਰਚਨਾ ਵਿਚ ਵੱਖ ਵੱਖ ਭਗਤਾਂ ਦੀ ਬਾਣੀ ਹੈ। ਜਿੰਨਾ ਦਾ ਵੇਰਵਾ ਇਸ ਪ੍ਰਕਾਰ ਹੈ। ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਧੰਨਾ ਜੀ, ਭਗਤ ਤਰਲੋਚਨ ਜੀ, ਭਗਤ ਰਵਿਦਾਸ ਜੀ, ਬਾਬਾ ਫਰੀਦ ਜੀ, ਅਤੇ ਹੋਰ ਭਗਤਾਂ ਦੀ ਬਾਣੀ ਵੀ ਇਸ ਪੋਥੀ ਵਿਚ ਦਰਜ ਹੈ। ਪਹਿਲਾਂ ਭਗਤਾਂ ਦੀ ਬਾਣੀ ਦੇ ਕੇ ਅਤੇ ਬਾਅਦ ਵਿਚ ਮਹਲਾ 5 ਅਤੇ ਮਹਲਾ ਨੌਂਵਾਂ (9) ਦੀ ਬਾਣੀ ਅਤੇ ਅਖੀਰ ਵਿਚ ਰਾਗ ਮਾਲਾ ਦਿਤੀ ਹੋਈ ਹੈ। ਪੰਨਾ ਨੰ: 342 ਤੇ ਇਸ ਤਰਾਂ ਨੰਬਰ ਦੇ ਕੇ "2"29"9"10"22"90" ਅਤੇ 122" ਸਵਈਏ ਮਹਲੇ ਪੰਜਵੇ ਕੇ (5) ਰਚਨਾ ਦਾ ਅੰਤ ਕੀਤਾ ਹੈ। ਉਸ ਤੋਂ ਅੱਗੇ ਹੋਰ ਬਾਣੀ ਸ਼ੁਰੂ ਹੋ ਜਾਂਦੀ ਹੈ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਰਾਗਾਂ ਅਨੁਸਾਰ ਹੀ ਬਾਣੀ ਲਈ ਗਈ ਹੈ। ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ । |
| ਆਰੰਭ | : "ੴ ਸਤਿਗੁਰ ਪ੍ਰਸਾਦਿ" ਸਿਰੀ ਰਾਗੁ। ਕਬੀਰ ਜੀਉ ਕਾ" ਏਕੁ ਸੁਆਨਿ ਕੈ ਘਰਿ ਗਾਵਣਾ ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ॥ ਇਤਨਾ ਨਾ ਜਾਨੈ ਜਿ ਦਿਨ ਦਿਨ ਅਵਧ ਘਟਤ ਹੈ ॥ |
| ਅੰਤ | : ਪੁਨਿ ਗਾਵਹਿ ਸੰਕਰ ਅਉ ਸਿਆਮਾ । ਮੇਘ ਰਾਗ ਪੁਤ੍ਰਨੁ ਕੇ ਨਾਮਾ, ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ । ਸਭੈ ਪੁਤ੍ਰ ਰਾਗਨ ਕੇ ਅਠਾਰਹ ਦਸ ਬੀਸ ॥ ਸੰਬਤੁ "੧੮੯੬" ॥ ਚੇਤ ਪੰਚਮੀ ਕਿਰਸਨ ਪਖ ਪੋਥੀ ਸਪੂਰਣ ਹੋਈ ॥ |

| | |
|---|---|
| ਹੱਥ ਲਿਖਤ ਨੰ | : MS 377 |
| ਸਿਰਲੇਖ | : ਪ੍ਰੇਮ ਅੰਬੋਧਿ, ਪਰਿਚੀਆਂ {ਪਰਚੀਆਂ} ਪ੍ਰੇਮ ਭਗਤਾਂ ਕੀਆਂ |
| ਸਮਾਂ | : ਸੰਮਤ 1750 (ਸਤਰਹਿ ਸੋ ਪੰਚਾਸ) |
| ਪੱਤਰੇ | : 1-290 |
| ਅਕਾਰ | : 16 X 12 ਸ.ਮ. ਲਿਖਤ : 12 X 8 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 9 ਹਨ। |
| ਆਮ ਵੇਰਵਾ | : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ, ਪੋਥੀ ਦੇ ਸ਼ੁਰੂ ਵਿਚ ਦੋ ਪੱਤਰੇ ਖਾਲੀ, ਕਿਰਮ ਖੁਰਦਾ । |
| ਆਰੰਭ | : ੴ ਸਤਿਗੁਰ ਪ੍ਰਸਾਦਿ॥ ॥ ਪਰਚੀਆਂ ਪ੍ਰੇਮ ਭਗਤਾ ਕੀਆ॥ ਪਾਤਿਸਾਹੀ ।੧●। ਪ੍ਰੇਮ ਅੰਬੋਧਿ ਕਾ ਨਾਮੁ॥ ਦੋਹਰਾ॥ ਓਅੰ ਨਮੋ ਪ੍ਰਮਾਤਮਾ ਪੂਰ ਰਹਓ ਸਭ ਅੰਗ॥ ਆਦਿ ਮਧ ਫੁਨ ਅੰਤ ਇਕੁਤਾ ਕੋ ਜਗਤੁ ਤਾਰੰਗ॥੧॥... |
| ਅੰਤ | : ...ਪ੍ਰੇਮ ਅੰਬੋਧਿ ਪੋਥੀ ਕੋ ਨਮੁ॥ ਪੜਤਿ ਸੁਨਤਿ ਲਹੈ ਸੁਖ ਬਿਸ੍ਰਾਮ॥੬੨॥ ਦੋਹਰਾ॥ ਪ੍ਰੇਮ ਮਹੋ ਦਧਿ ਪੈਠ ਕੈ ਜੇਕੋ ਗੋਤਾ ਲੇਇ॥ ਹਰਿ ਰਤਨੁ ਅਮੋਲ ਕੁਹਾ ਥਿਤਿ ਸੁ ਸਹਜੇ ਸਤਿਗੁਰ ਦੇਇ। ਪਰਿਚੀਆਂ ਸੰਪੂਰਨ ਲਿਖੀਆ॥ ॥ ॥ |

ਹੱਥ ਲਿਖਤ ਨੰ : MS 378
ਸਿਰਲੇਖ : ਗੁਰਬਾਣੀ ਪੋਥੀ
ਸਮਾਂ : ਸੰਮਤ 1772
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 17 ਹਨ।
ਆਮ ਵੇਰਵਾ : ਪੋਥੀ ਦੇ ਆਰੰਭ ਵਿਚ ਤੱਤਕਰਾ ਦਿਤਾ ਹੋਇਆ ਹੈ। ਪੱਤਰਿਆਂ ਦੀ ਹਾਲਤ ਖਸਤਾ, ਕਈ ਥਾਵਾਂ ਤੇ ਕਿਰਮ ਖੁਰਦਾ ਹੈ। ਸਾਰੀ ਪੋਥੀ ਵਿਚ ਮਹੱਲਾ ਪਹਿਲਾ, ਮਹੱਲਾ ਦੂਜਾ, ਤੀਜਾ, ਚੌਥਾ, ਅਤੇ ਮਹੱਲੇ ਪੰਜਵੇਂ ਦੀ ਬਾਣੀ ਦਰਜ ਹੈ। ਤਤਕਰੇ ਵਿਚ ਹਰ ਇਕ ਬਾਣੀ ਅੱਗੇ ਮਹੱਲਾ ਦੇ ਕੇ ਪੱਤਰਿਆਂ ਦਾ ਪੰਨਾ ਨੰਬਰ ਵੀ ਦਿਤਾ ਹੋਇਆ ਹੈ । ਪੋਥੀ ਦੇ ਆਰੰਭ ਵਿਚ ਕੁਝ ਪੱਤਰੇ ਕਿਰਮ ਖੁਰਦਾ ਖਾਲੀ ਹਨ ਅਤੇ ਅੰਤ ਵਿਚ ਵੀ ਕੁਝ ਪੱਤਰੇ ਕਿਰਮ ਖੁਰਦਾ ਖਾਲੀ ਹਨ । ਤਤਕਰਾ ਦੇਣ ਤੋਂ ਪਹਿਲਾਂ ਮੂਲ ਮੰਤਰ ਦੇ ਕੇ, ਤਤਕਰਾ, ਪੋਥੀ ਕਾਸੂ ਜੀ, ਅਤੇ ਸੰਮਤ 1772 ਦਿਤਾ ਹੋਇਆ ਹੈ ।
ਪੋਥੀ ਦੇ ਆਰੰਭ ਵਿਚ ਜਪੁਜੀ ਸਾਹਿਬ ਦਾ ਪਾਠ ਦਿਤਾ ਹੋਇਆ ਹੈ ਅਤੇ ਅੰਤ ਵਿਚ ਡਖਣੇ ਸੇਖ ਬਜੀਦ ਜੀਕੇ ਦਿਤੇ ਹੋਏ ਹਨ । ਪੋਥੀ ਕਿਰਮ ਖੁਰਦਾ ਹੋਣ ਦੇ ਬਾਵਜੂਦ ਲਿਖਾਈ ਪੜ੍ਹਨ ਯੋਗ ਹੈ । ਹੜਤਾਲ ਫੇਰਕੇ ਸੁਧਾਈ ਕੀਤੀ ਹੈ ।
ਆਰੰਭ : ੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚ॥ ਨਾਨਕ ਹੋਸੀ ਭੀ ਸਚੁ॥੧॥...
ਅੰਤ : ...ਸਾਹਾ ਦੇ ਪੁਤ ਫਕੀਰ ਫਕੀਰਾਂ ਦੇ ਦੁਨੀਦਾਰ॥ ਮੁਗਲ ਪਟਾਣਾਰਯਤ ਖਤ੍ਰੀ ਫਉਜਦਾਰ॥ ਕੰਚਨ ਕੀਚੇ ਵਾਸਿ ਲੋਹੇ ਸੰਗਿ ਤੋੜੀਐ॥ ਬਜੀਦਾ ਕਲਮ ਰਬਾਣੀ ਵਰ... ਕਿਨੈ ਨ ਮੁੜੀਐ॥੩੮॥੧॥

ਹੱਥ ਲਿਖਤ ਨੰ : MS 379 ਸੰਗ੍ਰਹਿ
ਸਿਰਲੇਖ : ਸ੍ਰ ਬਿਸਨ ਪੁਰਾਨ ਭਾਖਾ
ਪੱਤਰੇ : 1 - 270 ੳ
ਅਕਾਰ : 17 X 13 ਸ.ਮ. ਲਿਖਤ : 13 X 9 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ ,ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ, ਦੋਵੇ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ 11 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਸ਼ੁਰੂ ਵਿਚ ਬਹੁਤ ਮਾੜੀ ਹੈ ਪੋਥੀ ਭਿੱਜੀ ਹੋਈ ਹੋਣ ਕਾਰਨ ਪੱਤਰੇ ਖਸਤਾ ਹਾਲਤ ਵਿਚ, ਜੁੜੇ ਹੋਏ ਹਨ, ਅਤੇ ਲਿਖਤ ਵੀ ਧਬਿਆਂ ਵਾਲੀ ਹੈ । ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਜਿਥੇ ਪਹਿਲੀ ਰਚਨਾ ਖਤਮ ਹੁੰਦੀ ਹੈ, ਉਥੇ ਪੰਨਾ ਨੰ: 270 ਉਪਰ ਲਾਲ ਅਤੇ ਕਾਲੀ ਸਿਆਹੀ ਨਾਲ ਡੀਜ਼ਾਇਨ ਬਣਾਇਆ ਹੋਇਆ ਹੈ ਪੋਥੀ ਦੇ ਆਰੰਭ ਵਿਚ ਅਤੇ ਅੰਤ ਵਿਚ ਇੰਜ ਲਿਖਿਆ ਹੈ ।
ਆਰੰਭ : ੧ਓ ਸਤਿਚਿਤ ਆਨੰਦ ਪਰਮਾਤਮਾਇ ਨਮਹ॥ ਅਥ ਬਿਸ੍ਨ ਪੁਰਾਨ ਭਾਖਾ ਲਿਖਤੇ॥ ਪਰਾਸਰੋ ਵਾਚ॥ ਪਰਾਸਰ ਮੈਤ੍ਰੇ ਕਉ ਕਹੇ ਹੈ॥ ਕਿ ਹੇ ਮੈਤ੍ਰੇਯਹਿ ਜੋ ਤੁਝੇ ਓਪਦੇਸ ਕਰੋ ਸੋ ਅੰਮ੍ਰਿਤ ਸਮਾਨ ਹੈ॥...
ਅੰਤ : ...ਆਤਮ ਦ੍ਰਸੀ ਜਬ ਯਹਿ ਸਰਬ ਬਚਨ ਬੁਧ ਕੇ ਸ੍ਰਵਣ ਕਰ ਸੁਣੇ ਅਰ ਆਪ ਕੋ ਦੇਖਾ ਅਰ ਪਛਾਣਾ ਆਤਮ ਵਿਖੇ ਲੀਨ ਭਯਾ॥ ਅਰ ਸਰੂਪ ਸੋਂ ਮਿਲਾ ਅਰ ਬੰਧ ਮੁਕਤਿ ਕੇ ਭੈ ਤੇ ਨਿਰਭੈ ਭਯਾ॥ ॥ਇਤਿ ਸ੍ਰੀ ਪੋਥੀ ਬਿਸ੍ਨ ਵੇਦਾਂਤ ਸੰਪੂਰਨੰ॥

ਹੱਥ ਲਿਖਤ ਨੰ : MS 379 ਅ
ਸਿਰਲੇਖ : ਗਿਆਨ ਸ੍ਵਰੋਦੈ
ਲੇਖਕ : ਚਰਨਦਾਸ ਜੀ
ਪੱਤਰੇ : 1 -26
ਅਕਾਰ : 13 X 17 ਸ.ਮ. ਲਿਖਤ : 9X13 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 10-11 ਹਨ।
ਆਮ ਵੇਰਵਾ : ਪੋਥੀ ਦੀ ਇਸ ਰਚਨਾ ਵਿਚ ਕਾਨੀ ਬਦਲੀ ਹੋਈ ਹੈ; ਪੋਥੀ ਦੇ ਕੁਝ ਪੱਤਰੇ ਫਟੇ ਹੋਏ ਹਨ । ਲਿਖਾਈ ਸੁੰਦਰ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਗਿਆਨ ਸ੍ਵਰੋਦੈ ਸ੍ਰੀ ਚਰਨਦਾਸ ਜੀ ਕ੍ਰਿਤ ਲਿਖਤੇ॥ ਨਮੋ ਨਮੋ ਸੁਖ ਦੇਵ ਜੀ ਪਰਣਮ ਕਰੋ ਅਨੰਤ॥
ਅੰਤ : ਆਤਮ ਤਤ ਬਿਚਾਰ ਕਰ ਅਜ ਪਾਮੈ ਸੁਨ ਮਨ ਰਹਿਯੋ॥੨੨੮॥ ਇਤਿ ਗ੍ਰਿਾਨ ਸ੍ਵਰੋਦੈ ਸ੍ਰੀ ਚਰਨ ਦਾਸ ਜੀ ਕ੍ਰਿਤ ਸੰਪੂਰਣੰ॥ ਸਮਾਪਤੰ ਸੁਬ ਮਸਤਿ ਆਫਜੂ॥

ਹੱਥ ਲਿਖਤ ਨੰ : MS 379 ੲ
ਸਿਰਲੇਖ : ਗੋਸਟਿ (ਬਾਬਾ ਨਾਨਕ ਜੀ ਕੀ)
ਪੱਤਰੇ : 1 –67 ਅ
ਅਕਾਰ : 13X17 ਸ.ਮ. ਲਿਖਤ: 9X 13 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 11 ਹਨ।
ਆਮ ਵੇਰਵਾ : ਪੋਥੀ ਦੀ ਇਸ ਰਚਨਾ ਵਿਚ ਪੰਨਾ ਨੰਬਰ ਸ਼ੁਰੂ ਤੋਂ 1-2 ਤੋਂ (ਇਕ ਦੋ ਤੋ) ਦਿਤੇ ਹੋਏ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਰਾਗੁ ਸੋਰਠਿ॥ ਗੋਸਟਿ ਆਤਮਾ ਪ੍ਰਮਾਤਮਾ ਕੀ॥ ਸਲੋਕ॥ ਨਿਰਗੁਣ ਸਰਗੁਣ ਪ੍ਰਮ ਪ੍ਰਭ ਖੇਲੇ ਰੰਗੁ ਬਨਾਇ॥ ਨਿਰਗੁਣ ਤੇ ਸਰਗੁਣ ਭਇਆ ਨਾਨਕ ਜੋਤ ਜਗਾਇ॥੧॥
ਅੰਤ : ਗੁਰਪ੍ਰਸਾਦਿ ਜਬਿ ਆਗਿਆ ਹੋਈ॥ ਵਾਹਿ ਬਿਅੰਤ ਅਕਹਨੁ ਕਹੀ ਜੈ॥ ਕਿਉ ਕਰਿ ਤਿਸ ਕੀ ਗੋਸਟਿ ਕੀ ਜੈ॥ ਨਾਹੰਨਤੁ ਅਨੰਚ ਮਹਿਲੋ ਕਹਿ॥ ਤਤਿ ਕਿਮੁਰਥ ਕ੍ਰਿਅ ਤੇ ਸੋ ਕਹਿ॥ ਏਕੋ ਹੰਸੋਹੰ ਹੰਸੋਈ॥ ਨਾਨਕ ਗੋਸਟ ਪੂਰਨੁ ਹੋਈ॥

ਹੱਥ ਲਿਖਤ ਨੰ : MS 379 ਸ
ਸਿਰਲੇਖ : ਕਬਿਤੁ
ਪੱਤਰੇ : 67 ਅ–82 ੳ
ਅਕਾਰ : 13X17 ਸ.ਮ. ਲਿਖਤ: 9X13 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 11 ਹਨ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਕਬਿਤੁ॥ ਜੈਸੇ ਦਿਨਕਰ ਤਪਤੇਜ ਕੈ ਤਪਤ ਅਤਿ ਬਾਦਰ ਕੀ ਓਟ ਛਿਨ ਕੈ ਛਪਿ ਜਾਤ ਹੈ॥
ਅੰਤ : ਮੋਸੋ ਪਤਤੁ ਨ ਪਾਵਨੁ ਤੋ ਸਰਿ ਮੋਗੋ ਬਿਕਾਰ ਨ ਤੋਸੋ ਉਪਕਾਰੀ॥ ਮੇਰੇ ਅਵਗੁਨ ਤੂੰ ਗੁਨਸਾਗਰੁ ਜਾਤ ਰਸਾਤਲ ਓਟ ਤਿਹਾਰੀ॥

ਹੱਥ ਲਿਖਤ ਨੰ : MS 379 ਹ
ਸਿਰਲੇਖ : ਸ੍ਰੀ ਬੀਚਾਰਮਾਲਾ (ਵਿਚਾਰ ਮਾਲਾ)
ਲੇਖਕ : ਅਨਾਥ ਪੁਰੀ
ਪੱਤਰੇ : 82 ੳ -104 ਅ
ਅਕਾਰ : 13X17 ਸ.ਮ. ਲਿਖਤ: 9X13 ਸ.ਮ.
ੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 11 ਹਨ।
ਆਮ ਵੇਰਵਾ : ਪੋਥੀ ਭਿਜੀ ਹੋਣ ਕਰਕੇ ਵੀ ਪੜ੍ਹਨ ਯੋਗ, ਲਿਖਾਈ ਸੁੰਦਰ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਸ੍ਰੀ ਬੀਚਾਰ ਮਾਲ ਲਿਖਿਤੇ॥ ਦੋਹਰਾ॥ ਅਨਾਥਪੁਰੀ ਕ੍ਰਿਤ॥ ਨਮੋ ਨਮੋ ਸ੍ਰੀ ਰਾਮ ਜੂ ਸਤਿ ਚਿਤ ਆਨੰਦਿ ਰੂਪਿ॥ ਜਿਹਿ ਜਾਨੇ ਜਗੁ ਸੁਪਨ ਵਤ ਨਾਸੈ ਭ੍ਰਮ ਤਮ ਕੂਪ ॥੧॥
ਅੰਤ : ਗੀਤਾ ਭਰਥਰ ਕੋ ਮਤੋ ਏਕਾਦਸ ਕੀ ਜੁਗਤਿ॥ ਅਸਟਵਾਕ੍ਰ ਬਸਿਸਟ ਮੁਨਿ ਕਛੁਕ ਅਪਨੀ ਉਕਤਿ॥੪੩॥ ਇਤਿ ਸ੍ਰੀ ਬਿਚਾਰਮਾਲ ਸੰਪੂਰਣੰ॥

ਹੱਥ ਲਿਖਤ ਨੰ : MS 379 ਕ
ਸਿਰਲੇਖ : ਸਵੈਯਾ
ਲੇਖਕ : ਸੁੰਦਰ ਦਾਸ
ਪੱਤਰੇ : 104 ਅ - 178 ਅ
ਅਕਾਰ : 13X17 ਸ.ਮ. ਲਿਖਤ: 13X9 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 11 ਹਨ।
ਆਮ ਵੇਰਵਾ : ਪੋਥੀ ਅਧੂਰੀ ਹੈ ਅਖੀਰ ਵਿਚ ਪੰਨਾ ਨੰਬਰ 178 ਅ ਤੋਂ ਬਾਅਦ ਰਚਨਾ ਅਧੂਰੀ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਸ੍ਰੀ ਰਾਮ ਜੀ ਸਤਿ॥ ਕ੍ਰਿਤ ਸੁੰਦਰ ਦਾਸ ਕੀ॥ ਸ੍ਵੈਯਾ॥ ਗੁਰਦੇਵ ਕੋ ਅੰਗ॥ ਇੰਦ੍ਵ ਛੰਦ॥
ਅੰਤ : ਬ੍ਰਹਮਣ ਖਤ੍ਰਿਯ ਬੈਸਹੁ ਸੁਰਦ ਮਲੇਛ ਚੰਡਾਲਹਿ ਪਾਰ ਲਘਾਵੈ। ਸੁੰਦਰ ਬਾਰ ਕਛੁ ਨਹਿ ਲਾਗਤਿ ਨਰ ਦੇਹ ਅਭੈ ਪਦ ਪਾਵੈ।

ਹੱਥ ਲਿਖਤ ਨੰ : MS 380
ਸਿਰਲੇਖ : ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਪੱਤਰੇ : 1 ੳ - 1068 ੳ
ਅਕਾਰ : 31X25 ਸ.ਮ. ਲਿਖਤ: 23.5X18 ਸ.ਮ.
ਵੇਰਵਾ : ਜਿਲਦ ਗੱਤਾ ਉਪਰ ਕਪੜਾ ਚੜਿਆ ਹੋਇਆ, 9 ਤੋਂ 182 ਪੱਤਰੇ ਤੱਕ ਦੁਪਾਸੀਂ ਖੜ੍ਹੇ ਰੁਖ ਤਿੰਨ ਲਕੀਰਾਂ ( ਕਿਤੇ ਦੋ ਲਾਲ ਤੇ ਇਕ ਕਾਲੀ, ਕਿਤੇ ਦੋ ਕਾਲੀਆਂ ਤੇ ਇਕ ਲਾਲ ) ਦਾ ਹਾਸ਼ੀਆ ਉਸ ਤੋਂ ਅਗੇ ਸਿਰਫ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਤੱਤਕਰੇ ਦੇ 40 ਪੱਤਰੇ ਹਨ । ਤੱਤਕਰੇ ਤੋਂ ਬਾਅਦ ਦੋ ਬਿਨ੍ਹਾਂ ਹਾਸ਼ੀਏ ਪੱਤਰੇ ਖਾਲੀ, ਪਹਿਲੇ ਅੱਠ ਪੱਤਰਿਆਂ ਤੇ ਚਾਰੋਂ ਪਾਸੇ ਤਿੰਨ ਲਕੀਰਾਂ ( ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ) ਦਾ ਹਾਸ਼ੀਆ ਹੈ, 182 ਪੱਤਰਾ ਅੰਗ ਤੋਂ ਅਗਲੇ ਪੱਤਰੇ ਤੇ 193 ਪੱਤਰਾ ਅੰਗ ਲਿਖਿਆ ਹੈ, ਅੰਤ ਵਿਚ ਰਾਜੇ ਸਿਵ ਨਾਭ ਦੀ ਸਾਖੀ ਜੋਤੀ ਜੋਤਿ ਸਮਾਵਣੇ ਦੇ ਚਲਿਤ ਅਤੇ ਸਿਆਹੀ ਬਣਾਉਣ ਦੀ ਵਿਧੀ ਦਿਤੀ ਹੈ ।

ਆਰੰਭ : ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥...

ਅੰਤ : ... ਪੁਨਿ ਗਾਵਹਿ ਸੰਕਰਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥ ੧ ॥ ਅਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗਨੰ ਕੇ ਅਠਾਰਹ ਦਸ ਬੀਸ ॥ ੧ ॥ ੧ ॥

ਹੱਥ ਲਿਖਤ ਨੰ : MS 381

ਸਿਰਲੇਖ : ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਪੱਤਰੇ : 1 ੳ – 25 ੳ + 1 ਅ – 579 ਅ

ਅਕਾਰ : 43X37 ਸ.ਮ. ਲਿਖਤ: 31X24.5 ਸ.ਮ.

ਵੇਰਵਾ : ਜਿਲਦ ਗੱਤਾ ਕੱਪੜਾ, ਉਪਰ ਹੋਰ ਕੱਪੜਾ ਵੀ ਚੜਿਆ ਹੋਇਆ ਹੈ, ਚੁਪਾਸੀਂ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 25 ਹਨ।

ਆਮ ਵੇਰਵਾ : ਤੱਤਕਰੇ ਦੇ 25 ਪੱਤਰੇ ਹਨ, ਪੱਤਰਿਆਂ ਦੇ ਬਚਾਅ ਵਾਸਤੇ ਪਾਸਿਆਂ ਤੇ ਹੋਰ ਕਾਗਜ਼ ਜੋੜ ਕੇ ਪੱਤਰੇ ਦਾ ਅਕਾਰ ਵਧਾ ਕੇ 43X37 ਸ.ਮ. ਕੀਤਾ ਗਿਆ ਹੈ, ਕੁਝ ਪੱਤਰਿਆਂ ਤੇ ਕਾਗਜ਼ ਜੋੜਕੇ ਪਾਠ ਹੋਰ ਕਲਮ ਨਾਲ ਪੂਰਾ ਕੀਤਾ ਗਿਆ ਹੈ , 579 ਅ ਦੇ ਅੰਤ ਤੇ ਸਿਆਹੀ ਦੀ ਵਿਧੀ ਦਿਤੀ ਹੋਈ ਹੈ ।

ਆਰੰਭ : ਜਪੁ ਸ੍ਰੀ ਗੁਰੂ ਰਾਮ ਦਾਸ ਜੀ ਕੀਆਂ ਦਸਤ ਕਾ ਨਕਲੁ ਨਕਲ ਕਾ ਨਕਲੁ ਨਕਲ ਕਾ ਨਕਲੁ ਨਕਲ ਕਾ ਨਕਲੁ ਨਕਲ ਕਾ ਨਕਲੁ ॥ ੧ਓ ਸਤਿ ਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ...

ਅੰਤ : ... ਪੁਨਿ ਗਾਵਹਿ ਸੰਕਰਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥ ਖਸਟ ਰਾਗ ਉਨ ਗਾਏ ਸੰਗਿ ਰਾਗਨੀ ਤੀਸ ॥ ਸਬੈ ਪੁਤ੍ਰ ਰਾਗੰਨਿ ਕੇ ਅਠਾਰਹਿ ਦਸ ਬੀਸ ॥ ੧ ॥ ੧ ॥ ॥

ਹੱਥ ਲਿਖਤ ਨੰ : MS 382

ਸਿਰਲੇਖ : ਦਸਮ ਗ੍ਰੰਥ

ਪੱਤਰੇ : 1 ਅ - 667 ਅ

ਅਕਾਰ : 35X37 ਸ.ਮ. ਲਿਖਤ: 23X23.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਦੁਪਾਸੀਂ ਖੜੇ ਰੁੱਖ 242 ਪੱਤਰੇ ਤੱਕ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ, ਵਿਚਕਾਰ ਸੰਤਰੀ ਲਕੀਰ ਦਾ ਹਾਸ਼ੀਆ, ਅਗੋਂ ਦੁਪਾਸੀਂ ਖੜੇ ਰੁਖ ਇਕ ਲਾਲ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ 23 ਹਨ।

ਆਮ ਵੇਰਵਾ : ਗ੍ਰੰਥ ਦੀ ਹਾਲਤ ਚੰਗੀ, ਕਿਤੇ ਕਿਤੇ ਕਿਰਮ -ਖੁਰਦਾ, ਆਰੰਭ ਵਿਚ 8 ਪੱਤਰੇ ਖਾਲੀ, ਅੰਤ ਵਿਚ ਤਿੰਨ ਪੱਤਰੇ ਖਾਲੀ, ਆਰੰਭ ਵਿਚ 4 ਪੱਤਰੇ ਤੱਤਕਰੇ ਦੇ ਹਨ, 404 ਪੱਤਰੇ ਤਕ ਦਾ ਤੱਤਕਰਾ ਦਿਤਾ ਹੈ । 667 ਪੱਤਰਾ ਅੱਧਾ ਖਾਲੀ ਹੈ, ਉਸ ਤੋਂ ਬਾਅਦ 5 ਪੱਤਰਿਆਂ ਤੇ ਲਿਖਤ ਹੈ ਜਿਨ੍ਹਾਂ ਤੇ ਪੱਤਰਾ ਅੰਕ ਨਹੀਂ ਲਿਖਿਆ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਜਾਪੁ ॥ ਸ੍ਰੀ ਮੁਖਵਾਕ ਪਾਤਿਸਾਹੀ ੧● ॥ ਛਪੈ ਛੰਦ ॥ ਤ੍ਵ ਪ੍ਰਸਾਦਿ ॥ ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥...

ਅੰਤ : ...ਚੁ ਖੁਸ ਗੁਸਤ ਸੌਹਰ ਨ ਦੀਦਸ ਚੁ ਨਰ ॥ ਬ ਕੁਸਤਾ ਕਸੇ ਰਾ ਕਿ ਦਾਦਸ ਖਬਰਾ ॥੧੯॥ ਬਿਦਹਿ ਸਾਕੀਆ ਸਾਗਰੇ ਸਬਜ ਗੰਗੂ ॥ ਕਿ ਮਾਰਾ ਬਕਾਰ ਸਤੁ ਜੰਗ ਅੰਦਰੂੰ ॥ ੨● ॥ ਲਬਾਲਬ ਕੁਨ ਦਮ ਬਦਮ ਨੋਸ ਕੁਨ ॥ ਗਮੇ ਹਰ ਦੁ ਆਲਮ ਫਰਾ ਗੋਸ ਕੁਨ ॥੨੧॥੧੨॥ ॥੮੬੪॥ ॥ ਬੈਤਾ ਸੰਪੂਰਨੰ ॥

| | |
|---|---|
| ਹੱਥ ਲਿਖਤ ਨੰ | : MS 383 |
| ਸਿਰਲੇਖ | : ਦਸਮ ਗ੍ਰੰਥ |
| ਲੇਖਕ | : ਗੁਰੂ ਗੋਬਿੰਦ ਸਿੰਘ |
| ਪੱਤਰੇ | : 1 – 8 |
| ਅਕਾਰ | : 27.5X26 ਸ.ਮ. ਲਿਖਤ: 24.5X21 ਸ.ਮ. |
| ਵੇਰਵਾ | : ਜਿਲਦ ਗੱਤਾ, ਕਪੜਾ ਚੜ੍ਹਿਆ ਹੋਇਆ, ਦੁਪਾਸੀਂ ਖੜ੍ਹੇ ਰੁੱਖ ਛੇ ਲਕੀਰਾਂ (ਬਾਹਰ ਵਾਰ ਇਕ ਨੀਲੀ ਲਕੀਰ, ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ, ਵਿਚਕਾਰ ਮੋਟੀ ਸੰਤਰੀ ਲਕੀਰ) ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ-25 ਹਨ। |
| ਆਮ ਵੇਰਵਾ | : ਗ੍ਰੰਥ ਦੀ ਹਾਲਤ ਚੰਗੀ, ਪਹਿਲਾ ਪੱਤਰਾ ਵਿਚਕਾਰੋਂ ਭੁਰਿਆ ਹੋਇਆ, ਪਹਿਲਾ ਪੱਤਰਾ ਬਹੁਤ ਸਜਾਇਆ ਹੋਇਆ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਆਰੰਭ ਵਿਚ ਤਿੰਨ ਅਤੇ ਅੰਤ ਤੇ ਚਾਰ ਪੱਤਰੇ ਖਾਲੀ, ਲੈਮੀਨੈਸ਼ਨ ਹੋਈ ਹੈ, ਬਾਣੀ ਦੀ ਤਰਤੀਬ ਦੂਜੀਆਂ ਬੀੜਾਂ ਤੋਂ ਵਖਰੀ ਹੈ । |
| ਆਰੰਭ | : ੧ੴ ਵਾਹਗੁਰੂ ਜੀ ਕੀ ਫਤੇਹ ॥ ਜਾਪੁ ਪਾਤਿਸਾਹੀ ॥ ੧੦ ॥ ਤ੍ਵਪ੍ਰਸਾਦਿ ॥ ਛਪੈ ਛੰਦ ॥ ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥... |
| ਅੰਤ | : ...ਚੁ ਖੁਸ ਗੁਸਤ ਸੌਹਰਿ ਨ ਦੀਦਸ ਚੁ ਨਰ ॥ ਬ ਕੁਸਤਆਂ ਕਸੇ ਰਾ ਕਿ ਦਾਦਸ ਖਬਰ ॥੧੯॥ ਬਿਦਹਿ ਸਾਕੀਆ ਸਾਗਰੇ ਸਬਜ ਰੰਗੂ ॥ ਕਿ ਮਾਰਾ ਬਕਾਰ ਸਤੁ ਜੰਗ ਅੰਦਰੂੰ ॥ ੨੦ ॥ ਲਬਾਲਬ ਕੁਨੋ ਦਮ ਬਦਮ ਨੋਸ ਕੁਨ ॥ ਗਮੇ ਹਰ ਦੁ ਆਲਮ ਫਰਾ ਮੋਸ ਕੁਨ ॥੨੧॥੮੬੮॥ |

| | |
|---|---|
| ਹੱਥ ਲਿਖਤ ਨੰ | : MS 384 |
| ਸਿਰਲੇਖ | : ਨਾਨਕ ਬੰਸ ਪ੍ਰਕਾਸ਼ (ਕਵਿਤਾ) |
| ਲੇਖਕ | : ਸੁਖਬਾਸੀ ਰਾਮ ਬੇਦੀ |
| ਲਿਖਾਰੀ | : ਅੱਛਰ ਸਿੰਘ ਬੇਦੀ |
| ਸਮਾਂ | : 1886 ਬਿ. |
| ਸਥਾਨ | : ਤਾਰਾਗੜ |
| ਪੱਤਰੇ | : 150 |
| ਅਕਾਰ | : 24X21 ਸ.ਮ. ਲਿਖਤ: 21X16 ਸ.ਮ. |
| ਵੇਰਵਾ | : ਦੋਹੀਂ ਪਾਸੀਂ ਲਾਲ ਸਿਆਹੀ ਨਾਲ ਦੋ ਲਕੀਰਾਂ ਦਾ ਹਾਸ਼ੀਆ ਲਗਾਇਆ ਹੋਇਆ ਹੈ । ਸਿਆਹੀ ਕਾਲੀ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ । |
| ਆਮ ਵੇਰਵਾ | : ਪੋਥੀ ਆਡੇ ਰੁਖ ਬੱਧੀ ਹੋਈ ਹੈ ॥ ਪੰਜਾਬ ਵਿਚ ਇਸ ਤੋਂ ਸਿਵਾ ਇਕ ਹੀ ਹੋਰ ਖਰੜਾ ਉਪਲੱਭਧ ਹੈ ਜੋ ਸੈਂਟ੍ਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਵਿਚ ਸੁਰੱਖਿਅਤ ਹੈ। |
| ਆਰੰਭ | : ੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰਗ ਗੁਰਪ੍ਰਸਾਦਿ ॥ ਅਥ ਨਾਨਕ ਬੰਸ ਪ੍ਰਕਾਸ਼ ਲਿਖਤੇ ਜਨਮ ਸਾਖੀ ਗੁਰੂ ਨਾਨਕ ਜੀ ਕੀ ਪਾਤਸ਼ਾਹੀ ੧ ਕ੍ਰਿਤ ਸੁਖਬਾਸੀ ਰਾਮ ਬੇਦੀ ॥ |
| ਅੰਤ | : ...ਸੰਮਤ ਅਠਾਰਾ ਸੈ ਛੇਆਸੀਏ, ਪੋਥੀ ਲਿਖੀ ਸੁਜਾਨ । ਫਾਲਗੁਨ ਮਾਸ ਪੁਨੀਤ ਸੈ ਸਿਵ ਚੋਦੇ ਜੀ ਜਾਨ ॥ ਅਛਰ ਸਿੰਘ ਬੇਦੀ ਲਿਖੀ ਤਾਰਾਗੜ ਸੋਭਿਥਾਨਿ । ਭੂਲ ਚੂਕ ਜਿਹਿ ਹਮ ਲਿਖੀ ਸਮਝ ਪੜੋ ਬੁਧਵਾਨ । ਨਿਜਬਾਜ ਕੈ ਕਾਰਨ ਪੋਥੀ ਲਿਖੀ ਸਿਤਾਬਿ । ਦਿਨ ਚਾਲੀ ਸੰਪੂਰਨ ਕਰੀ ਕਾਗਜ਼ ਕੀਏ ਖਰਾਬੁ । ਸੰਮਤੁ ਫਾਲਗੁਣ ਮਾਸ ਕ੍ਰਿਸ਼ਨ ਪਖ ਸਿਵ ਚੋਦਸ ਕੋ ਸੰਪੂਰਣ ਭਈ । |

ਅਛਰ ਸਿੰਘ ਬੇਦੀ ਲਿਖੀ । ਗੁਰੂ ਨਾਨਕ ਜੀ ਦੀ ਸਾਖੀ ਸੰਪੂਰਣ ਭਈ ਨਾਨਕ ਜੀ ਸਹਾਇ ਕ੍ਰਿਤ ਸੁਖਬਾਸੀ ਰਾਮ ਬੇਦੀ ।

| | |
|---|---|
| ਹੱਥ ਲਿਖਤ ਨੰ | : MS 385 |
| ਸਿਰਲੇਖ | : ਗਿਰੰਥ ਭਾਗਵਤ ਇਕਾਦਸ ਸਕੰਧ ਭਾਖਾ |
| ਲੇਖਕ | : ਚਤੁਰ ਦਾਸ |
| ਸਮਾਂ | : ਸੰਬਤ 1692 |
| ਪੱਤਰੇ | : 1 -309 |
| ਅਕਾਰ | : 15 X 9 ਸ.ਮ. ਲਿਖਤ : 11 X 7 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਉਖੜੀ ਹੋਈ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ 8 ਹਨ। |
| ਆਮ ਵੇਰਵਾ | : ਪੋਥੀ ਕਿਰਮ ਖੁਰਦਾ, ਕਈ ਥਾਵਾਂ ਤੇ ਪੱਤਰਿਆਂ ਨੂੰ ਇਕ ਵਾਧੂ ਕਾਗਜ ਨਾਲ ਜੋੜਿਆ ਹੋਇਆ ਹੈ । ਸਬੰਤ ਸੋਲਹ ਸਯ ਬਾਨਵਾ (1692 ਸੰਬਤ) ਪੰਨਾ ਨੰ: 309 ਉਪਰ ਦਰਜ਼ ਹੈ । ਪੋਥੀ ਦੇ ਸ਼ੁਰੂ ਵਿਚ ਕੁਝ ਪੱਤਰੇ ਖਾਲੀ, ਅਤੇ ਬਾਅਦ ਵਿਚ ਰਚਨਾ ਸ਼ੁਰੂ ਕੀਤੀ ਹੈ। |
| ਆਰੰਭ | : ੧ੳੇ ਸਤਿਗੁਰ ਪ੍ਰਸਾਦਿ, ਰਾਮ ਜੀ ਸਤਿ ਦਾਦੂ ਦਯਲ ਜੀ ਸਹਾਇ, ਸ੍ਰੀ ਗੁਰਦੇਵ ਸਹਾਇ' ਸਰ ਬਸਧ ਜੀ ਸਹਾਇ। ਗਿਰੰਥ ਭਾਗਵਤ ਇਕਾਦਸ ਕੀ ਭਾਖਾ । ਚੌਪਈ ਸੰਤਦਾਸ ਸਤਗੁਰ ਕੇ ਚਰਣਾ॥ ਤਿਨ ਕੌ ਗਹੌ ਸੁਦਿੜ ਕਰਿ ਸਰਣਾ॥ ਜਾਤੈ ਉਪਜੈ ਗਯਾਨ ਬਿਚਾਰ॥ ਛੁਟੈ ਭਰਮ ਕਰਮ ਬਿਵਹਾ"। |
| ਅੰਤ | : (ਦੋਹਾ)<br>ਪਰਮਗਾਨ ਪਰਗਟ ਕਰਯੋ ਮਮਘਟ ਹਵੈ ਨਿਜਦੇਵਾ॥ ਤੇ ਮੇਰੇ ਉਥਨਿ ਤਥ ਸੌ ਸੰਤਦਾਸ ਗੁਰਦੇਵਾ॥"ਇਤਿ ਸ੍ਰੀ ਭਾਗਵਤੇ ਮੁਹਾਪੁਰਾਣੇ ਏਕਾ ਦਸ ਸੂੰਥੇ ਸ੍ਰੀ ਸੁਕਪਰੀ ਖ੍ਰਿਾਤ ਸੰਬਾਦੇ ਭਖਾਯੰ ਸ੍ਰੀ ਕ੍ਰਿਸ੍ਨ ਬੈਕੁੰਠ ਪਸਾਣੋ ਕਾਮੈ ਇਕਤਿੰ ਸ੍ਰੋਯਾਂ, ਏਕਾਦਸ ਸੂੰਧ, ਸੰਪੂਰਣੰ ਸਮਾਪੁਤ ਦੋਹਾ"॥<br>ਸ਼ਲੋਕ ਚੌਪਈ ਨੁਕੀ ਸੰਖਯਾ ਕੁਮ ਸੋਂ ਜਾਨਨੀ ਸਕਲ ਗਰੰਥ ਕੀ ਸੰਖ੍ਯਾ । 4) 3) 1384(5) 2318) ਬਾਅਦ ਵਿਚ ਸਾਈਨਾ ਵਾਲੇ ਦੋ ਪਤਰੇ ਖਾਲੀ ਹਨ । |

| | |
|---|---|
| ਹੱਥ ਲਿਖਤ ਨੰ | : MS 386 |
| ਸਿਰਲੇਖ | : ਬਾਣੀ ਪਾਤਸ਼ਾਹੀ 10 (ਜਾਪੁ) |
| ਪੱਤਰੇ | : 1-6078 (1-678) |
| ਅਕਾਰ | : 18 X 9 ਸ.ਮ. ਲਿਖਤ : 12 X 6 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਪੋਥੀ ਦੀ ਹਾਲਤ ਠੀਕ ਠੀਕ; ਲਿਖਾਈ ਸੁੰਦਰ, ਹਾਸ਼ੀਆਂ ਦੋਵੇ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ 7 ਹਨ। |
| ਆਮ ਵੇਰਵਾ | : ਇਸ ਸਾਰੀ ਪੋਥੀ ਵਿਚ ਪਾਤਸ਼ਾਹੀ 10 ਜੀ ਦੀ ਬਾਣੀ ਹੈ ਜੋ ਉਹਨਾ ਨੇ ਸਮੇਂ ਸਮੇਂ ਉਚਾਰੀ। ਲਿਖਤ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਪੋਥੀ ਬਹੁਤੀ ਪੁਰਾਣੀ ਨਹੀਂ ਹੈ । ਬਾਅਦ ਵਿਚ ਤਿੰਨ ਪੱਤਰੇ ਖਾਲੀ ਹਨ । ਲਿਖਾਈ ਸੁੰਦਰ ਹੈ ਅਤੇ ਪੋਥੀ ਦੀ ਹਾਲਤ ਠੀਕ ਹੈ। |
| ਆਰੰਭ | : "੧ੳੇ ਸਤਿਗੁਰ ਪ੍ਰਸਾਦਿ" " ਜਾਪੁ" " ਸ੍ਰੀ ਮੁਖ ਵਾਕ ਪਾਤਿਸਾਹੀ ੧● " ਛਪੈ ਛੰਦ ॥ ਤ੍ਵ ਪ੍ਰਸਾਦਿ ॥ |
| ਅੰਤ | : ...ਇਤਿ ਸ੍ਰੀ ਚਰਿਤ੍ਰ ਪਖਿਜਾਨੇ ਪੁਰਖ ਚਰਿਤ੍ਰੇ ਮੰਤ੍ਰੀ ਭੂਪ ਸੰਬਾਦ ਇਕ ਸੌ ਇਕ ਚਰਿਤ੍ਰ ਸਮਾਪਤਮ ॥ |

| | |
|---|---|
| ਹੱਥ ਲਿਖਤ ਨੰ | : MS 387 ਸੰਗ੍ਰਹਿ |
| ਸਿਰਲੇਖ | : ਸ੍ਰੀ ਦਸੇਸ੍ਰ ਗੁਰੁ ਮੰਗਲ ਛਪਯਾ |
| ਲੇਖਕ | : ਨਾਰਾਯਨ ਸਿੰਘ |
| ਪੱਤਰੇ | : 2 ਪੱਤਰੇ ਨੰ: ਤੋਂ ਬਗੈਰ |
| ਅਕਾਰ | : 21.5 X 13.5 ਸ.ਮ. ਲਿਖਤ : 18 X 11 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ 14 ਹਨ। |
| ਆਮ ਵੇਰਵਾ | : ਅਸਲ ਰਚਨਾ ਸ਼ੁਰੂ ਹੋਣ ਤੋਂ ਪਹਿਲਾਂ, ਕੁਝ ਪੱਤਰਿਆਂ ਤੇ ਲੇਖਕ ਨੇ ਪਹਿਲਾਂ ਸਵੱਯਾ ਦਿਤਾ ਹੋਇਆ, ਅਤੇ ਫਿਰ ਇਹ ਰਚਨਾ ਦਿਤੀ ਹੋਈ ਹੈ ਜੋ ਦੋ ਕੁ ਪੱਤਰਿਆਂ ਦੀ ਹੈ, ਕਾਨੀ ਵੀ ਬਦਲੀ ਹੋਈ ਹੈ । ਗੁਰੁ ਮੰਗਲ ਛਪਯਾ ਦੇਂਦੇ ਹੋਏ ਗੁਰੂ ਸਾਹਿਬਾਂ ਦਾ ਜਿਕਰ ਕੀਤਾ ਗਿਆ ਹੈ । ਇਸ ਤੋਂ ਬਾਅਦ ਚਾਰ ਪੱਤਰੇ ਖਾਲੀ ਹਨ ਅਤੇ ਫਿਰ ਹੋਰ ਰਚਨਾ ਸ਼ੁਰੂ ਕੀਤੀ ਗਈ । ਪੋਥੀ ਵਿਚ ਥਾਂ ਥਾਂ ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ ਅਤੇ ਹਾਸ਼ੀਏ ਵਾਲੀ ਥਾਂ ਤੇ ਲਿਖਾਈ ਸੁਧਾਈ ਤੋਂ ਬਾਅਦ ਕੀਤੀ ਗਈ ਹੈ । |
| ਆਰੰਭ | : ਤੌਂ ਨਮ: ੧ਓ ਸਤਿਗੁਰ ਪ੍ਰਸਾਦਿ॥ ਅਥ ਸ੍ਰੀ ਦਸੇਸ੍ਰ ਗੁਰੁ ਮੰਗਲ ਛਪਯਾ॥ਸ੍ਰੀ ਗੁਰੁ ਨਾਨਕ ਦੇਵ ਸੇਵ ਅੰਗਦ ਓਰਧਾਰੀ॥ਅਮਰਦਾਸ ਸੁਖ ਰਾਸਿ ਰਾਮ ਦਾਸਹਿ ਬਲਹਾਰੀ॥... |
| ਅੰਤ | : ...ਕੌਨ ਆਹਿ ਅਧਾਰ ਚਰਾਚਰ ਪੰਡਿਤ ਯਸ ਕਹਿ ਕਰ ਲਹਿਤ॥ਅਗਨਿ ਦੇਵ ਪ੍ਰਗਟ ਸੋ ਕਹਿਤੇ ਨਾਰਾਯਨ ਸਿੰਘ ਸੁ ਕਵਿ ਕਹਿਤ॥੪॥ |

| | |
|---|---|
| ਹੱਥ ਲਿਖਤ ਨੰ | : MS 387 ਅ |
| ਸਿਰਲੇਖ | : ਬਾਰਾਮਾਹਾ ਸ੍ਰੀ ਰਾਧੇ ਕ੍ਰਿਸਨ ਜੀ |
| ਲੇਖਕ | : ਨਾਰਾਇਣ ਸਿੰਘ |
| ਸਮਾਂ | : ਸੰਮਤ 1950 |
| ਸਥਾਨ | : ਤਰਨ ਤਾਰਨ |
| ਪੱਤਰੇ | : 3 |
| ਅਕਾਰ | : 21.5 X 13.5 ਸ.ਮ. ਲਿਖਤ : 20 X 11 ਸ.ਮ. |
| ਵੇਰਵਾ | : ਓਹੀ। ਸਤਰਾਂ ਪ੍ਰਤੀ ਪੰਨਾ-19 ਹਨ । |
| ਆਮ ਵੇਰਵਾ | : ਪੰਨਾ ਨੰ: ਅੰਕਤਿ ਨਹੀ । ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ । |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ਸ੍ਰੀ ਗੁਰੁ ਭਯੋ ਨਮ: ਸ੍ਰੀ ਰਾਮ ਕ੍ਰਿਸ੍ਨਾਯ ਨਮ:॥ਅਥ ਬਾਰਾਮਾਹਾ ਸ੍ਰੀ ਰਾਧੇ ਕ੍ਰਿਸਨ ਜੂ ਕੋ ਨਾਰਾਇਣ ਸਿੰਘ ਸਾਧੂ ਕ੍ਰਿਤ ਲਿਖਯਤੇ॥ਦੋਹਰਾ॥ ਚੇਤਰ ਚਿੰਤਾ ਚਿਤ ਲਗੀ ਚਰਨ ਕਮਲ ਨਿਤ ਖਯਾਲ॥ ਚੇਰੀ ਕਰ ਚੋਰੀ ਗਏ ਚੇਟੁਕ ਲਾ ਨੰਦ ਲਾਲ॥... |
| ਅੰਤ | : ...ਦੋ॥ ਸੰਮਤ ਨਭ ਸਰ ਨਾਥ ਸਸਿ ਸਸਿ ਦਿਨ ਸ੍ਰਾਵਣ ਮਾਸ॥੨੯॥ਦੋ:॥ਕ੍ਰਿਸਨ ਹਰੀ ਕ੍ਰਿਸਨ ਰਟ ਰਾਧਾ ਰਮਨ ਰਸਾਲ॥ਸਖਾ ਸੁਖਦ ਗੋਪੀ ਪ੍ਰਿਯਾ ਨੰਦ ਯਸੋਦਾ ਲਾਲ॥੩●॥ਇਤਿ ਸ੍ਰੀ ਮਤ ਹਜੂਰਾ ਹਰੀ ਸਿਖਯੇਣ ਨਾਰਾਇਨ ਸਿੰਘੇਨ ਕਵਿ ਨਿਰਮਲੇਨ ਤਰਨਤਾਰਨ ਨਿਵਾਸਿਨਾ ਬਾਰਾਂਮਾਸ ਵਿਰਚਿੰਤ ਸੰਪੂਰਣੰ॥=॥ |

| | |
|---|---|
| ਹੱਥ ਲਿਖਤ ਨੰ | : MS 387 ੲ |
| ਸਿਰਲੇਖ | : ਫਕੀਰੋ ਕੇ ਵਚਨ |
| ਲੇਖਕ | : ਨਾਰਾਇਨ ਸਿੰਘ |

ਪੱਤਰੇ : 1 ੳ - 4 ਅ
ਅਕਾਰ : 21.5 X 13.5 ਸ.ਮ. ਲਿਖਤ : 19 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ –14 ਹਨ।
ਆਮ ਵੇਰਵਾ : ਇਸ ਰਚਨਾ ਵਿਚ ਲੇਖਕ ਨੇ ਸ਼ਬਦ – ਅਰਥ ਨਾਲ ਦਿਤੇ ਹੋਏ ਹਨ, ਕਈ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਿਚ ਲਿਖਿਆ ਹੋਇਆ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ । ਅਥ ਫਕੀਰੋ ਕੇ ਵਚਨ ਲਿਖਯਤੇ ਅਜ ਸਰੇ ਬਾਲੀਨ ਮਨ ਬਰਖੈ ਜਐ ਨਾਦਾਂ ਤਬੀਬ ॥ ਦਰਦ ਮੰਦੇ ਇਸਕ ਰ ਦਾਰੂ ਬਜੁਜ ਦੀਦਾਰ ਨੇਸਤ ੧ ॥...
ਅੰਤ : ਚਾਰੋ ਮਜਲਾ ਮੁਸਲਮਾਨੋ ਕੀਆਂ ਕਹਿਆ ਹੈਨ ॥ ਸ੍ਰੀ ਰਾਮਾਯ ਨਮ: ਸ੍ਰੀ ਕ੍ਰਿਸਨਾਯਾ ਨਮ ॥ =

ਹੱਥ ਲਿਖਤ ਨੰ : MS 387 ਸ
ਸਿਰਲੇਖ : ਸਿਹਰਫੀ ਰਮਾਯਣ
ਲੇਖਕ : ਨਾਰਾਇਣ ਸਿੰਘ
ਲਿਖਾਰੀ : ਚੇਤਨ ਸਿੰਘ
ਸਥਾਨ : ਤਰਨ ਤਾਰਨ
ਸਮਾਂ : ਸੰਮਤ 1950
ਪੱਤਰੇ : ਛੇ (6)
ਅਕਾਰ : 21.5 X 13.5 ਸ.ਮ. ਲਿਖਤ : 19 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–15 ਹਨ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ਸ੍ਰੀ ਗੁਰੂ ਭਯੋ ਨਮ: ਸ੍ਰੀ ਜਾਨਕੀ ਨਾਥਾਯ ਨਮ: ॥ਅਥ ਸਿਹਰਫੀ ਰਾਮਾਯਣ ਨਾਰਾਯਣ ਸਿੰਘ ਸਾਧੂ ਕ੍ਰਿਤ ਲਿਖਯਤੇ॥...
ਅੰਤ : ...ਇਤਿ ਸ੍ਰੀ ਮਦ ਹਜੂਰਾ ਹਰੀ ਸਿਖਜੇਣ ਨਾਰਾਯਣ ਸਿੰਘੇਨ ਕਵਿ ਨਿਰਮਲੇ ਤਰਨਤਾਰਨ ਨਿਵਾਸਯੇਨ ਸਿਹਰਫੀ ਰਾਮਾਯਣ ਵਿਰਚਿੰਤ ਸੰਪੂਰਣੰ॥ਦੋ:ਗੁਰ ਅਰਜਨ ਕੀ ਪੁਰੀ ਮੇ ਲਿਖੀ ਸਿਹਰਫੀਜਾਨ॥ਚੇਤਨ ਸਿੰਘ ਮਮ ਨਾਮ ਹੈ ਸਿੰਘ ਹਜੂਰ ਮਕਾਨ॥੧॥ਇਤਿ ਸੰ:੧੯੫● ਜੇਸਠ ੨੪

ਹੱਥ ਲਿਖਤ ਨੰ : MS 387 ਹ
ਸਿਰਲੇਖ : ਸਿਹਰਫੀ ਨਾਨਕ ਪ੍ਰਕਾਸ਼
ਲੇਖਕ : ਨਾਰਾਯਣ ਸਿੰਘ
ਪੱਤਰੇ : 6
ਅਕਾਰ : 21.5X13.5 ਸ.ਮ. ਲਿਖਤ: 19X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ॥ਸ੍ਰੀ ਗੁਰੁ ਭਜੋ ਨਮ: ਤੋਂ ਨਸ:॥ਅਥ ਸਿਹਰਫੀ ਨਾਨਕ ਪ੍ਰਕਾਸ ਨਾਰਾਯਣ ਸਿੰਘ ਸਾਧੂ ਕ੍ਰਿਤ ਲਿਖਜਤੇ॥ਅਲਫ ਆਦਿ ਅਖੰਡ ਅਲੱਖ ਏਕੋ ਦਾਸ ਤਾਰਣੇ ਤਨੁ ਧਾਰਿਯੋ ਨੈ॥ਪੰਦ੍ਰਾ ਸੈ ਛਬੀਸ ਸੀ ਤਦੋ ਸੰਮਤ ਨਰੁ ਨਾਰਿ ਅਪਾਰ ਨੂੰ ਤਾਰਿਯੋ ਨੈ॥ਕੱਤੇ ਮਾਸ ਤੇ ਪਖਯ ਸੀ ਸੁਕਲ ਪੁੰਨਜਾ ਵਾਰ ਦੇਸ ਜੋ ਵੇਸ ਵਿਚਾਰਿਯੋ ਨੈ॥ਮਾਤ ਤ੍ਰਿਪਤਾ ਜਾਇ ਨਰੈਣ ਸਿੰਘਾ ਕਾਲੂ ਜੋਤ ਸੀ ਤਬੈਹ ਕਾਰਿਯੋ ਨੈ॥੧॥...

ਅੰਤ : ...ਸੰਮਤ ਪੰਦ੍ਰ ਸੌ ਔਰ ਛਿਆਨਵੇ ਸੀ ਅਸੁ ਦਸਮੀ ਗੁਰੂ ਸੱਚਖੰਡ ਧਾਏ॥ਸਿਖ ਸੰਗਤਾ ਤਾਰ ਨਰੈਣ ਸਿੰਘਾ ਪ੍ਰਮ ਜੋਤਿ ਮੈ ਗੁਰੂ ਜੀ ਜਾ ਸਮਾਏ॥੩●॥ਇਤਿ ਸ੍ਰੀ ਨਾਨਕ ਪ੍ਰਕਾਸ ਸਿਹਰਫੀ ਨਾਰਾਯਣ ਸਿੰਘ ਸਾਧੂ ਕ੍ਰਿਤ ਸੰਪੂਰਣੰ॥

ਹੱਥ ਲਿਖਤ ਨੰ : MS 387 ਕ
ਸਿਰਲੇਖ : ਸਿਹਰਫੀ ਦਰਬਾਰ ਸ੍ਰੀ ਤਰਨ ਤਾਰਨ ਜੀ ਕੀ
ਲੇਖਕ : ਨਾਰਾਇਨ ਸਿੰਘ
ਪੱਤਰੇ : 1-6 ਅ
ਅਕਾਰ : 21.5 X 13.5 ਸ.ਮ. ਲਿਖਤ : 19 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-15 ਹਨ।
ਆਮ ਵੇਰਵਾ : ਪੋਥੀ ਦੀ ਇਸ ਰਚਨਾ ਵਿਚ ਸੁਧਾਈ ਕਰਕੇ, ਵਿਚਕਾਰ ਲਿਖਿਆ ਹੋਇਆ ਹੈ। ਕਈ ਥਾਵਾਂ ਤੇ ਲਿਖਾਈ ਧਬਿਆਂ ਵਾਲੀ ਹੈ। ਰਚਨਾ ਦੇ ਸ਼ੁਰੂ ਵਿਚ ਅਤੇ ਅੰਤ ਵਿਚ ਇੰਵ ਲਿਖਿਆ ਹੋਇਆ ਹੈ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਓਅੰ ਸ੍ਰੀ ਗੁਰੁਚਰਨ ਕਮਲ ਭਯੋ ਨਮ:॥ਅਥ ਸਿਹਰਫੀ ਦਰਬਾਰ ਸ੍ਰੀ ਤਰਨਤਾਰਨ ਜੀ ਕੀ ਡੇਵਡੋ ਮੈ ਕ੍ਰਿਤ ਕਵਿ ਨਾਰਾਯਨ ਸਿੰਘ ਸਾਧੂ ਲਿਖਯਤੇ॥...
ਅੰਤ : ...ਇਤਿ ਸ੍ਰੀ ਸਿਹਰਫੀ ਸ੍ਰੀ ਗੁਰੂ ਅਰਜਨ ਦਰਵਾਰ ਸ੍ਰੀ ਤਰਨਤਾਰਨ ਸਾਹਿਬ ਜੀ ਕੀ ਸ੍ਰੀ ਮਤਿ ਪੰਡਿਤ ਹਜੂਰਾ ਹਰੀ ਸਿੰਘਜ਼ੇਣ ਨਾਰਾਯਣ ਸਿੰਘੇਨ ਸਾਧਨਾ ਵਿਰਚਿਤੰ ਸੰਪੂਰਣੰ॥

ਹੱਥ ਲਿਖਤ ਨੰ : MS 387 ਖ
ਸਿਰਲੇਖ : ਸਿਹਰਫੀ ਇਸ਼ਕ ਹਕੀਕੀ
ਲੇਖਕ : ਨਾਰਾਯਣ ਸਿੰਘ
ਪੱਤਰੇ : 1-8 ਅ
ਅਕਾਰ : 21.5 X 13.5 ਸ.ਮ. ਲਿਖਤ : 19 X 11 ਸ.ਮ.
ਵੇਰਵਾ : ਸਤਰਾਂ ਪ੍ਰਤੀ ਪੰਨਾ - 15 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ ਹੈ,ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ । ਲੇਖਕ ਦੇ ਨਾਂ ਦੇ ਸਪੈਲਿੰਗ(ਅੱਖਰ) ਵੱਖਰੇ ਵੱਖਰੇ ਹਨ ਪਰ ਆਪ ਲੇਖਕ ਨੇ ਸਹਿੱਜੇ ਅੱਖਰ ਨਰੈਣ ਸਿੰਘ ਕਰਕੇ ਵੀ ਲਿਖੇ ਹੋਏ ਹਨ । ਰਚਨਾ ਦੇ ਸ਼ੁਰੂ ਅਤੇ ਅੰਤ ਵਿਚ ਇੰਵ ਲਿਖਿਆ ਹੋਇਆ ਹੈ :
ਆਰੰਭ : ੧ਓ ਸਤਿਗੁਰ ਪ੍ਰਸਾਦਿ॥ਸ੍ਰੀ ਰਮਾਯ ਨਮ:॥ ਅਥ ਸਿਹਰਫੀ ਇਸ਼ਕ ਹਕੀਕੀ ਨਾਰਾਇਣ ਸਿੰਘੇਨ ਕ੍ਰਿਤ ਲਿਖਜਤੇ॥ਅਲਫ ਅਕਲ ਤੇ ਸਕਲ ਬੇਅੰਤ ਓਸਦੀ ਓਸ ਦੇ ਅੰਤ ਨੂੰ ਕੋਈ ਨਾ ਪਾਰ ਪਾਏ॥ ਚਾਰੋ ਬੇਦ ਅਭੇਦ ਵਤਾਇ ਲੋਕੋ ਸੇਸਨਾਗ ਭੀ ਨੇਤ ਹੀ ਨੇਤ ਗਾਏ॥ ਰਿਖੀ ਮੁਨਿ ਧਿਆਉਦੇ ਜਤੀ ਸਾਰੇ ਸਾਰੇ ਨਾਰੇ ਨਦੀਆ ਉਸਦਾ ਬਿਰਦ ਗਾਏ॥ਨਰੈਣ ਸਿੰਘ ਆਨੰਦ ਦਾ ਕੰਦ ਪਜਾਰਾ ਬੰਦ ਚਰਣ ਦੁਖ ਪਾਪ ਜਾਏ॥੧॥...
ਅੰਤ : ਯਾਰ ਰੂਪ ਨਿਹਾਰਿਆ ਜਗਤਿ ਸਾਰਾ ਗਈ ਵਾਸਨਾ ਤੀਰਥੀ ਨਾਵਣੇ ਦੀ ॥ਨਰੈਣ ਸਿੰਘ ਨਾ ਤੁਝ ਤੇ ਭਿੰਨ ਪਜਾਰਾ ਕਰੇ ਇਛੱਜ ਕਿੱਸ ਦੇ ਪਾਵਣੇ ਦੀ॥ ਇਤਿ ਸ੍ਰੀ ਨਾਰਾਇਣ ਸਿੰਘ ਕ੍ਰਿਤ ਸਿਹਰਫੀ ਸੰਪੂਰਣੰ॥

ਹੱਥ ਲਿਖਤ ਨੰ : MS 387 ਗ
ਸਿਰਲੇਖ : ਹੋਲਾ (ਹੋਲੇ ਦਾ ਪ੍ਰਸੰਗ)

ਲੇਖਕ : ਨਰਾਯਣ ਸਿੰਘ
ਪੱਤਰੇ : 1-12
ਅਕਾਰ : 21.5 X 13.5 ਸ.ਮ. ਲਿਖਤ : 19 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-14-15 ਹਨ।
ਆਮ ਵੇਰਵਾ : ਅਗਲੀ ਰਚਨਾ ਸ਼ੁਰੂ ਕਰਨ ਤੋਂ ਪਹਿਲਾਂ ਦੋ ਪੱਤਰੇ ਖਾਲੀ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਹੋਲਾ ਕੋ ਸਮਾਜ ਕਥਨੰ॥ਦੋਹਰਾ॥ਵੰਦੇਤੰ ਗੁਰੂ ਨਾਨਕੰ ਯਾਸ ਨਾਮ ਪ੍ਰਗਾਸ॥ਫਾਸਿ ਕਟਿਤ ਯਮਰਾਜ ਕੀ ਦੇਤ ਦਾਸ ਸੁਖ ਰਾਸ॥...
ਅੰਤ : ...ਰੰਗ ਉਡੰਗਗ ਗਹ ਗਹ ਅੰਗਗ ਭੀਮ ਭੁਜੰਗਗ ਡੋਲਤ ਸੰਗਗ॥ਕ੍ਰਤੇ ਤੰਗਗ ਦੌਰਤ ਦੰਗਗ ਪਾਵਤ ਕੰਗਗ ਗਾਵਤ ਅੰਗਗ ਗੁਰੁ ਅਰਜਨਾ॥੫●॥

ਹੱਥ ਲਿਖਤ ਨੰ : MS 387 ਘ
ਸਿਰਲੇਖ : ਪਿੰਗਲ ਬ੍ਰਿਤਿ ਬਾਟਿਕਾ
ਲੇਖਕ : ਨਾਰਾਯਣ ਸਿੰਘ
ਪੱਤਰੇ : 1-6 ਅ
ਅਕਾਰ : 21.5X13.5 ਸ.ਮ. ਲਿਖਤ:19X11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 14-15 ਹਨ।
ਆਮ ਵੇਰਵਾ : 4 ੳ ਪੱਤਰੇ ਤੇ ਕਾਗਜ਼ ਚਿਪਕਾਯਾ ਹੋਇਆ ਹੇ ਅਤੇ 31 ਤੋਂ 36 ਦੋਹਰੇ ਨਹੀਂ ਹਨ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ਅਥ ਪਿੰਗਲ ਬ੍ਰਿਤਿ ਬਾਟਿਕਾ ਲਿਖ੍ਯਤੇ ॥ਦੋਹਰਾ॥ ਬਿਸਨੁ ਬਿਧਾਤਾ ਬਾਕ ਪਤਿ ਪ੍ਰਣਵੋਂ ਸੰਭੁ ਗਨੇਸ॥ਰਸਨਾ ਵਸਨਾ ਦਾਸ ਦੀ ਹਰ ਕੇ ਸਕਲ ਕਲੇਸ॥੧॥...
ਅੰਤ : ...ਨਾਹਿ ਬਰੋਬਰ ਚਰਣ ਜਿਹ ਤਿਨ ਵਿਖਮ ਵਖਾਨ॥ਸੋ ਕਛੁ ਬਰਨਨ ਕਰੋਂ ਮੋ ਮਤਿ ਮੰਦ ਸੁਜਾਨ ॥੫੫॥ਇਤਿ ਬ੍ਰਿਤਿ ਬਾਟਕਾ ਪ੍ਰਿਥਮ ਅਧ੍ਯਾਇ॥੧॥

ਹੱਥ ਲਿਖਤ ਨੰ : MS 387 ਙ
ਸਿਰਲੇਖ : ਸਮਬ੍ਰਤਿ
ਪੱਤਰੇ : 6 ਅ - 12 ਅ
ਅਕਾਰ : 21.5X18 ਸ.ਮ. ਲਿਖਤ: 19X11 ਸ.ਮ.
ਵੇਰਵਾ : ਓਹੀ ।
ਆਮ ਵੇਰਵਾ : ਅਗਲੀ ਰਚਨਾ ਸ਼ੁਰੂ ਕਰਨ ਤੋਂ ਪਹਿਲਾਂ 4 ਪੱਤਰੇ ਬਿਨ੍ਹਾਂ ਨੰ: ਤੋਂ ਖਾਲੀ ਹਨ ।
ਆਰੰਭ : ਅਥ ਸਮਬ੍ਰਤਿ ੧ਓ ਸਤਿਗੁਰ ਪ੍ਰਸਾਦਿ॥ਦੋ:॥ ਸਤਗੁਰੁ ਚਰਨ ਜੁ ਹਾਰ ਕੈ ਪਾਛੈ ਕਰਿਯੇ ਕਾਜ॥ਵਿਘਨ ਹਰਨ ਮੰਗਲ ਕਰਨ ਦੀਨਨ ਕੇ ਸਿਰਤਾਜ॥੧॥...
ਅੰਤ : ...ਅਸਗਤਿ ਛੰਦ॥ਰੂਪ ਕਵੈ ਅਤਿ ਸਜੋ ਕਤਿ ਹੈ ਉਪਮਾਨਨ ਉਪਮੇ॥ਮੀਨ ਮਯੰਕ ਵਿਖੇ ਬਿਬੁ ਪੇਖੁ ਲਸੈ ਮਤਿ ਸੁਖਮੇ॥ਜਾਨ ਅਪੰਨਤਿ ਲੇ ਉਪਮਾਨ ਅਨਾਦਰ ਜਿਹਤੇ॥ਚੰਦ ਸੁਧਾ ਧਰ ਨਾਹਿ ਸਖੀ ਅਮਿਤੇ ਮੁਖ ਕਹਤੇ ॥੫੨॥

ਹੱਥ ਲਿਖਤ ਨੰ : MS 387 ਚ
ਸਿਰਲੇਖ : ਨਾਰਾਯਣ ਸਾਰ ਸੰਗ੍ਰੇਹ ਚਕਿਤਸਾ (ਅਧੂਰਾ)
ਲੇਖਕ : ਨਾਰਾਯਣ ਸਿੰਘ
ਪੱਤਰੇ : 7

ਅਕਾਰ : 21.5X13.5 ਸ.ਮ. ਲਿਖਤ: 19.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ॥ਅਥ ਨਾਰਾਯਣ ਸਾਰ ਸੰਗ੍ਰੇਹ ਚਕਿਤਸਾ ਲਿਖ੍ਯਤੇ॥ਸਾਰਦ ਗਣਪਤਿ ਬਿਧ ਹਰੀ ਸ੍ਰੀ ਪਤਿ ਪਦਮ ਜੁ ਹਾਰ॥ਨਾਨਾ ਕਾਦਿ ਦਸ ਗੁਰੁਨ ਪਦ ਬੰਧੋ ਬਰਿਬਾਰ॥੧॥...

ਅੰਤ : ...ਫਿਰ ਕਨਕ ਮੋ ਇਕੀਸ ਰੋਜ ਰਖਣਾ ਫੇਰ ਵਾਵਨ ਤੋਲੇ ਮੈ ਰਤੀ ਪਾਵੈ॥ਹੋਰ ਚਿਠੀ ਮਮੋਲੀ ਕੇ ਦੋ ਬੂਟੇ ਲੈਣੇ ਉਸਕਾ ਅਰਕ ਕਢ ਕੇ ਕੁਠਾਲੀ ਮੋ ਪਾਇ ਕੇ ਪੈਸਾ ਵਿਚ ਰਖਕੈ ਪੁੱਠਾ ਦੇ ਬੀਆਂ ਖਿਲ ਹੋ ਜਾਵੈਗਾ॥

ਹੱਥ ਲਿਖਤ ਨੰ : MS 387 ਛ

ਸਿਰਲੇਖ : ਬਾਰਾਮਾਹਾਂ

ਲੇਖਕ : ਗੁਰਦਿਆਲ ਸਿੰਘ ਸਾਧੂ

ਪੱਤਰੇ : 1-5 ੳ

ਅਕਾਰ : 21.5X13.5 ਸ.ਮ. ਲਿਖਤ: 19.5X11 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 15-16 ਹਨ।

ਆਮ ਵੇਰਵਾ : ਇਸ ਰਚਨਾ ਤੋਂ ਪਹਿਲਾਂ, ਇਸ ਪੋਥੀ ਵਿਚ ਦੋ ਰਚਨਾ ਪੱਥਰ ਛਾਪ ਵਿਚ , ਨਾਲ ਲਗਾਈਆਂ ਗਈਆਂ ਹਨ ਜਿਨ੍ਹਾ ਦਾ ਇਸ ਰਚਨਾ ਨਾਲ ਕੋਈ ਸਬੰਧ ਨਹੀਂ ਹੈ । ਇਸ ਰਚਨਾ ਦੀ ਲਿਖਾਈ ਸੁੰਦਰ ਹੈ ਅਤੇ ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਰਚਨਾ ਦੇ ਸ਼ੁਰੂ ਅਤੇ ਅੰਤ ਵਿਚ ਇੰਝ ਲਿਖਿਆ ਹੋਇਆ ਹੈ ।

ਆਰੰਭ : ...੧ਓ ਸਤਿਗੁਰ ਪ੍ਰਸਾਦਿ॥ਅਥ ਬਾਰਾਂ ਮਾਹਾਂ ਗੁਰਦਯਾਲ ਸਿੰਘ ਸਾਧੂ ਕ੍ਰਿਤ ਲਿਖ੍ਯਤੇ॥ਦੋਹਰਾ॥ਚੇਤਰ ਚਲ ਨਾਵੰਦਿਆ ਰਹਨਾ ਨਹਿ ਤਿਹਕੀਕ॥ਭਜਨ ਕਰੋ ਭਗਵੰਤ ਕਾ ਸਿਰ ਪਰ ਕਾਲ ਨਿਜੀਕ॥੧॥

ਅੰਤ : ...ਕਹਿ ਗੁਰਦ੍ਯਾਲ ਹਰੀ ਕਰ ਜੋਰੀ॥ਰਲ ਮਿਲ ਪਿਆਰੇ ਖੇਲੋ ਹੋਰੀ॥ਏਕ ਬਿਨੈ ਸੁਨ ਪ੍ਰਭ ਜੀ ਮੋਰੀ॥ਹਾਰ ਲਈ ਮੈ ਸਰਨਾ ਤੋਰੀ ॥ਦੂਰ ਨਾ ਕੀਜੀਏ॥ ਦੋਹਰਾ॥ਪੜੇ ਜੁ ਬਾਰਾਂ ਮਾਸ ਕੋ ਮਾਸਕ ਤੇ ਨਿਤ ਚਿੱਤ॥ ਮਿਤ ਮਿਲੇ ਅਸਥਿਤਿ ਹੋ ਹਿਰਦਾ ਹ੍ਵੈ ਪਵਿੱਤ॥੪੭॥ ਇਤਿ ਸ੍ਰੀ ਬਾਰਾਮਾਹਾ ਗੁਰਦਿਆਲ ਸਿੰਘ ਸਾਧੂ ਕ੍ਰਿਤ ਸੰਪੂਰਣੰ॥

ਹੱਥ ਲਿਖਤ ਨੰ : MS 387 ਜ

ਸਿਰਲੇਖ : ਸੂਰਸਾਗਰ ਕੀਆਂ ਦ੍ਰਿਸ੍ਰਿ ਕੂੰਟਾ (ਅਧੂਰਾ)

ਲੇਖਕ : ਸੂਰਦਾਸ

ਪੱਤਰੇ : 6 ੳ – 6 ਅ

ਅਕਾਰ : 21.5X13.5 ਸ.ਮ. ਲਿਖਤ: 19.5X11 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–14 ਅਤੇ 4 ਹਨ।

ਆਮ ਵੇਰਵਾ : 5 ਅ ਤੇ ਬਨਯਕੋ ਕਬਿਤ ਅਧੂਰਾ ਦਿੱਤਾ ਹੈ । ਬਦਲੀ ਹੋਈ ਕਾਨੀ ਨਾਲ ਕਾਲੀ ਅਤੇ ਲਾਲ ਸਿਆਹੀ ਨਾਲ ਸੋਧ ਕੀਤੀ ਹੋਈ ਹੈ । ਇਸ ਰਚਨਾ ਵਿਚ ਕਿਤੇ-ਕਿਤੇ ਸ਼ਬਦਾਰਥ ਦਿੱਤੇ ਹੋਏ ਹਨ ।

| | |
|---|---|
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ਅਥ ਸੂਰਸਾਗਰ ਕੀਆਂ ਦ੍ਰਿਸ੍ਰ ਕੂੰਟਾ ਸੂਰਦਾਸ ਕ੍ਰਿਤ॥ਰਾਗ ਨਟ ਅਸ੍ਰਪਦੀ ਬਿਸਨਪਦਾ॥ਮਿਲਵਹੁ ਪਾਰਥ ਮਿਤਰਹ ਆਨ॥ ਜਲੁਜ ਸੁਤ ਕੇ ਸੁਤ ਕੀ ਰਚੁ ਕਰ ਭਈ ਹਿਤੁ ਕੀ ਹਾਨ॥… |
| ਅੰਤ | : …ਸਾਰੰਗ ਪਤਿ ਸਾਰੰਗ ਧਰ ਜੇਹੈ ਸਾਰੰਗ ਜਾਇ ਮਨਾਵਹੁ॥ਸਾਰੰਗ ਚਰਨ ਸੁਭਗ ਕਰ ਸਾਰੰਗ ਸਾਰੰਗ ਨਾਮ ਬੁਲਾਵਹੁ॥ਇਤੀ ॥ਬਿਹਾਰੀ ਕੋ ਦੋਹਾ॥ਇਹੀ ਆਸ ਅਟਕਯੋ ਰਹੈ ਅਲਿ ਗੁਲਾਬ ਫੂਲ॥ਹ੍ਵੈ ਹੈ ਬਹੁਰ ਬਸੰਤ ਰਿਤੁ ਇਨ ਡਾਰਨ ਵੈ ਫੂਲ॥ਅੰਨਯੋਕੀ॥ |

| | |
|---|---|
| ਹੱਥ ਲਿਖਤ ਨੰ | : MS 387 ਝ |
| ਸਿਰਲੇਖ | : ਬਾਰਾ ਮਾਂਹਾ ਰਾਧੇ ਕ੍ਰਿਸਨ |
| ਲੇਖਕ | : ਨਾਰਾਇਣ ਸਿੰਘ ਸਾਧੂ |
| ਪੱਤਰੇ | : 7 ੳ – 8 ਅ |
| ਅਕਾਰ | : 21.5X13.5 ਸ.ਮ. ਲਿਖਤ: 19.5X11 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ 15-16 ਹਨ। |
| ਆਮ ਵੇਰਵਾ | : ਓਹੀ । |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ਅਥ ਬਾਰਾ ਮਾਂਹਾ ਰਾਧੇ ਕ੍ਰਿਸਨ ਕ੍ਰਿਤ ਕਵਿ ਨਾਰਾਇਣ ਸਿੰਘ ਸਾਧੂ ਲਿਖਯਤੇ॥ਚੇਤ੍ਰ ਚਿੱਤਰੋ ਕੇਸੁ ਬੋਰ ਕੇ ਨਦੀ॥ਅੰਕ ਲਾ ਕਲੰਕ ਲਾ ਸੁਬੰਕ ਲਾਵਦੀ॥ਹਾਰ ਡਾਰ ਡਾਰ ਕੇ ਮੈ ਬਾਰ ਮੈ ਰਹੂੰ॥ਖਾ ਸਕੇ ਨ ਪੀ ਸਕੇ ਨ ਜਾ ਸਕੇ ਕਹੂੰ॥੧॥… |
| ਅੰਤ | : …ਦੋਹਰਾ॥ਰਾਧਾ ਰਾਧਾ ਰਮਨ ਕੋ ਕੀਨੋ ਬਾਰਾਂ ਮਾਸ॥ਨੀਤ ਪੜ ਜੋ ਆਸ ਤੇ ਪੂਰਨ ਹੋਵੇ ਆਸ॥੧੩॥ਨਾਰਾਇਣ ਸਿੰਘ ਕ੍ਰਿਤ ਬਾਰਾ ਮਾਸ ਸਪੂਰਨੰ ਭਵਤੂ॥ ਸ੍ਰੀ ਰਾਮ ਜੀ ਭਜੋ॥ |

| | |
|---|---|
| ਹੱਥ ਲਿਖਤ ਨੰ | : 387 ਞ |
| ਸਿਰਲੇਖ | : ਜੁਦਾਈਨਾਮਾ ਲੇਲੀ ਵ ਮਜਨੂੰ (ਲੈਲਾ ਮਜਨੂੰ) |
| ਲੇਖਕ | : ਨਾਰਾਯਣ ਸਿੰਘ, ਸਾਧੂ |
| ਪੱਤਰੇ | : 1 –13 ੳ |
| ਅਕਾਰ | : 21.5 X 13.5 ਸ.ਮ. ਲਿਖਤ : 19.5 X 11 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 15 ਹਨ। |
| ਆਮ ਵੇਰਵਾ | : 13 ਅ ਪੱਤਰਾ ਖਾਲੀ ਹੈ । 109 ਦੋਹਰੇ ਤੋਂ ਬਾਅਦ ਅਗਲੇ ਦੋਹਰੇ ਨੂੰ 110 ਨੰ: ਦੀ ਥਾਂ 1010 ਨੰ ਪਾਇਆ ਹੈ । |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ ਸ਼੍ਰੀ ਗੁਰ ਸਯੇ ਨਮ: ॥ ਅਥ ਨਜ਼ਾਰੇ ਨਾਮ ਔਂ ਜੁਦਾਈ ਨਾਮਾ ਲੇਲੀ ਵ ਮਜਨੂੰ ਮਨਤਸਨੀਫ ਨਾਰਾਇਣ ਸਿੰਘ ਸਾਧੂ ਸਾਕਨ ਸ੍ਰੀ ਤਰਨਤਾਰਨ॥ ਅਥ ਗਜ਼ਲ ਰੇਖਤਾ॥ ਅਵਲ ਹਮਦ ਅਲਾਹੀ ਨੂੰ॥ਜੁ ਮੇਲੇ ਵਿਛਰੇ ਮਾਹੀ ਨੂੰ॥ ਦਿਲ ਸਿਮਰੋ ਕ੍ਰਿਸਨ ਮੁਰਾਰਾ ਜੀ॥ਤੁਮ ਦੇਨਾ ਨਜ਼ਰ ਨਜ਼ਾਰਾ ਜੀ॥੧॥… |
| ਅੰਤ | : … ਨਰਾਯਨ ਨਫਰ ਪੈ ਨਿਗਾ ਕਰ ਕਬੀ॥ਦਿਲ ਕੀ ਮੁਰਾਦਾ ਹ੍ਵੈ ਹਾਸਲ ਰਬੀ॥ਖੁਦਾ ਕੇ ਫਜਲ ਸੇ ਫਰੇਬੋ ਬਚੇ॥ਮਾਹੀ ਅਲਾਹੀ ਕੇ ਦਿਲ ਮੈ ਰਚੇ॥੧●੩੫॥ਇਤਿ ਸ੍ਰੀ ਨਾਰਾਯਨ ਸਿੰਘ ਕਵਿ ਕ੍ਰਿਤ ਜੁਦਾਈ ਨਾਮਾ ਲੇਲੀ ਵ ਮਜਨੂੰ ਤਮਾਮ ਸੁਦਾ॥ |

| | |
|---|---|
| ਹੱਥ ਲਿਖਤ ਨੰ | : MS 387 ਟ |
| ਸਿਰਲੇਖ | : ਬਾਰਾਮਾਹਾ ਲੈਲਾ ਮਜਨੂੰ |

ਪੱਤਰੇ : 6 ਅ - 8 ੳ
ਅਕਾਰ : 21.5 X 13.5 ਸ.ਮ. ਲਿਖਤ: 19.5X11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-15 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੱਤਰਾ ਨੰ: 6 ੳ – ਪੂਰੀ ਤਰਾਂ ਲਿਖਾਈ ਕੱਟੀ ਹੋਈ ਹੈ । ਰਚਨਾ ਪੱਤਰਾ 6 ਅ ਤੋਂ ਸ਼ੁਰੁ ਕੀਤੀ ਗਈ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ਅਥ ਬਾਰਾਮਾਹਾ ਲੇਲੀ ਮਜਨੂੰ ਨਾਰਾਇਣ ਸਿੰਘ ਸਾਧੂ ਕ੍ਰਿਤ ਲਿਖ਼ਜਤੇ॥ਚੇਤ ਚੁਰਾਇਆ ਤੈ ਚਿਤ ਮੇਰਾ ਜਰਾ ਅਰਾਮ ਨ ਆਵੈ ਨੀ॥ ਦਰਦ ਤੇਰੇ ਨੈ ਕੀਆ ਦਿਵਾਨਾ ਦਰ ਦਰ ਦੁਖ ਸੁਨਾਵੈ ਨੀ॥ਤੇਰੇ ਦਰ ਦਾ ਬਰਦਾ ਹੋਇਆ ਚੰਗਾ ਔਰ ਨ ਭਾਵੈ ਨੀ॥ਬਾਝ ਮਾਹੀ ਦੇ ਸਿੰਘ ਨਰਾਇਨ ਮਜਨੂੰ ਸੋਰ ਮਚਾਵੈ ਨੀ॥੧॥...
ਅੰਤ : ...ਫਾਗੁਨ ਫੇਰ ਬਹਾਰਾ ਫਿਰੀਆਂ ਹੋਇਆ ਫਜ਼ਲ ਅਲਾਹੀ ਦਾ॥ ਮਿਲਿਆਂ ਦਿਲਵਰ ਹੋਇ ਦਲੇਰੀ ਕੀਤਾ ਦਰਸਨ ਮਾਹੀ ਦਾ॥ਮਿਲੇ ਮੁਵਾਰਕ ਲੇਲੀ ਵਾਲੀ ਟੂਟਾ ਫੰਦ ਨ ਫਾਹੀ ਦਾ॥ਸਿੰਘ ਨਰਾਇਨ ਮਜਨੂੰ ਤਾਂਈ ਮੇਲ ਰਬੀ ਜੋ ਚਾਹੀਦਾ॥੧੨॥ਇਤਿ ਸ੍ਰੀ ਬਾਰਾਮਾਹਾ ਲੇਲੀ ਮਜਨੂੰ ਨਾਰਾਇਨ ਸਿੰਘ ਸਾਧੂ ਕ੍ਰਿਤ ਸੰਪੂਰਣੰ॥ਸ੍ਰੀ ਰਾਮਾਯ ਨਮ:॥

ਹੱਥ ਲਿਖਤ ਨੰ : MS 387 ਠ
ਸਿਰਲੇਖ : ਵਾਰ ਸਤਿ ਲੇਲੀ ਮਜਨੂੰ (ਲੇਲਾ ਮਜਨੂੰ)
ਲੇਖਕ : ਨਾਰਾਇਣ ਸਿੰਘ ਸਾਧੂ
ਪੱਤਰੇ : 8 ਅ-9 ੳ
ਅਕਾਰ : 21.5X13.5 ਸ.ਮ. ਲਿਖਤ: 19.5X11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–15 ਹਨ।
ਆਮ ਵੇਰਵਾ : ਲਿਖਾਈ ਵਿਚ ਕਈ ਥਾਂਵਾਂ ਤੇ ਧੱਬੇ ਪਏ ਹੋਏ ਹਨ । ਰਚਨਾ ਦੇ ਸ਼ੁਰੂ ਵਿਚ ਅਤੇ ਅੰਤ ਵਿਚ ਇੰਝ ਲਿਖਿਆ ਹੋਇਆ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ਅਥ ਵਾਰ ਸਤਿ ਲੇਲੀ ਮਜਨੂੰ ਕ੍ਰਿਤ ਸਾਧੂ ਨਾਰਾਇਨ ਸਿੰਘ ਜੀ ਲਿਖ਼ਜਤੇ॥ਐਤਵਾਰ ਯਾਰ ਦੇ ਤੂੰ ਪੈਰ ਜਾ ਫਰੀਂ॥ਪੇਸ ਹਾਥ ਜੋੜ ਕੇ ਮਰੋੜ ਨਾ ਕਰੀਂ॥ਹਾਲ ਤੇ ਬਿਹਾਲ ਮੇਰਾ–ਯਾਰ ਕੋ ਕਹੀਂ॥ਦੇਖਨਾ ਜਰੂਰ ਯੇ ਕਸੂਰ ਮੋ ਨਹੀਂ॥੧॥...
ਅੰਤ : ...ਲੇਲਿ ਲਾਲ ਲੋਲ ਕੋ ਤੂੰ ਬੋਲ ਬੋਲਣਾ॥ਯਾਰ ਯਾ ਬਜਾਰ ਮੈ ਤੂੰ ਪੂਰਾ ਤੋਲਣਾ॥ਰਾਜ ਸਾਜ ਆਜ ਕਾਲ ਛੋਡਿ ਚੱਲਣਾ॥ਦੇਖਤੇ ਜਹਾਨ ਕੇ ਉਜਾਰ ਮੱਲਣਾ॥੮॥ਇਤਿ ਸ੍ਰੀ ਵਾਰ ਸਤਿ ਲੇਲੀ ਮਜਨੂੰ ਨਾਰਾਇਨ ਸਿੰਘ ਸਾਧੂ ਕ੍ਰਿਤ ਸੰਪੂਰਣੰ॥ਸ੍ਰੀ ਕ੍ਰਿਸਨਾਯ ਨਮ:॥

ਹੱਥ ਲਿਖਤ ਨੰ : MS 387 ਡ
ਸਿਰਲੇਖ : ਅਸਫੁਟਕ ਛੰਦ ਲੇਲੀ ਮਜਨੂੰ
ਲੇਖਕ : ਨਾਰਾਇਣ ਸਿੰਘ ਸਾਧੂ
ਪੱਤਰੇ : 2
ਅਕਾਰ : 21.5 X 13.5 ਸ.ਮ. ਲਿਖਤ : 19.5 X 11 ਸ.ਮ.
ਵੇਰਵਾ : ਓਹੀ ।
ਆਮ ਵੇਰਵਾ : ਅਧੂਰੀ ਜਾਪਦੀ ਹੈ ।

ਆਰੰਭ : ੧ੳ ਸਤਿਗੁਰ ਪ੍ਰਸਾਦਿ॥ਅਥ ਅਸਫੁਟਕ ਛੰਦ ਲੇਲੀ ਮਜਨੂੰ ਕ੍ਰਿਤ ਨਾਰਾਇਨ ਸਿੰਘ ਸਾਧੂ ਲਿਖ੍ਯਤੇ॥ਦੋਹਰਾ॥ਮਜਨੂੰਉ ਵਾਚ॥ਜਗਮਗ ਰੂਪ ਜਹਾਨ ਮੈ ਜਾਗੇ ਜੋਤਿ ਜਹੂਰ॥ਲੇਲੀ ਲਹਰ ਸਕੁਦ੍ਰ ਮੈ ਰਤਨ ਰੂਪਿ ਤਵ ਨੂਰ॥੧॥...

ਅੰਤ : ...ਕਸੋਰ ਮੋਰ ਬੈਨ ਹੈਂ ਗਜਿੰਦ ਚਾਲ ਐਨ ਹੈ ਸਰੋਜ ਕਾਂਤਿ ਨੈਨ ਹੈ ਵਿਰਾਜੇ ਸੁਖ ਬੰਦ ਹੈ॥ਅਨੂਪ ਰੂਪ ਸੋਹਣੀ ਸੁਰੇਸ ਕੀ ਸਿ ਮੋਹਣੀ ਮਯੰਕ ਅੰਕ ਰੋਹਣੀ ਸਵਾਇ ਲੋਕ ਬੰਦ ਹੈ ॥ ਛਬੀਲ ਛੈਲ ਰੰਗਲੀ ਸਹੇਲੀ ਏਕ ਸੰਗਲੀ ਮਲੂਕ ਲੇਲਿ ਅੰਗਲੀ ।

ਹੱਥ ਲਿਖਤ ਨੰ : MS 387 ਢ

ਸਿਰਲੇਖ : ਕਸ੍ਰਾਵਲੀ ਭਾਖਾ

ਲੇਖਕ : ਨਾਰਾਯਣ ਸਿੰਘ, ਸਾਧੂ

ਪੱਤਰੇ : 3

ਅਕਾਰ : 21.5X13.5 ਸ.ਮ. ਲਿਖਤ: 19.5X11 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 14 ਹਨ।

ਆਮ ਵੇਰਵਾ : ਲਿਖਾਈ ਸੁੰਦਰ,ਕਾਨੀ ਬਦਲੀ ਹੋਈ ਹੈ । ਰਚਨਾ ਦੇ ਸ਼ੁਰੂ ਅਤੇ ਅੰਤ ਵਿਚ ਇੰਝ ਲਿਖਿਆ ਹੋਇਆ ਹੈ :

ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਤੌਂ ਨਸ:॥ਅਥ ਕਸ੍ਰਾਵਲੀ ਭਾਖਾ ਲਿਖ੍ਯਤੇ ਨਾਰਾਯਣ ਸਿੰਘ, ਸਾਧੂ ਕ੍ਰਿਤ॥ਦੋਹਰਾ॥ਸਾਰਦ ਸੰਭੁਜ ਸੰਕਰੰ ਵਿਸਨ ਬਿਧਾਤਾ ਵੰਦ।ਸਿੰਘ ਨਾਰਾਇਨ ਕਵਿ ਰਚੈ ਕਸ੍ਰਾਵਲਿ ਸੁਖ ਛੰਦ॥੧॥...

ਅੰਤ : ...ਸਹਿਰ ਸੁ ਤਾਰਨ ਤਰਨ ਮੈ ਰਾਹਿਤ ਆਠੋ ਜਾਮ॥ਸਿੱਖ ਹਜੂਰਾ ਸਿੰਘ ਕੋ ਸਿੰਘ ਨਰਾਇਨ ਨਾਮ॥੧੯॥ਇਤਿ ਸ੍ਰੀਮਤ ਹਜੂਰਾ ਹਰੀ ਸਿਖ੍ਯੇਣ ਨਾਰਾਇਨ ਸਿੰਘੇਣ ਕਵਿ ਨਿਰਮਲੇਨ ਤਰਨ ਤਾਰਨ ਨਿਵਾਸਿਨਾ ਵਿਰਚਿਤਮ ਕਸ੍ਰਾਵਲੀ ਸੰਪੂਰਣੰ।-

ਹੱਥ ਲਿਖਤ ਨੰ : MS 388

ਸਿਰਲੇਖ : ਜ਼ਫਰਨਾਮਾ ਪਾਤਸਾਹੀ 10

ਪੱਤਰੇ : 1 -64 ਅ

ਅਕਾਰ : 15 X 11 ਸ.ਮ. ਲਿਖਤ : 11 X 7 ਸ.ਮ.

ਵੇਰਵਾ : ਜਿਲਦ ਗਤਾ, ਸਿਆਹੀ ਕਾਲੀ, ਲਿਖਾਈ ਸੁੰਦਰ । ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਪਤਰਾਂ ਨੰ. 64 ਤੱਕ ਪੰਨਿਆਂ ਦਾ ਨੰ: ਅੰਕਿਤ ਕੀਤਾ ਹੋਇਆ ਹੈ ਉਸ ਦੇ ਬਾਅਦ ਕੋਈ ਪੰਨਾ ਨੰ: ਨਹੀਂ ਹੈ ਅਤੇ ਕਾਨੀ ਵੀ ਬਦਲੀ ਹੋਈ ਹੈ । ਲਿਖਤ ਸੁੰਦਰ ਹੈ । ਅਖੀਰ ਵਿਚ ਦੁਬਾਰਾ ਕਾਨੀ ਬਦਲ ਕੇ ਦੋ ਪੱਤਰੇ ਬੇ-ਤਰਤੀਬੇ ਲਿਖੇ ਹੋਏ ਹਨ ਜੋ ਸਾਫ ਤੌਰ ਤੇ ਪੜ੍ਹੇ ਨਹੀਂ ਜਾਂਦੇ । ਇਸ ਤੋਂ ਅੱਗੇ ਕੋਈ ਪੰਨਾ ਨੰ: ਨਹੀਂ ਹੈ ਪਰ ਜਫਰਨਾਮਾ ਬਾਰੇ ਕਾਨੀ ਬਦਲਕੇ ਲਿਖਿਆ ਹੋਇਆ ਹੈ ।

ਆਰੰਭ : "੧ੳ ਹੁਕਮ ਸਤਿ ਸ੍ਰੀ ਵਾਹ ਗੁਰੂ ਜੀ ਕੀ ਫਤਹ। ਜਫਰਨਾਮਾ ਸ੍ਰੀ ਮੁਖਬਾਕ ਪਾਤਿਸਾਹੀ 10 । ਕਮਾਲੇ ਕਰਾਮਾਤ ਕਾਯਮ ਕਰੀਮ । ਰਜਾ ਬਖਸ ਰਾਜਕ ਰਹਾ ਕੋ ਰਹੀਮ ॥ ੧ ॥

ਅੰਤ : ਕਿ ਖੂਬਅਸਤ ਦਰ ਵਕਤ ਖੁਸਮੁ ਅਫਕਨੀ॥ ਕਿ ਯਕ ਕੁਰਤਯਸ ਫੀਲ ਰਾ ਪੈ ਕਨੀ ॥੬●॥ਅਫਜੂ॥

ਹੱਥ ਲਿਖਤ ਨੰ : MS 389
ਸਿਰਲੇਖ : ਵੈਦਿਕ ਨੁਸਖੇ
ਪੱਤਰੇ : 1 -360
ਅਕਾਰ : 15 X 10 ਸ.ਮ. ਲਿਖਤ : 11 X 8 ਸ.ਮ.
ਵੇਰਵਾ : ਜਿਲਦ ਗੱਤਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇ ਪਾਸੇ ਦੋ-ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਸਾਰੀ ਪੋਥੀ ਵਿੱਚ ਵੱਖ ਵੱਖ ਬੀਮਾਰੀਆਂ ਅਤੇ ਹਿਕਮਤ ਬਾਰੇ ਦਸਿਆ ਹੋਇਆ ਹੈ । ਸ਼ੁਰੂ ਵਿਚ ਕੁਝ ਨੁਸਖੇ ਦਸੇ ਹਨ ਅਤੇ ਬਾਅਦ ਵਿਚ ਪੋਥੀ ਬਾਰੇ ਤੱਤਕਰਾ ਦਿਤਾ ਹੋਇਆ ਹੈ ਜੋ ਬਹੁਤਾ ਸਪਸ਼ਟ ਨਹੀਂ ਹੈ । ਹਾਸ਼ੀਏ ਵਿਚ ਲਿਖਤ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪਹਿਲੇ ਕੁਝ ਪੱਤਰੇ ਪੰਨਾ ਨੰਬਰ ਦੇਣ ਤੋਂ ਬਗੈਰ ਹਨ ਉਹਨਾਂ ਉਪਰ ਵੀ ਨੁਸਖੇ ਲਿਖੇ ਹੋਏ ਹਨ ।
ਆਰੰਭ : ੧ਓ ਸਤਿ ਗੁਰ ਪ੍ਰਸਾਦਿ ॥ ਵੈਦਕ ਲੇਖਿਤੇ ॥ ਅਥ ਕਸਟੀ ਇਸਤ੍ਰੀ ਕੋ ॥ ਸਤਾਵਰ ॥ ਲੌਂਗ ਪਾਇ ॥ ਕਸਟੀ ਬਧੂ ਕੋ ਦੀਜੀਐ ॥ ਬਾਲਕ ਸਖਾ ਸਿੰਉ ਹੋਇ ਤਤਕਾਲ ਹੀ ॥ ਦੋਹਰਾ ॥ ਜੜਿ ਮੁਤੀ ਕੀ ਆਨਿ ਲਕਿ ਬਾਧੇ ਕਸਟੀ ਬਧੂ ॥ ਬਾਲਕ ਸੁਖ ਸੋ ਜਾਨਿ ਪ੍ਰਸੂਤ ਹੋਇ ਤਤਕਾਲ ਹੀ ॥...
ਅੰਤ : ...ਚੌਪਈ ॥ ਦਿਸਟ ਬੀਚ ਕਛੁ ਭਰ ਮਦਿ ਖਾਇ ॥ ਤਾਕੋ ਦਿਸਟ ਭਲੀ ਠਹਰਾਇ ॥ ਜਾਕੇ ਕਵਲ ਵਾਉ ਪ੍ਰਗਟਾਇ ॥ ਸੋ ਜਹਿ ਤੇ ਲ.....

ਹੱਥ ਲਿਖਤ ਨੰ : MS 390
ਸਿਰਲੇਖ : ਵਿਨੋਦ ਗ੍ਰੰਥ
ਲੇਖਕ : ਨਾਰਾਇਣ ਹਰੀ
ਪੱਤਰੇ : 1-55
ਅਕਾਰ : 11X15 ਸ.ਮ. ਲਿਖਤ: 7X11 ਸ.ਮ.
ਵੇਰਵਾ : ਜਿਲਦ ਗੱਤਾ, ਵਖਰੇਵੇਂ ਲਈ ਅਖਰਾਂ ਤੇ ਲਾਲ ਸਿਆਹੀ ਫੇਰੀ ਹੋਈ ਹੈ। ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : 32 ਪੱਤਰਾ ਅੰਕ ਤੋਂ ਬਾਅਦ ਪੱਤਰਾ ਅੰਕ ਨਹੀਂ ਲਿਖੇ ਹੋਏ । ਰਚਨਾ ਦੇ ਅੰਤ ਤੇ 22 ਪੱਤਰੇ ਖਾਲੀ ਹਨ । ਇੰਝ ਪ੍ਰਤੀਤ ਹੁੰਦਾ ਹੈ ਕਿ ਲਿਖਾਰੀ ਨੇ ਲਿਖਦਿਆਂ-2 ਵਿਚੇ ਹੀ ਛਡ ਦਿੱਤਾ ਹੈ । ਅੰਤ ਵੀ ਅਧੂਰਾ ਹੈ ।
ਆਰੰਭ : ੧ਓ ਸਤਿਗੁਰੂ ਪ੍ਰਸਾਦਿ ॥ ਸ੍ਰੀ ਗੁਰੂ ਚਰਨ ਕਮਲੇ ਭਯੋ ਨਮ: ॥ ਅਥ ਨਾਰਾਇਣ ਵਿਨੋਦ ਲਿਖਜਤੇ ॥ ਦੋਹਰਾ ॥ ਵਿਦੋ ਸ੍ਰੀ ਗੁਰੁ ਪਦਯੁਗਲ ਹਰਤ ਸਕਲ ਰੁਜ ਦਾਸ ॥ ਨਾਸਕ ਰਤ ਤਿਨ ਤਾਪ ਕੋ ਹੀ ਮੈ ਕਰਤ ਪ੍ਰਕਾਸ ॥੧॥...
ਅੰਤ : ...ਦਵੈਯਾ ਛੰਦ ॥ ਸੁੰਡ ਸਿਤਾਵਰਿਸਾਟੀ ਕੀ ਜੜ ਗ੍ਰੰਥਕ ਪੀਪਲ ਆਨੈ ॥ ਕੁੰਡਲਿਚੀਤਾ ਮੇਲ ਕਲਿੰਜਨ ਸੁਰ ਤਰੁ ਬਲਜਾ ਸਾਨੈ ॥ ਛਾਲ ਬੀਜ ਦ੍ਵਿਆ ਰੰਡ ਪਾਵੋ ਪਲ ਪਲ ਸਭਿ ਚੂਰਣ ਕੈ । ਸਾਣ ਤੀਨ ਗੋ-ਘ੍ਰਿਤ ਸੋ ਖਾਵੈ ਬਾਤ ਰਕੁ ਇਸ ਚੂਰਣ ਕੈ ॥੧੮॥.....

ਹੱਥ ਲਿਖਤ ਨੰ : MS 391
ਸਿਰਲੇਖ : ਨੀਤੀ ਪ੍ਰਬੋਧ {ਹਕਯ ਹਦਾਯਤ ਨਾਮਾ}
ਲੇਖਕ : ਨਾਰਾਇਣ ਸਿੰਘ
ਸਮਾਂ : 1891 ਸੰਮਤ

ਪੱਤਰੇ : 21-20 ਅ
ਅਕਾਰ : 18 X 21 ਸ.ਮ. ਲਿਖਤ : 15 X 18 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ 14 ਹਨ।
ਆਮ ਵੇਰਵਾ : ਪੰਨਿਆਂ ਉਪਰ ਲਾਈਨਾਂ ਮਾਰ ਕੇ ਲਿਖਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਾਲੀ ਥਾਂ ਸੁਧਾਈ ਕਰਕੇ ਲਿਖਿਆ ਹੋਇਆ ਹੈ।
ਆਰੰਭ : "ੴ ਸਤਿ ਸ੍ਰੀ ਗੁਰ ਭਯੋ ਨਮ: ਅਧ ਹਕਯਹਿਦਾਯਤ ਨਾਮ ਲਿਖਜਤੇ । ਦੋਹਰਾ । ਗਣਪਤਿ ਸਾਰਦ ਪਦ ਪ੍ਰਨਮ ਬ੍ਰਹਮ ਬਿਸਨ ਮਹੇਸ । ਸਰਬ ਸਮਯ ਰਖਯਾ ਕਰੋ ਵਿਘੇਨ ਨ ਹਰੋ ਹਮੇਸ"
ਅੰਤ : 20 ਅ ਤੇ ਸੰਮਤ ਬਾਰੇ ਇੰਝ ਲਿਖਿਆ ਹੈ :
" ਸਸਿ ਵਸੁ ਗੁਹਮ ਅਸੂ ਸ਼ੁਕਲ ਸਰਦ ਬੁਧਵਾਰ । ਕੁਤਬ ਖਤਮ ਸੰਮਤ ਸਹੀ, ਸ੍ਰੀ ਪਤਿ ਹਰਿ ਉਰਧਾਰ - ਇਤਿ ਸ੍ਰੀ ਪੰਡਿਤ ਹਜੂਰਾ ਹਰੀ ਸ਼ਿਸੇਣ ਨਾਰਾਇਣ ਸਿੰਘੇਨ ਕਵਿ ਨ੍ਰਿਮਲੇਨ ਤਰਨਤਾਰਨ ਵਿਰਚਿਤੇ ਕ੍ਰਮ ਹਦਾਯਤ ਨਾਮਾ ਕੁਤਬ ਤਮਾਮ ਸੁਦਾ"
ਪੋਥੀ ਦੀ ਹਾਲਤ ਆਮ ਕਰਕੇ ਠੀਕ ।

ਹੱਥ ਲਿਖਤ ਨੰ : MS 392
ਸਿਰਲੇਖ : ਗਰਭ ਗੀਤਾ
ਪੱਤਰੇ : 1-20 ਅ
ਅਕਾਰ : 13 X 9 ਸ.ਮ. ਲਿਖਤ : 10 X 6 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ, ਲਿਖਾਈ ਸੁੰਦਰ ।
ਆਰੰਭ : "ੴ ਸਤਿਗੁਰ ਪ੍ਰਸਾਦਿ । ਅਥ ਗਰਭ ਗੀਤਾ, ਲਿਖਯਤੇ ਅਰਜਨੋ ਵਾਚ । ਹੇ ਭਗਵਾਨ ਗਰਭ ਵਿਖੇ ਜੋ ਪ੍ਰਾਣੀ ਆਵਤ ਹੈ, ਅਰ ਇਨਾ ਕੋ ਸਰਾ ਮ੍ਰਿਤਕਾ ਦੁਖ ਲਾਗਤਾ ਹੈ"।
ਅੰਤ : " ਇਤਿ ਸ੍ਰੀ ਗਰਭ ਗੀਤਾ ਉਤ੍ਰ ਪ੍ਰਸਨ ਸਮਾਪਤੰ "।

ਹੱਥ ਲਿਖਤ ਨੰ : MS 393 ਸੰਗ੍ਰਹਿ
ਸਿਰਲੇਖ : ਪੈਂਤੀਸ ਅਖਰੀ ਸਵਰੂਪ ਬੋਧਨੀ
ਲੇਖਕ : ਮਲੂਕ ਸਿੰਘ, ਸੰਤ
ਸਥਾਨ : ਤਰਨ ਤਾਰਨ
ਪੱਤਰੇ : 1-5 ਅ
ਅਕਾਰ : 13 X 21 ਸ.ਮ. ਲਿਖਤ: 10 X 18 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ 23 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਇਕ ਸਲੋਕ ਲਿਖਿਆ ਹੋਇਆ ਹੈ । ਜਿਹੜਾ ਕੇ ਅਧੂਰਾ ਹੈ ਅਤੇ ਫਿਰ ਇਕ ਸਵੈਯਾ। ਇਸ ਤੋਂ ਬਾਅਦ ਪੈਂਤੀਸ ਅਖਰੀ ਸਵਰੂਪ ਬੋਧਨੀ ਦੀ ਰਚਨਾ ਸ਼ੁਰੂ ਹੁੰਦੀ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਪੋਥੀ ਦੀ ਹਾਲਤ ਵੀ ਆਮ ਕਰਕੇ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ, ਅਥ ਪੈਂਤੀਸ ਅਖਰੀ ਸਵਰੂਪ ਬੋਧਨੀ , ਸੰਤ ਮਲੂਕ ਸਿੰਘ ਤਰਨਤਾਰਨਿਯੇ ਕ੍ਰਿਤ ਲਿਖਯਤੇ"
ਅੰਤ : "ਇਤਿ ਸ੍ਰੀ ਮਨ੍ਹਾਰਯਣ ਸਿੰਘ ਸਯੁ ਸਿਖਯ ਸ੍ਰੀ ਮਨ ਮਲੂਕ ਸਿੰਘ ਨਿਰਮਲਾ ਸ੍ਰਮਾਸ੍ਰਮੀ ਗੁਰ ਪਾਰਥ ਪੁਰ ਨਿਵਾਸੀ ਕ੍ਰਿਤ ਸਵਰੂਪ ਪ੍ਰਬੋਧਨੀ ਪੈਂਤੀਸ ਵਰਣੀ ਸੁਭੰ "।

ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਪੋਥੀ ਦੀ ਹਾਲਤ ਵੀ ਆਮ ਕਰਕੇ ਠੀਕ ਠੀਕ ।

ਹੱਥ ਲਿਖਤ ਨੰ : MS 393 ਅ
ਸਿਰਲੇਖ : ਗੋਪ ਗਿਰਾ ਗੁਰੂ ਦਸਮੇਸ ਅੱਗੇ
ਲੇਖਕ : ਨਾਰਾਇਣ ਸਿੰਘ
ਪੱਤਰੇ : ਤਕਰੀਬਨ 10
ਅਕਾਰ : 13 X 21 ਸ.ਮ. ਲਿਖਤ : 10 X 18 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-22 ਹਨ।
ਆਮ ਵੇਰਵਾ : ਇਸ ਰਚਨਾ ਵਿਚ ਲਿਖਾਈ ਬਹੁਤੀ ਸਾਫ ਨਹੀਂ ਹੈ ਤੇ ਧਬਿਆਂ ਵਾਲੀ ਹੈ।ਹੜਤਾਲ ਫੇਰ ਕੇ ਹਾਸ਼ੀਏ ਵਾਲੀ ਥਾਂ ਤੇ ਸੁਧਾਈ ਕੀਤੀ ਹੋਈ ਹੈ । ਇਸ ਰਚਨਾ ਤੋਂ ਬਾਅਦ ਇਕ ਪੰਨਾ ਖਾਲੀ ਛਡਿਆ ਹੋਇਆ ਹੈ ।
ਆਰੰਭ : ਅਥ ਗੋਪ ਗਿਰਾ ਗੁਰੂ ਦਸਮੇਸ ਅੱਗੇ । ਪਰਗਟ ਨਿਰਤਿ ਨਾਰਾਯਣ ਸਿੰਘੇਨ ਤ੍ਰਨਤਾਰਨਿਯੇ ਕ੍ਰਿਤ ਲਿਖਤੇ। ਕ: । ਤ੍ਰਿਸਨਾ ਮੈ ਤਤਪਰ ਤਾਤ ਤਾਤ ਤਾਤ ਕਰੈਂ ਖਾਤਨਾ ਆਘਾਤ ਰਾਤ ਦਿਨ ਇਕ ਸਰ ਹੈਂ" ।
ਅੰਤ : "ਇਤਿ ਸ੍ਰੀ ਮਨ ਮਹਾਰਾਜ ਹਜੂਰਾ ਹਰੀ ਸਿਸੇਣ ਨਾਰਾਯਣ ਸਿੰਘ ਕਵਿ ਨਿਰਮਲੇ ਤਰਨ ਤਾਰਨ ਨਿਵਾਸਿਨਾ ਵਿਚਿਤੰ ਗੋਪ ਗਿਰਾ ਗੁਰੂ ਗੋਵਿੰਦ ਸਿੰਘ ਅਗੇ ਪ੍ਰਗਟ ਨਿਮਤੰ ਕਬਤ ਛਿਬੀਸਾ ਸੁਭੰ " ।

ਹੱਥ ਲਿਖਤ ਨੰ : MS 393 ੲ
ਸਿਰਲੇਖ : ਦੋਹਾਵਲੀ ਚਾਲੀਸ
ਲੇਖਕ : ਮਲੂਕ ਸਿੰਘ ਤਰਨਤਾਰਨਿਯੇ
ਪੱਤਰੇ : 5
ਅਕਾਰ : 13 X 21 ਸ.ਮ. ਲਿਖਤ : 10 X 18 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ 22 ਹਨ।
ਆਮ ਵੇਰਵਾ : ਇਸ ਰਚਨਾ ਦੇ ਸ਼ੁਰੂ ਵਿਚ ਹੜਤਾਲ ਫੇਰ ਕੇ ਲਾਲ ਸਿਆਹੀ ਨਾਲ ਸੁਧਾਈ ਕੀਤੀ ਹੈ ।
ਆਰੰਭ : ੴ ਸਤਿਗੁਰ ਪ੍ਰਸਾਦਿ॥ ਅਥ ਮਲੂਕ ਸਿੰਘ ਤਰਨਤਾਰਨਿਯੇ ਕ੍ਰਿਤ ਦੋਹਾਵਲੀ ਚਾਲੀਸਾ ਲਿਖਤਜੇ । ਦੋਹਾ । ਕਰ ਸਲੂਕ ਮਲੂਕ ਹਰਿ ਸਤਿ ਗੁਰੁ ਸਰਣ ਸਧਾਰ ॥ ਸਾਗਰ ਯਾ ਸੰਸਾਰ ਤੇ ਸਹਿਜੇ ਉਤਰਸਿ ਪਾਰ।
ਅੰਤ : ਇਤਿ ਸ੍ਰੀਮਨ ਮਲੂਕ ਸਿੰਘ ਸੰਤ ਨ੍ਰਿਮਲਾਸੁਮੀਅਕਵਿ ਕਵੀ ਦੋਹਾਵਲੀ ਦਿਲ ਦਮਨ ਚਲੀਸਾ ਵਿਰਚਿਤੰ ਤਰਣ ਤਾਰਣੇ ਨਿਵਸਿਤੰ 'ਨਾਰਾਯਣ ਸਿੰਘ ਚਰਣੇ ਅਨੁਰਕੰ ਸੁਭੰਭਵਤ:। ਇਸ ਤੋਂ ਬਾਅਦ ਇਕ ਪਤਰਾ ਖਾਲੀ ਛਡਿਆ ਹੋਇਆ ਹੈ ।

ਹੱਥ ਲਿਖਤ ਨੰ : MS 393 ਸ
ਸਿਰਲੇਖ : ਬਤੀਸਾ ਦੰਡਿ
ਲੇਖਕ : ਮਲੂਕ ਸਿੰਘ
ਪੱਤਰੇ : 3
ਅਕਾਰ : 13 X 21 ਸ.ਮ. ਲਿਖਤ : 10 X 18 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-23 ਹਨ।

ਆਮ ਵੇਰਵਾ : ਰਚਨਾ ਅਧੂਰੀ ਹੈ । ਕਈ ਥਾਵਾਂ ਤੇ ਕਾਨੀ ਬਦਲੀ ਹੋਈ ਹੈ ।

ਆਰੰਭ : ੧ੳ ਸਤਿਗੁਰ ਪ੍ਰਸਾਦਿ, ਪਰਵਤੀਆ ਨਾਥਾਯਨਮ: ਬਤੀਸਾਦੰਡਿਕ: ਤਿ ਜੋ ਮੈ ਗਲਾਂ ਦਾ ਗਲ ਸੁਣੀ ਵੋ ਮਲੂਕ ਸਿੰਘਾ ਕੰਨੈ ਜਿਨਕੀ ਸੁਣੇ ਮਤ ਸੁਣੀ ਕੰਨੈ ਖੋਲੀ ਕਰੀ"।...

ਅੰਤ : "ਸਿੱਧਾ ਮਨੈ ਸ਼ੁਕੇ ਤਾਈਂ ਭੂਣੀ ਭਾਮ ਤੇ ਵਚਾਈਂ
ਸੰਥੇ ਸ੍ਰੀਸ ਸ੍ਰੀਸ ਲਾਈਂ ਬਹੀ ਕਰੀ ਵੱਖ ਤੂੰ ॥੮॥

ਹੱਥ ਲਿਖਤ ਨੰ : MS 394

ਸਿਰਲੇਖ : ਸੰਸਹਰ ਸੁਖਮਨਾ ਪਾਤਿਸਾਹੀ 10

ਪੱਤਰੇ : 476-505

ਅਕਾਰ : 13 X 10 ਸ.ਮ. ਲਿਖਤ : 8.5 X 7.5 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇ ਲਈ ਲਾਲ, ਪੋਥੀ ਦੀ ਹਾਲਤ ਠੀਕ ।ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਰਚਨਾ ਅਧੂਰੀ ਹੈ । ਲਿਖਾਈ ਸੁੰਦਰ ਹੈ ਅਤੇ ਅਖੀਰ ਵਿਚ ਜਾਕੇ ਕੁਝ ਪੱਤਰੇ ਫਟੇ ਹੋਏ ਹਨ। ਜਿਸ ਕਾਰਨ ਰਚਨਾ ਅਧੂਰੀ ਜਾਪਦੀ ਹੈ । ਅਖੀਰਲਾ ਇਕ ਪੰਨਾ ਪੁਠਾ ਲਗਾ ਹੋਇਆ ਹੈ । ਆਰੰਭ ਅਤੇ ਅੰਤ ਵਿਚ ਇੰਝ ਲਿਖਿਆ ਹੋਇਆ ਹੈ ।

ਆਰੰਭ : ੧ੳ ਸ੍ਰੀ ਅਕਾਲ ਪੁਰਖ ਜੀ ਸਹਾਇ, ਸੰਸਹਰ ਸੁਖਮਨਾ ਪਾਤਸਾਹੀ 10 । ਪ੍ਰਿਥਮੈ ਸ੍ਰੀ ਨਿਰੰਕਾਰ ਕੋ ਪਰਨੰ । ਫੁਨਿ ਕਛੁ ਭਗਤਿ ਰੀਤੀ ਰਸੁ ਬਰਨੰ ।

ਅੰਤ : "ਜੋ ਤੁਮ ਰਾਖੋ ਸਾਚ ਬਚਨ ਹਮਾਰਾ ਮਾਨ ਲੇਹਾ ਗੁਰ ਕਾ ਹੋਇ ਸਰਾਪ ਜੋ ਤੁਮ ਹੋਹੁ ਅਧਰਮ ਮਾਹਿ"।
ਇਸ ਤੋਂ ਬਾਅਦ ਪੱਤਰੇ ਨਹੀ ਹਨ ਇਕ ਪਤਰਾ ਪੁੱਠਾ ਲੱਗਾ ਹੋਇਆ ਹੈ ।

ਹੱਥ ਲਿਖਤ ਨੰ : MS 395 ਸੰਗ੍ਰਹਿ

ਸਿਰਲੇਖ : ਹਨੂਮਾਨ ਨਾਟਕ

ਲੇਖਕ : ਭੱਲਾ, ਹਿਰਦੇ ਰਾਮ

ਸਮਾਂ : ਸੰਮਤ 1828 {ਸੰਨ 1771}

ਪੱਤਰੇ : 1-359 ੳ

ਅਕਾਰ : 17 X 11.5 ਸ.ਮ. ਲਿਖਤ : 11 X 8 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਪੋਥੀ ਦੀ ਹਾਲਤ ਠੀਕ ਠੀਕ ।ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਪੋਥੀ ਦੀ ਇਸ ਰਚਨਾ ਦਾ ਪਹਿਲਾ ਸਫਾ ਫਟਿਆ ਹੋਇਆ ਹੈ ਬਾਅਦ ਵਿਚ ਜੋੜਿਆ ਹੋਇਆ ਹੈ ।ਸਾਰੀ ਦੀ ਸਾਰੀ ਰਚਨਾ ਕਬਿਤਾਂ ਅਤੇ ਦੋਹੇ, ਸ੍ਵੈਯਾ ਆਦਿ ਨਾਲ ਦਰਸਾਈ ਹੈ।

ਆਰੰਭ : ੧ੳ ਸਤਿਗੁਰ ਪ੍ਰਸਾਦਿ, ਅਥ ਹਨੂਮਾਨ ਨਾਟਕ ਲਿਖਤੇ,
ਕ੍ਰਿਤ ਕਬ ਹਿਰਦੇ ਰਾਮ ਭੱਲਾ, 'ਕਬਿਤੁ' , ਤੀਨ ਲੋਕ ਪਤਿ ਪ੍ਰਾਣ
ਪਤਿ ਪ੍ਰੀਤਹੀ ਸੋਰਤ ਅਗਨਤਿ ਗਤਿ ਕੇ ਚਰਨ ਸਿਰਨਾਇ ਹੈ।

ਅੰਤ : ਸੰਮਤ ਬਿਕ੍ਰਮ ਨ੍ਰਿਪਤ ਸਹੰਸ ਖਟ ਸਤ ਅਸੀ ਬਰ ॥ ਚੇਤ ਚਾਨਣੀ ਦੂਜ ਛਤ੍ਰ ਜਹਾਂਗੀਰ ਸੁ ਭਟ ਪਰ ॥ ਸੁਭ ਲਛਨ ਦਛਣ ਸੁ ਦੇਸੁ ਕਬਿ ਰਾਮ ਬਿਚਛਨ ॥ ਕ੍ਰਿਸਨ ਦਾਸ ਤਨਕੁਲ ਪ੍ਰਕਾਸ ਜਸਦੀਪ ਕਰਛਨ ॥ ਸੀਆ ਪਤਿ ਚਾਰਿਤ੍ਰ ਤਿਨ ਜਥਾ ਮਤ ਪ੍ਰਗਟ ਕਹਿਓ ਸੁਭ ਲਗਨ ਗਣ ॥ ਦੈ ਭਗਤ ਦਾਨ ਨਿਰਭੈ ਕਰਹੁ ਜੈ ਰਾਘਵ ਪਤ ਰਘਬੰਸ ਮਣ ॥ ਇਤਿ ਸ੍ਰੀ ਰਾਮ ਗੀਤੇ

ਚਉਦਸੋ ਅੰਕ ਸਮਾਪਤੰ ॥ ਸੁਭ ਮਸਤ ॥ 14 ॥ ਮਿਤੀ ਫਗੁਣ ਸੁਦੀ ॥ 17 ॥ ਸੰਮਤ, 1828 ॥ ਪੋਥੀ ਸੰਪੂਰਨ ਹੋਈ ।

| | |
|---|---|
| ਹੱਥ ਲਿਖਤ ਨੰ | : MS 395 ਅ |
| ਸਿਰਲੇਖ | : ਕਥਾ ਲਵ ਕੁਸ ਕੀ (ਸ੍ਰੀ ਭਾਰਥ ਪਰਬਣੇ ਅਸਮੇਧ ਬਖਿਯਨਾ) |
| ਲੇਖਕ | : ਟਹਕਨਿ |
| ਪੱਤਰੇ | : 359 ਅ-480 ੳ |
| ਅਕਾਰ | : 17 X 11.5 ਸ.ਮ. ਲਿਖਤ : 11 X 8 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ। |
| ਆਮ ਵੇਰਵਾ | : ਪੋਥੀ ਦੀ ਇਹ ਰਚਨਾ ਵੱਖ ਵੱਖ ਅਧਿਆਵਾਂ ਵਿਚ ਵੰਡੀ ਹੋਈ ਹੈ । ਸ਼ੁਰੂ ਅਤੇ ਅੰਤ ਵਿਚ ਇੰਝ ਲਿਖਿਆ ਹੋਇਆ ਹੈ । |
| ਆਰੰਭ | : ੧ਓ ॥ ਸਤਿਗੁਰ ਪ੍ਰਸਾਦਿ ॥ ਕਥਾ ਲਵ ਕੁਸ ਕੀ ॥ ਜੈਮਨੋ ਵਾਚ ॥ ਜੈਮਨ ਕਹੈ ਸੁਨਹੁ ਭੂਯ ਪਾਲਾ ॥ ਅਤਿ ਅਚਰੁਜੁ ਲੀਲਾ ਨੰਦ ਲਾਲਾ । ਸੁਤ ਤੇ ਨਾਸੁ ਕਰਾਵਤ ਤਾਤਾ ॥ |
| ਅੰਤ | : ਇਤ ਸ੍ਰੀ ਭਾਰਥ ਪਰਬਣੇ ਅਸਮੇਧ ਬਖਿਯਨ ॥ ਪੂਰਨ ਧਿਯਾਉ ਚਲੀਸਵੋ ਕਬਿ ਟਹਕਨਿ ਜੀ ਜਾਨਿ ॥ 59 ॥ 40 ॥ ਜੈਮਨੋਵਾਚ ॥ |

| | |
|---|---|
| ਹੱਥ ਲਿਖਤ ਨੰ | : MS 395 ੲ |
| ਸਿਰਲੇਖ | : ਪ੍ਰੀਛਿਆ |
| ਪੱਤਰੇ | : 480 ੳ-493 ਅ |
| ਅਕਾਰ | : 17 X 11.5 ਸ.ਮ. ਲਿਖਤ : 11 X 8 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ 11 ਹਨ । |
| ਆਮ ਵੇਰਵਾ | : ਇਸ ਰਚਨਾ ਵਿਚ ਪੰਨਾ ਨੰਬਰ ਠੀਕ ਅੰਕਿਤ ਨਹੀਂ, ਪੋਥੀ ਦੀ ਜਿਲਦ ਉਖੜੀ ਹੋਈ ਹੈ ਪੰਨਾ ਨੰ: 490 ਤੇ ਇਹ ਰਚਨਾ ਸਮਾਪਤ ਹੋ ਜਾਂਦੀ ਹੈ ।ਇਸ ਭਾਗ ਵਿਚ ਕੁਝ ਪੱਤਰੇ ਰੱਖੇ ਗਏ ਹਨ ਜੋ ਇਸ ਰਚਨਾ ਨਾਲ ਸਬੰਧਤ ਨਹੀਂ ਹਨ ਉਹਨਾਂ ਪਤਰਿਆਂ ਦਾ ਪੰਨਾ ਨੰ: ਵੀ ਮੇਲ ਨਹੀਂ ਖਾਂਦਾ। ਪਰ ਲਿਖਤ, ਪੋਥੀ ਦੀ ਪਹਿਲੀ ਰਚਨਾ ਵਰਗੀ ਹੈ । ਅਕਾਰ ਪਖੋਂ ਵੀ ਇਸ ਪੋਥੀ ਦਾ ਹੀ ਹਿਸਾ ਜਾਪਦੀ ਹੈ । |
| ਆਰੰਭ | : ੧ਓ ਸਤਿਗੁਰ ਪ੍ਰਸਾਦਿ, ਪ੍ਰੀਛਿਆ ਲਿਖੀ ਗੁਰਪ੍ਰਸਾਦਿ ॥ ਪ੍ਰੀਛਿਆ ਮਹਲਾ ੫ ॥ ਪਉੜੀ ॥ ਜੋ ਜਨ ਮਨ ਮਹਿ ਚਿਤਵਨੀ ਰਖਾਵੈ ॥ ਸੋ ਮਨ ਕਾ ਸਾਹਸਾ ਕਹਿ ਪ੍ਰਗਟਾਵੈ॥ |
| ਅੰਤ | : "ਤੂੰ ਆਪਣੇ ਮਨ ਮਹਿ ਕਾਈ ਚਿਤ ਚਿਤਵਨੀ ਨਾ ਕਰੁ ॥<br>ਜਪ ਸਿਰੀ ਭਗਵਾਨ ਕਾਰਜੁ ਸਫਲਾ । ਪ੍ਰੀਛਾ ਸਪੂਰਨ ਹੋਆ ॥ |

| | |
|---|---|
| ਹੱਥ ਲਿਖਤ ਨੰ | : MS 396 ਸੰਗ੍ਰਹਿ |
| ਸਿਰਲੇਖ | : ਅਧਯਾਤਮ ਰਮਾਇਣ ਓਮਾ ਮਹੇਸੁਰ ਸੰਬਾਦੇ |
| ਪੱਤਰੇ | : 1-85 |
| ਅਕਾਰ | : 17 X 12 ਸ.ਮ. ਲਿਖਤ : 13 X 9 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ,ਹਾਸ਼ੀਆ ਦੋਵੇ ਪਾਸੇ, ਦੋ ਦੋ ਕਾਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ-10 ਹਨ। |

ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਭਿੱਜੀ ਹੋਈ ਹੈ, ਪੱਤਰੇ ਕਿਰਮ ਖੁਰਦਾ । ਕਈ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : ੧ੴ ਅੰਸ੍ਰ ਸਤਿ ਸ੍ਰੀ ਗਣੇਸਯਮ: ਸ੍ਰੀ ਗੁਰਦੇਵਯਨਮ : ਓਅੰਸ੍ਰੀ ਸਿਵੋਬਾਚ ॥
ਸ੍ਰੀ ਜੋ ਹੈ ਲਖਮੀ ਦੋ ਪ੍ਰਕਾਰ ਕੀ ਏਕ ਈਸ੍ਵਰ ਸਰੂਪ ਦੂਸਰੀ ਸਚਿਦਾਨੰਦ ਰੂਪ ।

ਅੰਤ : ਇਤਿ ਸ੍ਰੀ ਮਤਿ ਅਧਯਾਤਮ ਰਮਾਇਣ ਉਮਾ ਮਹੇਸੁਰ ਸੰਬਾਦੇ ਰਾਮ ਗੀਤਾ ਬਰਨੰਨੁਮ ਪੰਚ ਦਸੋਧਆਯ ॥ ਸਮਾਪਤੋਯੰ ॥ ਰਾਮਗੀਤਾ ਸੁਭ ਸਮਤ ॥ ਸਮਾਪਯੰਤ ਸੁਭਿ ਮਸਤੰ ।

ਹੱਥ ਲਿਖਤ ਨੰ : MS 396 ਅ

ਸਿਰਲੇਖ : ਸਾਖੀਆਂ ਦਸਵੇਂ ਮਹੱਲੇ ਕੀਆਂ

ਪੱਤਰੇ : 85 ੳ – 185 ੳ

ਅਕਾਰ : 17 X 12 ਸ.ਮ. ਲਿਖਤ : 13 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-10 ਹਨ।

ਆਮ ਵੇਰਵਾ : ਪੋਥੀ ਭਿਜੀ ਹੋਈ ਹੋਣ ਕਾਰਨ, ਕਈ ਪੱਤਰਿਆਂ ਉਪਰ ਲਿਖਾਈ ਧੱਬਿਆਂ ਵਾਲੀ ਹੈ ਅਤੇ ਸਾਫ ਪੜ੍ਹਨ ਯੋਗ ਨਹੀਂ ਹੈ । ਲਿਖਾਈ ਬਹੁਤੀ ਸਾਫ ਨਹੀਂ ਹੈ ਪੱਤਰੇ ਕਿਰਮ ਖੁਰਦਾ ਅਤੇ ਭਿੱਜੇ ਹੋਣ ਕਾਰਨ ਪੜ੍ਹਨ ਯੋਗ ਨਹੀਂ ।

ਆਰੰਭ : "੧ੴ ਸਤਿਗੁਰ ਪ੍ਰਸਾਦਿ, ਅਗੇ ਸਾਖੀਆਂ ਦਸਵੇਂ ਮਹਲੇ ਕੀਆਂ ਤੁਰੀਆਂ, ਗੁਰੂ ਤੇਗ ਬਹਾਦਰ ਜੀ ਕੀ ਕਾ ਕਾਰਨ ਹੋਇਆ ਦੇਖਿ ਕੈ ਲਗੇ ਰੁਦਨ ਕਰਨਿ" ।

ਅੰਤ : "ਦੋਹਰਾ । ਜਨਮਸਾਖੀ ਪੋਥੀ ਲਿਖੀ ਆਪ ਪੜਨ ਕੇ ਹੇਤ੍ਰ । ਸ੍ਰੀ ਰਘੁਨਾਥ ਕੀ ਕਿਰਪਾ ਤੇ ਸੰਗਤ ਫਲ ਦੇਤਿ" ॥

ਹੱਥ ਲਿਖਤ ਨੰ : MS 397

ਸਿਰਲੇਖ : ਸ੍ਰੀ ਮਦ ਭਗਵਤ ਗੀਤਾ

ਪੱਤਰੇ : 1-148 ਇਸ ਤੋਂ ਬਾਅਦ ਪੰਨਾ ਨੰਬਰ ਅੰਕਿਤ ਨਹੀਂ ।

ਅਕਾਰ : 16X13 ਸ.ਮ. ਲਿਖਤ: 11X9 ਸ.ਮ.

ਵੇਰਵਾ : ਜਿਲਦ ਗੱਤਾ,ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ, ਕਈ ਪੰਨਿਆ ਉਪਰ ਦੋ ਦੋ ਕਾਲੀਆਂ ਲਕੀਰਾਂ ਹਨ। ਸਤਰਾਂ ਪ੍ਰਤੀ ਪੰਨਾ 10-11 ਹਨ।

ਆਮ ਵੇਰਵਾ : ਪੋਥੀ ਦਾ ਪਹਿਲਾ ਪੱਤਰਾ ਨਹੀਂ ਹੈ ਅਤੇ ਸਾਰੀ ਪੋਥੀ ਵਿਚ ਕਈ ਥਾਵਾਂ ਤੇ ਕਾਨੀ ਬਦਲੀ ਹੋਈ ਹੈ । ਲਿਖਤ ਵਿਚ ਕਈ ਥਾਵਾਂ ਤੇ ਸਿਆਹੀ ਦੇ ਧੱਬੇ ਪਏ ਹੋਏ ਹਨ ਅਤੇ ਸਾਫ ਪੜ੍ਹੀ ਨਹੀਂ ਜਾਂਦੀ ।ਸਾਰੀ ਪੋਥੀ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੱਤਰਿਆਂ ਉਪਰ ਪੰਨਾ ਨੰਬਰ 148 ਤੱਕ ਦਿਤਾ ਹੋਇਆ ਹੈ ਉਸ ਤੋਂ ਬਾਅਦ ਪੰਨਾ ਨੰਬਰ ਅੰਕਤਿ ਨਹੀਂ ਹੈ ।

ਆਰੰਭ : ਕਰਿ ਸੁਨਾ ਯਾਸੁਸਹਾਂ । ਤਬ ਸ੍ਰੀ ਬਿਆਸ ਦੇਵ ਰਾਜੇ ਕੋ ਕਹਿਆ । ਕਿਹੇ ਰਾਜਾ ਤੇ ਰਾਜੋ ਸ੍ਵਾਰਥੀ ਹੈ ॥ ਸੰਜੈ ਮੇਰਾ ਸਿਖ ਹੈ ।

ਅੰਤ : ਇਤਿ ਸ੍ਰੀ ਪਦਮ ਪੁਰਾਣੇ ਉਤਰ ਖੰਡੇ ਸਤੀ ਈਸਰ ਸੰਬਾਦੇ ਸ੍ਰੀ ਗੀਤਾ ਮਹਾਤਮੇ ਸੋ ਲਵੋ ਧਿਆਇਆ ।

ਹੱਥ ਲਿਖਤ ਨੰ : MS 398 ਸੰਗ੍ਰਹਿ

ਸਿਰਲੇਖ : ਨਸੀਹਤ ਨਾਮਾ

ਲੇਖਕ : ਮੋਹਰ ਸਿੰਘ ਨਿਰਮਲਾ ਆਨੰਦਪੁਰੀ

ਪੱਤਰੇ : 1- 3 ਅ

ਅਕਾਰ : 17 X 13 ਸ.ਮ. ਲਿਖਤ : 14 X 9 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ–10 ਹਨ।

ਆਮ ਵੇਰਵਾ : ਪੋਥੀ ਭਿੱਜੀ ਹੋਈ ਹੈ ਅਤੇ ਕਈ ਪੰਨਿਆਂ ਉਪਰ ਲਿਖਾਈ ਪੜ੍ਹੀ ਨਹੀਂ ਜਾਂਦੀ, ਕਈ ਥਾਵਾਂ ਤੇ ਕਾਨੀ ਬਦਲੀ ਹੋਈ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ, 'ਨਸੀਹਤ ਨਾਮਾ' । ਤਿਲੰਗ ਮਹਲਾ ੧ । ਕੀਜੈ ਨੇਕ ਨਾਮੀ ਜੋ ਦੇਵੈ ਖੁਦਾਇ, ਜੋ ਦੀਸੈ ਜਿਮੀ ਪੁਰ ਸੁ ਹੋਸੀ ਫਨਾਇ ।

ਅੰਤ : ਮਸਤੀ ਵੋ ਗਫਲਤ ਸੇ ਬਾਜੀ ਨਾ ਹਾਰ, ਤੋਬਾ ਨ ਕੀਤੀਆ ਕਰ ਦਿਆ ਗੁਨਾਹਾ॥ ਅਰਜ ਬੇਗੀ ਕਹੇ ਬਾਬਾ ਨਾਨਕ ਜੀ ਐਸੇ ਆਲਮ ਤੇਰੀ ਪਨਾਹਾ॥ਸਪੂਰਨੰ।

ਹੱਥ ਲਿਖਤ ਨੰ : MS 398 ਅ

ਸਿਰਲੇਖ : ਸਿਹਰਫੀ ਮਨ ਮਸਤਾਨ

ਪੱਤਰੇ : 3 ਅ - 12 ੳ

ਅਕਾਰ : 17 X 13 ਸ.ਮ. ਲਿਖਤ : 14 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–10 ਹਨ।

ਆਮ ਵੇਰਵਾ : ਪੋਥੀ ਦੇ ਇਸ ਭਾਗ ਵਿਚ ਕੁਝ ਪੱਤਰੇ ਫਟੇ ਹੋਏ ਹਨ । ਰਚਨਾ ਦੇ ਸ਼ੁਰੂ ਵਿਚ ਅਤੇ ਅੰਤ ਵਿਚ ਇੰਝ ਲਿਖਿਆ ਹੋਇਆ ਹੈ :

ਆਰੰਭ : ੧ੴ ਸਤਿਗੁਰ ਪ੍ਰਸਾਦਿ, ਮਨ ਮਸਤਾਨ ਦੀ ਸਿਹਰਫੀ ਲਿਖਯਤੇ॥<br>ਅਲਫ ਇਲਾਹੀ ਯਾਦ ਨ ਕੀਤਾ ਨ ਕੀਤਾ ਸਤਿ ਸੰਗ ਕੁੜੇ॥<br>ਸਰਮ ਧਰਮ ਦੇ ਚਿਕੜ ਡੁਬੀ, ਕਿਉਂ, ਚੜੇ ਨਾਮ ਦਾ ਰੰਗ ਕੁੜੇ ।

ਅੰਤ : ਸਤਗੁਰ ਮਿਲੈ ਸੂਬ ਕੇ ਦਾਤੇ, ਲਿਖ ਦੀਏ ਮਸਤਕ ਲੇਖ ਕੁੜੇ॥<br>ਮਨ ਮਸਤਾਨ ਕਹੇ ਹਮ ਘਰ ਪਤਿਸਾਹੀ ਰਹੇ ਕੀ ਕੀ ਭੇਸ ਕੁੜੇ॥

ਹੱਥ ਲਿਖਤ ਨੰ : MS 398 ੲ

ਸਿਰਲੇਖ : ਕੋਰੜੇ

ਲੇਖਕ : ਮੋਹਰ ਸਿੰਘ ਨਿਰਮਲੇ ਅਨੰਦ ਪੁਰੀਏ ਦੇ

ਪੱਤਰੇ : 12 ੳ - 24 ਅ

ਅਕਾਰ : 17 X 13 ਸ.ਮ. ਲਿਖਤ : 14 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-10 ਹਨ।

ਆਮ ਵੇਰਵਾ : ਪੋਥੀ ਦੇ ਕਈ ਪੱਤਰੇ ਖਸਤਾ ਹਾਲਤ ਵਿਚ, ਪੋਥੀ ਇਕ ਪਾਸੇ ਤੋਂ ਭਿੱਜੀ ਹੋਈ ਹੋਣ ਕਾਰਣ, ਲਿਖਤ ਬਹੁਤ ਸਾਫ ਤਰ੍ਹਾਂ ਪੜ੍ਹੀ ਨਹੀਂ ਜਾਂਦੀ । ਰਚਨਾ ਦੇ ਸ਼ੁਰੂ ਵਿਚ ਅਤੇ ਅੰਤ ਵਿਚ ਇੰਝ ਲਿਖਿਆ ਹੋਇਆ ਹੈ :

ਆਰੰਭ : "੧ੴ ਸਤਿਗੁਰ ਪ੍ਰਸਾਦਿ, ਅਥ ਕੋਰੜੇ ਮੋਹਰ ਸਿੰਘ ਨਿਰਮਲੇ, ਅਨੰਦਪੁਰੀਏ ਦੀ । ਮੂਰਖ ਬੁਧੀ ਕੇ ਸਮਝਾਵਣੇ ਵਾਸਤੇ ॥ ਊਣੀ ਕੀਤੀ ਸਾਈ ਨਾਲੋਂ ਪ੍ਰੀਤ ਜੁ ਤੈਨੇ ਕਿਸ ਪਰ ਕਰੇ ਗੁਮਾਨ ਕੁੜੇ" ।

ਅੰਤ : ਦੋਹਰਾ । ਸਤਗੁਰ ਮੌਜ ਸੰਜੁਗਤੁ ਹ੍ਵੈ ਰਚੇ ਕੋਰੜੇ ਸਾਰ । ਪੜੇ ਸੁਣੇ ਅਰ ਬਾਤ ਕੌ ਭਵ ਨਿਧ ਉਤਰੇ ਪਾਰ ॥ ੩੭ ॥ ਕੋਰੜੇ ਸਪੂਰਨੰ" ॥

ਹੱਥ ਲਿਖਤ ਨੰ : MS 399
ਸਿਰਲੇਖ : ਭਾਰਥ ਪੁਰਬਣੇ
ਪੱਤਰੇ : 1 - 101
ਅਕਾਰ : 16 X 11 ਸ.ਮ. ਲਿਖਤ : 11 X 9 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ ।ਸਤਰਾਂ ਪ੍ਰਤੀ ਪੰਨਾ-10 ਹਨ।
ਆਮ ਵੇਰਵਾ : ਪੋਥੀ ਦੇ ਪੰਨੇ ਨੁਕਰਾਂ ਤੋਂ ਕਟੇ ਹੋਏ, ਲਿਖਤ ਸੁੰਦਰ ਅਤੇ ਹਾਲਤ ਆਮ ਕਰਕੇ ਠੀਕ ਪਰ ਪੋਥੀ ਭਿੱਜੀ ਹੋਈ ਜਾਪਦੀ ਹੈ ਅਤੇ ਕਈ ਪੰਨਿਆ ਉਪਰ ਲਿਖਤ ਵੀ ਸਪਸ਼ਟ ਨਹੀਂ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਿਚ ਲਿਖਿਆ ਹੋਇਆ ਹੈ ।
ਆਰੰਭ : ੧ੳ ਸਤਿਗੁਰ ਪ੍ਰਸਾਦਿ, ਸ੍ਰੀ ਗਣਸਾਇਨਮਹਿ। ਦੋਹਰਾ। ਸਤਿ ਕਰਨ ਗੰਗਾ ਬਚਨ ਹਰਨਿ ਬਿਜੇ ਅਤਿ ਮਾਨ ॥ ਤਾਂ ਤੇ ਯਹ ਕਾਰਜ ਕੀਉ ਛਿੰਯਾ ਸੌ ਭਗਵਾਨ ॥ ਚੌਉਪਈ ॥...
ਅੰਤ : "ਇਤ ਸ੍ਰੀ ਭਾਰਥ ਪਰਬਣੇ ਅਸਮੇਧ ਬਖਾਨ ॥ ੪● ॥ ਪੂਰਨ ਧਿਆਉ ਚਲੀਸਮੋ ਕਵ ਟਹਨ [ਟਹਕਨ] ਜੀਯ ਜਾਨ ॥ ੪● ॥

ਹੱਥ ਲਿਖਤ ਨੰ : MS 400
ਸਿਰਲੇਖ : ਜਪੁ ਪ੍ਰਮਾਰਥ
ਲੇਖਕ : ਰਾਮ ਕਿਸ਼ਨ ਸੇਵਾਪੰਥੀ
ਰਚਨਾ ਕਾਲ : ਸੰਮਤ 1853
ਪੱਤਰੇ : 1ੳ – 53
ਅਕਾਰ : 14.5X26.5 ਸ.ਮ. ਲਿਖਤ: 11X18.5 ਸ.ਮ.
ਵੇਰਵਾ : ਜਿਲਦ ਬਾਅਦ ਵਿਚ ਬੰਨ੍ਹੀ ਹੋਈ, 1 ਤੋਂ 27 ਪੱਤਰੇ ਤੱਕ ਖੜ੍ਹੇ ਰੁੱਖ ਪੰਜ ਲਾਲ ਲਕੀਰਾਂ ਦਾ ਹਾਸ਼ੀਆ, 28 ਤੋਂ 53 ਪੱਤਰੇ ਤੱਕ ਬਿਨ੍ਹਾਂ ਹਾਸ਼ੀਆ। ਸਤਰਾਂ ਪ੍ਰਤੀ ਪੰਨਾ-13 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਖਸਤਾ, ਲੈਮੀਨੇਸ਼ਨ ਕੀਤੀ ਹੋਈ, ਪੋਥੀ ਆਢੇ ਰੁਖ਼ ਖੁਲਦੀ ਹੈ, ਪੱਤਰਾ ਅੰਕ ਬਾਅਦ ਵਿਚ ਪਾਇਆ ਹੋਇਆ ਹੈ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਦੋਹਰਾ ॥ ਸ੍ਰੀ ਗੁਰੂ ਨਾਨਕ ਚਰਨ ਰਜੁ ਰਾਮ ਕ੍ਰਿਸ੍ਨ ਉਰਧਾਰਿ॥ ਜਪੁ ਪਰਮਾਰਥ ਯਹਿੰ ਕਹੌ ਜਥਾ ਬੁਧ ਅਨਸਾਰ ॥ ੧ ॥ ਭਵ ਸਾਗਰ ਕੋ ਸੇਤ ਹੈ ਸ੍ਰੀ ਗੁਰ ਨਾਨਕ ਨਾਮ ॥ ਨਾਮ ਅੰਸ ਤੇ ਬਪੁ ਧਰੋ ਮਹਮਾ ਨਾਮ ਬਖਾਨ ॥ ੨ ॥...
ਅੰਤ : ...ਮਤਗਯੰਦ ਛੰਦ ॥ ਸੰਮਤ ਰਾਮੁ ਸੁ ਬਾਨ ਬਸੂ ਸਸ ਮਾਰਗ ਦੂਜ ਸੁਦੀ ਗੁਰਵਾਰੋ ॥ ਤਾ ਦਿਨ ਸ੍ਰੀ ਜਪ ਕੋ ਪਰਮਾਰਥ ਸ੍ਰੀ ਗੁਰਦੇਵਤ ਦਾਸੁ ਸੁਧਾਰੋ ॥ ਹੇ ਕਵ ਜੋ ਮਮ ਚੂਕ ਲਹੋ ਤੁਮ ਆਪ ਸੁਧਾਰ ਪੜੋ ਦੁਖ ਟਾਰੋ ॥ ਹੈ ਦੁਰਲਾਭ ਅਸੂਧ ਕਰੌ ਪੁਨ ਯਾਹਿ ਲਹੈ ਗੁਰ ਕੋ ਜੁ ਪਿਆਰੋ ॥ ੮ ਦਹੋਰਾ ॥ ਜਪੁ ਪਰਮਾਰਥ ਯਹ ਕਹਜੋ ਸਰਬ ਗ੍ਰਿੰਥ ਕੋ ਸਾਰ ॥ ਸੁੱਨੀ ਸਨ੍ਾਵੈ ਚਿਤ ਦੈ ਸੋ ਭਵਸਾਗਰ ਪਾਰ ॥ ੧● ॥ ਸ੍ਰੀ ਗੁਰ ਕੇ ਮੁਖ ਵਾਕ ਯਹ ਸੂਧਾ... ਨ ਕੌ ਨਾਹਿ ॥ ਸੂਧਾਵਤ ਗੁਰ ਸਿਖ ਜੋ ਨਿਹਚੈ ਤਿਨ ਪ੍ਰਤ ਆਹਿ ॥ ੧੧ ॥ ਸ੍ਰੀ ਗੁਰ ਸੇਵਾਦਾਸ... ਸਿਖ ਰਾਮ ਕ੍ਰਿਸਨ ਉਰਧਾਰ ॥ ਜਪੁ ਪ੍ਰਮਾਰਥ ਯਹ ਕਹਜੋ ਜਥਾ ਬੁਧ ਅਨੁਸਾਰ ॥ ੧੨ ॥ ਇਤਿ ਸ੍ਰੀ ਜਪੁ ਪ੍ਰਮਾਰਥ ਸੰਪੂਰਣੰ ॥ ਸ੍ਰੀ ਗੁਰ ਨਮਸਕ੍ਰਿਤੰ ॥ ਰਾਮ ਰਾਮ... ਰਾਮ ਰਾਮ ।

ਹੱਥ ਲਿਖਤ ਨੰ : MS 401 ਸੰਗ੍ਰਹਿ
ਸਿਰਲੇਖ : ਗੋਸਟਿ ਬਾਬੇ ਨਾਨਕ ਜੀ ਕੀ ਗੁਰੂ ਅੰਗਦ ਨਾਲ ਹੋਈ

| | |
|---|---|
| ਪੱਤਰੇ | : 63-74 ੳ |
| ਅਕਾਰ | : 16X10 ਸ.ਮ. ਲਿਖਤ: 13X8 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ । ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ ।ਸਤਰਾਂ ਪ੍ਰਤੀ ਪੰਨਾ-11 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਆਮ ਕਰਕੇ ਠੀਕ, ਪੋਥੀ ਦੀ ਲਿਖਾਈ ਦੀ ਬਣਤਰ ਤੋਂ ਇੰਵ ਜਾਪਦਾ ਹੈ ਕਿ ਇਹ ਪੋਥੀ ਪੁਰਾਣੀਆਂ ਪੋਥੀਆਂ ਜਾਂ ਗ੍ਰੰਥਾਂ ਦੀ ਲਿਖਾਈ ਵਾਂਗ ਜਾਪਦੀ ਹੈ । ਪੋਥੀ ਦੇ ਪੰਨਿਆ ਤੇ ਜੋ ਨੰਬਰ ਅੰਕਤ ਹਨ, ਇੰਜ ਲਗਦਾ ਹੈ ਕਿ ਇਹ ਪੋਥੀ ਕਿਸੇ ਹੋਰ ਪੋਥੀ ਦਾ ਹਿੱਸਾ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ, ਗੋਸਟਿ ਬਾਬੇ ਨਾਨਕ ਜੀ ਕੀ ਗੁਰੂ ਅੰਗਦ ਨਾਲ ਹੋਈ ਗੋਸਟਿ ਇਕ ਦਿਨ ਗੁਰੂ ਬਾਬਾ ਨਾਨਕ ਜੀ ਪੰਜਾਬ ਕੀ ਧਰਤੀ ਕਰਤਾਰਪੁਰ ਰਾਵੀ ਨਦੀ ਉਪਰਿ ਜਾਇ ਬੈਠਾ। |
| ਅੰਤ | : ਬੋਲਣਾ ਹੋਆ ਵਾਹੁਗੁਰੂ ਵਾਹੁਗੁਰੂ ਵਾਹੁਗੁਰੂ ਵਾਹੁਗੁਰੂ ਵਾਹੁਗੁਰੂ ਜੀ ਸਚੇ ਪਾਤਿਸਾਹ ਵਾਹਿਗੁਰੂ ਜੀ ॥ ੧ ॥ ਇਹ ਭਾਈ ਗੁਰਦਾਸ ਦੀ ਇਕ ਵਾਰ ਦੀਆਂ ਦੋ ਸਤਰਾਂ ਹਨ "ਅਕਿਰਤਘਣ ਹਉ ਜਰਦ ਰੂ ਮੈਕਨੋ ਖਹੰਦਾ । ਸਿਮਰਿ ਮੁਰੀਦਾ ਢਾਡੀਆ ਸਤਿਗੁਰ ਬਖਸੰਦਾ" । |

| | |
|---|---|
| ਹੱਥ ਲਿਖਤ ਨੰ | : MS 401 ਅ |
| ਸਿਰਲੇਖ | : ਗੋਸਟਿ ਜਮ ਕਬੀਰ ਕੀ |
| ਪੱਤਰੇ | : 74 ਅ-81 ਅ |
| ਅਕਾਰ | : 16X10 ਸ.ਮ. ਲਿਖਤ: 13X8 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ-12 ਹਨ। |
| ਆਮ ਵੇਰਵਾ | : ਇਹ ਰਚਨਾ ਵੀ ਕਿਸੇ ਹੋਰ ਪੋਥੀ ਦਾ ਹਿੱਸਾ ਹੈ ਕਿਉਂ ਜੋ ਪੰਨਾ ਨੰਬਰ ੭੪ ਤੋਂ ਬਾਅਦ ਹੀ ਲਗਾਏ ਗਏ ਹਨ । ਅਖਰਾਂ ਦੀ ਬਣਤਰ, ਪੁਰਾਣੀਆਂ ਪੋਥੀਆਂ ਅਤੇ ਗ੍ਰੰਥਾਂ ਦੇ ਅਖਰਾਂ ਵਾਂਗ ਹਨ । ਰਚਨਾ ਦੇ ਸ਼ੁਰੂ ਅਤੇ ਅੰਤ ਵਿਚ ਇੰਵ ਲਿਖਿਆ ਹੋਇਆ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਗੋਸਟਿ ਜਮ ਕਬੀਰ ਕੀ ॥ ਜਮ ਦਇਆਲ ਦਇਆ ਤੁਧੁ ਨਾਹੀ ਸਮਝਤ ਨਾਹਿ ਨ ਕਰਤ ਬੀਚਾਰ"। |
| ਅੰਤ | : ਇਸ ਬਾਤ ਕੀ ਕਰਤੁ ਤੁਮ ਚੀਨਾ॥ ਜਮ ਕਬੀਰੁ ਦੋ ਊਝ ਗਰਭ ਆਏ ਦੋਨੋ ਕਾ ਪ੍ਰਭੂ ਸਦਾ ਅਰਧੀਨਾ"। 201 । 1 । 113"। |

| | |
|---|---|
| ਹੱਥ ਲਿਖਤ ਨੰ | : MS 402 ਸੰਗ੍ਰਹਿ |
| ਸਿਰਲੇਖ | : ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੇ ਅਵਤਾਰ ਧਾਰਨ ਕੀ |
| ਪੱਤਰੇ | : 1-26 ਅ |
| ਅਕਾਰ | : 14X8 ਸ.ਮ. ਲਿਖਤ: 9X8 ਸ.ਮ. |
| ਵੇਰਵਾ | : ਜਿਲਦ ਗੱਤਾ, ਕਪੜਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਕਈ ਪੰਨਿਆਂ ਉਪਰ, ਹਾਸ਼ੀਏ ਦੇ ਇਕ ਪਾਸੇ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-7 ਹਨ। |
| ਆਮ ਵੇਰਵਾ | : ਪੋਥੀ ਭਿੱਜੀ ਹੋਈ ਹੈ ਅਤੇ ਪਹਿਲਾ ਪੱਤਰਾ ਫਟਿਆ ਹੋਇਆ ਹੈ ਪੰਨਾ ਨੰ: 25 ਅ ਉਪਰ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਬਾਰੇ ਲਿਖਿਆ ਹੋਇਆ ਹੈ (ਸੰਮਤ 1526) "ਵੈਸਾਖੋ ਮਾਸ ਤ੍ਰਿਤੀਆ ਚਾਨਣੀ ਰਾਤ ਸਵਾ ਪਹਰ ਰਹਦੀ (ਰਹਿੰਦੀ) ਕਓ ਜਨਮ ਲੀਆ, ਪੰਜਾਬ ਕੀ ਧਰਤੀ ਥਾਨ ਤਲਵੰਡੀ ਰਾਇ ਭੋਏ ਭਟੀ ਕੀ, ਕਾਲੂ ਕੇ ਗ੍ਰਹਿ ਤ੍ਰਿਪਰ [ਤ੍ਰਿਪਤਾ] ਕੇ ਉਦਰ ਮਹਿ" । |

ਲਿਖਾਈ ਸੁੰਦਰ ਹੈ ਕੁਝ ਪਤਰੇ ਸ਼ੁਰੂ ਵਿਚ ਨੁਕਰਾਂ ਤੋਂ ਫੱਟੇ ਹੋਏ ਹਨ । ਰਚਨਾ ਪੰਨਾ ਨੰ: 3 ਤੋਂ ਸ਼ੁਰੂ ਹੁੰਦੀ ਹੈ ਅਤੇ ਇੰਞ ਲਿਖਿਆ ਹੋਇਆ ਹੈ :

ਆਰੰਭ : ਤਬ ਗਰੀਬ ਲੋਕ ਫਿਰੀਆਦੀ ਆਏ, ਉਹਨਾ ਆਇ ਪੁਕਾਰ ਕਰੀ, ਤਬ ਉਨਾ ਸਿਉ ਰਾਜਾ ਬੋਲਿਆ, ਉਨਾ ਇਕ ਕਾ ਨਿਆਓ ਕੀਆ ।

ਅੰਤ : …ਸਲੋਕੁ ਜੁਗੁ ਜਗ ਮਹਿ ਗੁਰੂ ਆਇਆ ਤਿਨਿ ਅਚਿੰਤੁ ਨਾਮ ਧਿਆਇਆ, ਜਿਨਿ ਸੇਵਿਆ ਤਿਨ ਫਲੁ ਪਾਇਆ, ਦਸ ਨਾਨਕ ਪੰਥ ਚਲਾਇਆ, ਬੋਲਾਹੁ ਵਾਹਿਗੁਰੂ”

ਹੱਥ ਲਿਖਤ ਨੰ : MS 402 ਅ
ਸਿਰਲੇਖ : ਸਾਖੀ ਸ੍ਰੀ ਗੁਰੂ ਅਮਰਦਾਸ ਜੀ ਕੀ
ਪੱਤਰੇ : 27 ਓ- 45 ਅ
ਅਕਾਰ : 14X8 ਸ.ਮ. ਲਿਖਤ: 9X6 ਸ.ਮ.
ਵੇਰਵਾ : ਓਹੀ ।ਸਤਰਾਂ ਪ੍ਰਤੀ ਪੰਨਾ –7 ਹਨ।
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ, ਸਾਖੀ ਗੁਰੂ ਅਮਰਦਾਸ ਜੀ ਕੀ - ਜੋ ਸਿੱਖ ਗੁਰੂ ਕਾ ਹੋਵੇ ਤਿਸ ਕਾ ਉਪਦੇਸ ਮੰਨਨਾ, ਪਰ ਇਸਤਰੀ ਨਾਲਿ ਪਰੀਤਿ ਨਾਹੀ ਕਰਨੀ
ਅੰਤ : ਕੋਟਿ ਤੀਰਥਿ ਜਾਓ ਰੰਗੀ ਪਰੁ ਨਾਮੁ ਉਧਾਰਸੀ, ਠਾਕਰ ਖੇਲੈ ਰੰਗੀ ਸਭਨਾ ਜਗਾ ਵਿਚਿ, ਦਸ ਅਉਤਾਰ ਸਪੂਰਨ, ਕੀਤੇ ਬਿਸਨ ਰੂਪਿ।

ਹੱਥ ਲਿਖਤ ਨੰ : MS 402 ੲ
ਸਿਰਲੇਖ : ਗੋਸਟਿ ਬਾਬੇ ਨਾਨਕ ਕੀ
ਪੱਤਰੇ : 46 ੳ - 67 ੳ
ਅਕਾਰ : 14X8 ਸ.ਮ. ਲਿਖਤ: 9X6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।
ਆਮ ਵੇਰਵਾ : ਲਿਖਤ ਸੁੰਦਰ ਹੈ; ‘ਸਿਰਲੇਖ’ ਨੂੰ ਮੋਟੀ ਕਾਨੀ ਨਾਲ ਲਿਖਿਆ ਹੈ।
ਆਰੰਭ : ਗੋਸਟਿ ਬਾਬੇ ਨਾਨਕ ਕੀ (ਹੜਤਾਲ ਫੇਰ ਕੇ ਨਾਨਕ ਸ਼ਬਦ ਨੂੰ ਮਿਟਾਇਆ ਹੋਇਆ ਹੈ ਅਤੇ ‘ਗੋਸਟਿ ਬਾਬੇ ਕੀ’ ਹੀ ਸਪਸ਼ਟ ਪੜ੍ਹਿਆ ਜਾਂਦਾ ਹੈ । ਗੋਸਟਿ ਬਾਬੇ ਕੀ॥ ਗੁਰੁ ਅਰਜਨਿ ਸਾਖੀ ਕੀਤੀ ॥ ਸਾਹੁ ਲੋਕੁ ਥਾ ਇਕ ਨਗਰੀ ਕੈ ਬਿਖੈ ॥ ਉਸ ਕੇ ਬਾਰਿ ਕਰੋੜੀ ਦਬ ਥਾ॥
ਅੰਤ : ਤਾਬ ਬਾਬਾ ਨਾਨਕ ਸਿਧਾ ਤੇ ਸ੍ਰੀ ਗੋਰਖ ਨਾਥ ਤੇ ਵਿਦਿਆ ਹੂਆ, ਬੋਲਿਆ ਬੋਲਹੁ ਵਾਹਗੁਰੂ ।

ਹੱਥ ਲਿਖਤ ਨੰ : MS 402 ਸ
ਸਿਰਲੇਖ : ਸਹੰਸ੍ਰਨਾਮਾ (ਮਾਰੂ ਮਹਲਾ ੧)
ਪੱਤਰੇ : 67 ਅ - 81 ਅ
ਅਕਾਰ : 14X8 ਸ.ਮ. ਲਿਖਤ: 9X6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ –7 ਹਨ।
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ, ਮਾਰੂ ਮਹਲਾ ੧ ‘ਸਹੰਸ੍ਰ ਨਾਮਾ’ ਅਚੁਤ ਪਾਰਬ੍ਰਹਮ ਪਰਮੇਸਰੁ ਨਾਮਾ॥ ਦੀਨ ਦਇਆਲ ਦਮੋਦਰੁ ਰਾਮਾ॥ ਆਦਿ ਜੁਗਾਦਿ ਜੁਗਹੁ ਜੁਗ ਸੋਈ ਅਬਿਨਾਸੀ ਅਲਖੁ ਬਿਧਾਤਾ ਹੇ।

ਅੰਤ : ਆਦਿ ਅੰਤਿ ਧੁਰਿ ਸਾਚੀ ਬਾਣੀ, ਸਚਹੁ ਉਪਜੀ ਸਾਚਿ ਸਮਾਨੀ, ਸਚੁ ਅਚਰਜੁ ਅਕਥੁ ਕਿਆ ਕਥੀਐ ਨਾਨਕ ਸਿਫ਼ਤੀ ਰਾਤਾ ਹੇ ।

ਹੱਥ ਲਿਖਤ ਨੰ : MS 402 ਹ
ਸਿਰਲੇਖ : ਮਾਰੂ ਮਹਲਾ ੫ ਸਹੰਸ੍ਰਨਾਮਾ
ਪੱਤਰੇ : 81 ਅ-84 ਅ
ਅਕਾਰ : 14X8 ਸ.ਮ. ਲਿਖਤ: 9X6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ -7
ਆਮ ਵੇਰਵਾ : ਰਚਨਾ ਦਾ ਸ਼ੁਰੂ ਕਾਲੀ ਪੈਨਸਿਲ ਨਾਲ ਲਾਈਨਾ ਮਾਰ ਕੇ ਕੀਤਾ ਹੋਇਆ ਹੈ, ਪੰਨੇ ਭਿੱਜੇ ਹੋਏ ਹਨ।
ਆਰੰਭ : ੧ਓ ਸਤਿਗੁਰ ਪ੍ਰਸਾਦਿ, ਮਾਰੂ ਮਹਲਾ ੫ 'ਸਹੰਸ੍ਰਨਾਮਾ' ਅਚੁਤ ਪਾਰਬ੍ਰਹਮ ਪਰਮੇਸਰੁ ਅੰਤਰਜਾਮ ।
ਅੰਤ : ਤੇਰੀ ਗਤਿ ਮਿਤਿ ਤੂਹੈ ਜਾਨਹਿ॥ ਤੂ ਆਪੈ ਕਥਹਿ ਤੈ ਆਪਿ ਵਖਾਨਹਿ॥ ਨਾਨਕ ਦਾਸ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ।

ਹੱਥ ਲਿਖਤ ਨੰ : MS 402 ਕ
ਸਿਰਲੇਖ : ਗੋਸਟਿ ਬਾਬੇ ਨਾਨਕ ਕੀ
ਪੱਤਰੇ : 85 ੳ-91 ਅ, 92 ੳ-109 ਅ
ਅਕਾਰ : 14X8 ਸ.ਮ. ਲਿਖਤ: 9X6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ –7 ਹਨ।
ਆਮ ਵੇਰਵਾ : ਪੰਨਾ ਨੰ : 92 ੳ ਤੋਂ ਅੱਗੇ ਵੀ ਗੋਸਟਿ ਗੁਰੁ ਬਾਬੇ ਨਾਨਕ ਜੀ ਕੀ ਚਲਦੀ ਹੈ, ਜੋ ਪੰਨਾ ਨੰਬਰ 109 ਅ ਤੇ ਜਾਕੇ ਸਮਾਪਤ ਹੋ ਜਾਦੀ ਹੈ ।
ਆਰੰਭ : ਗੋਸਟਿ ਬਾਬੇ ਨਾਨਕ ਕੀ' ਇਕ ਦਿਨ ਪੰਜਾਬ ਕੀ ਧਰਤੀ ਨਗਰ ਕਰਤਾਪੁਰਿ ਚੁਪਕੈ ਘਰਿ ਆਇ ਗਇਆ, ਧਰਮਸਾਲਾ ਬੀਚਿ ਪਰਿ ਰਹਿਆ॥ ਲਾਗਾ ਆਤਮੇ ਕਉ ਸਮਝਾਵਣ, ਤਬ ਸਿਰੀ ਰਾਗ ਮਹਿ ਸਬਦੁ ਕੀਆ।...
ਅੰਤ : ...ਸਲੋਕ, ਗੁਰੁ ਗੁਰੁ ਜਪਿ ਰੇ ਮਨ ਜਿਸੁ ਮਿਲਿ ਪਾਈਐ ਸੋਇ॥ ਕਲਿ ਕਲੇਸ ਪਾਪ ਹਿਰੈ ਅੰਤ ਸਹਾਈ ਹੋਇ॥ ਨਾਨਕ ਦਾਸ ਬੀਚਾਰਿਆ ਗੁਰ ਬਿਨੁ ਮੁਕਤਿ ਨਾ ਪਾਵੈ ਕੋਇ ੧) ੧) ॥੨੫॥

ਹੱਥ ਲਿਖਤ ਨੰ : MS 402 ਖ
ਸਿਰਲੇਖ : ਗੋਸਟਿ ਕੰਬੀਰ (ਕਬੀਰ ) ਗੁਸਾਈ ਜੀ ਕੀ
ਪੱਤਰੇ : 109 ਅ - 126 ਅ
ਅਕਾਰ : 14X8 ਸ.ਮ. ਲਿਖਤ: 9X6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ –7 ਹਨ।
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ, ਗੋਸਟਿ ਕੰਬੀਰ ਗੁਸਾਈ ਜੀ ਕੀ॥ ਇਕ ਦਿਨ ਗੁਸਾਈ ਕੰਬੀਰ ਪੂਰਬਿ ਕੀ ਧਰਤੀ ਨਗਰ ਬਨਾਰਸੀ ਬੈਠਾ ਥਾ, ਅਰੁ ਇਕ ਗੋਬਿੰਦ ਲੋਕ ਆਇ ਗਏ"
ਅੰਤ : "ਸ੍ਰੀ ਕੰਬੀਰ [ਕਬੀਰ] ਜੀਕੇ ਸਿਖ ਭਏ, ਕਹਨੇ ਲਾਗੇ ਧੰਨ ਕੰਬੀਰ ਜੀ

ਸਤਿ ਕੰਬੀਰ ਜੀ, ਕ੍ਰਿਸਨ ਕੰਬੀਰ ਜੀ, ਸਰਬ ਕਲਾ ਸਮਰਥ ਜੀ, ਬੋਲਹੁ ਵਾਹਗੁਰੂ ਧੰਨ ਗੁਰੂ ਸੰਪੂਰਨ ਹੋਈ ।

| | |
|---|---|
| ਹੱਥ ਲਿਖਤ ਨੰ | : MS 402 ਗ |
| ਸਿਰਲੇਖ | : ਗੋਸਟਿ ਅੰਗਦ ਜੀਕੀ |
| ਪੱਤਰੇ | : 127 ੳ - 177 ੳ |
| ਅਕਾਰ | : 14X8 ਸ.ਮ. ਲਿਖਤ: 9X6 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ –7 ਹਨ। |
| ਆਮ ਵੇਰਵਾ | : ਇਸ ਰਚਨਾ ਵਿਚ, ਸਾਖੀਆਂ ਅੱਗੇ ਦੀਆਂ ਅੱਗੇ ਚਲਦੀਆਂ ਹਨ ਅਤੇ 177 ੳ ਉਪਰ ਗੁਰੂ ਅੰਗਦ ਦੇਵ ਜੀ ਨਾਲ ਸਬੰਧਤ ਸਾਖੀਆਂ ਸਮਾਪਤ ਕੀਤੀਆਂ ਹਨ। |
| ਆਰੰਭ | : ਗੋਸਟਿ ਅੰਗਦ ਜੀਕੀ, ਨਿਰੰਜਨ ਨਿਰੰਕਾਰ ਕੀ ਆਗਿਆ ਹੋਈ, ਜੋ ਨਾਨਕ ਜੀ ਤੂ ਮੇਰੇ ਪਾਸਿ ਆਉ । ਤਬ ਨਾਨਕ ਜੀ ਬੇਨਤੀ ਕਰੀ ਜੋ ਨਿਰੰਜਨ ਨਿਰੀਕਾਰ ਜੀ ਏਕ ਗੁਰ ਭੀ ਮੈ ਨਾਹੀ ਕੀਆ ਹੈ ਅਤੇ ਤੇਰੀ ਆਗਿਆ ਹੈ ਜੁ ਮੈ ਤੇਰਾ ਪੰਥ ਕੀਆ ਹੈ। |
| ਅੰਤ | : ਬਿਨਾ ਸਿਮਰਣ ਹੋਰ ਸਭ ਝੂਠ ਹੈ, ਸਿਮਰਨੁ ਕੀਜੀਐ, ਸਿਮਰਨੁ ਕੀਜੀਐ ਵਾਹੁਗੁਰੂ ਜੀ ਨਾਨਕ ਧੰਨਿ ਨਾਨਕ ਧੰਨਿ ਗੁਰੂ ਨਾਨਕ ਜੀ । |

| | |
|---|---|
| ਹੱਥ ਲਿਖਤ ਨੰ | : MS 402 ਘ |
| ਸਿਰਲੇਖ | : ਗੋਸਟਿ ਬਾਬੇ ਨਾਨਕ ਜੀ ਕੀ (ਕੰਬੀਰ ਨਾਲ ਕੀਤੀ) |
| ਪੱਤਰੇ | : 177 ਅ -181 ਅ |
| ਅਕਾਰ | : 14X8 ਸ.ਮ. ਲਿਖਤ: 9X6 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ। |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ॥ ਗੋਸਟਿ ਬਾਬੇ ਨਾਨਕ ਜੀ ਕੀ॥ ਕੰਬੀਰ ਨਾਲ ਕੀਤੀ॥ ਕਬੀਰ ਕਹੈ ਜੀ ਚਰਣੀ ਲਾਗਿ ਕਰਉ ਏਕ ਬੇਤਨੀ ਕ੍ਰੋ ਪੁਨ ਕਰਹੁ ਦੇਵਾ ॥… |
| ਅੰਤ | : …ਪਤਤ ਉਧਾਰਨੁ ਬਿਰਦੁ ਤੁਮਾਰਾ ਬੇਦ ਉਚਰੈ ਚਾਰਿ॥ ਸੂਰ ਪਤਤ ਕਉ ਠਉਰ ਨ ਕਾਈ ਬਿਨਾ ਨਾਉ ਤਿਹਾਰਿ॥੨॥੧॥ ਬੋਲਹੁ ਵਾਹਗੁਰੂ ਸਤਿ ਗੁਰੁ ਸਤਿਨਾਮੁ ਕਰਤਾ ਪੁਰਖੁ॥੩੪ ਜੋੜੁ |

| | |
|---|---|
| ਹੱਥ ਲਿਖਤ ਨੰ | : MS 402 ਙ |
| ਸਿਰਲੇਖ | : ਸਾਖੀ ਅਮਰੀਕ ਭਗਤ ਜੀ ਕੀ |
| ਪੱਤਰੇ | : 182 ੳ-197 ੳ |
| ਅਕਾਰ | : 14X8 ਸ.ਮ. ਲਿਖਤ: 9X6 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ। |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ, ਸਾਖੀ ਅਮਰੀਕ ਭਗਤ ਜੀ ਕੀ, ਅਮਰੀਕ ਪੰਡਿਤਾ ਕਉ ਪੁਛਿਆ ਮੇਰੀ ਜੋ ਗਤਿ ਹੋਵੈ, ਸੋ ਕਿਉ ਕਰਿ ਹੋਵੈ"। |
| ਅੰਤ | : ਧੰਨੁ ਪਰਮੇਸਰੁ ਧੰਨੁ ਪਰਮੇਸਰ ਕੇ ਭਗਤ ਸਾਖੀ ਸਮਪੂਰਨ ਹੋਈ ਭੁਲਿਆ ਚੁਕਿਆ ਸਤਿ ਗੁਰਦੇਵ ਬਖਸੰਦ ਹੋਇ॥੧॥੩੫ । |

ਹੱਥ ਲਿਖਤ ਨੰ : MS 402 ਚ
ਸਿਰਲੇਖ : ਸਾਖੀ ਗੁਰੂ ਬਾਬੇ ਨਾਨਕ ਜੀਉ ਕੀ
ਪੱਤਰੇ : 197 ਅ-208 ਅ ਅਧੂਰੀ
ਅਕਾਰ : 14X8 ਸ.ਮ. ਲਿਖਤ: 9X6 ਸ.ਮ.
ਵੇਰਵਾ : ੳਹੀ । ਸਤਰਾਂ ਪ੍ਰਤੀ ਪੰਨਾ –7 ਹਨ।
ਆਮ ਵੇਰਵਾ : ਅੰਤ ਵਿਚ ਪੱਤਰੇ ਫੱਟੇ ਹੋਏ ਹਨ ਅਤੇ ਰਚਨਾ ਅਧੂਰੀ ਹੈ।
ਆਰੰਭ : ੧ੳ ਸਤਿਗੁਰ ਪ੍ਰਸਾਦਿ, ਕਥਾ ਚਲੀ ਗੁਰ ਬਾਬੇ ਨਾਨਕ ਜੀਓ ਕੀ-ਰਾਜੇ ਅਰ ਚੋਰ ਕੀ॥
ਅੰਤ : ਪੀਛੇ ਕਰਿ ਕਰਿ ਠਾਕਰ ਪਾਈ ਲਾਗਾ । ਤਬਿ ਠਾਕਰ ਕਹੇ ਰੇ ਮੇਰੇ ਪਾਵ ਛੋਡਿ ਕਰਿ"…..

ਹੱਥ ਲਿਖਤ ਨੰ : MS 403
ਸਿਰਲੇਖ : ਜੰਗਨਾਮਾ ਸਿੰਘਾਂ ਤੇ ਫਰੰਗੀਆਂ
ਲੇਖਕ : ਸ਼ਾਹ ਮੁਹੰਮਦ
ਪੱਤਰੇ : ਖੁੱਲੇ ਪੱਤਰੇ (ਰੋਲ ਬਣਿਆ ਹੋਇਆ ਹੈ)
ਅਕਾਰ : 13 ਸ.ਮ. ਲਿਖਤ: 10 ਸ.ਮ.
ਵੇਰਵਾ : ਖੁੱਲੇ ਪੱਤਰੇ (ਸਕਰੋਲ ਟਾਇਪ) ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ।
ਆਮ ਵੇਰਵਾ : ਰਚਨਾ ਦੇ ਸ਼ੁਰੂ ਵਿਚ ਖਸਤਾ ਹਾਲਤ ਵਿਚ ਹੈ। ਪੱਤਰੇ ਫਟੇ ਹੋਏ ਹਨ ਲਿਖਾਈ ਵੀ ਪੜ੍ਹੀ ਨਹੀਂ ਜਾਂਦੀ । ਸ਼ੁਰੂ ਵਿਚ ਅਤੇ ਅੰਤ ਵਿਚ ਪੱਤਰਾ (ਸਕਰੋਲ) ਖਸਤਾ ਹਾਲਤ ਫਟਿਆ ਹੋਇਆ । ਲਿਖਾਈ ਪੜ੍ਹੀ ਨਹੀਂ ਜਾਂਦੀ ।
ਆਰੰਭ : ਪਿਛੇ ਸਾਡੇ ਵੀ ਕੌਰ ਨ ਰਾਜ ਕਰਸੀ, ਅਸੀਂ ਮਰਾਂਗੇ ਏਸ ਨੂੰ ਮਾਰ ਮੀਆ । ਬੇ ਨਹਕ ਦਾ ਏਹਨਾ ਨੇ ਜੁਲਮ ਕੀਤਾ, ਏਹ ਤਾ ਮਰਨਗੇ ਸਭ ਸਰਦਾਰ ਮੀਆ । ਸ਼ਾਹ ਮੁਹੰਮਦਾ ਧੁਰੋ ਤਲਵਾਰ ਵਗੀ, ਸਭੋ ਕਤਲ ਹੋਦੇ ਵਾਰੋ ਵਾਰ ਮੀਆ । ੭ ।
ਅੰਤ : ਸੰਮਤ ਉਨੀ ਸੈ ਦੂਸਰਾ ਵਰਤਦਾ ਸੀ, ਜਦੋ ਹੋਇਆ ਅੰਗਰੇਜ਼ ਦਾ ਜੰਗ ਮੀਆ । ਹੈਸੀ ਖੂਨ ਦੀ ਓਹ ਜਮੀਨ ਪਿਆਸੀ, ਹੋਈ ਸੁਰਖ ਸਰਾਬ ਦੇ ਰੰਗ ਮੀਆ । ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ, ਜੈਸੇ ਚੜੇ ਅਕਾਸ ਪਤੰਗ ਮੀਆ । ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ । ੧●੫ ।

ਹੱਥ ਲਿਖਤ ਨੰ : MS 404 ਸੰਗ੍ਰਹਿ
ਸਿਰਲੇਖ : ਸੀਹਰਫੀ
ਲੇਖਕ : ਨਿਹਾਲ ਸਿੰਘ
ਪੱਤਰੇ : ਸਕਰੋਲ
ਅਕਾਰ : 8 ਸ.ਮ. ਚੌੜਾਈ ਲਿਖਤ: 7 ਸ.ਮ.
ਵੇਰਵਾ : ਸਕਰੋਲ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਲਿਖਾਈ ਸੁੰਦਰ ।
ਆਮ ਵੇਰਵਾ : ੳਹੀ
ਆਰੰਭ : ਦੋਹਰਾ ਸਾਜਨ ਕੋ ਪਾਤੀ ਲਿਖੂ ਊਪਰ ਲਿਖੂ ਕਰ ਨਾਮ॥ ਜਬ ਕੇ ਸਾਜਨ ਬੀਛਰੇ ਨੈਨੀ ਨੀਂਦ ਹਰਾਮ…
ਅੰਤ : …ਕਰਾ ਕੀਰਨੇ ਹਾਲ ਵਿਵਹਾਰ ਹੋਇਆ, ਡਾਢੇ ਨਾਲ ਨਾ ਸਕਦਾ ਜੋਰ ਲੋਕੋ ॥ ਨਿਹਾਲ ਸਿੰਘ ਪਿਆਰਿਆ ਕੂਚ ਕੀਤਾ ਜਾਨੀ ਗਏ ਮੁਹੁਬਤਾ ਤੋੜ ਲੋਕੋ ।

ਹੱਥ ਲਿਖਤ ਨੰ : MS 404 ਅ
ਸਿਰਲੇਖ : ਸੀਹਰਫੀ
ਲੇਖਕ : ਗੁਰਬਖਸ਼ ਸਿੰਘ
ਪੱਤਰੇ : ਸਕਰੋਲ
ਅਕਾਰ : 8 ਸ.ਮ. ਚੌੜਾਈ ਲਿਖਤ: 7 ਸ.ਮ.
ਵੇਰਵਾ : ਸਕਰੋਲ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਲਿਖਾਈ ਸੁੰਦਰ ।
ਆਮ ਵੇਰਵਾ : ਸਕਰੋਲ, ਕਾਨੀ ਬਦਲੀ ਹੋਈ ਹੈ।
ਆਰੰਭ : ੧ਓ ਸਤਿ ਗੁਰ ਪ੍ਰਸਾਦਿ ਓਗੜ ਦੀ ਉਜਲ ਤੇਜ ਉਚੈ ਅਸਥਾਨ ਬਸੈ ਆਗੜ ਦੀ ਆਨੰਦੀ ਆਦ ਅਸਟ ਭੁਜੀ ਆਈ
ਅੰਤ : ਕਹੈ ਗੁਰਬਖਸਾ ਸਿੰਘ ਦੋਉ ਹਾਥ ਜੋਰਿ ਕਰਿ ਸੀਲ ਸੁਖ ਸੰਪਤਿ ਕੀਹੁਜੈ । ਆਧਿਕਾਈ ਮੀਤਨ ਕੀ ਰਛਾ ਕਰਿ ਸਤ੍ਰਨ ਕੌ ਤਛ ਕਰਿ ਕੀਜੀਏ ਸਹਾਇ ਸਹਾਇ ਸੁਝੈ ਲੀਜੀਯੈ ਬਚਾਈ"।

ਹੱਥ ਲਿਖਤ ਨੰ : MS 405
ਸਿਰਲੇਖ : ਬਾਰਾਂ ਮਾਂਹ
ਲੇਖਕ : ਗੁਲਾਬ ਸਿੰਘ
ਪੱਤਰੇ : ਸਕਰੋਲ
ਅਕਾਰ : 9 ਸ.ਮ. ਚੌੜਾਈ ਲਿਖਤ: 6 ਸ.ਮ.
ਵੇਰਵਾ : ਸਕਰੋਲ, ਸਿਆਹੀ ਕਾਲੀ ।
ਆਮ ਵੇਰਵਾ : ਓਹੀ
ਆਰੰਭ : ੧ਓ ਸਿਤਿਗੁਰ ਪ੍ਰਸਾਦਿ, ਬਾਰਾ ਮਾਂ ਗੁਲਾਬ ਸਿੰਘ ਦਾ 3 ਬੈਂਤ ਡੇਵੜੇ ॥ਚੜੇ ਚੇਤ ਗੁਲ ਖਿੜੇ ਗੁਲਾਬੀ ਸਦਾ ਸੁਹਾਗ ਸੁਹਾਵੇ ਬਾ ਭਾਵੇ॥
ਅੰਤ : ਖਿਜਮਤ ਰਹਿ ਗੁਲਾਬ ਸਿੰਘ ਕਹਿ ਸੋਹਿਣਾ ਛਲ ਗਿਆ ਛਲ ਵਿਚ ਅਕਲ ਸਕਲ ਵਿਚ

ਹੱਥ ਲਿਖਤ ਨੰ : MS 406
ਸਿਰਲੇਖ : ਰੇਖਤਾ
ਲੇਖਕ : ਚਾਂਦ ਸਿੰਘ
ਪੱਤਰੇ : ਸਕਰੋਲ
ਅਕਾਰ : 9 ਸ.ਮ. ਚੌੜਾਈ ਲਿਖਤ: 8 ਸ.ਮ.
ਵੇਰਵਾ : ਸਕਰੋਲ, ਸਿਆਹੀ ਕਾਲੀ, ਹਾਸ਼ੀਆ ਦੋਵੇ ਪਾਸੇ ਦੋ ਦੋ ਕਾਲੀਆ ਲਕੀਰਾਂ ।
ਆਮ ਵੇਰਵਾ : ਓਹੀ
ਆਰੰਭ : ੧ਓ ਸਿਤਿਗੁਰ ਪ੍ਰਸਾਦਿ ॥ ਰੇਖਤਾ ॥ ਜਬ ਲਗ ਨਜਰ ਪਰਤਾ ਨਹੀ ਤਬ ਲਗ ਮੁਝੇ ਸਰਤਾ ਨਹੀਂ; ਅਰਜ ਕਰਤਾ ਨਹੀ, ਏਤੀ ਕ੍ਰਬਜ ਧਰਤਾ ਨਹੀ ਫਰੀਆਦ ਸੁਨ ਦਿਲ ਲਾਇਕਾ।
ਅੰਤ : ਸਾਥੀ ਨਹੀ ਕੋਈ ਨਾਲ ਕਾ, ਰਾਧਾ ਤੁਝੇ ਮੈ ਲਿਆ ਕਹੋ ਤੇਰਾ ਕੀਆ ਸਿਰ ਪਰ ਸਹੋ ਐਸਾ ਬਿਓਗੁ ਕੈਸੋ ਲਹੋ।

ਹੱਥ ਲਿਖਤ ਨੰ : MS 407
ਸਿਰਲੇਖ : ਫੁਟਕਲ ਛੰਦ

| | |
|---|---|
| ਪੱਤਰੇ | : ਸਕਰੋਲ |
| ਅਕਾਰ | : 8.5 ਸ.ਮ. ਚੌੜਾਈ |
| ਵੇਰਵਾ | : ਸਕਰੋਲ, ਸਿਆਹੀ ਕਾਲੀ, ਲਿਖਾਈ ਸੁੰਦਰ । |
| ਆਮ ਵੇਰਵਾ | : ਓਹੀ |
| ਆਰੰਭ | : ੧ਓ ਸਤਿਗੁਰ ਪ੍ਰਸਾਦਿ-ਅਥ ਫੁਟਕਲ ਦੋਹਰੇ। ਆਜ ਗੁਲ ਜੰਨਮੈ ਕਿਆ ਮਜਾ ਹੋਗਾ, ਮੇਹ ਬਰਸਤਾ ਅਰੁ ਗੁਲ ਖਿਲਾ ਹੋਗਾ । |
| ਅੰਤ | : ਹਮਰੀ ਬੇਦਨ ਜੋ ਲਖੈ ਜੋ ਹਮ ਸਾ ਦੁਖੀਆ ਹੋਇ। |

| | |
|---|---|
| ਹੱਥ ਲਿਖਤ ਨੰ | : MS 408 |
| ਸਿਰਲੇਖ | : ਸੀਹਰਫ਼ੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ । |
| ਲੇਖਕ | : ਕਲਿਆਣ ਸਿੰਘ |
| ਪੱਤਰੇ | : ਸਕਰੋਲ |
| ਅਕਾਰ | : 9 ਸ.ਮ. ਚੌੜਾਈ ਲਿਖਤ: 7 ਸ.ਮ. ਚੌੜਾਈ |
| ਵੇਰਵਾ | : ਸਕਰੋਲ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ । |
| ਆਮ ਵੇਰਵਾ | : ਰਚਨਾ ਦੇ ਸ਼ੁਰੂ ਵਿਚ ਕਾਗਜ਼ ਭੁਰਭੁਰਾ ਹੋਇਆ ਖਸਤਾ ਹਾਲਤ ਵਿਚ, ਫਟਿਆ ਹੋਇਆ ਹੈ । ਅਤੇ ਇਕ ਪਾਸੇ ਤੋਂ ਹਾਸ਼ੀਆ ਅਤੇ ਪੱਤਰਾ ਫਟਿਆ ਹੋਇਆ ਹੈ । |
| ਆਰੰਭ | : ....ਅਲਫ ਆਦਿ ਗੁਣਪਤੋ ਕੇ ਸਿਮਰਾ ਦੁਤੀਏ॥ ਫੇਰ ਜੁਆਲਾ ਕਰ ਰਛਾ ਪਾਲਾ ॥ ਤ੍ਰਿਤੀਏ ਸਿਮਰਾ ਬਿਸਨ ਰਿਦੈ ਮੈ ਜਉਥੇ ਬਿਧੂ ਦਇਆਲਾ... |
| ਅੰਤ | : ...ਰਮਦਾਸ ਗੁਰ ਜਾ ਹਰ ਜੱਸੇ ਮੈ ਸਭ ਕੇ ਕਾਜ ਸਵਾਰੇ ਕਲਗੀਵਾਰੇ ॥ ਕਲਿਆਣ ਦਾਸ ਨਿਸ ਦਿਨ ਨਾਮ ਚਿਤਾਰੇ ਗੁਰ ਨਿਸਤਾਰੇ। |

| | |
|---|---|
| ਹੱਥ ਲਿਖਤ ਨੰ | : MS 409 |
| ਸਿਰਲੇਖ | : ਬਾਰਾ ਮਾਂਹ (ਸ਼ਿਵਜੀ ਵਿਆਹ) |
| ਪੱਤਰੇ | : ਸਕਰੋਲ |
| ਅਕਾਰ | : 9 ਸ.ਮ. ਚੌੜਾਈ ਰੁਖ ਲਿਖਤ: 7 ਸ.ਮ. ਚੌੜਾਈ |
| ਵੇਰਵਾ | : ਸਕਰੋਲ, ਸਿਆਹੀ ਕਾਲੀ ਵਖਰੇਵੇਂ ਲਈ ਲਾਲ । |
| ਆਮ ਵੇਰਵਾ | : ਓਹੀ। ਲਿਖਾਈ ਸੁੰਦਰ ਪਰ ਸਏਰੀ ਰਚਨਾ ਦੇ ਪੱਤਰੇ ਭਿਜੇ ਹੋਏ ਹਨ ਅਤੇ ਵਿਚੋਂ ਕਈ ਥਾਵਾਂ ਤੋਂ ਫਟੇ ਹੋਏ ਹਨ। |
| ਆਰੰਭ | : ੧ਓ ਸਤਿਗੁਰ ਪ੍ਰਸਾਦਿ, ਬਾਰਾ ਮਾਂਹ ਸ਼ਿਵਜੀ ਕਾ ਲਿਖਯਤੇ ॥ ਚੇਤ੍ਰ ਸਿਵਜੀ ਬੈਲ ਚੜ੍ਹੇ ਰਣਿ ਸਿੰਙੀ ਰੌਰੂ ਵਾਜੈ। |
| ਅੰਤ | : ਸੁਨਿ ਕਥਾ ਉਠ ਚਲਿਆ ਤੋਤਾ ਮਗਰੁ ਸਦਾ ਸਿਵ ਲਾਗੇ । ਚਲ ਮਨ ਸਗਮ ਪੁਰਮੰਡਲ ਸਿਵ ਦੇ ਗੁਪਾਤਿ ਗੰਗ ਜਲਵਾਂਗੇ।੧੨॥ ਸਮਾਪਤੰ । ਇਹ ਆਮ ਵੇਰਵੇ ਵਿਚ ਲਿਖਿਆ ਜਾਵੇਗਾ, ਲਿਖਾਈ ਸੁੰਦਰ ਪਰ ਸਾਰੀ ਰਚਨਾ ਦੇ ਪੱਤਰੇ ਭਿਜੇ ਹੋਏ ਹਨ ਵਿਚੋਂ ਕਈ ਥਾਵਾਂ ਤੋਂ ਫਟੇ ਹੋਏ ਹਨ । |

| | |
|---|---|
| ਹੱਥ ਲਿਖਤ ਨੰ | : MS 410 |
| ਸਿਰਲੇਖ | : ਸੀਹਰਫੀ (ਕੁਛ ਬੰਦ) |

| | |
|---|---|
| ਲੇਖਕ | : ਕਾਦਰਯਾਰ |
| ਪੱਤਰੇ | : ਸਕਰੋਲ |
| ਅਕਾਰ | : 9.5 ਸ.ਮ. ਚੌੜਾਈ |
| ਵੇਰਵਾ | : ਸਕਰੋਲ, ਸਿਆਹੀ ਕਾਲੀ, ਹਾਸ਼ੀਆ ਹੋਵੇ ਪਾਸੇ ਦੋ ਦੋ ਲਾਲ ਬਰੀਕ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ । |
| ਆਮ ਵੇਰਵਾ | : ਰਚਨਾ ਭਿਜੀ ਹੋਈ ਹੈ ਧੱਬਿਆ ਕਰਕੇ ਸਪਸ਼ਟ ਪੜ੍ਹੀ ਨਹੀਂ ਜਾਂਦੀ ਅਤੇ ਅਧੂਰੀ ਹੈ। |
| ਆਰੰਭ | : ੧ੴ ਸਿਤਿਗੁਰ ਪ੍ਰਸਾਦਿ॥ ਫੇਰ ਕੇ ਵਤਨ ਤੋ ਚਿਤ ਰਾਜਾ ਪਹਲਾ ਭੈਣ ਦੇ ਦੇਸ ਨੂੰ ਆਣ ਵੜਿਆ॥ ਕੰਡ ਕਢ ਤੂਬਾ ਗੁਰੂ ਯਾਦ ਕਰਕੇ ਗੋਪੀ ਚੰਦ ਸੀ ਮੰਗਲ ਭੀਖ ਚੜਿਆ |
| ਅੰਤ | : ਬਾਹੋਂ ਪਕੜ ਲੈਂਦੀ ਕਹਿੰਦੀ ਦਸ ਮੈਨੂੰ ਕਿਸੇ ਹੋਰੀ ਉਤੇ ਭਵਸਾਈਉ ਨੀ ਕਾਦਰਯਾਰ, ਮੀਆਂ ਰੋ ਰੋ ਮਿਲਨ ਦੋਵੇਂ ਕਰ ਮੁਨਸਬੀ ਕੋਲ ਧਿਆਉਸਨੀ |

| | |
|---|---|
| ਹੱਥ ਲਿਖਤ ਨੰ | : MS 411 |
| ਸਿਰਲੇਖ | : ਪ੍ਰਸਨ ਵਿਚਾਰ |
| ਪੱਤਰੇ | : 1-13 ੳ |
| ਅਕਾਰ | : 13X21 ਸ.ਮ. ਲਿਖਤ: 10X19 ਸ.ਮ. |
| ਵੇਰਵਾ | : ਜਿਲਦ, ਗਤਾ, ਸਿਆਹੀ ਕਾਲੀ। ਲਿਖਾਈ ਸੁੰਦਰ। ਸਤਰਾਂ ਪ੍ਰਤੀ ਪੰਨਾ – 14 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਠੀਕ, ਲਾਲ ਸਿਆਹੀ ਨਾਲ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਅਖੀਰ ਵਿਚ ਇਤਿ ਤੋਂ ਬਾਅਦ ਪੰਨਾ ਖਾਲੀ ਛਡਿਆ ਹੋਇਆ ਹੈ ਪੰਨਾ 13 ਅ ਤੋਂ 16 ਅ ਤੱਕ ਖਾਲੀ ਅਗੋਂ ਫਿਰ ਪੰਨਾ 17 ੳ-ਅ ਤੇ ਕੁਝ ਲਿਖਿਆ ਹੋਇਆ, ਅਤੇ ਕੁਝ ਪੱਤਰੇ ਖਾਲੀ ਹਨ। |
| ਆਰੰਭ | : ੧ੴ ਸਿਤਿਗੁਰ ਪ੍ਰਸਾਦਿ, ਅਥ ਪ੍ਰਸ਼ਨ ਸੰਬੰਧ ਵਿਚਾਰ ਲਿਖਯਤੇ, ਸੂਰਜ ਸੇ ਨਾਵੇਂ ਘਰ ਮੈ ਪਿਤਾ ਕਾ ਹਾਲ ਦੇਖ। |
| ਅੰਤ | : ਯਹ ਵਸਤੂ ਬੇਚਤਾ ਹੂੰ ਕੈਸਾ ਹੋਗਾ ਏਸੇ ਪ੍ਰਸੰਨ |

| | |
|---|---|
| ਹੱਥ ਲਿਖਤ ਨੰ | : MS 412 ਸੰਗ੍ਰਹਿ |
| ਸਿਰਲੇਖ | : ਬਾਰਾਮਾਹਾ ਸ੍ਰੀ ਕਿਸਨ ਜੀ ਕਾ |
| ਲੇਖਕ | : ਮੂਲ ਸਿੰਘ |
| ਪੱਤਰੇ | : 3 ੳ-4 ੳ |
| ਅਕਾਰ | : 16X23 ਸ.ਮ. ਲਿਖਤ: 11X18 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ । |
| ਆਮ ਵੇਰਵਾ | : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ। ਰਚਨਾ ਦੇ ਸ਼ੁਰੂ ਵਿਚ ਅਤੇ ਅੰਤ ਵਿਚ ਇੰਵ ਲਿਖਿਆ ਹੋਇਆ ਹੈ। |
| ਆਰੰਭ | : ੧ੴ ਸਿਤਿਗੁਰ ਪ੍ਰਸਾਦਿ, ਅਥ ਬਾਰਾਮਾਹਾ ਸ੍ਰੀ ਕ੍ਰਿਸ਼ਨ ਕਾ । ਚੇਤ ਮਹੀਨੇ ਚੜ੍ਹੇ ਸਿਯਾਮ ਜੀ ਮਥਰਾਂ ਓਰ ਸਿਧਾਰੇ। |
| ਅੰਤ | : ਹਸ ਹਸ ਕੇਲ ਕਰਤ ਹੈ ਮੂਲ ਸਿੰਘ ਬਨੀ ਅਨੂਪ ਮੈ ਜੋਰੀ। |

| | |
|---|---|
| ਹੱਥ ਲਿਖਤ ਨੰ | : MS 412 ਅ |
| ਸਿਰਲੇਖ | : ਬਾਰਾਮਾਹਾ |
| ਲੇਖਕ | : ਟਹਲ ਸਿੰਘ |

ਪੱਤਰੇ : 4 ਅ – 6 ਅ

ਅਕਾਰ : 16X23 ਸ.ਮ. ਲਿਖਤ: 11X18 ਸ.ਮ.

ਵੇਰਵਾ : ਓਹੀ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ-20 ਹਨ।

ਆਮ ਵੇਰਵਾ : ਰਚਨਾ ਦੇ ਇਸ ਭਾਗ ਦੇ ਪੱਤਰੇ ਕਿਰਮ ਖੁਰਦਾ ਹਨ ਪਰ ਲਿਖਾਈ ਪੜ੍ਹਨ ਯੋਗ ਹੈ।

ਆਰੰਭ : ਅਥ ਬਾਰਾ ਮਾਹਾ ਲਿਖਯਤੇ ਦੋਹਰਾ, ਸ੍ਰੀ ਗੁਰ ਪਦ ਬੰਧਨ ਕਰੋ ਲੰਬਦਰ ਪ੍ਰਣਾਮ॥ ਮਮਨ ਮਾਸ ਸ੍ਰੀ ਰਾਮ ਸੂਕਰ ਹੈ ਪੂਰਨ ਕਾਮ।

ਅੰਤ : ਕਾਰੂ ਕੀਤੇ ਗੰਜ ਤਿਆਰ ਤਿਸ ਦੇ ਸਿਰਿ ਮਿਲਿਆ ਉਹ ਭਾਰੁ ਦਿਤਾ ਪਿਰਥੀ ਹੇ ਠਨਿਆਰ ਖੁਦੀ ਉਹੁ ਤੋੜਦਾ।

ਹੱਥ ਲਿਖਤ ਨੰ : MS 412 ੲ

ਸਿਰਲੇਖ : ਸਿਹਰਫੀ

ਲੇਖਕ : ਕਲਿਆਨ ਦਾਸ

ਪੱਤਰੇ : 7 ੳ–10 ਅ

ਅਕਾਰ : 16X23 ਸ.ਮ. ਲਿਖਤ: 11X18 ਸ.ਮ.

ਵੇਰਵਾ : ਓਹੀ । ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਅੱਗੋਂ ਰਚਨਾ ਵਿਚ ਹੀ ਛਡੀ ਹੋਈ ਹੈ ਅਧੂਰੀ ਹੈ । ਇਸ ਤੋਂ ਬਾਅਦ ਪੰਨਾ ਨੰ: 31 ਸ਼ੁਰੂ ਹੋ ਜਾਂਦਾ ਹੈ । ਕਾਨੀ ਬਦਲੀ ਹੋਈ ਹੈ ਇੰਵ ਜਾਪਦਾ ਹੈ ਕਿਸੇ ਹੋਰ ਪੋਥੀ ਦਾ ਹਿਸਾ ਇਸ ਵਿਚ ਲਗਾ ਦਿਤਾ ਗਿਆ ਹੈ ।

ਆਰੰਭ : ੧ੴ ਸਿਤਿਗੁਰ ਪ੍ਰਸਾਦਿ, ਸਿਹਰਫੀ, ਕਲਿਆਨ ਦਾਸ ਕੀ ਲਿਖਯਤੇ । ਅਲਫ ਅਜਬ ਸੂਰਤਿ ਦਿਲਬਰ ਦੀ ਆਨ ਮੇਰੇ ਮੰਨਿ ਵਸੀ, ਜਿਗਰੇ ਧਸੀ।

ਅੰਤ : ਲਗਾ ਤੀਰ ਸਰੀਰ ਮੇਰੇ ਨੂੰ ਚੀਰ ਜਿੰਦ ਹੈ ਡਾਰੀ ਕਹਾ ਪੁਕਾਰੀ । ਕਲਿਆਨ ਦਾਸ ਨਹੀ ਚੈਨ ਆਂਵਦਾ ਬਿਨ ਦੇਖੇ ਮਤਿਵਾਰੀ ਸੁਧ ਬਿਸਾਰੀ । ਨੂਨ ਨਿਤ ਜਿਓ.....।

ਹੱਥ ਲਿਖਤ ਨੰ : MS 412 ਸ

ਸਿਰਲੇਖ : ਬਨਤ ਮਾਲਾ

ਲੇਖਕ : ਗੁਰਬਖਸ ਸਿੰਘ

ਪੱਤਰੇ : 31 ੳ–36 ਅ

ਅਕਾਰ : 16X23 ਸ.ਮ. ਲਿਖਤ: 11X16 ਸ.ਮ.

ਵੇਰਵਾ : ਓਹੀ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ– 20 ਹਨ।

ਆਮ ਵੇਰਵਾ : ਇਸ ਰਚਨਾ ਵਿਚ ਕਾਨੀ ਬਦਲੀ ਹੋਈ ਹੈ ਅਤੇ ਪੰਨਾ ਨੰ: 31 ਤੋਂ ਸ਼ੁਰੂ ਕੀਤਾ ਹੈ। ਇੰਵ ਮਾਲੂਮ ਹੁੰਦਾ ਹੈ ਕਿ ਇਹ ਭਾਗ ਕਿਸੇ ਹੋਰ ਪੋਥੀ ਦਾ ਹਿਸਾ ਹੈ।

ਆਰੰਭ : ੧ੴ ਸਿਤਿਗੁਰ ਪ੍ਰਸਾਦਿ ॥ ਅਥ ਬਨਤ ਮਾਲਾ ਲਿਖਯਤੇ । ਕੁੱਸਮ ਬਾਸ ਸੁੰਦ੍ਰ ਮ੍ਰਿਗਨੈਨੀ, ਚੰਦ ਬਦਨ ਜਨ ਛਾਜਤ ਰੈਨੀ।

ਅੰਤ : ਪਗਨੇਵਰ ਜੋ ਵਰ ਕੀ ਜਰਤੀ ਮਦਨੋਦਿਰ ਬਾਨ ਕਮਾਨ ਕਸੀ, ਕਰਿ ਫੂਲਤ ਝੂਲਤ ਹੈ ਤਰਨੀ ਨਿੰਬੂਆ॥

ਹੱਥ ਲਿਖਤ ਨੰ : MS 413
ਸਿਰਲੇਖ : ਅਸ੍ਵਮੇਧ ਭਾਖਾ ( ਸ੍ਰੀ ਮਹਾਂਭਾਰਥ ਪੁਰਾਣੇ)
ਲੇਖਕ : ਟਹਕਣ ਦਾਸ
ਸਮਾਂ : ਸੰਮਤ 1847
ਪੱਤਰੇ : 1– 294 ੳ
ਅਕਾਰ : 32X23 ਸ.ਮ. ਲਿਖਤ: 23X19 ਸ.ਮ.
ਵੇਰਵਾ : ਜਿਲਦ ਗੱਤਾ, ਕਪੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ।ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਮੋਟੀ ਲਕੀਰ ।ਸਤਰਾਂ ਪ੍ਰਤੀ ਪੰਨਾ–19 ਹਨ।
ਆਮ ਵੇਰਵਾ : ਪੱਤਰਾ ਨੰ: 1 ਅ ਤੇ ਸੰਮਤ ਬਾਰੇ ਇੰਂਵ ਲਿਖਿਆ ਹੋਇਆ ਹੈ, "ਸੰਬਤਿ ਸਰ ਦਾਸੰ ਸਪਤਿ ਸਤਿ ਅਧਕ ਬਰਖ ਖਟ ਬੀਸ, ਤੀਥੀ ਤ੍ਰਿਯੋਦਸੀ ਅਖਹਸਿ ਵਾਦਿ ਬੁਧਿ ਬਾਸਰ ਸ਼ੁਭ ਦੀਸ"। ਆਖਰੀ ਪੱਤਰੇ ਉਪਰ, "ਸੰਮਤੁ ਅਠਾਰਾ ਸੈ ਸੈਤਾਲੀਆ ਵਾਹਿ ਵਰਿਸ ਨਿ ਜਾਨੀ ਸੰਮਤ 1847 ਕ੍ਰਿਸਨ ਪਖਿ ਸਾਸ ਪੂਸਿਥਿ" । ਅਖੀਰਲੇ ਪੱਤਰੇ ਉਪਰ, ਸ੍ਰੀ ਭਾਗਵਤ ਦਸਮ ਸਕੰਧ ਸ਼ੁਰੂ ਕਰਕੇ ਰਚਨਾ ਅਧੂਰੀ ਛੱਡੀ ਹੋਈ ਹੈ ।
ਆਰੰਭ : ੧ੴ ਸਿਤਿਗੁਰ ਪ੍ਰਸਾਦਿ, ਅਥ ਅਸਵਮੇਧ ਭਾਖਾ ਲਿਖਯਤੇ, ਕ੍ਰਿਤ ਟਹਕਣ ਦਾਸ ਕੀ, ਪ੍ਰਿਥਮੇ ਪ੍ਰਣਵੋ ਗਿਰਜਨੰਦਨਾ, ਸੰਕਰ ਤਨ ਗਨ ਬਿਘਨ ਨਿਕੰਦਨਾ।
ਅੰਤ : ਦੋਹਰਾ, ਇਤ ਸ੍ਰੀ ਭਾਰਥ ਪ੍ਰਬਣੇ ਅਸਵਮੇਧ ਬਖਯਾਨਿ, ਕਬਿ ਟਹਕਣਿ ਧੰਯਾਉ ਤਿਹਤ੍ਰਮੋਹਯ ਕ੍ਰਿਤ ਪੂਰਨਿ ਜਾਨੀ ।

ਹੱਥ ਲਿਖਤ ਨੰ : MS 414
ਸਿਰਲੇਖ : ਕਬਿਤੁ
ਪੱਤਰੇ : 1-11ਅ
ਅਕਾਰ : 13X17 ਸ.ਮ. ਲਿਖਤ: 8X11 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ।ਸਤਰਾਂ ਪ੍ਰਤੀ ਪੰਨਾ 11 ਹਨ।
ਆਮ ਵੇਰਵਾ : ਲਿਖਾਈ ਸੁੰਦਰ ਹੈ ਪੋਥੀ ਭਿੱਜੀ ਹੋਈ ਹੈ ।ਰਚਨਾ ਅਧੂਰੀ ਹੈ ਅਤੇ ਪੰਨੇ ਫਟੇ ਹੋਏ ਹਨ ।
ਆਰੰਭ : ੧ੴ ਸਤਿਗੁਰ ਪ੍ਰਸਾਦਿ । ਕਬਿੱਤ । ਗੁਰ ਕੇ ਪਿਆਰੇ ਸਤਿਗੁਰੂ ਕੇ ਸਵਾਰੇ ਬੁਧਵਾਨ ਹੈ ਉਜਾਰੇ ਰਾਮ ਤੋਰੋ ਰਖਵਾਰੇ ਹੈ।
ਅੰਤ : ਸਾਜਨ ਤੁਮਰੇ ਹੇਤ ਅੰਝੁਅਨ ਸੋ ਨਦੀ ਭਈ, ਤਨ ਭਇਓ....

ਹੱਥ ਲਿਖਤ ਨੰ : MS 415 ਸੰਗ੍ਰਹਿ
ਸਿਰਲੇਖ : ਸਿਹਰਫੀ
ਲੇਖਕ : ਸਾਂਈ ਦਾਸ ਜੀ ਕੀ
ਪੱਤਰੇ : 7
ਅਕਾਰ : 19X15 ਸ.ਮ. ਲਿਖਤ: 11X9 ਸ.ਮ.
ਵੇਰਵਾ : ਜਿੱਲਦ ਗੱਤਾ, ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 10 ਹਨ।
ਆਮ ਵੇਰਵਾ : ਪੋਥੀ ਦੇ ਕੁਝ ਪੱਤਰੇ ਖਸਤਾ ਹਾਲਤ ਵਿਚ ਹਨ ਲਿਖਾਈ ਸੁੰਦਰ ਹੈ ॥

| | |
|---|---|
| ਆਰੰਭ | : ੧ੳ ਸਤਿਗੁਰ ਪ੍ਰਸਾਦਿ, ਸਿਹਰਫੀ ਸਾਂਈ ਦਾਸ ਜੀ ਕੀ ਲਿਖਯਤੇ । ਅਲਫ ਆਇ ਓਵਾਸ ਤੇ ਖਟਣੇ ਦੇ ਏਥੇ ਅਇਕੇ ਮੂਲ ਗੁਵਾਇਆ ਹੀ। ਝੂਠੇ ਲਾਲਚਾ ਦੇ ਵਿਚ ਲਗ ਕੇ ਤੂੰ ਚੰਗਾ ਅਮਲ ਨ ਇਕ ਕਮਾਇਆ ਹੀ। |
| ਅੰਤ | : ਕਢੋ ਕਢੋ ਸਵੇਲੜੇ ਪ੍ਰੀਤ ਤਾਈ ਕਿਤ ਠਉਰ ਲੈ ਤੁਰਤ ਜਲਾਵਨੀ ਗੇ । ਸਾਂਈ ਦਾਸ ਆਖੇ ਭਾਡਾਂ ਭੰਨ ਕੇ ਜੀ ਘਰ ਆਪਣੇ ਨੂੰ ਉਠਿ ਆਵਨੀ ਗੇ॥ ਸਿਹਰਫੀ ਸਮਾਪਤੰ। |

| | |
|---|---|
| ਹੱਥ ਲਿਖਤ ਨੰ | : MS 415 ਅ |
| ਸਿਰਲੇਖ | : ਸਿਹਰਫੀ |
| ਲੇਖਕ | : ਬੁਲੇ ਸਾਹ ਕੀ |
| ਪੱਤਰੇ | : 8 |
| ਅਕਾਰ | : 19X15 ਸ.ਮ. ਲਿਖਤ: 11X9 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ-10 ਹਨ। |
| ਆਮ ਵੇਰਵਾ | : ਓਹੀ |
| ਆਰੰਭ | : ੧ੳ ਸਤਿਗੁਰ ਪ੍ਰਸਾਦਿ, ਸਿਹਰਫੀ ਬੁਲੇਸ਼ਾਹ ਕੀ ਲਿਖਯਤੇ । ਅਲਫ ਆਪਨੇ ਆਪ ਨੂੰ ਸਮਝ ਪਹਿਲੇ ਕੀ ਵਸਤ ਹੈ ਤੇਰੜਾ ਰੂਪ ਪਿਆਰੇ। |
| ਅੰਤ | : ਅਠੋ ਜਾਮ ਬਿਸਰਾਮ ਨਹੀ ਕਾਮ ਕੋਈ ਦੁਈ, ਗਿਆਨ ਕੀ ਭਾਇ ਜਲਾਇਕੇ ਨੀ॥ ਬੁਲਾ ਸਾਹ ਮੁਮਾਰਖਾ ਸਭ ਦੇਵੋ ਭਈ ਜਾਨ ਜਾਨੀ ਗਲ ਲਾਇਕੇ ਨੀ। |

| | |
|---|---|
| ਹੱਥ ਲਿਖਤ ਨੰ | : MS 416 |
| ਸਿਰਲੇਖ | : ਵਾਰ ਹਕੀਕਤ ਰਾਇ |
| ਲੇਖਕ | : ਅਗਰਾ (ਕਵਿ) |
| ਸਮਾਂ | : ਸੰਮਤ 1791 ਲਿਪੀ ਕਾਲ: ਸੰਮਤ 1847 |
| ਪੱਤਰੇ | : 1-45 ਅ |
| ਅਕਾਰ | : 15X12 ਸ.ਮ. ਲਿਖਤ: 9X12 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-10 ਹਨ। |
| ਆਮ ਵੇਰਵਾ | : ਪੋਥੀ ਦਾ ਪਹਿਲਾ ਸਫਾ ਫਟਿਆ ਹੋਇਆ ਹੈ । ਆਖਰੀ ਪੰਨਾ ਵੀ ਫਟਿਆ ਹੋਇਆ ਹੈ। ਲਿਖਾਈ ਸਪਸ਼ਟ ਨਹੀਂ ਹੈ । ਬਾਕੀ ਪੋਥੀ ਦੀ ਲਿਖਾਈ ਸੁੰਦਰ ਹੈ । ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਿਚ ਲਿਖਿਆ ਹੋਇਆ ਹੈ । ਰਚਨਾ ਦੇ ਸ਼ੁਰੂ ਵਿਚ ਪੰਨਾ ਫਟਿਆ ਹੋਣ ਕਾਰਣ ਲਿਖਾਈ ਅਸਪਸ਼ਟ ਹੈ ਪੜ੍ਹੀ ਨਹੀਂ ਜਾਂਦੀ । ਅੰਤ ਵਿਚ ਇੰਵ ਲਿਖਿਆ ਹੋਇਆ ਹੈ 'ਵਾਰ ਹਕੀਕਤ ਰਾਇ ਸੰਪੂਰਨ' ਪੰਨਾ ਨੰ: 2 ਉਪਰ ਸੰਮਤ ਬਾਰੇ ਲਿਖਿਆ। ਆਖਰੀ ਪੰਨੇ ਉਪਰ ਡੀਜ਼ਾਈਨ ਬਣਿਆ ਹੋਇਆ ਹੈ । |
| ਆਰੰਭ | : ....ਇਕ ਦਿਨ ਦਿਲ ਵਿਚ ਚਿੰਤਾਉਪਜੀ, ਯਾਦ ਜੁ ਆਏ ਭਾਈ । ਕਰਿ ਗਏ ਕੂਚ ਦੁਨੀਆ ਥੀ ਪਿਆਰੇ, ਅੰਗ ਸਾਕ ਸੁਖਦਾਈ । ਇਸ ਦੁਨੀਆ ਦਾ ਕਿਆ ਭਰਵਾਸਾ, ਜਿਵ ਸੁਪਨਾ ਰੈਨਾਈ। ਸੰਮਤ ਸਤ੍ਰਾ ਸੈ ਇਕਾਨਵੇ, ਸਾਹਿਬ ਏਹ ਵਰਤਾਈ । ਸੰਮਤ ਅਠਾਰਾ ਸੈ ਸਿਤਾਲੀ ਅਗਰੇ ਵਾਰ ਬਣਾਈ ।੫ । |
| ਅੰਤ | : ਵਾਰ ਸਪੂਰਨ ਧਰਮੀ ਦੀ..... ਸੁਣਨ ਵਾਲਿਆਂ ਧਰਮ ਸਹਾਈ, ਸੁਰਗ ਪਰਾਪਤਿ ਪਾਏ । ਸੁਣਾਵਣੁ ਵਾਲੇ ਭੀ ਮੁਕਤ ਜਾਵਨੀ, ਕਰਿ ਕਰਿ ਪਾਰ ਘੁਰਾਏ । ਇਕ ਅਗਰਾ ਸੇਠੀ ਆਜਜੁ ਹੈ, ਪਰ ਧਰਮ ਚਰਣ ਚਿਲਾਏ । ੨ । ੫ । |

| | |
|---|---|
| ਹੱਥ ਲਿਖਤ ਨੰ | : MS 417 |
| ਸਿਰਲੇਖ | : ਛਪੈ |
| ਲੇਖਕ | : ਰਜਬ ਜੀ (ਦਾਦੂ ਪੰਥੀ ) |
| ਪੱਤਰੇ | : 46-107 |
| ਅਕਾਰ | : 11X8 ਸ.ਮ. ਲਿਖਤ: 7X5 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ ।ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਦੋ ਦੋ ਲਾਲ ਅਤੇ ਵਿਚਕਾਰ ਇਕ ਮੋਟੀ ਕੇਸਰੀ ਲਕੀਰ ।ਸਤਰਾਂ ਪ੍ਰਤੀ ਪੰਨਾ-7 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਆਮ ਕਰਕੇ ਠੀਕ, ਲਿਖਾਈ ਸੁੰਦਰ। |
| ਆਰੰਭ | : ॥ ੧ੳ ॥ ਸਤਿਗੁਰ ਪ੍ਰਸਾਦਿ ॥ ਅਥ ਰਜਬ ਜੀ ਕੇ ਛਪੈ ਲਿਖਯਤੇ ॥ ਛਪੈ ॥ ਬੈਰਾਗ ਰਮੈ ਬਿਤੋ ਅਸਟ ਕਲ ਪਾਰਸ ਧਰੀਯਹ ॥ ਕਲਪ ਬ੍ਰਿਛ ਬਨਰਾਇ ਫੂਲ ਫਲ ਅਮਰਸ ਭਰੀਯਹ ॥ |
| ਅੰਤ | : ਅਬ ਯਾ ਪਰ ਉਲਟੀ ਕਹੈ ਜਨ ਰਜਿਬ ਤਾਂ ਸਿਉ ਡਰੇ ॥99॥ ਛਪੈ ਸੰਪੂਰਨ ॥ ਸਮਾਪਤੰ। |

| | |
|---|---|
| ਹੱਥ ਲਿਖਤ ਨੰ | : MS 418 |
| ਸਿਰਲੇਖ | : ਗੁਰ ਚੇਲੇ ਕਾ ਸੰਬਾਦ |
| ਲੇਖਕ | : ਚਰਣਦਾਸ |
| ਸਮਾਂ | : ਸੰਮਤ 1843 |
| ਪੱਤਰੇ | : ਪੰਨੇ ਨੰ : ਫਟੇ ਹੋਏ ਹਨ |
| ਅਕਾਰ | : 16X14 ਸ.ਮ. ਲਿਖਤ: 11X9 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-9 ਹਨ। |
| ਆਮ ਵੇਰਵਾ | : ਪੋਥੀ ਦੀ ਇਕ ਨੁੱਕਰ ਬੁਰੀ ਤਰਾਂ ਕਿਰਮ ਖੁਰਦਾ ਹੈ ; ਕਈ ਪਤਰਿਆਂ ਤੋਂ ਲਿਖਾਈ ਵੀ ਫਟੀ ਹੋਈ ਹੈ । ਅਧੂਰੀ ਹੈ । ਪੰਨਾ ਨੰਬਰ ਵੀ ਫਟੇ ਹੋਏ ਹਨ। |
| ਆਰੰਭ | : ੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਸੁਖਦੇਵ ਜੀ ਸਹਾਇ ॥ ਅਥ ਸ੍ਰੀ ਗੁਰ ਚੇਲੇ ਕਾ ਸੰਬਾਦ ॥ ਅਸ੍ਰਾਂਗ ਜੋਗ ਸਾਰ ਸ੍ਰੀ ਚਰਣ ਦਾਸ ਜੀ ਕ੍ਰਿਤ ਲਿਖਤੇ ਸਿਖ ਬਚਨ। |
| ਅੰਤ | : ਇਤਿ ਸ੍ਰੀ ਗੁਰ ਚੇਲੇ ਲੋਕਾ ਸੰਬਾਦ ਅਸ੍ਰਾਂਗ ਜੋਗ ਸੰਸਾਰ ਸੰਪੂਰਣੰ ਸਮਾਪਤੰ । ਮਿਤੀ ਭਾਦ੍ਰੋਂ ਸੁਦੀ ਤੀਜ ਸੰਬਤ ੧੮੪੩ |

| | |
|---|---|
| ਹੱਥ ਲਿਖਤ ਨੰ | : MS 419 ਸੰਗ੍ਰਹਿ |
| ਸਿਰਲੇਖ | : ਗੁਰਬਾਣੀ |
| ਪੱਤਰੇ | : 1-378 ੳ |
| ਅਕਾਰ | : 19X13 ਸ.ਮ. ਲਿਖਤ: 12X8 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 10 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਆਮ ਕਰਕੇ ਠੀਕ, ਪੋਥੀ ਦੇ ਪਹਿਲੇ ਭਾਗ ਵਿਚ ਵੱਖ ਵੱਖ ਪਾਤਸ਼ਾਹੀਆਂ ਦੀ ਬਾਣੀ ਹੈ । ਕਈ ਥਾਵਾਂ ਤੇ ਕਾਨੀ ਬਦਲੀ ਹੋਈ ਹੈ। |
| ਆਰੰਭ | : ੧ੳ ਸਿਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰਗ ਗੁਰਪ੍ਰਸਾਦਿ। ੧. ਜਪੁਜੀ ਸਾਹਿਬ ੨. ਰਹਿਰਾਸ ੩. ਕੀਰਤਨ ਸੋਹਿਲਾ ਤੇ ਹੋਰ ਬਾਣੀਆਂ |

ਅੰਤ : ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਤਿ ਥਾਪਹਿ ਕਰਿ ਥਟੂਆ। ੨ ॥ 20 ॥

ਹੱਥ ਲਿਖਤ ਨੰ : MS 419 ਅ
ਸਿਰਲੇਖ : ਗੁਰਬਾਣੀ ਪਾਤਸ਼ਾਹੀ 10
ਪੱਤਰੇ : 1-296
ਅਕਾਰ : 19X13 ਸ.ਮ. ਲਿਖਤ: 12X8 ਸ.ਮ.
ਵੇਰਵਾ : ਓਹੀ । ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ –10 ਹਨ।
ਆਮ ਵੇਰਵਾ : ਪੋਥੀ ਦੇ ਦੂਸਰੇ ਭਾਗ ਵਿਚ ਤਕਰੀਬਨ ਸਾਰੀ ਬਾਣੀ ਪਾਤਸ਼ਾਹੀ 10 ਨਾਲ ਸਬੰਧਤ ਹੈ। ਲਿਖਾਈ ਸੁੰਦਰ ਅਤੇ ਪੋਥੀ ਦੀ ਹਾਲਾਤ ਆਮ ਕਰਕੇ ਠੀਕ ਹੈ । ਪੋਥੀ ਦੇ ਇਸ ਭਾਗ ਵਿਚ ਦਸਵੀਂ ਪਾਤਸ਼ਾਹੀ ਨਾਲ ਸਬੰਧਤ ਬਾਣੀ ਦਰਜ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਜਾਪੁ ਸ੍ਰੀ ਮੁਖਵਾਕ ਪਾਤਸ਼ਾਹੀ 10 ॥ ਛਪੈ ਛੰਦ ਤ੍ਵ ਪ੍ਰਸਾਦਿ।
ਅੰਤ : ਇਤਿ ਸ੍ਰੀ ਗਿਆਨ ਪ੍ਰਬੋਧ ਸੰਪੂਰਨ ਸ੍ਰੀ ਰਾਮ ਸ੍ਰੀ ਗੁਰੂ ਨਾਨਕ ਸਾਹਿਬ ਜੀ, ਬਖਸਿੰਦ।

ਹੱਥ ਲਿਖਤ ਨੰ : MS 420
ਸਿਰਲੇਖ : ਗੁਰਬਿਲਾਸ, ਪਾਤਸ਼ਾਹੀ 10
ਲੇਖਕ : ਸੁਖਾ ਸਿੰਘ
ਲਿਖਾਰੀ : ਪ੍ਰੇਮ ਸਿੰਘ
ਸਮਾਂ : 1911 ਵਿਕਰਮੀ (1854 A.D.)
ਪੱਤਰੇ : 1–390 ਅ
ਅਕਾਰ : 20X18 ਸ.ਮ. ਲਿਖਤ: 16X15 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਇਕ ਕਾਲੀ ਲਕੀਰ ।ਸਤਰਾਂ ਪ੍ਰਤੀ ਪੰਨਾ - 17 ਹਨ।
ਆਮ ਵੇਰਵਾ : ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : ੧ਓ ਸਤਿਗੁਰ ਪ੍ਰਸਾਦਿ, ਵਾਹਿਗੁਰੂ ਜੀ ਕੀ ਫਤੇ ਹੈ । ਅਥ ਗੁਰ ਬਿਲਾਸ ਲਿਖਯਤੇ ਪਾਤਿਸ਼ਾਹੀ ਦਸਵੀਂ ਕੇ ਚਰਿਤ੍ਰ । ਦੋਹਰਾ । ਸਗਲ ਬਿਘਨ ਅਘ ਹਰਨ ਕੋ ਤਿਮਰ ਤਾਪ ਅਗਿਯਾਨ।
ਅੰਤ : ਇਤਿ ਸ੍ਰੀ ਗੁਰ ਬਿਲਾਸ ਸਾਖੀ ਬਾਲੇ ਰਾਇ ਜਨਵਾਰੇ ਕੇ ਈਸਵਰ ਕੀ ਬਰਨਨੰ ਨਾਮ ਇਕਤੀਸਮੋ ਧਿਆਉ ਸਮਾਪਤਮੰ -ਸ਼ੁਭ ਸ਼ੁਭ।
ਪੋਥੀ ਲਿਖੀ ਕਤਕਿ ਦੀ ਦੀਵਾਲੀ । ਪੂਰਨ ਕੀਤੀ ਸ੍ਰੀ ਅਕਾਲ ਸਹਾਇ, ਦੇਵੀ ਕ੍ਰਿਪਾ ਅਤਿ ਸੇ ਭਈ ਦਾਸ ਪ੍ਰੇਮ ਸਿੰਘ ਉਤਰਿ ਲੇਓ ਬਹੁ ਭਾਇ । ਸੰਮਤ 1911 ਉਨੀਆ ਤੇ ਦੁਤੀਆ" ।
ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਹੱਥ ਲਿਖਤ ਨੰ : MS 433
ਸਿਰਲੇਖ : ਰਾਮ ਚਰਤ੍ਰ ਮਾਨਸ, (ਰਮਾਇਣ - ਤੁਲਸੀ ਦਾਸ)
ਲੇਖਕ : ਰੁਲਦੂ ਰਾਮ ਨਜੜਵਾਸੀ
ਲਿਖਾਰੀ : ਹੀਰਾ ਸਿੰਘ
ਸਮਾਂ : ਸੰਮਤ 1904
ਪੱਤਰੇ : 1-400 ਅ
ਅਕਾਰ : 26X18 ਸ.ਮ. ਲਿਖਤ: 18X15 ਸ.ਮ.

| | |
|---|---|
| ਵੇਰਵਾ | : ਜਿਲਦ ਗੱਤਾ, ਕਪੜਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ, ਦੋ ਦੋ ਕਾਲੀਆਂ, ਦੋ ਦੋ ਕੇਸਰੀ ਅਤੇ ਵਿਚਕਾਰ ਇਕ ਮੋਟੀ ਕੇਸਰੀ ਲਕੀਰ। ਸਤਰਾਂ ਪ੍ਰਤੀ ਪੰਨਾ-12 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਠੀਕ ਠੀਕ, ਲਿਖਾਈ ਸੁੰਦਰ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । |
| ਆਰੰਭ | : ੴ ਸ੍ਰੀ । ਸ੍ਰੀ ਸ੍ਰੀ ਗਣੇਸਾਯ ਨਮ:। ਸ੍ਰੀ ਰਾਮ ਚੰਦ ਪਰਮਾਤਮਨੇ ਨਮ:॥ ਸ੍ਰੀ ਸੀਤਾ ਬਲਭਾਇ ਨਮ:॥ ਸ੍ਰੀ ਗਵਰੀ ਸੰਕਰਾਯ ਨਮ:। ਸ੍ਰੀ ਸਤਿ ਗੁਰਾਇਨ ਨਮ:॥ ਅਥ ਬਾਲ ਕਾਂਡ ਲਿਖਤੇ ॥ ਗੁਸਾਈ ਤੁਲਸੀ ਦਾਸ ਕ੍ਰਿਤ ॥ ਸਲੋਕੁ । ਵਰਣਾ ਨਾਮ ਰਥ ਸੰਘਾ: ਨਾਂਚਸਾਨਾਂ ਛੰਦ ਸਾਮਪਿ ॥ |
| ਅੰਤ | : ਇਤਿ ਸ੍ਰੀ ਰਾਮ ਚਰਤ੍ਰ ਮਾਨਸੇ ਸਕਲ ਕਲਖ ਵਿ ਸ੍ਵੰਸ ਨੇ ਉਤ੍ਰ ਕਾਂਡੇ ਭਗਤ ਪ੍ਰਕਾਸ ਸਮਾਪਤੰ ਸੁਭ ਮਸਤ ਸੰਬਤ 1904 ਵਿਚ ਪੋਥੀ ਲਿਖੀ ਲਿਖਾਈ ਰੁਲਦੂਰਾਮ ਨਜੜ ਵਾਸੀ ਸਾਰੋਦੇ ॥ |

| | |
|---|---|
| ਹੱਥ ਲਿਖਤ ਨੰ | : MS 434 |
| ਸਿਰਲੇਖ | : ਆਦਿ ਕਥਾ ਰਮਾਇਣ |
| ਲੇਖਕ | : ਮਿਹਰਬਾਨ |
| ਲਿਖਾਰੀ | : ਰਾਮ ਚੰਦ |
| ਸਮਾਂ | : ਸੰਮਤ 1943 |
| ਪੱਤਰੇ | : 1- 171 |
| ਅਕਾਰ | : 30X15 ਸ.ਮ. ਲਿਖਤ: 22X9 ਸ.ਮ. |
| ਵੇਰਵਾ | : ਜਿਲਦ ਗੱਤਾ ਰੈਕਸੀਅਨ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-9 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਸੁੰਦਰ, ਪਹਿਲੇ ਪੰਨੇ ਉਪਰ ਡੀਜ਼ਾਈਨ ਬਣਾਇਆ ਹੋਇਆ ਹੈ । ਅਖੀਰ ਵਿਚ ਕੁਝ ਪੱਤਰੇ ਫਟੇ ਹੋਏ ਹਨ।ਇਸ ਤੋਂ ਅੱਗੇ ਤਿੰਨ ਚਾਰ ਪੱਤਰੇ ਕਾਲੀ ਸਿਆਹੀ ਨਾਲ ਲਿਖੇ ਹੋਏ ਹਨ ਜੋ ਇਸ ਰਚਨਾ ਨਾਲ ਸਬੰਧਤ ਨਹੀਂ ਹਨ । ਵਿਚ ਵਿਚ ਕਈ ਪੰਨਿਆ ਉਪਰ ਧੱਬੇ ਪਏ ਹੋਏ ਹਨ, ਲਿਖਾਈ ਸਪਸ਼ਟ ਨਹੀਂ ਹੈ ਪੰਨਿਆ ਦੇ ਨੰਬਰ ਵੀ ਸਪਸ਼ਟ ਨਹੀਂ ਹਨ । |
| ਆਰੰਭ | : ੴ ਸਤਿਗੁਰ ਪ੍ਰਸਾਦਿ, ਅਬ ਆਦਿ ਕਥਾ ਰਾਮਾਇਣ ਲਿਖਯਤੇ ॥ ਸਲੋਕੁ ॥ ਰਾਮ ਨਾਮੁ ਨਿਤ ਸਿਮਰੀਐ ਜਿਸੁ ਸਿਉ ਤੇਰਾ ਕਾਮੁ॥ |
| ਅੰਤ | : ਤਬ ਗੁਰੂ ਮੇਹਿਰਵਾਨ ਜੀ ਕਹਿਤਾ ਹੈ ਭਾਈ ਸਾਧੋ ਜੋ ਕੋਈ ਇਹੁ ਇਹ ਸ੍ਰੀ ਰਾਮ ਚੰਦ ਜੀ ਕਾ ਜਸ ਗਾਵੇਗਾ ॥ ਅਰ ਸੁਨੈਗਾ ਅਰ ਲਿਖੈਗਾ ਅਰ ਲਿਖੈਗਾ ਅਰ ਪੜੈਗਾ ਪ੍ਰੀਤ ਸਹਿ ਭਰਿ ਦੇ ਮਹਿ ਧਾਰੇਗਾ ਸੁ ਵੈਕੁਟ ਪੁਰੀ ਜਾਏ ਵਾਸਾ ਪਾਵੈਗਾ ਇਸਤੇ ਬਹੁਤ ਫਲਾ ਕਿਆਂ ਕਹੋ ॥ ਬੋਲੋ ਭਾਈ ਜੀ ਵਾਹਿਗੁਰੂ ਧਨ ਗੁਰੂ ਸਤ ਗੁਰੂ ਸਤਨਾਮ ਕਰਤਾ ਪੁਰਖ ਸਤਿਗੁਰ ਪ੍ਰਸਾਦਿ ॥ ਸਲੋਕ ॥ ਸ੍ਰੀ ਰਾਮ ਚੰਦ ਪੂਰਨ ਪੁਰਖ ਸਰਜੂ ਕੀਉ ਬਿਸਰਾਮ ॥ ਭਾਤ ਸਹਿਤ ਸੀਤਾ ਸਹਿਤਰ ਗਏ ਬੈਕੁਠ ਪੁਰਧਾਮੁ ॥ ਨਗਰੀ ਸਗਲ ਅਜੁਧ੍ਯਾ ਭੇਜੀ ਸ੍ਵਰਗ ਮੰਝਾਰੁ ॥ ਜੋ ਕੋਈ ਪਰਹੈ ਰਾਮ ਜਸ ਜਨ ਨਾਨਕ ਪਾਵੈਪਾਰੁ ॥ ਸ੍ਰੀ ਰਾਮ ਚੰਦ ਜੀ ਸਤਿ ॥ ਸਮਤ ਪੋਥੀ ਇਸਕਾਲ ਲਿਖਿਆ ਕੁਲੀ ਪ੍ਰਕਾਰੁ ॥ ਉਨੀ ਸੈ ਤ੍ਰੈਤਾਲੀ ਸੁਭ ਨਿਛਤ੍ਰ ਦਿਸਵਾਰੁ ॥ ਮਾਸ ਅਸੂ ਕੀ ਚਤਰਥੀ ਪੋਥੀ ਲਿਖੀ ਬਨਾਇ ॥ ਰਾਮ ਚੰਦ ਹੈ ਨਾਮ ਤਿਸ ਪਰੇ ਜੋਈ ਫਲ ਪਾਏ ॥ ਇਤ ਰਮਾਇਣ ਮੇਹਿਰਵਾਨ ਕ੍ਰਿਤ ਸਪਾਪਤਰਾ ॥ ਸਭੰਮਸਤ ਸੁਭ ਮਸਤੁ ॥ ਬਿਉਮੇ ਨਗਰਪੁਰ ਮੈ ਬਸੈ ਜਸਰਥ ਵਲ ਸੁਤੁ ਨਾਮ । ਆਗੇ ਵਕਤਾ ਸੋਧ ਲੇਹ ਹਮ ਬਹੁ ਬਿਧ ਭੁਲ ਲਿਖਾਮੁ ॥ ਦਸਤਖਤ ਰਾਮ ਚੰਦ ਅਣਦਨੀ ਲੇਵਾ ਲਾਭ ਰਾਵਾਨ ਦਾਸ ਜੀ ਕਾ ਬੇਟਾ ॥ |

| | |
|---|---|
| ਹੱਥ ਲਿਖਤ ਨੰ | : MS 436 |
| ਸਿਰਲੇਖ | : ਸਾਖੀਆ (ਦਸਾਂ ਪਾਤਿਸਾਹੀਆਂ ਕੀਆਂ) |
| ਪੱਤਰੇ | : 1-402 |
| ਅਕਾਰ | : 33X25 ਸ.ਮ. ਲਿਖਤ: 24X16 ਸ.ਮ. |
| ਵੇਰਵਾ | : ਜਿਲਦ ਗੱਤਾ, ਕਪੜਾ, ਉਖੜੀ ਹੋਈ ; ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ, ਦੋ ਦੋ ਕੇਸਰੀ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 15 ਹਨ। |
| ਆਮ ਵੇਰਵਾ | : ਗ੍ਰੰਥ ਦੀ ਲਿਖਾਈ ਸੁੰਦਰ। ਅਖੀਰ ਤੋਂ ਕੁਝ ਪੱਤਰੇ ਫਟੇ ਹੋਏ ਹਨ। |
| ਆਰੰਭ | : ੧ੴ ਸਤਿਗੁਰ ਪ੍ਰਸਾਦਿ, ਰਾਗ ਰਾਮ ਕਲੀ ਮਹੁਲਾ ੧ ਤਦਿ ਬਾਬਾ ਬਿਹੰਗਮ ਪੰਖੀ ਕੇ ਰੂਪਿ ਥਾ ਏਕ ਨਾਮੁ ਕਾ ਅਦਾਰ ਥਾ ਖਾਤਾ ਕੁਛ ਨ ਥਾ" । ਪੰਚ ਤਤ ਨਿਰਿਬਾਣ ਥਾ" । ਉਨਾ ਕੀ ਦੇਹੀ ਥੀ ਬਾਬੇ ਕੀ । |
| ਅੰਤ | : ਸਾਖੀਆਂ ਦਾ ਤਤਕਰਾ, ਪਾਤਸਾਹੀ ੧ ਪਾਤਿਸਾਹੀ ੨, ਪਾਤਿਸਾਹੀ ੩, ਪਾਤਿਸਾਹੀ ੪, ਪਾਤਸਾਹੀ ੫, ਪਾਤਿਸਾਹੀ ੬, ਪਾਤਿਸਾਹੀ ੭, ਪਾਤਿਸਾਹੀ ੮, ਪਾਤਿਸਾਹੀ ੯, ਪਾਤਿਸਾਹੀ ੧● ।<br>ਇਕ ਸੌ ਤੇ ਸਠਿ ਸਾਖੀਆਂ ਪੂਰੀਆਂ ਹੋਈਆਂ, ਬੋਲਹ ਭਾਈ ਵਾਹਿਗੁਰੂ ਜੀ ਕੀ ਫਤੇ ਹੈ। |

| | |
|---|---|
| ਹੱਥ ਲਿਖਤ ਨੰ | : MS 439 ਸੰਗ੍ਰਹਿ |
| ਸਿਰਲੇਖ | : ਜਫਰਨਾਮਹ, ਸ੍ਰੀ ਮੁਖਬਾਕ (ਮੁਖਵਾਕ) ਪਾਤਿਸ਼ਾਹੀ 10 |
| ਸਮਾਂ | : ਸੰਮਤ 1762 |
| ਪੱਤਰੇ | : 1-70 ਅ |
| ਅਕਾਰ | : 16X11 ਸ.ਮ. ਲਿਖਤ: 11X 8 ਸ.ਮ. |
| ਵੇਰਵਾ | : ਜਿਲਦ ਗਤਾ, ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ ।ਇਸ ਵਿਚ ਪੈਰ ਵਿਚ ਬਿੰਦੀ ਪਾਉਣ ਦੀ ਅਲਹਿਦਾ ਹੀ ਤਕਨੀਕ ਵਰਤੀ ਗਈ ਹੈ। ਸਤਰਾਂ ਪ੍ਰਤੀ ਪੰਨਾ-9 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਆਮ ਕਰਕੇ ਠੀਕ, ਲਿਖਾਈ ਸੁੰਦਰ, ਪੋਥੀ ਦੇ ਆਰੰਭ, ਵਿਚ ਅਤੇ ਅੰਤ ਵਿਚ ਇੰਜ ਲਿਖਿਆ ਹੋਇਆ ਹੈ : |
| ਆਰੰਭ | : ੧ੴ ਹੁਕਮੁ ਸਤਿ ਸ੍ਰੀ ਵਾਹਿਗੁਰੂ ਜੀ ਕੀ ਫਤਹ ਜਫ਼ਰਨਾਮਹ ਸ੍ਰੀ ਮੁਖਬਾਕ ਪਾਤਿਸਾਹੀ॥10॥ ਕਮਾਲੇ ਕਰਾਮਾਤ .ਕਾਯਮ ਕਰੀਮ ॥ ਰਜ਼ਾ ਬਖਸ਼ ਰਾਜ.ਕ ਰਹਾ ਕੋ ਰਹੀਮ ॥ |
| ਅੰਤ | : ਲਬਾ ਲਬ ਬਾ: ਕੁਨ ਦਮ ਬ: ਦਮ ਨੌਸ ਕੁਨ ॥ ਗਮੇ ਹਰ ਦੁ ਆਲਮ ਫਰਾਮੋਸ ਕੁਨ। |

| | |
|---|---|
| ਹੱਥ ਲਿਖਤ ਨੰ | : MS 439 ਅ |
| ਸਿਰਲੇਖ | : ਜਿੰਦਗੀ ਨਾਮਹ |
| ਲੇਖਕ | : ਨੰਦ ਲਾਲ ਜੀ, ਭਾਈ |
| ਪੱਤਰੇ | : 71 - 111 |
| ਅਕਾਰ | : 16X11 ਸ.ਮ. ਲਿਖਤ: 11X8 ਸ.ਮ. |
| ਵੇਰਵਾ | : ਓਹੀ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-9 ਹਨ। |
| ਆਮ ਵੇਰਵਾ | : ਰਚਨਾ ਦੇ ਇਸ ਭਾਗ ਵਿਚ ਕਾਨੀ ਬਦਲੀ ਹੋਈ ਹੈ । ਅਖੀਰਲੇ ਪੰਨੇ ਉਪਰ ਉਰਦੂ ਵਿਚ ਕੁਝ ਲਿਖਿਆ ਹੋਇਆ ਹੈ। |

ਆਰੰਭ : ਬੈਂਤ ਭਾਈ ਨੰਦ ਲਾਲ ਜੀ ਕੇ ਲਿਖਤੇ ॥ ਜਿੰਦਗੀ ਨਾਮਾਹ ॥ ੧ੳੱ ਸਤਿਗੁਰ ਪ੍ਰਸਾਦਿ, ਆਂ ਖੁਦਾਵੰਦੇ ਜਮੀਨੋ ਆਸਿਆਂ।

ਅੰਤ : ਸੰਪੂਰਣ ਬੈਤ ਭਾਈ ਨੰਦ ਲਾਲ ਜੀ ਕੇ ਵਾਕ ਰਸਨਾ ਕੇ ।

ਹੱਥ ਲਿਖਤ ਨੰ : MS 440

ਸਿਰਲੇਖ : ਪ੍ਰਚੀ ਪ੍ਰੇਮ ਅੰਬੋਧ ਜੀ

ਸਮਾਂ : ਸੰਮਤ 1750

ਪੱਤਰੇ : 1-395

ਅਕਾਰ : 14X10 ਸ.ਮ. ਲਿਖਤ: 10X7 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ,ਸਿਆਹੀ ਕਾਲੀ, ਸਤਰਾਂ ਪ੍ਰਤੀ ਪੰਨਾ -7 ਹਨ।

ਆਮ ਵੇਰਵਾ : ਅਖੀਰ ਪੋਥੀ ਨਾਲੋਂ ਪੱਤਰੇ ਉਖੜੇ ਹੋਏ ਹਨ ਅਤੇ ਇਕ ਦੋ ਪੰਨਿਆਂ ਉਪਰ ਮੁਹਾਰਨੀ ਦੇ ਕੁਝ ਅੱਖਰ ਲਿਖਕੇ ਛੱਡਿਆ ਹੋਇਆ ਹੈ । ਕੁਝ ਪੱਤਰੇ ਕਿਰਮ ਖੁਰਦਾ ਹਨ।

ਆਰੰਭ : ੧ੳੱ ਸਤਿਗੁਰ ਪ੍ਰਸਾਦਿ- ਅੱਥ ਪ੍ਰਚੀ ਪ੍ਰੇਮ ਅੰਬੋਧ ਜੀ ॥ ਆਦਿ ਪ੍ਰਚੀ ॥ ਦੋਹਰਾ॥ ਓਅੰਨਮੋ ਪਰਮਾਤਮਾ ਪੂਰ ਰਹਿਓ ਸਭ ਅੰਗੁ ॥ ਆਦਿ ਮਧ ਫੁਨ ਅੰਤ ਇਕ ਤਾਕੇ ਜਗਤ ਤਰੰਗ ।

ਅੰਤ : ਦੋਹਰਾ ॥ ਪ੍ਰੇਮ ਮਹੋ ਦਧਿ ਪੈਠਿ ਕੈ ਜੇ ਕੋ ਗੋਤਾ ਖਾਇ ॥ ਹਰਿ ਰਤਨੁ ਅਮੋਲੁਕ ਹਾਥਿ ਤਿਸ ਸਹਜੇ ਸਤਿਗੁਰ ਪਲੈ ਪਾਇ ॥ ਪਰਚੀਆਂ ਸੋਲਾ ਪੁਰਨੰ।

ਹੱਥ ਲਿਖਤ ਨੰ : MS 441

ਸਿਰਲੇਖ : ਸੁੰਦਰ ਸਿੰਗਾਰ

ਲੇਖਕ : ਰਾਇ, ਮਹਾ ਕਵਿ

ਪੱਤਰੇ : 1-77 ੳ

ਅਕਾਰ : 13 X 17 ਸ.ਮ. ਲਿਖਤ: 7.5 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ।ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 17 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਮਾੜੀ, ਕਿਰਮ ਖੁਰਦਾ, ਲਿਖਾਈ ਵਿਚਕਾਰੋਂ ਪੰਨਿਆਂ ਤੋਂ ਫਟੀ ਹੋਈ ਹੈ ॥ ਹਾਸ਼ੀਏ ਵਾਲੀ ਥਾਂ ਤੇ ਲਿਖਿਆ ਹੋਇਆ ਹੈ । ਲਿਖਾਈ ਸੁੰਦਰ ਹੈ।

ਆਰੰਭ : ੧ੳੱ ਸ੍ਰਿ ਸਤਿ ਸ੍ਰੀ ਗਣੇਸਾਯਨਮ ॥ ਅਥ ਸੁੰਦਰ ਸਿੰਗਾਰ ਮਹਾਕਵਿ ਰਾਇ ਕ੍ਰਿਤ ਲਿਖਯਤੇ ॥ ਦੋਹਰਾ ॥ ਦੇਵੀ ਪੂਜ ਸਰਸ੍ਰਤੀ ਪੂਜੋ ਹਰਿ ਕੇ ਪਾਇ।

ਅੰਤ : ਕਰੁਵੇ ਭੇਖਜ ਬਿਨੁ ਪੀਯੇ ਮਿਟਤ ਨ ਤਨ ਕੋ ਤਾਪ॥26॥
ਲਿਖਾਈ ਸੁੰਦਰ ਹੈ ।

ਹੱਥ ਲਿਖਤ ਨੰ : MS 442 ਸੰਗ੍ਰਹਿ

ਸਿਰਲੇਖ : ਮੈਨਾਵੰਤੀ

ਲੇਖਕ : ਛਿਬੱਰ, ਕੇਸਰਿ ਸਿੰਘ

ਪੱਤਰੇ : ਇੱਕ ਪੰਨਾ

ਅਕਾਰ : 16X10 ਸ.ਮ. ਲਿਖਤ: 7X11 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ - 4 ਹਨ।

| | |
|---|---|
| ਆਮ ਵੇਰਵਾ | : ਇਕ ਪੰਨੇ ਉਪਰ ਚਾਰ ਸਤਰਾਂ ਵਿਚ ਰਚਨਾ ਬਾਰੇ ਲਿਖਿਆ ਹੋਇਆ ਹੈ । ਕਾਨੀ ਬਦਲੀ ਹੋਈ ਹੈ । |

| | |
|---|---|
| ਹੱਥ ਲਿਖਤ ਨੰ | : MS 442 ਅ |
| ਸਿਰਲੇਖ | : ਉਦਾਸੀ ਗੋਪੀ ਚੰਦ ਭਰਥਰੀ ਕੀ |
| ਸਮਾਂ | : ਸੰਮਤ 1890 |
ਆਮ ਵੇਰਵਾ : ਇਸ ਪੋਥੀ ਨੂੰ ਉਰਦੂ ਫ਼ਾਰਸੀ ਵਿਚ ਲਿਖਿਆ ਹੋਇਆ ਹੈ ਅਤੇ ਲੇਖਕ ਨੇ ਇਸ ਪੋਥੀ ਦਾ ਅਨੁਵਾਦ ਪੰਜਾਬੀ ਵਿਚ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਕੁਝ ਪੱਤਰੇ ਕੀਤੇ ਵੀ ਹਨ ਬਾਅਦ ਵਿਚ ਅਧੂਰੀ ਛੱਡ ਦਿੱਤੀ ਹੈ । ਇਹ ਪੋਥੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਜਨਮ ਤੋਂ ਸ਼ੁਰੂ ਕੀਤੀ ਹੈ ।

ਆਰੰਭ : ਔਰੰਗਜ਼ੇਬ ਦਾ ਜਨਮ 15 ਜੀ ਕਾਦਾ 1027 ਹਿਜਰੀ (24ਅਕਤੂਬਰ 1618 = ਸੰਮਤ ਸੈ ਪਝੰਤਰ ਬਿ :ਮਿਤੀ ਕਤਿਕ 24) ਨੂੰ ਮਾਲਵਾ ਤੇ ਗੁਜਰਾਤ ਦੇ ਸਰਹੱਦੀ ਨਗਰ 'ਦੋਹਦ' ਵਿਚ ਉਸ ਮੌਕੇ ਹੋਇਆ ।

ਅੰਤ : ਔਰੰਗਜ਼ੇਬ ਨੇ ਇੰਵ ਪ੍ਰਬੰਧ ਵਲ ਪੂਰਾ ਧਿਆਨ ਦੇ ਕੇ, ਦੇਸ ਦੀ ਉਪਜ ਵਿਚ ਸਵਾਇਆ (25%) ਵਾਧਾ ਕਰ ਦਿਤਾ, ਜਿਹਾ ਕੇ ਉਹ ਇਕ ਚਿੱਠੀ ਵਿਚ ਬਾਦਸ਼ਾਹ ਨੂੰ ਦਸਦਾ ਹੈ । ਇਸ ਤੋਂ ਅੱਗੇ ਉਰਦੂ ਵਿਚ ਲਿਖਿਆ ਹੋਇਆ ਹੈ । ਸਾਰੀ ਕਿਤਾਬ ਵਿਚ ਲਾਈਨਾਂ ਮਾਰਕੇ ਲਿਖਿਆ ਹੋਇਆ ਹੈ ।

ਹੱਥ ਲਿਖਤ ਨੰ : MS 479

ਸਿਰਲੇਖ : ਸ੍ਰੀ ਗੁਰੂ ਬਿਲਾਸ – ਪਾਤਸ਼ਾਹੀ 10

ਲੇਖਕ : ਸੁਖਾ ਸਿੰਘ

ਪੱਤਰੇ : 201

ਅਕਾਰ : 18X17 ਸ.ਮ. ਲਿਖਤ: 13X11 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ – 13 ਹਨ।

ਆਮ ਵੇਰਵਾ : ਗ੍ਰੰਥ ਕਿਰਮ ਖੁਰਦਾ ਹੈ । ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਸੁੰਦਰ ਅਤੇ ਪੜ੍ਹੀ ਜਾਂਦੀ ਹੈ ।: ਸ਼ੁਰੂ ਵਿਚ ਪਹਿਲੇ ਪੱਤਰੇ ਉਪਰ ਕਿਸੇ ਨੇ ਲੇਖਕ ਬਾਰੇ (ਸੁਖਾ ਸਿੰਘ) ਅਤੇ ਸੰਮਤ 1854 ਦਾ ਜਿਕਰ ਕੀਤਾ ਹੋਇਆ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਣ

ਬਾਰੇ ਸੰਮਤ ਅਤੇ ਸਥਾਨ ਬਾਰੇ ਲਿਖਿਆ ਹੋਇਆ ਪੰਨਾ ਨੰ: 532 ਤੇ ਜਿਕਰ ਆਇਆ ਹੈ । ਆਰੰਭ ਵਿਚ ਅਤੇ ਅੰਤ ਵਿਚ ਇੰਵ ਲਿਖਿਆ ਹੋਇਆ ਹੈ

ਆਰੰਭ : ੧ੴ ਸਤਿ ਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ॥ ਅਥ ਸ੍ਰੀ ਗੁਰੂ ਬਿਲਾਸ ਲਿਖਯਤੇ ॥ ਪਾਤਸ਼ਾਹੀ 10 ਕੇ ਚਰਿਤ੍ਰ ॥

ਅੰਤ : ਗੁਰ ਬਿਲਾਸ ਸਾਖੀ ਬਾਲੇ ਰਾਇ ਜਨਵਾਰੇਸਵਰ ਕੀ ਬ੍ਰਨਨੰ॥ ਨਾਮ ਇਕਤੀਸਮੋ ਧਿਆਇ॥ 31 ਅਫਜੂ ॥

ਹੱਥ ਲਿਖਤ ਨੰ : MS 480

ਸਿਰਲੇਖ : ਵਿਚਾਰ ਸਾਗਰੇ

ਲੇਖਕ : ਨਿਸਚਲ ਦਾਸ

ਪੱਤਰੇ : 1-320

ਅਕਾਰ : 32X14 ਸ.ਮ. ਲਿਖਤ: 24X9 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਲਾਲ ਵਿਚਕਾਰ ਇਕ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ - 8 ਹਨ।

ਆਮ ਵੇਰਵਾ : ਗ੍ਰੰਥ ਦੇ ਵੱਖ ਵੱਖ ਅਧਿਆਇ ਕਪੜੇ ਦਾ ਰੋਲ ਬਣਾਕੇ ਬੰਨੇ ਹੋਏ ਹਨ । ਲਿਖਾਈ ਸੁੰਦਰ ਹੈ ਅਤੇ ਪੜ੍ਹਨਯੋਗ ਹੈ ਪਰ ਪਹਿਲਾ ਸਫਾ ਫਟਿਆ ਹੋਇਆ ਹੋਣ ਕਾਰਨ ਪਹਿਲੀਆਂ ਕੁਝ ਸਤਰਾਂ ਪੜ੍ਹੀਆਂ ਨਹੀਂ ਜਾਂਦੀਆਂ ।

ਆਰੰਭ : ਪਹਿਲੇ ਪੰਨੇ ਤੇ ਰਚਨਾ ਦੇ ਸਿਰਲੇਖ ਦੀਆਂ ਸਤਰਾਂ ਫਟੀਆਂ ਹੋਈਆਂ ਹਨ।ਕੁਝ ਸਤਰਾਂ ਤੋਂ ਬਾਅਦ ਇੰਵ ਲਿਖਿਆ ਹੈ: ਅਥ ਮੂਲ ਮੰਗਲ ॥ ਦੋਹਰਾ ਸਾਂਤ ਪ੍ਰਕਾਸ ਸਰੂਪ ਪ੍ਰਤਿ ਨਮੋ ਸਰਬ ਦਾ ਹੋਇ ॥

ਅੰਤ : ਇਤ ਸ੍ਰੀ ਵਿਚਾਰ ਸਾਗਰੇ ਜੀਵਨ ਮੁਕਤ ਬਿਦੇਹ ਮੁਕਤ ਵਰਣਨੰ ਨਾਮ ਸਪਤਮ ਤ੍ਰੰਗ : ਸਪੂਰਨੰ ਮਸਤ ਸੁਭ ਮਸਤ ॥

ਹੱਥ ਲਿਖਤ ਨੰ : MS 481

ਸਿਰਲੇਖ : ਜਪੁ ਟੀਕਾ ਆਨੰਦ ਘਨ ਜੀ

ਲੇਖਕ : ਰਾਮ ਦਿਆਲ

ਸਮਾਂ : ਸੰਮਤ 1882

ਪੱਤਰੇ : 1-130

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ – 10 ਹਨ।

ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੈ । ਲਿਖਾਈ ਸੁੰਦਰ ਪੋਥੀ ਦੀ ਹਾਲਾਤ ਠੀਕ ਠੀਕ।ਇਸ ਤੋਂ ਅੱਗੇ ਪੱਤਰਾ ਨੰ: 128 ਓਪਰ ਗੋਸਟਿ ਲਾਲ ਸਾਹਿਬਾਜਿ ਗਾਹੜੇ ਨਾਲਿ ਹੋਈ, ਅਤੇ ਹੋਰ ਰਚਨਾ ਵੀ ਹੈ ਜੋ ਅਧੂਰੀ ਹੈ ॥

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਜਪੁ ਟੀਕਾ ਆਨੰਦ ਘਨੰ ਜੀ ॥ ਲਿਖਯਤੇ ॥ ਗੁਰੂ ਨਾਨਕ ਰੁਪੰ ॥ ਕਬਿਤੁ॥

ਅੰਤ : ਪੰ ਨੰ: 127 ਉਪਰ ਸੰਪਤ ਬਾਰੇ ਇੰਵ ਲਿਖਿਆ ਹੈ: ਸੰਪਤ ਪੁਰਾਣ ਸਤਿਅਰਧ ਸਤਿਯੁਗ ਮੁਅਧ ਕਹੈ ਜਾਸੁ ਮੀਨ ਮਾਸੁ ਸੰਕਰ ਪੁਰੀ ਕੀਨੋ ਲਿਯਨ ਬਿਲਾਸ । ਇਤਿ ਸ੍ਰੀ ਗੁਰੂ ਨਾਨਕ ਵੰਸ ਪ੍ਰਸੂਤ॥ ਦਸਮ ਪੁਰਖ ਦੀ ਰਾਮ ਦਿਆਲ ਸਿਖ ਅਨੰਦ ਘਨੁ ਵਿਚਰਤਾ ਸ੍ਰੀ ਜਪਜੀ ਕਾ ਟੀਕਾ ਸਮਾਪਤੰ, ਬੋਲਹੁ ਭਾਈ ਜੀ ਵਾਹਗੁਰੂ ਜੀ ॥ ਸੰਮਤ ਅਟਾਰਾ [ਅਠਾਰਾਂ] ਸੈ ਬਿਆਸੀ ॥

| | |
|---|---|
| ਹੱਥ ਲਿਖਤ ਨੰ | : MS 482 ਸੰਗ੍ਰਹਿ |
| ਸਿਰਲੇਖ | : ਜਪੁ – ਪਰਮਾਰਥ |
| ਲੇਖਕ | : ਦਿਤਾ ਮਲੁ |
| ਸਮਾਂ | : ਸੰਮਤ 1941 |
| ਪੱਤਰੇ | : 1-62 |
| ਅਕਾਰ | : 25X16 ਸ.ਮ. ਲਿਖਤ: 19X12 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ।ਹਾਸ਼ੀਆ ਦੋਵੇ ਪਾਸੇ ਦੋ – ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ –10 ਹਨ। |
| ਆਮ ਵੇਰਵਾ | : ਜਿਲਦ ਉਖੜੀ ਹੋਈ ਹੈ ਲਿਖਾਈ ਕਈ ਥਾਵਾਂ ਤੇ ਧਬਿਆਂ ਵਾਲੀ ਹੈ । ਸਾਰੀ ਪੋਥੀ ਵਿਚ ਪੰਨਾ ਨੰਬਰ ਦੋਹਰੇ ਦਿਤੇ ਹੋਏ ਹਨ । |
| ਆਰੰਭ | : ੧ੴ ਸਤਿ ਗੁਰ ਪ੍ਰਸਾਦਿ ॥ ਰਾਗ ਗੂਜਰੀ ਮਹਲਾ ੧. ਜਪੁ ਅਰਥ ਮਾਲ ਲਿਖਿਆ ॥ ਜੋ ਕੋਈ ਇਸ ਨੂੰ ਪੜ੍ਹੇਗਾ ਲਿਖੇਗਾ ॥ ਤਿਸਕੀ ਪ੍ਰਮਗਤਿ ਹੋਵੇਗੀ ॥ |
| ਅੰਤ | : ਪੋਥੀ ਲਿਖੀ ਦਿਤਾ ਮਲੁ ਬੇਟਾ ਨੌਧੇ ਕਾ ਬਾਨੀਆ ਗਾਮ ਚੰਨਣ ਬਾਲੁ ਮਿਤੀ ਭਾਦੋਂ ਸੁਦੀ ੩ ਸਾਲ ੧੯੪੧ ਪੂਰੀ ਹੋਈ । |

| | |
|---|---|
| ਹੱਥ ਲਿਖਤ ਨੰ | : MS 482 ਅ |
| ਸਿਰਲੇਖ | : ਸਲੋਕ ਕਬੀਰ ਜੀ |
| ਪੱਤਰੇ | : 63-66 ਅ |
| ਅਕਾਰ | : 25 X 16 ਸ.ਮ. ਲਿਖਤ : 19 X 12 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ। |
| ਆਮ ਵੇਰਵਾ | : ਪੋਥੀ ਦੇ ਇਸ ਭਾਗ ਵਿਚ ਕਬੀਰ ਜੀ ਦੇ ਸਲੋਕ ਲਿਖੇ ਹਨ। ਲਿਖਾਈ ਸੁੰਦਰ ਅਤੇ ਸਾਫ਼ ਹੈ। |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਸਲੋਕ ਕਬੀਰ ਜੀ ਕੇ ॥ ਕਨਕ ਕਾਮਨੀ ਕੇ ॥ |
| ਅੰਤ | : ਕਬੀਰ ਮਾਇਆ ਪਾਪਣਿ ਮਾਂਗੀ ਮਿਲੈ ਨ ਹਾਥਿ ॥ ਮਨਹੁ ਉਤਾਰੀ ਝੁਟ ਕਰ ਤਿਓ ਡੋਲੀ ਲਾਗੈ ਸਾਥ ॥ ੫੩ ॥ |

| | |
|---|---|
| ਹੱਥ ਲਿਖਤ ਨੰ | : MS 482 ੲ |
| ਸਿਰਲੇਖ | : ਸਵਈਯੇ |
| ਪੱਤਰੇ | : 67 ੳ –70 ੳ |
| ਅਕਾਰ | : 25 X 16 ਸ.ਮ. ਲਿਖਤ : 19 X 12 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ। |
| ਆਰੰਭ | : ੧ੴ ਸਤਿਗੁਰ ਪਰਸਾਦਿ ॥ ਸਵਈਯੇ ॥ ਨਾਰ ਨਹੀਂ ਹੈ ਨਾਗਨ ਕਾਰੀ ॥ ਦੇਖਨਿ ਮੈ ਬਹੁ ਕੋਮਲ ਦੀ ਸਭਿ ਪਰਸ ਕੀਏ ਮਾਰੇ ਹਤਿਆਰੀ ॥ |
| ਅੰਤ | : ਤਾਤੇ ਤੁਮ ਸਰਨੀ ਪ੍ਰਭੁ ਕਰਿ ਕ੍ਰਿਪਾ ਹਰ ਰਾਇ ॥ ਭਵ ਸਾਗਰ ਮਹਾ ਬਿਖਮੁ ਹੈ ਤਿਸਤੇ ਲੇਹੁ ਬਚਾਇ । ੨॥ ਇਸ ਤੋਂ ਬਾਅਦ ਕੁਝ ਕੁੰਡਲੀ ਬਨਾਈ ਹੋਈ ਹੈ । |

| | |
|---|---|
| ਹੱਥ ਲਿਖਤ ਨੰ | : MS 482 ਸ |
| ਸਿਰਲੇਖ | : ਨਸੀਹਤ ਨਾਮਾ |
| ਲੇਖਕ | : ਸੁੰਦਰ ਸਿੰਘ |
| ਪੱਤਰੇ | : 71 ਅ – 72 ਅ |
| ਅਕਾਰ | : 25 X 16 ਸ.ਮ. ਲਿਖਤ : 19 X 12 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ –13 ਹਨ। |
| ਆਮ ਵੇਰਵਾ | : ਇਸ ਰਚਨਾ ਵਿਚ ਕਾਨੀ ਬਦਲੀ ਹੋਈ ਹੈ ਅਤੇ ਇਹ ਰਚਨਾ ਸ਼ੁਰੂ ਹੋਣ ਤੋਂ ਪਹਿਲਾਂ ਦੋ ਪੱਤਰੇ ਖਾਲੀ ਛੱਡੇ ਹੋਏ ਹਨ। |
| ਆਰੰਭ | : ੧ਓ ਸਤਿਗੁਰ ਪ੍ਰਸਾਦਿ ॥ ਰਾਗ ਤਿਲੰਗ ਮਹਲਾ ੧ ॥ ਨਸੀਹਤਨਾਮਾ |
| ਅੰਤ | : ੧ਓ ਸਤਿਗੁਰ ਪ੍ਰਸਾਦਿ ॥ ਨਸੀਹਤ ਨਾਮਾ ਸੰਪੂਰਣ ਕੀਤਾ ਸੁੰਦ੍ਰ ਸਿੰਘ ਨੇ ਬਾਬੇ ਨਾਨਕ ਜੀ ਦੀ। ਅੱਗੇ ਸਿਆਹੀ ਦੇ ਧੱਬੇ ਪੈਣ ਕਾਰਣ ਲਿਖਤ ਅਸਪਸ਼ਟ ਹੈ ਜੋ ਪੜ੍ਹੀ ਨਹੀਂ ਜਾਂਦੀ । ਬਾਅਦ ਵਿਚ ਇਕ ਪੱਤਰਾ ਹਾਸ਼ੀਏ ਵਾਲਾ ਖਾਲੀ ਹੈ । |

| | |
|---|---|
| ਹੱਥ ਲਿਖਤ ਨੰ | : MS 483 |
| ਸਿਰਲੇਖ | : ਗੋਸ਼ਟਿ ਬਾਬੇ ਨਾਨਕ ਜੀ ਕੀ ਜਪੁ ਪਰਮਾਰਥ ਜਪੁ ਅਰਥ ਨਾਲਿ ॥ ੧ ॥ ਅਨੂਪ ਮੰਤ੍ਰ ॥ |
| ਲੇਖਕ | : ਗਣੇਸ ਮਿਸ੍ਰ (ਨਗਰ ਮਲੌਦ) |
| ਸਮਾਂ | : ਸੰਮਤ 1894 |
| ਪੱਤਰੇ | : 1 |
| ਅਕਾਰ | : 14X11 ਸ.ਮ. ਲਿਖਤ: 9X7 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ – ਦੋ ਕਾਲੀਆਂ ਲਕੀਰਾਂ ਵਿਚਕਾਰ ਇਕ ਲਾਲ ਲਕੀਰ । ਸਤਰਾਂ ਪ੍ਰਤੀ ਪੰਨਾ – 8 ਹਨ। |
| ਆਮ ਵੇਰਵਾ | : ਕਈ ਪੰਨਿਆਂ ਉਪਰ ਕਾਨੀ ਬਦਲੀ ਹੋਈ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। |
| ਆਰੰਭ | : ੧ਓ ਸਤਿਗੁਰ ਪ੍ਰਸਾਦਿ ॥੧॥ ਜਪੁ ਅਰਥ ਨਾਲਿ ॥੧॥ ਅਨੂਪ ਮ੍ਰੰਤ ॥ ਗੋਸਟ ਗੁਰੂ ਬਾਬੇ ਨਾਨਕ ਜੀ ਕੀ ਇਕ ਦਿਨ ਪੰਜਾਬ ਕੀ ਧਰਤੀ ਨਗਰ ਕਰਤਾਰ ਪੁਰ ਬਾਬਾ ਬੈਠਾ ਥਾ ਅਰ ਦਰਗਾਹ ਪ੍ਰਮੇਸਰ ਕੀ ਬੁਲਾਇਆ ਥਾ ॥ |
| ਅੰਤ | : ਜਬ ਬਾਬੇ ਨਾਨਕ ਕਹਿਆ ਉਸਤਤ ਬਾਬੇ ਨਾਨਕ ਕੀ ਪ੍ਰਮੇਸਰ ਕੀ ਪੂਰੀ ਹੋਈ ਬਾਹਿਗੁਰੂ ਬਾਹਿਗੁਰੂ ॥ ਭੁਲੇ ਚੁਕੇ ਬਖਸ ਲੈਣਾ ਜੀ ॥ ਮਿਤੀ ਫਗੁਣ ਬਦੀ 1 ਸਾਲ 1894 ਲਿਖਤੋਂ ਗਣੇਸਾ ਮਿਸ੍ਰ ਨਗਰ ਮਲੌਦ ॥ ਲਖਾਇਆ ਬਡੀ ਪਰੀਤ ਨਾਲ ।<br>ਅਖੀਰਲੇ ਪੰਨੇ ਉਪਰ, ਕਿਸੇ ਹੋਰ ਕਾਨੀ ਨਾਲ ਅੰਗਰੇਜੀ ਵਿਚ ਸਰੂਪ ਸਿੰਘ ਲਿਖਿਆ ਹੋਇਆ ਹੈ । |

| | |
|---|---|
| ਹੱਥ ਲਿਖਤ ਨੰ | : MS 484 ਸੰਗ੍ਰਹਿ |
| ਸਿਰਲੇਖ | : ਜਫਰਨਾਮਾ ਮੁਖਬਾਕ ਪਾਤਿਸ਼ਾਹੀ ੧● |
| ਪੱਤਰੇ | : 1-22 |
| ਅਕਾਰ | : 15X8 ਸ.ਮ. ਲਿਖਤ: 9X5 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-6 ਹਨ। |
| ਆਮ ਵੇਰਵਾ | : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ। |

ਆਰੰਭ : ੧ੳ ਹੁਕਮ ਸਤਿ ਸ੍ਰੀ ਵਾਹਗੁਰੂ ਜੀ ਕੀ ਫਤਹ ॥ ਜਫਰਨਾਮਾ ਸ੍ਰੀ ਮੁਖ ਬਾਕ ਪਾਤਸ਼ਾਹੀ॥10॥
ਅੰਤ : ਅਰੇਖੋ ਅਬੇਖੋ ਅਲੇਖੋ ਅਨੰਗ ॥ ਖੁਦਾਵੰਦ ਬਖਸ਼ਿੰਦ ਹੇਰੰਗ ਰੰਗ ॥ 115 ॥

ਹੱਥ ਲਿਖਤ ਨੰ : MS 484 ਅ
ਸਿਰਲੇਖ : ਹਿਕਾਤ ਸੁਨੀ ਦੇ ਮਰਾਜਹਾ [ਮਹਾਰਾਜਾ] ਦਲੀਪ
ਪੱਤਰੇ : 22 ੳ –162 ੳ
ਅਕਾਰ : 15X8 ਸ.ਮ. ਲਿਖਤ: 9X5 ਸ.ਮ.
ਵੇਰਵਾ : ਜਿਲਦ ਓਹੀ । ਸਤਰਾਂ ਪ੍ਰਤੀ ਪੰਨਾ-6 ਹਨ।
ਆਮ ਵੇਰਵਾ : ਪੋਥੀ ਦੀ ਇਸ ਰਚਨਾ ਦੇ ਅੰਤ ਵਿਚ ਕੁਝ ਖਾਲੀ ਪੱਤਰੇ ਹਾਸ਼ੀਏ ਵਾਲੇ ਖਾਲੀ ਛੱਡੇ ਹੋਏ ਹਨ । ਲਿਖਾਈ ਸੁੰਦਰ,ਪੋਥੀ ਦੀ ਹਾਲਤ ਚੰਗੀ ।
ਆਰੰਭ : ਹਿਕਾਤ ਸੁਨੀ ਦੇ ਮਰਾਜਹਾ ਦਲੀਪ ॥ ਨਿਸ੍ਰ ਸ੍ਰਤਹ ਬੂਦ ਭਨਿ ਜਦ ਮਾਨੋ ਮਹੀ ਪ॥
ਅੰਤ : ਲਬਾਲਬ ਬਿਕੁਨ ਦਮ ਬਦਮਨੋ ਸ੍ਰਕੁਨਾ ॥ ਗ੍ਰਮੇ ਹਰਦੁਅਲਮ ਫਰਾਮੋਸੂਕਾ ॥੨੧॥੯੬੮॥੧੨॥

ਹੱਥ ਲਿਖਤ ਨੰ : MS 484 ੲ
ਸਿਰਲੇਖ : ਜਿੰਦਗੀ ਨਾਮਹ ॥
ਲੇਖਕ : ਨੰਦ ਲਾਲ ਜੀ, ਭਾਈ
ਪੱਤਰੇ : 1-82 ੳ
ਅਕਾਰ : 15X8 ਸ.ਮ. ਲਿਖਤ: 9X5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ ਹੈ । ਲਿਖਾਈ ਸੁੰਦਰ ਹੈ, ਅਤੇ ਪੰਨਾ ਨੰਬਰ ਵੀ ਇਕ ਤੋਂ (੧) ਸ਼ੁਰੂ ਕੀਤੇ ਹੋਏ ਹਨ ।
ਆਰੰਭ : ਜਿੰਦਗੀ ਨਾਮਾ ॥ ਭਾਈ ਨੰਦ ਲਾਲ ਜੀ ॥ ੧ੳ ਸਤਿ ਗੁਰ ਪ੍ਰਸਾਦਿ ॥
ਅੰਤ : ॥ਦੀਦਾ ਅਜ ਦੀਦਾਰ ਹਕੁ ਪੁਰ ਨੂਰ ਕੁਨ ॥ ਗੈਰ ਹਕੁ ਅਜ ਖਾਤਰੋ ਦਿਲ ਦੂਰ ਕੁਨ॥ 499॥
ਸੰਪੂਰਨ ਬੈਂਤ ਭਾਈ ਨੰਦ ਲਾਲ ਜੀ ਕੇ ਵਾਕ ਰਸਨਾ ਕੇ॥ ॥ ॥
ਇਸ ਤੋਂ ਅੱਗੇ ਦੋ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ॥

ਹੱਥ ਲਿਖਤ ਨੰ : MS 484 ਸ
ਸਿਰਲੇਖ : ਪ੍ਰੀਛਾ ਗੁਰੂ ਨਾਨਕ ਕੀ
ਪੱਤਰੇ : ਤਕਰੀਬਨ 20
ਅਕਾਰ : 15X8 ਸ.ਮ. ਲਿਖਤ: 9X8 ਸ.ਮ.
ਵੇਰਵਾ : ਓਹੀ । ਹਾਸ਼ੀਆ ਦੋ ਪਾਸੇ ਦੋ- ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਰਚਨਾ ਦੇ ਇਸ ਭਾਗ ਵਿਚ ਕਾਨੀ ਵੀ ਬਦਲੀ ਹੋਈ ਹੈ ਅਤੇ ਪੰਨਾ ਨੰਬਰ ਵੀ ਅੰਕਿਤ ਨਹੀਂ ਹਨ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਪ੍ਰੀਛਾ ਗੁਰੂ ਨਾਨਕ ਕੀ ਸਤਿਗੁਰ ਜੀ ਕੀ ਅਗਿਆ ਸਭਿ ਸਭਿ ਵਚਨ ਕੀ ਆਵੈ ॥ ਹਿਰਦੇ ਕੀ ਚਿਤਵਨੀ ਕਹਿ ਸੁਨਾਵੈ ॥
ਅੰਤ : ਸ੍ਰੀ ਸਤਿ ਗੁਰੂ ਜੀ ਕੀ ਆਗਿਆ ਨਾਲਿ ॥ 19॥ ਪ੍ਰੀਛਾ ਸੰਪੂਰਣ ਸਮਾਪਤਿ ॥
ਇਸ ਤੋਂ ਅੱਗੇ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਛੱਡੇ ਹੋਏ ਹਨ ।

ਹੱਥ ਲਿਖਤ ਨੰ : MS 485 ਸੰਗ੍ਰਹਿ
ਸਿਰਲੇਖ : ਜਪੁ ਪਰਮਾਰਥ
ਪੱਤਰੇ : 4-141
ਅਕਾਰ : 16X9 ਸ.ਮ. ਲਿਖਤ: 10X6 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ - ਦੋ ਲਾਲ ਲਕੀਰਾਂ, ਵਿਚਕਾਰ ਇਕ ਪੀਲੀ ਲਕੀਰ । ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ, ਪਹਿਲੇ ਤਿੰਨ ਪੱਤਰੇ ਨਹੀਂ ਹਨ ਅਤੇ ਰਚਨਾ ਦਾ ਪਹਿਲਾ ਹਿੱਸਾ ਸ਼ੁਰੂ ਵਿਚ ਅਧੂਰਾ ਹੈ । ਲਿਖਾਈ ਵਿਚ ਕਈਆਂ ਉਪਰ ਧੱਬੇ ਪਏ ਹੋਏ ਹਨ ਅਤੇ ਸਪਸ਼ਟ ਨਹੀਂ ਹੈ ।
ਆਰੰਭ : .....ਪੁਰਖਾ ਅੰਗਦਾ ਇਕਨਾ ਸਿਖਾ ਕਉ ਮੇਰਾ ਦਰਸ਼ਨ ਹੋਇਗਾ ਇਕਨਾ ਨੂੰ ਨਾ ਹੋਇਗਾ॥ ਪਰ ਪੁਰਖਾ ਏਹ ਜਪੁ ਸਿਫਤ ਪਰਮੇਸਰ ਜੀ ਕੀ ਜੋ ਹੋਵੈ ਸੋ ਪੜੈ ॥
ਅੰਤ : ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ ਬੋਲਹੁ ਭਾਈ ਜੀ ਵਾਹਿਗੁਰੂ ਵਾਹਗੁਰੂ ਧੰਨੁ ਗੁਰੂ ਜੀ ॥ ੧॥ ॥

ਹੱਥ ਲਿਖਤ ਨੰ : MS 485 ਅ
ਸਿਰਲੇਖ : ਮਾਰਕੰਡੇ ਪੁਰਾਣੇ ਕਾ ਪਰਮਾਰਥ
ਪੱਤਰੇ : 141 ੳ -156
ਅਕਾਰ : 16 X 9 ਸ.ਮ. ਲਿਖਤ: 10X6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ।
ਆਮ ਵੇਰਵਾ : ਲਿਖਾਈ ਸੁੰਦਰ ਹੈ ਕਈ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕੁਝ ਪੰਨੇ ਭਿੱਜੇ ਹੋਏ ਹੋਣ ਕਾਰਣ, ਲਿਖਾਈ ਧਬਿਆਂ ਵਾਲੀ ਬਣ ਗਈ ਹੈ । ਜੋ ਪੜ੍ਹਨ ਵਿਚ ਔਖੀ ਹੈ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਮਾਰਕੰਡੇ ਪੁਰਾਣੇ ਕਾ ਪਰਮਾਰਥ॥ ਸੁਕਰ ਪਿਤਾ ਕੁਮਾਰ ਪੁਤ੍ਰ ਪਾਸਿ ਕਹਤਾ ਹੈ ॥
ਅੰਤ : ਸਭਸੁ ਨੋ ਸਮਝਾਵਣਿ ਆਏ ਹੈਨ ॥ ਕੰਡਿਆ ਵਿਚਹੁ ਕਾਢਿ ਕੈ ਮਾਰਗੁ ਪਾਵਦੇ ਹੈਨ ॥ ਉਥੈ ਕਾਲਕਾ ਡੌਰੂ ਦੂਰਿ ਹੋਇਆ ॥ ਸਾਖੀ ਸਪੂਰਨ ਹੋਈ ॥੧॥

ਹੱਥ ਲਿਖਤ ਨੰ : MS 485 ੲ
ਸਿਰਲੇਖ : ਸਾਖੀ ਨਿਰੰਕਾਰ (ਅਧੂਰੀ)
ਪੱਤਰੇ : 156 ਅ –168 ਅ
ਅਕਾਰ : 16X9 ਸ.ਮ. ਲਿਖਤ: 10X6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ।
ਆਮ ਵੇਰਵਾ : ਪੋਥੀ ਦਾ ਇਹ ਭਾਗ ਭਿਜਿਆ ਹੋਇਆ ਹੋਣ ਕਾਰਨ ਲਿਖਾਈ ਧਬਿਆਂ ਵਾਲੀ ਹੈ ਅਤੇ ਪੜ੍ਹਨ ਵਿਚ ਮੁਸ਼ਕਲ । ਰਚਨਾ ਅਧੂਰੀ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸਾਖੀ ਨਿਰੰਕਾਰ ਤੇ ਬਾਬੈ ਕੀ ਹੁਕਮ ਹੋਆ ਨਿਰੰਕਾਰ ਕਾ ਜੋ ਨਾਨਕ ਜੀ ਚਾਰਿ ਜੁਗਿ ਇ ਹੈਨਿ ॥ ਚਾਰ ਬੇਦ ਕੀਤੇ ---
ਅੰਤ : ਦੇਹੀ ਕੰਚਨ ਜੇਹੀ ਹੋਈ ਤਾ ਬਾਬਾ ਖੁਸ਼ੀ ਹੁਆ ॥ ਤਬ ਰਾਜੇ ਅਰ ਰਾਨੀ ਕਓ ਖੁਸੀ ਕਰੀ॥ ਤਾ ਬਾਬੈ ......... ਅੱਗੇ ਰਚਨਾ ਅਧੂਰੀ ਹੈ । ਪੰਨੇ ਨਹੀਂ ਹਨ ।

| | |
|---|---|
| ਹੱਥ ਲਿਖਤ ਨੰ | : MS 486 |
| ਸਿਰਲੇਖ | : ਗੋਸਟਿ ਨਿਰੰਕਾਰ ਤੇ ਬਾਬੇ ਨਾਨਕ ਕੀ |
| ਪੱਤਰੇ | : ਵੱਖ ਵੱਖ ਪੰਨੇ |
| ਅਕਾਰ | : 14X11 ਸ.ਮ. ਲਿਖਤ: 10X8 ਸ.ਮ. |
| ਵੇਰਵਾ | : ਜਿਲਦ ਗੱਤਾ,ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ,ਦੋ-ਦੋ ਕਾਲੀਆਂ ਲਕੀਰਾ । ਸਤਰਾਂ ਪ੍ਰਤੀ ਪੰਨਾ- 8 ਹਨ। |
| ਆਮ ਵੇਰਵਾ | : ਪੋਥੀ ਅਧੂਰੀ,ਪੰਨਾ ਨੰਬਰ 3 ਤੋਂ ਸ਼ੁਰੂ ਹੁੰਦੀ ਹੈ, ਲਿਖਾਈ ਵੀ ਬਹੁਤੀ ਸਾਫ ਨਹੀਂ, ਕਈ ਥਾਵਾਂ ਤੋਂ ਧੱਬੇ ਜਹੇ ਹਨ, ਮੋਟੀ ਕਾਨੀ ਦੀ ਵਰਤੋਂ ਕੀਤੀ ਹੋਈ ਹੈ ।ਅੱਗੇ ਰਚਨਾ ਅਧੂਰੀ, ਪੰਨੇ ਫੱਟੇ ਹੋਏ ਹਨ । ਸਾਰੀ ਪੋਥੀ ਵਿਚ ਪੱਤਰਾ ਨੰਬਰ ਤੇ ਅਮਕ ਨੰਬਰ ਵਾਰ ਵਾਰ ਆਉਂਦੇ ਹਨ । ਪੋਥੀ ਵੀ ਪੂਰੀ ਨਹੀਂ । |
| ਆਰੰਭ | : ਪੰਨਾ ਨੰ: 3 ਗਿਆਨੁ ਦੀ ਪਨਘਟ ਜਨਣਾ ਸਤਿ ਸੰਤੋਖ ਰਿਇਨੁਨ ਹੋਈ ॥ ਤ੍ਰਿਪਤ ਨ ਆਵੈ ਨਾਨਕਾ ਜੇ ਅਠੇ ਪਹਿਰ ਬਕੋਇ ॥ |
| ਅੰਤ | : ਸੰਸਾਰ ਕੀ ਨਿੰਦਿਆ ਸੰਸਾਰੁ ਹੀ ਵਿਚਿ |

| | |
|---|---|
| ਹੱਥ ਲਿਖਤ ਨੰ | : MS 487 |
| ਸਿਰਲੇਖ | : ਯੋਗ ਵਸਿਸਟ |
| ਸਮਾਂ | : ਸੰਮਤ 1871 |
| ਪੱਤਰੇ | : 1-577 |
| ਅਕਾਰ | : 26X16 ਸ.ਮ. ਲਿਖਤ: 19X12 ਸ.ਮ. |
| ਵੇਰਵਾ | : ਜਿਲਦ ਗੱਤਾ,ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ,ਦੋ-ਦੋ ਕਾਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ – 12 ਹਨ। |
| ਆਮ ਵੇਰਵਾ | : ਗ੍ਰੰਥ ਦੀ ਹਾਲਤ ਆਮ ਕਰਕੇ ਠੀਕ, ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੰਨਿਆ ਉਪਰ ਕਾਨੀ ਵੀ ਬਦਲੀ ਹੋਈ ਹੈ ਅਤੇ ਹਾਸ਼ੀਏ ਵਾਲੀ ਥਾਂ ਤੇ ਲਿਖਿਆ ਹੋਇਆ ਹੈ। |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਓਅੰ ਸ੍ਰੀ ਪਰਮਾਤਮਨੇ ਨਮ: ॥ ਅਥ ਵੈਰਾਗ ਪ੍ਰਕਰਣ ਸ੍ਰਵਣੇ॥ ਸਿਮ੍ਰਤ ਭਾਖਾ ਲਿਖਤੇ ॥ ਸਤਿ ਚਿਤ ਆਨਦ ਸਰੂਪ ਜੋ ਆਤਮਾ ਹੈ॥ ਤਿਸ ਕੋ ਨਮਸਕਾਰ ਹੈ॥ |
| ਅੰਤ | : ਅਖੀਰਲੇ ਪੰਨੇ ਉਪਰ ਇਕ ਪਾਸੇ ਕਾਗਜ ਦੀ ਚੇਪੀ ਚਪਕਾਈ ਹੋਈ ਹੈ ਜਿਸ ਕਾਰਨ ਲਿਖਤ ਪੂਰੀ ਤਰਾਂ ਪੜ੍ਹੀ ਨਹੀਂ ਜਾਂਦੀ ਸੰਮਤ ਵੀ ਪੂਰੀ ਤਰਾਂ ਸਪਸ਼ਟ ਨਹੀਂ ਹੈ।<br>ਉਤਪਤ ਪ੍ਰਕਰਣ ਸਮਾਪਤੰ॥ ਮਿਤੀ ਮਾਘ ਦੀ ੧੮੭੧ ॥ ਦੋਹਾ ।ਸਵਾਮੀ ਸ੍ਰੀ ਵਸਿਸਟ ਜੀ ॥ ਸ੍ਰੀ ਅਰੁੰਧਤੀ ਜੀ ॥ ਤਾਪ ਹਰੋ ਪਾਪੀ॥ ਓਂ ਓਂ ਓਂ …… |

| | |
|---|---|
| ਹੱਥ ਲਿਖਤ ਨੰ | : MS 488 ਸੰਗ੍ਰਹਿ |
| ਸਿਰਲੇਖ | : ਸ੍ਰੀ ਮਹਾਂਭਾਰਥ ਪ੍ਰਬਣੇ (ਅਸਵਮੇਧ ਬਖਿਆਨਿ) |
| ਲੇਖਕ | : ਟਹਕਨ, ਕਬਿ (ਕਵੀ) |
| ਪੱਤਰੇ | : 1-672 |
| ਅਕਾਰ | : 27X17 ਸ.ਮ. ਲਿਖਤ: 20X13 ਸ.ਮ. |

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ 11 ਹਨ।

ਆਮ ਵੇਰਵਾ : ਪੋਥੀ ਕਿਰਮ ਖੁਰਦਾ ਹੈ, ਕਈ ਪੰਨਿਆਂ ਉਪਰ ਕਾਨੀ ਬਦਲੀ ਹੋਈ ਹੈ। ਪੋਥੀ ਭਿਜੀ ਹੋਈ ਹੈ। ਪੱਤਰਿਆਂ ਦੀ ਹਾਲਤ ਖਸਤਾ ਹੈ।

ਆਰੰਭ : ਆਰੰਭ ਤੋਂ ਪੱਤਰਾ ਕਿਰਮ ਖੁਰਦਾ ਹੋਣ ਕਾਰਨ ਫਟਿਆ ਹੋਇਆ ਅਤੇ ਲਿਖਤ ਸਪਸ਼ਟ ਨਹੀ ਹੈ।

ਅੰਤ : ਇਤਿ ਸ੍ਰੀ ਮਹਾਂ ਭਾਰਥ ਪ੍ਰਬਣੇ ਅਸਵਮੇਧ ਬਖਿਆਂਨਿ ॥ ਕਬਿ ਟਹਕਨ ਧਿਆਉ ਤ੍ਰਿਹਤਰੋਹਯ ਕ੍ਰਿਤ ਪੁਨ ਜਾਨਿ ॥ 61 ॥ ਇਤਿ ਸ੍ਰੀ ਮਹਾਭਾਰਥ ਪ੍ਰਬਣੇ ਧਰਮ ਜਗਿ ਬਖਿਆਨੇ ॥ ਕ੍ਰਿਸਨ ਚਰਿਤ੍ਰ ਜਗ ਸੰਪੂਰਨ ਸਿਧਿ ਕਾਰਜ ਧਰਮ ਸਫਲ ਨਾਮੇ ਤਿਹਤਰੋ ਧਿਆਇ 73 ਸੰਮਾਪਤੰ ॥62॥73॥ = 71

ਇਸ ਤੋਂ ਬਾਅਦ ਤਿੰਨ ਪੱਤਰੇ ਖਾਲੀ ਹਨ ਅਤੇ ਅੱਗੇ ਰਚਨਾ ਸ਼ੁਰੂ ਕੀਤੀ ਹੈ ।

ਹੱਥ ਲਿਖਤ ਨੰ : MS 488 ਅ

ਸਿਰਲੇਖ : ਭਾਗਵਤ ਮਹਾਪੁਰਾਣ ਪੰਚਮ ਸਕੰਧ

ਪੱਤਰੇ : 673-702 ੳ

ਅਕਾਰ : 27X17 ਸ.ਮ. ਲਿਖਤ: 20X13 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-14 ਹਨ।

ਆਮ ਵੇਰਵਾ : ਪੋਥੀ ਦੇ ਇਸ ਭਾਗ ਵਿਚ ਕਾਨੀ ਬਦਲੀ ਹੋਈ ਹੈ । ਪੋਥੀ ਕਿਰਮ ਖੁਰਦਾ ਅਤੇ ਖਸਤਾ ਹਾਲਤ ਵਿਚ ਹੈ ।

ਆਰੰਭ : ਦੋਹਰਾ॥ ਕਹੈ ਹੁਤੇ ਪਾਛੈ ਜੁ ਸੁਕਦੀਪ ਸਮੁੰਦ੍ਰ ਸਾਂਤ ॥ ਪਾਂਚ ਅਧਿਆਇ ਸੋ ਸਗਲ ਅਬ ਗਿਰ ਨਸਹ ਭਵਿਖਯਾਤਾ ॥

ਅੰਤ : ਇਤਿ ਸ੍ਰੀ ਭਾਗਵਤੇ ਮਹਾ ਪੁਰਾਣੈ ਪੰਚਮ ਸੰਮਕਧੇ ਖਟ ਵਿੰਸੋਧਿਆ ਇਇ ॥26॥ ਸਕੰਧ ਸਮਾਪਤੰ॥

ਇਸ ਤੋਂ ਬਾਅਦ ਕੁਝ ਪੱਤਰੇ ਕਿਰਮ ਖੁਰਦਾ ਖਾਲੀ ਹਨ ।

ਹੱਥ ਲਿਖਤ ਨੰ : MS 489

ਸਿਰਲੇਖ : ਮੋਖ ਪੰਥ ਪਰਕਾਸਿ

ਲੇਖਕ : ਗੁਲਾਬ ਸਿੰਘ ਨਗੌਰੀ

ਪੱਤਰੇ : 2-253 ਅ

ਅਕਾਰ : 17X13 ਸ.ਮ. ਲਿਖਤ: 12X7.5 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ-ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਪੋਥੀ ਭਿਜੀ ਹੋਈ ਹੈ ਅਤੇ ਕਈ ਥਾਵਾਂ ਤੇ ਲਿਖਾਈ ਵੀ ਖਰਾਬ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : ….. ਸਨਕਾਦਿਕ ਨਾਰਦ ਕੋ ਵਿਦ ਕੇ ਗਨ ਜਾਹਿ ਪਿਖੇ ਸਬ ਭੇਦ ਨਿਵਾਰੇ॥…

ਅੰਤ : ਇਤਿ ਸ੍ਰੀ ਮਤ ਮਖਨ ਸਿੰਘ ਚਰਣ ਸਿਖਯਤ ਗੁਲਾਬ ਸਿੰਘ ਨਗੌਰੀ ਰਾਇ ਆਤਮਜੇਨ ਵਿਰਚਤੇ ਮੋਖ ਪੰਥ ਪਰਕਾਸਿ ਵਿਦੇਰ ਮੁਕਤਿ ਨਿਰਣੋਨਾਮ ਪੰਚਮੋ ਨਿਵਾਸ॥੫॥ ਸੁਭੰ ਮਸਤੁ॥

ਤੇਂਮੂਲੇ ਬ੍ਰਹਮਾ ਮਧਯੇ ਵਿਸਨੁਰ ਲਿੰਗੋ ਲਿੰਗ ਮਹੇਸਵਰ : ॥ ਸਰਬਦੇਵ ਦੇਵਾਂ ਨਰੁ ਦੂਾਖਯ : ਨਮੁਸਤੁਤੇ ॥

ਹੱਥ ਲਿਖਤ ਨੰ : MS 490
ਸਿਰਲੇਖ : ਕ੍ਰਿਸ਼ਨਾ ਅਵਤਾਰ ਇਕੀਸਮੋ ਕਥਨ ॥
ਪੱਤਰੇ : 1-583 ਅ
ਅਕਾਰ : 18X11 ਸ.ਮ. ਲਿਖਤ: 12X 8 ਸ.ਮ.
ਵੇਰਵਾ : ਜਿਲਦ ਗੱਤਾ, ਉਖੜੀ ਹੋਈ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਕਿਰਮ ਖੁਰਦਾ, ਜਿਲਦ ਉਖੜੀ ਹੋਈ ਹੈ । ਪੋਥੀ ਦੇ ਸ਼ੁਰੂ ਵਿਚ ਇੰਵ ਲਿਖਿਆ ਹੋਇਆ ਹੈ ।
ਆਰੰਭ : ੧ੳੰ ਵਾਹਗੁਰੂ ਜੀ ਕੀ ਫਤੇ ॥ ਪਾਤਸਾਹੀ 10॥ ਅਥਿ ਕ੍ਰਿਸਨਾ ਅਵਤਾਰ ਇਕੀਸਮੋ ਕਥਨੰ ॥
ਅੰਤ : ਇਤ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰਿੰਥੇ ਕ੍ਰਿਸਨਾ ਅਵਤਾਰ ਧਿਆਯ ਸਮਾਪਤ ਮਸਤੁ ਸੁਭਾ ਮਸਤ ॥=॥=॥

ਹੱਥ ਲਿਖਤ ਨੰ : MS 491 ਸੰਗ੍ਰਹਿ
ਸਿਰਲੇਖ : ਹਨੁਮਾਨ ਨਾਟਕ
ਲੇਖਕ : ਹਿਰਦੇਰਾਮ, ਕਵਿ
ਪੱਤਰੇ : 1-466
ਅਕਾਰ : 13 X 7 ਸ.ਮ. ਲਿਖਤ : 10 X 6 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਲਾਲ ਲਕੀਰਾਂ ਨਾਲ। ਸਤਰਾਂ ਪ੍ਰਤੀ ਪੰਨਾ – 7 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ, ਲਿਖਾਈ ਸੁੰਦਰ, ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਵਿਚ ਵੀ ਲਿਖਿਆ ਹੋਇਆ ਹੈ ।
ਆਰੰਭ : ੧ੳੰ ਸ੍ਰੀ ਗਣੇਸਾਇਨਮ ॥ ਅਥ ਹਨੂਮਾਨ ਨਾਟਕ ਕ੍ਰਿਤ ਕਵਿ ਹਿਰਦੇ ਰਾਮਾਜ ॥ ਕਬਿਤੁ॥ ਤੀਨੋ ਲੋਕ ਪਤਿ ਪ੍ਰਾਨ ਪਤਿ ਪ੍ਰੀਤਿ ਹੀ ਸ਼ੌਰਤਿ ਅਗਤਿ ਨਿਗਤੀ ਕੇ ਚਰਨ ਸਰਨਾਇਹੌ॥
ਅੰਤ : ਇਤਿ ਸ੍ਰੀ ਰਾਮ ਗੀਤੇ ਪੋਥੀ ਹਨੂੰਮਾਨ ਨਾਟਕ ਕੀ ਸੰਪੂਰਣ ਹੋਈ ॥1279॥

ਹੱਥ ਲਿਖਤ ਨੰ : MS 491 ਅ
ਸਿਰਲੇਖ : ਚਾਣਾਕ ਸਾਸਤ੍ਰ ਭਾਖਾ
ਪੱਤਰੇ : 466 ੳ – 502 ੳ
ਅਕਾਰ : 13 X 7 ਸ.ਮ. ਲਿਖਤ : 10 X 6 ਸ.ਮ.
ਵੇਰਵਾ : ਓਹੀ । ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ – 7 ਹਨ।
ਆਰੰਭ : ੧ੳੰ ਸਤਿਗੁਰ ਪ੍ਰਸਾਦਿ ॥ ਅਥ ਚਾਣਾਕ ਸਾਸਤ੍ਰ ਭਾਖਾ ਲਿਖਤੇ ॥ ॥ਦੋਹਰਾ॥ ਪ੍ਰਣਵਤ ਹੋ ਸ੍ਰੀ ਬਿਸਨ ਕੋ ਜੋ ਤ੍ਰਿਲੋਕ ਕੋ ਰਾਓ ॥
ਅੰਤ : ਇਤਿ ਬਿਧ ਚਾਣਾਕੇ ਭਾਖਾ ਖੋੜਸ ਧਿਯਾ ਸਮਾਪਤੰ ॥ 16 ॥1॥ ਰਾਜਨੀਤ ਸੰਪੂਰਣ ॥

ਹੱਥ ਲਿਖਤ ਨੰ : MS 491 ੲ

ਸਿਰਲੇਖ : ਬਾਣੀ ਪਾਤਸ਼ਾਹੀ 10 (ਰਾਮਕਲੀ ਪਾਤਾਸ਼ਾਹੀ 10)
ਪੱਤਰੇ : 502 ੳ –631 ਅ
ਅਕਾਰ : 13X7 ਸ.ਮ. ਲਿਖਤ: 10X6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।
ਆਮ ਵੇਰਵਾ : ਪੋਥੀ ਦੀ ਰਚਨਾ ਦੇ ਇਸ ਭਾਗ ਦੇ ਪੱਤਰਿਆਂ ਵਿਚ ਫਰਕ ਹੈ, ਕੁਝ ਭਿੱਜੇ ਲਗਦੇ ਹਨ । ਕੁਝ ਪੱਤਰਿਆਂ ਦੀ ਕਾਨੀ ਵਿਚ ਵੀ ਫਰਕ ਹੈ। ਇੰਵ ਜਾਪਦਾ ਹੈ ਕਿ ਇਹ ਪੱਤਰੇ ਬਾਅਦ ਵਿਚ ਲਗਾਏ ਗਏ ਹਨ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ॥ਰਾਮਕਲੀ ਪਾਤਸ਼ਾਹੀ 10 ॥ ਰੇ ਮਨ ਐਸੋ ਕਰਿ ਸੰਨਿਆਸਾ॥
ਅੰਤ : ਇਤਿ ਸ੍ਰੀ ਬਚਿਤ੍ਰ ਨਾਟਕ ਕ੍ਰਿਸ਼ਨਾਵਤਾਰੇ ਜੁਧਿ ਪ੍ਰਬੰਧੇ ਖੜਗ ਸਿੰਘ ਬਧਹਿ ਧਿਆਇ ਸਮਾਪਤੰ ॥

ਹੱਥ ਲਿਖਤ ਨੰ : MS 492
ਸਿਰਲੇਖ : ਬਾਣੀ ਭਾਈ ਗੁਰਦਾਸ ਵਾਰਾਂ ਤੇ ਕਬਿਤ
ਪੱਤਰੇ : 12-670 ਇਕ ਪੱਤਰਾ 678
ਅਕਾਰ : 15X8 ਸ.ਮ. ਲਿਖਤ: 10X6 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ ਉਖੜੀ ਹੋਈ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ - ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ –7 ਹਨ।
ਆਮ ਵੇਰਵਾ : ਪੋਥੀ ਅਧੂਰੀ ਹੈ ਪੰਨਾ ਨੰ : 12 ਤੋਂ ਸ਼ੁਰੂ ਹੋਕੇ 670 ਤਕ ਖਤਮ ਹੁੰਦੀ ਹੈ ਜਿਲਦ ਉਖੜੀ ਹੋਣ ਕਰਕੇ ਪੱਤਰੇ ਵੀ ਫੱਟੇ ਹੋਏ ਹਨ ।
ਆਰੰਭ : .....ਪੀਰਿ ਪੈਕੰਬਰਿ ਅਉਲੀਏ ਗਉਸਿ ਕੁਤਬਿ ਬਹੁ ਭੇਖ ਸਵਾਰਾ ॥ ਠਾਕੁਰਿ ਦੁਆਰੇ ਢਾਹਿ ਕੈ ਤਿਹਿ ਡਉੜੀ ਮਸੀਤਿ ਉਸਾਰਾ॥
ਅੰਤ : 548॥ ਕਾਹੂ ਦਸਾ ਕੇ ਪਵਨ ਗਵਨ ਕੈ ਬਰਖਾ ਹੈ ਕਾਹੂ ਦਸਾ ਕੇ ਪਵਨ (ਪੱਤਰਾ ਨੰ:670 ਅਖੀਰ)
ਇਸ ਤੋਂ ਬਾਅਦ ਦੇ ਪੱਤਰੇ ਨਹੀਂ ਹਨ ਅਤੇ ਰਚਨਾ ਅਧੂਰੀ ਹੈ ।

ਹੱਥ ਲਿਖਤ ਨੰ : MS 493
ਸਿਰਲੇਖ : ਕਵਿ ਪ੍ਰਿਯਾ ਸਟੀਕ
ਲੇਖਕ : ਹਰਚਰਨ ਦਾਸ
ਸਥਾਨ : ਕੇਸਗੜ੍ਹ ਸਾਹਿਬ
ਸਮਾਂ : ਸੰਬਤ ਠਾਰਹਿ ਸੈ ਬਿਤੇ ਪੈਤਸ ਅਧਿ ਕੇ ਲੇਖਾ
ਪੱਤਰੇ : 1-170
ਅਕਾਰ : 23X14 ਸ.ਮ. ਲਿਖਤ: 16X10 ਸ.ਮ.
ਵੇਰਵਾ : ਪੱਤਰੇ ਖੁੱਲੇ ਇਕ ਕਪੜੇ ਵਿਚ ਬੱਧੇ ਹੋਏ ਹਨ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ।ਹਾਸ਼ੀਏ ਤੋਂ ਬਗੈਰ । ਸਤਰਾਂ ਪ੍ਰਤੀ ਪੰਨਾ-11 ਹਨ।
ਆਮ ਵੇਰਵਾ : ਸਾਰੀ ਦੀ ਸਾਰੀ ਪੋਥੀ ਦੇ ਖੁੱਲੇ ਪੱਤਰੇ, ਇਕ ਕਪੜੇ ਵਿਚ ਲਪੇਟ ਕੇ ਬੰਨੇ ਹੋਏ ਹਨ ਹਾਲਾਤ ਚੰਗੀ ਹੈ - ੧ੴ ਸ੍ਰੀ ਰਾਧਾ ਕ੍ਰਿਸਨ ਚਰਣ ਕਮਲੇ ਭਯੱਨਮ:
ਆਰੰਭ : ਸਕਲ ਬਿਘਨ ਬਿਲਾਸ ਕੇ ਭਣੋਨਮ :ਦੋਹਾ॥ ਸ੍ਰੀ ਰਾਧਾ ਬਾਈ ਤਰਫ ਭਯੋਨਮ ਤੁਲਿਸਿ ਚਰਨ ਕੰਜ ਮਾਹਿ ॥

ਅੰਤ : ਸੰਬਤ ਠਾਰਹਿ ਸੈ ਬਿਤੇ ਪੈਤਸ ਅਧਿਕੇ ਲੇਖਾ ॥ ਸਾਕਾ ਸਤ੍ਰਹਿ ਸੌ ਜਬੈ ਕਿਯੋ ਗ੍ਰੰਥ ਹਰ ਦੇਖਾ (14) ਮਾਘ ਮਾਸ ਥਿਤ ਪੰਚਮੀ ਸੁਕਲਾ ਕਵਿ ਕੋ ਚਾਰ ॥ ਹਰਿ ਕਬਿਤ ਸੋ ਪ੍ਰੀਤ ਹੋ ਰਾਧਾ ਨੰਦ ਕੁਮਾਰ ॥15) ਪੂਰੋ ਹਿਤ ਸ੍ਰੀ ਨੰਦ ਕੈ ਮੁਨਿ ਸਾਤ੍ਰਿਲ ਮਹਾਨਾ॥ ਹੈ ਤਿਨ ਕੇ ਹਮ ਗੋਤ ਮੈ ਮੋਹ ਨਮੋ ਜਜਮਾਨਾ ॥ ॥ ਇਤਿ ਸ੍ਰੀ ਹਰਚਰਨ ਦਾਸ ਕ੍ਰਿਤਾਯੰਕਵਿ ਪ੍ਰਿਯਾ ਭਰਣਖਯਾਯਿ ਕਵਿ ਪ੍ਰਿਯਾ ਟੀਕਾ ਯਾਯਿੰਚਿਤ੍ਰਕਾ ਬਯ ਬਯਾਖਯਾਯੰ ਨਾਮ ਖੋੜਸ ਪ੍ਰਭਾਵ: ॥੧੬॥
॥ਦੋ:॥ਸੰਬਤ ਕਰਜੁਗ ਰਸ ਰਸਾ ਮਾਸਵ ਮਾਸ ਬਿਸੇਖ ॥ ਕਵਿ ਪ੍ਰਿਯਾ ਪੂਰਨ ਕਰੀ ਨਵਮੀ ਸੁਰ ਗੁਰ ਲੇਖਾ॥ ੧ ਜਸੁਧਾ ਸੁਤਾਰਿ ਲੇਖਕੰ ਲਿਖੀ ਸਟੀਕ ਬਨਾਇ ॥ ਗੁਰਦੁਵਾਰ ਸ੍ਰੀ ਕੇਸਗਢ ਲੇਖਕ ਧਾਮ ਸੁਹਾਇ ॥ ਇਤਿ ॥

ਹੱਥ ਲਿਖਤ ਨੰ : MS 494
ਸਿਰਲੇਖ : ਰਸਕ ਪ੍ਰਿਯਾ ਟੀਕਾ
ਲੇਖਕ : ਕਵਿ ਸੂਰਤ (ਟੀਕਾਕਾਰ)
ਸਮਾਂ : ਪੱਤਰਾ ਨੰ: 2 ਉਪਰ ਸੰਬਤ ਸਤ ਅਸ੍ਰਾ ਦਸੈ ਫਾਗੁਨ ਸੁਦਿ ਗੁਰਵਾਰ (1810)
ਪੱਤਰੇ : 1-182 ੳ
ਅਕਾਰ : 17X24 ਸ.ਮ. ਲਿਖਤ: 12X16 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋਹਰਾ ਦੋ-ਦੋ ਲਾਲ ਲਕੀਰਾਂ, ਵਿਚਕਾਰ ਮੋਟੀ ਕੇਸਰੀ ਲਕੀਰ। ਸਤਰਾਂ ਪ੍ਰਤੀ ਪੰਨਾ – 15 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਲਿਖਾਈ ਸੁੰਦਰ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਅਸਲ ਰਚਨਾ (ਗ੍ਰੰਥ ਪੰਨਾ - ੨ ਤੋਂ ਸ਼ੁਰੂ ਕੀਤਾ ਹੋਇਆ ਹੈ । ਹਾਸ਼ੀਏ ਵਿਚ ਨੀਲੀ ਸਿਆਹੀ ਨਾਲ ਲਿਖਿਆ ਹੋਇਆ ਹੈ, ਅਖੀਰ ਵਿਚ ਕੁਝ ਪੱਤਰੇ ਖਾਲੀ ਛੱਡੇ ਹੋਏ ਹਨ ਪੋਥੀ ਇਕ ਪਾਸਿਓਂ ਭਿੱਜੀ ਹੋਈ ਹੈ । ਪੰਨਾ ਨੰ: ੨ ਉਪਰ ਸੰਬਤ ਬਾਰੇ ਇੰਜ ਲਿਖਿਆ ਹੈ ਸੰਬਤ ਸਤ ਅਸ੍ਰਾ ਦਸੈ ਫਾਗੁਨ ਸੁਦਿ ਗੁਰ ਵਾਰ ॥ ਜੋਰਾਵਰ ਪਰਕਾਸ ਕੋ ਤਿਥ ਸਪੂਮਿ ਅਵਤਾਰ ਅਤੇ ਗਰੰਥ ਅਰੰਭ ਕੀਤਾ ਹੈ ॥
ਆਰੰਭ : ੧ਓ ॥ ਸ੍ਰੀ ਗਣੇਸਾਇ ਨਮ: ॥ ਅਥ ਰਸਕ ਪ੍ਰਿਯਾ ਟੀਕਾ ਕਵਿ ਸੂਰਤ ਕ੍ਰਿਤ ਲਿਖਤੇ॥ ਪੂਜ ਮਨਵਾ ਕੋ ਆਦਿ ਮਾਨੇ ਜਗ ਜਾ ਕੋ ਨਰ ਧਯਾਇ ਨੇਕ ਤਾਂ ਕੋ ਸੁਖ ਲਹੇ ਸਿ ਧਰਤਿ ਕੋ॥…
ਅੰਤ : ਇਤਿ ਸ੍ਰੀ ਮਨ ਮਹਾਰਾਜ ਸ੍ਰੀ ਜੋਰਾਵਰ ਸਿੰਹ ਵਿਰਚਿਤੇ ਰਸਿਕ ਪ੍ਰਿਯਾ ਵਿਵਰਣੇ ਜੋਰਾਵਰ ਪ੍ਰਕਾਸੇ ਅਨੁਰਸ ਵਰਣਨ ਨਾਮ ਖੋਡ ਸੋ ਬਿਲਾਸ: 16 ਸੁੰਭਭਵ ਤੁਕਲਜਾਣਸਸਤਾ, ਇਸ ਤੋਂ ਅੱਗੇ ਨੀਲੇ ਸਿਆਹੀ ਨਾਲ ਧੱਬੇ ਪਏ ਹੋਏ ਹਨ ।

ਹੱਥ ਲਿਖਤ ਨੰ : MS 495
ਸਿਰਲੇਖ : ਮੁਕਤ ਮਾਰਗ ਪਾਤਸ਼ਾਹੀ ੧●
ਪੱਤਰੇ : 1-222
ਅਕਾਰ : 17X12 ਸ.ਮ. ਲਿਖਤ: 11X8 ਸ.ਮ.
ਵੇਰਵਾ : ਜਿਲਦ ਕਾਗਜ਼ ਨਾਲ ਸੀਤੀ ਹੋਈ । ਸਿਆਹੀ ਕਾਲੀ ਵਖਰੇਵੇਂ ਲਈ ਲਾਲ।ਹਾਸ਼ੀਆ ਦੋਵੇਂ ਪਾਸੇ ਦੋ - ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ- 8 ਹਨ।
ਆਮ ਵੇਰਵਾ : ਲਿਖਾਈ ਸੁੰਦਰ ਹੈ ਪੋਥੀ ਦੀ ਹਾਲਾਤ ਆਮ ਕਰਕੇ ਠੀਕ ਠੀਕ, ਕਈ ਪੰਨਿਆਂ ਉਪਰ, ਹਾਸ਼ੀਏ ਵਿਚ ਪੈਨਸਿਲ ਨਾਲ ਲਿਖਿਆ ਹੋਇਆ ਹੈ ।
ਆਰੰਭ : ੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਅਥ ਮੁਕਤ ਮਾਰਗ ਗ੍ਰਿੰਥ ਲਿਖਯਤੇ: ਪਾਤਸ਼ਾਹੀ 10

ਅੰਤ : ਇਤਿ ਸ੍ਰੀ ਮੁਕਤ ਮਾਰਗ ਗ੍ਰਿੰਥ ਜੀ ਕਾ ਪ੍ਰਕਾਸ ਸੁਬ ਕਰਮ ਨਿਰੂਪਣੰ ॥ ਸ੍ਰੀ ਗੁਰੂ ਮੁਖਾਤ ਧਰਮ ਅਰਥ ਕਾਮ ਮੋਖ ਲੋਭਤ ਰਿਦੈ ਧਰਾਤ ਜਨਮ ਮਰਨੰ ਮਿਟਾਂਤ ਸ੍ਰੀ ਗੁਰੂ ਬਚਨਾਤ ਸੰਪੂਰਣੰ ॥ ਸੁਭੰ॥

ਹੱਥ ਲਿਖਤ ਨੰ : MS 496
ਸਿਰਲੇਖ : ਵਿਚਾਰ ਮਾਲਾ
ਸਮਾਂ : ਸੰਬਤ ਸ੍ਰਤਹ ਸੈ ਛਬੀਸ (ਸੰਮਤ 1726)
ਪੱਤਰੇ : 1-20 ੳ
ਅਕਾਰ : 17X11 ਸ.ਮ. ਲਿਖਤ: 14X8 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਕਾਗਜ਼ ਬਹੁਤ ਖਸਤਾ ਹਾਲਤ ਵਿਚ ਅਤੇ ਭੁਰਭਰਾ ਹੈ, ਲਿਖਾਈ ਵੀ ਅਸਪਸ਼ਟ ਹੈ ਜੋ ਪੜੀ ਨਹੀਂ ਜਾਂਦੀ। ਬਹੁਤੇ ਪੰਨਿਆਂ ਉਪਰ ਧੱਬੇ ਪਏ ਹੋਏ ਹਨ ।
ਆਰੰਭ : ੧ੴ ਸ੍ਰੀ ਗਣੇਸਾਇਨਮ: ਅਥ ਸ੍ਰੀ ਵਿਚਾਰ ਮਾਲਾ ॥ ਸ਼ੁਰੂ ਵਿਚ ਪੰਨਾ ਭਿਜਿਆ ਹੋਇਆ ਹੋਣ ਕਾਰਨ ਲਿਖਤ ਅਸਪਸ਼ਟ ਹੈ ਅਤੇ ਪੜ੍ਹੀ ਨਹੀਂ ਜਾਂਦੀ ।
ਅੰਤ : ਇਤਿ ਸ੍ਰੀ ਵਿਚਾਰ ਮਾਲ ਆਤਮਵਾਨ ਕਥਿਤ ਅਸ੍ਰੋ-ਬਿਯ੍ਰਾਮਾ॥ ਸੰਪੂਰਣੰ ॥ 1 ॥ 210 ॥

ਹੱਥ ਲਿਖਤ ਨੰ : MS 497
ਸਿਰਲੇਖ : ਰਸ ਮੰਜਰੀ
ਲੇਖਕ : ਸੰਭੂ ਨਾਥ
ਪੱਤਰੇ : 1-18
ਅਕਾਰ : 21X29 ਸ.ਮ. ਲਿਖਤ: 18X24 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਸਤਰਾਂ ਪ੍ਰਤੀ ਪੰਨਾ – 24 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਖਸਤਾ, ਇੰਞ ਪ੍ਰਤੀਤ ਹੁੰਦਾ ਹੈ ਕਿ ਪੋਥੀ ਭਿੱਜੀ ਹੋਈ ਹੈ ਅਤੇ ਲਿਖਤ ਵੀ ਸਪਸ਼ਟ ਨਹੀਂ ਹੈ। ਕਈ ਪੰਨਿਆ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਰਸ ਮੰਜਰੀ ਸ਼ੰਭੂ ਕ੍ਰਿਤ ਲਿਖਯਤੇ ॥ ਦੋਹਾ॥
ਅੰਤ : ਇਤ ਸ੍ਰੀ ਸੰਭੂ ਨਾਥ ਕ੍ਰਿਤ ਰਸ ਕੁਲੋਲ ਸਮਾਪਤ: ਸੁਭ ਮਸਤੂ ॥

ਹੱਥ ਲਿਖਤ ਨੰ : MS 498
ਸਿਰਲੇਖ : ਰਸਕ ਪ੍ਰਬੋਧ
ਲੇਖਕ : ਗੁਲਾਮ ਨਬੀ ਰਸ ਲੀਨ
ਸਥਾਨ : ਭੱਦ੍ਰ ਪੁਰੀ
ਸਮਾਂ : ਸੱਤ੍ਰਹ ਸੈ ਅਠਾਵਨੇ ਮਧ ਸੁਦਿ ਛਠਿ ਬੁਧਿਵਾਰ (ਸੰਮਤ 1798)
ਪੱਤਰੇ : 1-60 ੳ
ਅਕਾਰ : 26X22 ਸ.ਮ. ਲਿਖਤ: 18X17 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ।ਹਾਸ਼ੀਆ ਦੋਵੇਂ ਪਾਸੇ ਦੋ - ਦੋ ਕਾਲੀਆਂ ਕਲੀਰਾਂ । ਸਤਰਾਂ ਪ੍ਰਤੀ ਪੰਨਾ - 18 ਹਨ।

| | |
|---|---|
| ਆਮ ਵੇਰਵਾ | : ਪੋਥੀ ਦੀ ਹਾਲਾਤ ਚੰਗੀ ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੈ । ਹਾਸ਼ੀਏ ਵਿਚ ਲਿਖਤ । ਸ਼ੁਰੂ ਵਿਚ ਇਕ ਪੱਤਰੇ ਉਪਰ ਰਚਨਾ ਜਾਣਕਾਰੀ ਦਿੱਤੀ ਹੋਈ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਅਥ ਰਸਕ ਪ੍ਰਬੋਧ ਕਾਬਯਾ ਲਿਖਤੇ ॥ ਦੋਹਰਾ ॥ |
| ਅੰਤ | : ਗਯਾਰਹ ਸੈ ਚੌਬਨ ਸਕਲ ਹਜਰੀ ਸੰਮਤ ਪਾਇ, ਇਤ ਸ੍ਰੀ ਦਸੈਨ ਵਾਸਤੀ ਬਿਲਗਰਾਮੀ ਸੈਯਦ ਬਾਕਰ ਸੁਤ ਸੈਦ ਗੁਲਾਮ ਨਵੀ ਵਿਰਚਤਾਯਾ ਰਸ ਪ੍ਰਬੋਧ ਗ੍ਰੰਥ ਸਮਾਪਤੰ ॥ ਸਵੈਯਾ ਸੰਬਤ ਵਾਰ ਅਭ ਦੁਆਰ ਸੀ ਤਿਹ ਤਾਂ ਤਸੁਦਘੋਸ ਪਛਾਨੋਂ॥ ਫਾਗਨ ਮਾਸ ਕ੍ਰਿਸਨੋ ਤਰ ਪਖਸ ਬਿਕ੍ਰਮ ਤਿਥ ਭਲੀ ਕਰ ਜਾਨੋ॥ ਭੱਦਰਪੁਰੀ ਜਗ ਉੱਤਮ ਗੰਧਾਰੀ ਨ੍ਰਿਪ ਤਾਹਿ ਭਲੋ ਸੁਰ ਗਿਆਨੋ ॥ ਹਰ ਕੀਰਤ ਰਾਮ ਕਵੀ ਤਿਹ ਸੇਵਕ ਤਾਂ ਨ੍ਰਿਪ ਪਾਰ ਸੁਹਤੇ ਲਿਖਾਨੋ ॥੨॥ ਲਿਪੀ ਕ੍ਰਿਤ ਭੱਦ੍ਰ ਪੁਰਸ ਭਾਸਥਾਨੇ॥੧॥ |

| | |
|---|---|
| ਹੱਥ ਲਿਖਤ ਨੰ | : MS 499 ਸੰਗ੍ਰਹਿ |
| ਸਿਰਲੇਖ | : ਪਰੀਛਾ ਗੁਰੂ ਨਾਨਕ ਜੀ ਕੀ |
| ਪੱਤਰੇ | : 1-22 ਅ |
| ਅਕਾਰ | : 15X10 ਸ.ਮ. ਲਿਖਤ: 9X6 ਸ.ਮ. |
| ਵੇਰਵਾ | : ਜਿਲਦ ਗੱਤਾ ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆਂ ਦੋਵੇਂ ਪਾਸੇ ਦੋ - ਦੋ ਲਾਲ ਲਕੀਰਾਂ, ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ – 7 ਹਨ। |
| ਆਮ ਵੇਰਵਾ | : ਪੋਥੀ ਕਿਰਮ ਖੁਰਦਾ, ਲਿਖਾਈ ਸੁੰਦਰ,ਪੋਥੀ ਦੇ ਇਸ ਭਾਗ ਦੀ ਰਚਨਾ ਦੇ ਪੱਤਰਿਆਂ ਦਾ ਅਕਾਰ ਛੋਟਾ ਹੈ । ਇੰਵ ਮਾਲੂਮ ਹੁੰਦਾ ਹੈ ਕਿ ਇਹ ਹਿੱਸਾ ਕਿਸੇ ਪੋਥੀ ਨਾਲੋਂ ਉਤਾਰ ਕੇ ਇਸ ਪੋਥੀ ਵਿਚ ਲਗਾ ਦਿਤਾ ਹੈ । |
| ਆਰੰਭ | : ੧ੴ ਸਤਿ ਗੁਰ ਪ੍ਰਸਾਦਿ ॥ ਪਰੀਛਾ ਗੁਰੂ ਨਾਨਕ ਜੀ ਕੀ ॥ ਸਤਿ ਗੁਰੂ ਜੀ ਕੀ ਆਗਿਆ ਹੈ॥ ਸਤਿ ਵਚਨ ਆਵੈ ॥ |
| ਅੰਤ | : ਇਤੀ ਪ੍ਰੀਛਾ ਗੁਰੂ ਹਰਿ ਰਾਇ ਜੀ ਕੇ ਸੰਪੂਰਨੰ ॥ ਜਹਾਂ ਤਹਾਂ ਸਹਾਇ ॥ ਗੁਰ ਇਸ਼ਟ ਮੰਤ੍ਰ ਜਪੁਜੀ ਜਾਪ ਜੀ ਹੋਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਕੇ ਸਬਦ ਸਲੋਕ ਕਹੈਗੇ । |

| | |
|---|---|
| ਹੱਥ ਲਿਖਤ ਨੰ | : MS 499 ਅ |
| ਸਿਰਲੇਖ | : ਮਹੂਰਤ ਚਿੰਤਾਮਣ |
| ਲੇਖਕ | : ਸੌਂਧਾ ਕਵੀ |
| ਪੱਤਰੇ | : 1-70 |
| ਅਕਾਰ | : 17X10 ਸ.ਮ. ਲਿਖਤ: 11X6 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ – 6 ਹਨ। |
| ਆਮ ਵੇਰਵਾ | : ਪੋਥੀ ਦੇ ਇਸ ਭਾਗ ਦੀ ਰਚਨਾ ਦਾ ਅਕਾਰ ਪਹਿਲੇ ਭਾਗ ਦੀ ਰਚਨਾ ਨਾਲੋਂ ਵੱਡਾ ਅਤੇ ਅਡਰਾ ਹੈ। ਇੰਵ ਮਾਲੂਮ ਹੁੰਦਾ ਹੈ ਕਿ ਇਹ ਦੋਵੇਂ ਭਾਗ ਅੱਡ ਅੱਡ ਪੋਥੀਆਂ ਦਾ ਹਿੱਸਾ ਹਨ। ਪੋਥੀ ਕਿਰਮ ਖੁਰਦਾ ਹੈ ਅਤੇ ਪੱਤਰਿਆਂ ਦੀ ਹਾਲਤ ਵੀ ਖਸਤਾ ਹੈ । |
| ਆਰੰਭ | : ॥ ੧ੴ ਸਤਿਗੁਰ ਪ੍ਰਸਾਦਿ ॥ ਅਥ ਮਹੂਰਤ ਚਿੰਤਾਮਣ ਲਿਖਯਤੇ ॥ ਚੌਪਈ॥ ਅਬ ਮੈ ਕਹੋ ਜੋਗਨੀ ਬਾਸਾ ॥ ਰਿਦ ਮਹਿ ਸਮਝ ਕਰੋ ਨਹੀ ਹਾਸਾ ॥ |
| ਅੰਤ | : ਤਾਂ ਪਾਛੇ ਚਿੰਤਾਮਣ ਸੌਧਾ ਕੀ ॥ ਕ੍ਰਿਤ ਜਾਨਾ ॥ ਭਾਖਾ ਕੀਨੀ ਸੋ ਲਿਖੀ ਭਾਂਤ ਭਾਂਤ ਗੁਣਮਾਨਾ ॥339॥ =॥ ਇਤ ਸ੍ਰੀ ਚਿੰਤਾਮਣ ਸੰਪੂਰਨਨੰ॥ ਸੁਭ ਮਸਤ ਸੁਭ ॥<br>ਇਸ ਤੋਂ ਬਾਅਦ ਕੁੰਡਲੀ ਬਣੀ ਹੋਈ ਹੈ ॥ |

| | |
|---|---|
| ਹੱਥ ਲਿਖਤ ਨੰ | : MS 500 ਸੰਗ੍ਰਹਿ |
| ਸਿਰਲੇਖ | : ਮੇਘ ਮਾਲਾ |
| ਲੇਖਕ | : ਮੇਘ ਰਾਜ ਰਿਖ |
| ਪੱਤਰੇ | : 1-80 |
| ਅਕਾਰ | : 16X10 ਸ.ਮ. ਲਿਖਤ: 11X7 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ - ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ – 9 ਹਨ। |
| ਆਮ ਵੇਰਵਾ | : ਰਚਨਾ ਦੇ ਸ਼ੁਰੂ ਵਿਚ, ਕੁਝ ਪੱਤਰੇ ਖਾਲੀ ਛੱਡੇ ਹੋਏ ਹਨ ਪੋਥੀ ਦੀ ਹਾਲਤ ਚੰਗੀ ਲਿਖਾਈ ਸੁੰਦਰ ਹੈ । |
| ਆਰੰਭ | : ੧ੴ ਸ੍ਰੀ ਗਣੇਸਾਣਨਮ : ਅਥ ਮੇਘ ਮਾਲਾ ਲਿਖਯਤੇ ॥ ਦੋਹਰਾ॥ ਪਰਮ ਪੁਰਖ ਘਟ ਘਟ ਰਮਿਯੋ ਜੋਤ ਰੂਪ ਭਗਵਾਨਾ ॥ |
| ਅੰਤ | : ਇਤਿ ਸ੍ਰੀ ਮੇਘ ਮਾਲਾ ਮੁਨਿ ਮੇਘ ਰਾਜ ਰਿਖ ਵਿਰਚਤੇ ਸਗੁਨ ਨਾਮ ਚਤੁਰਥ ਅਧਿਕਾਰ ਸਮਾਪਤੰ॥੪॥ |

| | |
|---|---|
| ਹੱਥ ਲਿਖਤ ਨੰ | : MS 500 ਅ |
| ਸਿਰਲੇਖ | : ਜੋਤਸ |
| ਲੇਖਕ | : ਸੌਂਧਾ |
| ਪੱਤਰੇ | : 1-49 |
| ਅਕਾਰ | : 16 X 10 ਸ.ਮ. ਲਿਖਤ : 11 X 7 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ। |
| ਆਮ ਵੇਰਵਾ | : ਰਚਨਾ ਦੇ ਇਸ ਭਾਗ ਦੇ ਪੰਨਿਆ ਦਾ ਨੰਬਰ 1, 2 ਤੋਂ ਸ਼ੁਰੂ ਕੀਤਾ ਹੋਇਆ ਹੈ। ਲਿਖਾਈ ਸੁੰਦਰ ਹੈ ਅਤੇ ਪੋਥੀ ਦੀ ਹਾਲਾਤ ਚੰਗੀ । |
| ਆਰੰਭ | : ੧ੴ ਸ੍ਰੀ ਗਣੇਸਾਏਨਮ : ਅਬ ਜੋਤਸ ਬਰਨਨੰ ॥ਚੌਪਈ॥ ਅਬ ਮੈ ਕਹੋ ਜੋਗਨੀ ਬਾਸਾ॥ ਮਨ ਮਹਿ ਸਮਝ ਨ ਕਰੀਅਨ ਹਾਸਾ ॥ |
| ਅੰਤ | : ਇਤ ਸ੍ਰੀ ਮਹੂਰਤ ਚਿੰਤਾਮਣੀ ਸੰਮਾਪਤੰ॥<br>ਇਸ ਤੋਂ ਬਾਅਦ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਛੱਡੇ ਹੋਏ ਹਨ । |

| | |
|---|---|
| ਹੱਥ ਲਿਖਤ ਨੰ | : MS 501 ਸੰਗ੍ਰਹਿ |
| ਸਿਰਲੇਖ | : ਮਨੋਹਰ ਸਤਕ (ਕਾਫੀ) |
| ਲੇਖਕ | : ਕਾਸ਼ੀ ਰਾਮ, ਪੰਡਤ ਰਸਲਦਾਰ, ਭਰਤਪੁਰ |
| ਪੱਤਰੇ | : ਇਕ ਪੰਨਾ |
| ਅਕਾਰ | : 22 X 14 ਸ.ਮ. ਲਿਖਤ : 13 X 12 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ–14 ਹਨ। |
| ਆਮ ਵੇਰਵਾ | : ਪੋਥੀ ਦੇ ਸ਼ੁਰੂ ਵਿਚ ਕੇਵਲ ਇਕ ਪੰਨਾ, ਕਾਲੀ ਸਿਆਹੀ ਵਿਚ ਲਿਖਿਆ ਹੋਇਆ ਹੈ । |
| ਆਰੰਭ | : ਨਾਮ ਕਤਾਬ ਮਨੋਹਰ ਸਤਕ "ਕਾਫੀ" ਕ੍ਰਿਤ ਪੰਡਤ ਕਾਸ਼ੀ ਰਾਮ ਰਸਲਦਾਰ, ਭਰਤਪੁਰ |
| ਅੰਤ | : ਰੇ ਜੋਬਨ ਵਾਰੋ ਮਨਮੋਹਨ ਰੰਗ ਮਤਿ ਹੀ ਡਾਰੋ ॥ |

| | |
|---|---|
| ਹੱਥ ਲਿਖਤ ਨੰ | : MS 501 ਅ |
| ਸਿਰਲੇਖ | : ਕਬਿਤ |
| ਲੇਖਕ | : ਕਾਲਿਕਾ |
| ਪੱਤਰੇ | : 3 |
| ਅਕਾਰ | : 16 X 22 ਸ.ਮ. ਲਿਖਤ : 12 X 20 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ - 23 ਹਨ। |
| ਆਮ ਵੇਰਵਾ | : ਰਚਨਾ ਦੇ ਇਸ ਭਾਗ ਵਿਚ ਕਾਨੀ ਬਦਲ ਕੇ ਲਿਖਿਆ ਹੋਇਆ ਹੈ ਲਿਖਾਈ ਬਹੁਤੀ ਸਾਫ਼ ਨਹੀ ਹੈ ਵਿਚ ਵਿਚ ਧਬਿਆਂ ਵਾਲੀ ਹੈ । |
| ਆਰੰਭ | : ਅਥ ਕਾਲਿਕਾ ਕਵਿ ਕ੍ਰਿਤ ਕਬਿਤ ॥ ਯਹ ਪ੍ਰੀਤ ਕੀ ਬੇਲ ਲਗਾਈ ਜੁ ਹੈ ਤਿਹ ਸੀਚ ਭਸੇ ਸਰਸਾਈਏ ਜੂ ॥ |
| ਅੰਤ | : ਸਸਿ ਫੂਲ ਅੰਬੇ ਕੇ ਗਹੇ ਸਿਵ ਕੇ ਗੰਗਾਧਾਰ ਅੰਬੀਹ ਸਿੰਘ ਧ੍ਰੈ ਅੰਬੇ ਕੇ ਬਾਹਨ ਸਿਵ ਕੈ ਬੈਲ ਬਿੰਸਾਲ ਦਾਨਹ ਸ੍ਰਿਮੋਨਹ ਕ੍ਰਿਪਾ ਕੁਸਿੰਭੁ ਰਨੰਜ ਭਗਤਨ ਪ੍ਰਤਪਾਲ ਸੰਭੂ ਹੈ ਸੰਭੂ ਹੈ ॥ |

| | |
|---|---|
| ਹੱਥ ਲਿਖਤ ਨੰ | : MS 501 ੲ |
| ਸਿਰਲੇਖ | : ਗੀਤ ਗੋਬਿੰਦ ਭਾਖਾ |
| ਲੇਖਕ | : ਫਤੇਰਾਮ, ਕਵੀ |
| ਪੱਤਰੇ | : 1-39 ਅ |
| ਅਕਾਰ | : 16 X 22 ਸ.ਮ. ਲਿਖਤ : 11 X 18 ਸ.ਮ. |
| ਵੇਰਵਾ | : ਓਹੀ । ਸਿਆਹੀ ਕਾਲੀ, ਸਤਰਾਂ ਪ੍ਰਤੀ ਪੰਨਾ - 21 ਹਨ। |
| ਆਮ ਵੇਰਵਾ | : ਰਚਨਾ ਦੇ ਇਸ ਭਾਗ ਵਿਚ ਪੰਨਾ ਨੰ: ਦਿਤੇ ਹੋਏ ਹਨ, ਲਿਖਤ ਬਹੁਤ ਸਾਫ ਨਹੀਂ ਹੈ। |
| ਆਰੰਭ | : ੴ ਸਤਿਗੁਰ ਪ੍ਰਸਾਦਿ ਅਥ ਸ੍ਰੀ ਗੀਤ ਗੋਬਿੰਦ ਗ੍ਰੰਥ ਕਵਿ ਫਤੇ ਕ੍ਰਿਤ ਭਾਖਾ ॥ |
| ਅੰਤ | : ਇਤਿ ਸ੍ਰੀ ਮਤਿ ਰਾਧਾ ਰਾਧਾਂ ਰਮਣ ਪਦ ਪੰਕਜ ਮਲਿਕ ਦਾ ਸਾਨੁ ਦਾਸ ਭੁਪ੍ਰ ਹੀਰਾ ਸਿੰਘ ਕਾ ਗਤਿ ਸ੍ਰੀ ਜੈਦੇਵ ਕਾਵਿਹ ਕ੍ਰਿਤ ਸ੍ਰੀ ਗੀਤ ਗੋਬਿੰਦ ਫਤੇ ਰਾਮ ਕਵਿ ਭਾਖਾ ਵਰਣੇ ਨਾਮ ਖਸ੍ਰਮੋ ਧਿਜਾਪਯ: ਸੁਭੰ॥ |

| | |
|---|---|
| ਹੱਥ ਲਿਖਤ ਨੰ | : MS 501 ਸ |
| ਸਿਰਲੇਖ | : ਛਪੈ |
| ਲੇਖਕ | : ਸੁੰਦਰ ਸਿੰਘ |
| ਲਿਖਾਰੀ | : ਸੰਤ ਸਿੰਘ |
| ਸਮਾਂ | : 1944 ਬ੍ਰਿਕਮੀ |
| ਸਥਾਨ | : ਪਟਿਆਲਾ |
| ਪੱਤਰੇ | : 39 ਅ - 40 ਅ |
| ਅਕਾਰ | : 16 X 22 ਸ.ਮ. ਲਿਖਤ : 10 X 18 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 23 ਹਨ। |
| ਆਰੰਭ | : ਛਪੈ ਤਿਲਕ ਭਾਲ ਬਨੁਮਾਲ ਅਧਿਕਾਮਜਤ ਰਸਾਸਬਿ ॥ |
| ਅੰਤ | : ਸਾਢੇ ਤੀਨ ਦਿਨ ਮੈ ਬਹੁਤ ਜਲਦੀ ਕੇ ਹਾਥ ਸੈ ਸਾਹਬ ਸੰਤ ਸਿੰਘ ਜੀ ਨੈ ਡੇਰੇ ਧੁਮ ਪੁਜਾ ਪਟੇਆਲੇ ਮੈ ਸੁੰਦ੍ਰਨ ਸਿੰਘ ਲਖਾਰੀ ਕੇ ਪੁਸਤਕ ਪਰੋ ਨਕਲ ਕੀਆ ਫਕਤ ਸਾਓਨ ਪ੍ਰਤੀ ਸੰਨ: ੧੯੪੪ ਬਿਕ੍ਰਮ ਜੀਤਾ ॥ ੭॥ |

ਹੱਥ ਲਿਖਤ ਨੰ : MS 501 ਹ
ਸਿਰਲੇਖ : ਕਬਿਤ
ਲੇਖਕ : ਪ੍ਰਹਲਾਦ ਕਵੀ
ਪੱਤਰੇ : ਤਕਰੀਬਨ 2 ਪੱਤਰੇ
ਅਕਾਰ : 16 X 12 ਸ.ਮ. ਲਿਖਤ : 10 X 18 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 23 ਹਨ।
ਆਮ ਵੇਰਵਾ : ਲਿਖਤ ਬਹੁਤ ਸਾਫ਼ ਨਹੀਂ ਹੈ। ਵੱਖ ਵੱਖ ਸਤਰਾਂ ਵਿਚ ਵੱਖ ਵੱਖ ਕਵੀਆਂ ਦੇ ਕਬਿਤ ਦਿਤੇ ਹੋਏ ਹਨ। ਅਖੀਰਲੇ ਪੰਨੇ ਉਪਰ ਇਕ ਮੰਤਰ ਲਿਖਿਆ ਹੋਇਆ ਹੈ ।

ਹੱਥ ਲਿਖਤ ਨੰ : MS 502
ਸਿਰਲੇਖ : ਪੈਤੀਸ ਅਖਰੀ ਮਹਲਾ ੧
ਅਕਾਰ : 16 X 13 ਸ.ਮ. ਲਿਖਤ : 11 X 9 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਹਾਸ਼ੀਆ ਚਾਰੇ ਪਾਸੇ, ਦੋ ਦੋ ਲਾਲ ਲਕੀਰਾਂ ਅਤੇ ਦੋ ਪਾਸੇ, ਲਾਲ ਲਕੀਰਾਂ ਨਾਲ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਚੰਗੀ ਹੈ ।
ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਅਥ ਪੈਤੀਸ ਅਖਰੀ ਮਹਲਾ 1 ॥ ਓਅੰਕਾਰਿ ਸਰਬ ਪ੍ਰਕਾਸੀ ॥ ਆਤਮੁ ਸੁਧਿ ਅਕ੍ਰੈ ਅਬਿਨਾਸੀ ॥"
ਅੰਤ : "ਡਰੈ ਡੂਗਰੈ ਜਲੈ ਥਲੈ ਘਟੈ ਅਵ ਘਟੈ ਸ੍ਰੀ ਗੁਰੂ ਬਾਬਾ ਨਾਨਕ ਜੀ ਰਛਿਆ ਕਰੈ ॥ ਅਕਾਲ ਪੁਰਖ ਜੀ ਤੇਰੀ ਸਰਣਿ॥੧॥"

ਹੱਥ ਲਿਖਤ ਨੰ : MS 503
ਸਿਰਲੇਖ : ਗੁਰ ਰੀਤੀ ਬਿਵਾਹ ਦੇ ਅਨੰਦ ਦੀ (ਬੀਬੀ ਭਾਨੀ)
ਪੱਤਰੇ : 1-16 ੳ
ਅਕਾਰ : 16 X 9 ਸ.ਮ. ਲਿਖਤ : 11 X 7 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ ਅਤੇ ਲਿਖਾਈ ਸੁੰਦਰ ਹੈ ।
ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਗੁਰ ਰੀਤੀ ਬਿਵਾਹ ਦੇ ਅਨੰਦ ਦੀ ਬੀਬੀ ਭਾਨੀ ਤੇ ਚਲੀ ਹੈ ਬੈਸਾਖ ਸੁਦੀ ੧੩ ਸੰਮਤ ੧੬੧੨ ਬਿਵਾਹ ਨੂੰ ਸਾਦੀ ਕਰੀ ਬੀਬੀ ਭਾਨੀ ਦੀ ॥"
ਅੰਤ : "ਬ੍ਰਾਹਮਨ ਤੇ ਖਤ੍ਰੀ ਕੈਦ ਕਰਕੇ ਲਹੌਰ ਨੂੰ ਲੈ ਗਇਆ ਦੇਵੀ ਚੰਦ ॥ ਅਨੰਦ ਦੀ ਰੀਤ ਸਮਾਪਤ ਹੋਈ ॥"

ਹੱਥ ਲਿਖਤ ਨੰ : MS 504 ਸੰਗ੍ਰਹਿ
ਸਿਰਲੇਖ : ਕਥਾ ਕਬੀਰ ਗੁਸਾਈ ਕੀ
ਲੇਖਕ : ਬਾਬਾ ਗਿਰਨਾਰੀ ਸ੍ਵਾਹਾ
ਲਿਖਾਰੀ : ਨਿਹਾਲ ਸਿੰਘ ਸਾਹਣੀ
ਸਥਾਨ : ਢਾਬ
ਸਮਾਂ : ਸੰਮਤ 1937

| | |
|---|---|
| ਪੱਤਰੇ | : 1-319 |
| ਅਕਾਰ | : 23X31 ਸ.ਮ. ਲਿਖਤ: 19X27 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ । ਸਤਰਾਂ ਪ੍ਰਤੀ ਪੰਨਾ – 21 ਹਨ। |
| ਆਮ ਵੇਰਵਾ | : ਗ੍ਰੰਥ ਦੀ ਹਾਲਤ ਠੀਕ ਠੀਕ, ਲਿਖਾਈ ਸੁੰਦਰ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ [ਮੂਲ ਮੰਤਰ] ਲਾਲ ਸਿਆਹੀ ਨਾਲ ਅਤੇ ਫਿਰ ਕਬੀਰ ਜੀ ਦੀ ਪੂਰਬਲੇ ਜਨਮ ਦੀ ਕਥਾ ਸ਼ੁਰੂ ਹੁੰਦੀ ਹੈ । |
| ਆਰੰਭ | : "ਆਦਿ ਕਥਾ ਕਬੀਰ ਗੁਸਾਈ ਕੀ ॥ ਪੂਰਬਲੇ ਜਨਮ ਕੀ ॥ ਆਦਿ ਪੂਰਬਲੀ ਪਿਛਲੇ ਜਨਮ ਕੀ ਕਥਾ ॥" |
| ਅੰਤ | : ਸੰਮਤ: – ਉਨੀ ਸੈ ਸੰਤਾਤਰੀ 1937 ਵਿਚ ਮੇਤੀ ਵੇਸਾਖ ਦਿਨੇ ਚਉਦਵੀਂ 14 ਥਿਤ ਏਕਮ ਵਾਰ ਆਇਤਵਾਰ ਦਿਨ ਪੋਥੀ ਸੰਪੂਰਨ ਭਈ ॥ ਜਨਮ ਸਾਖੀ ਰਾਮ ਕਬੀਰ ਜੀ ਕੀ ॥ ਪੜੈ ਸੁਣੇ ਸੋ ਸੁਖ ਪਾਵੈ ਗੁਰ ਪ੍ਰਸਾਦਿ ॥ ਗੁਲਾਮ ਟੈਲੀਆ ਦਾਸਨ ਕਾ ਦਾਸ ਨਿਹਾਲ ਸਿੰਘ ਸਾਹਣੀ ਭੋਣਾ ਵਾਲਾ ਤਾਰੇ ਸਿੰਘ ਦਾ ਪੁੱਤਰ ਕਿਸ੍ਨ ਸ੍ਾਹਾ ਦਾ ਪੁੱਤਰ ਲਿਖੀ ਗੁਰ ਪ੍ਰਸਾਦਿ ॥ ਉਤਾਰਾ ਉਢਹਵਾਲ ਵਾਲੀ ਪੋਥੀ ਬਾਬਾ ਗਿਰਨਾਰੀ ਸ੍ਾਹਾ ਕੀ ਪੋਥੀ ਉਪਰੋ ਕੀਆ ਢਾਬਾ ਵਿਚ ਲਿਖੀ ਸਤਿ ਸਤਿ ਸਤਿ ਨਾਮ ਕਰਤਾ ਪੁਰਖ ॥ ਸ੍ਰੀ ਰਾਮ ਸ੍ਰੀ ਰਾਮ ਰਾਮ ਰਾਮ ਜਪ ਜਪਣਾ ਭਗਤ ਭਾਉ ਕਰਿ ਸੁਣੈਗਾ ਤਿਸ ਕਉ ਭਗਤਿ ਪ੍ਰਾਪਤ ਹੋਇਗੀ ॥ ਸਤਿ ਕਰਿ ਮਨਿਣਹ ॥<br>ਇਹ ਪੋਥੀ ਲਿਖਾਈ ਕਾਹਨ ਸਿੰਘ ਕੋ ਹਲੀ ਢਾਬਾ ਵਾਲੇ । |

| | |
|---|---|
| ਹੱਥ ਲਿਖਤ ਨੰ | : MS 504 ਅ |
| ਸਿਰਲੇਖ | : ਕਥਾ ਸੁਖਦਵਿ ਜੀ ਕੀ [ ਕਥਾ ਸੁਖਦੇਵ ਜੀ ਕੀ ] |
| ਲੇਖਕ | : ਓਹੀ |
| ਲਿਖਾਰੀ | : ਓਹੀ |
| ਸਮਾਂ | : ਓਹੀ |
| ਪੱਤਰੇ | : 1- 28 ਅ |
| ਅਕਾਰ | : 23X31 ਸ.ਮ. ਲਿਖਤ: 19X27 ਸ.ਮ. |
| ਵੇਰਵਾ | : ਓਹੀ, ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ - 21 ਹਨ। |
| ਆਮ ਵੇਰਵਾ | : ਕੁਝ ਪੱਤਰੇ ਵਿਚੋਂ ਉਖੜੇ ਹੋਏ ਹਨ, ਵੈਸੇ ਰਚਨਾ ਪੂਰੀ ਹੈ, ਪੰਨਾ ਨੰ: ਇਕ (1) ਤੋਂ ਰਚਨਾ ਸ਼ੁਰੂ ਕੀਤੀ ਹੈ ।ਅਗੇ ਕੁਝ ਪੱਤਰੇ ਖਾਲੀ ਹਨ । |
| ਆਰੰਭ | : "੧ਓ ਸਿਤਿਗੁਰ ਪ੍ਰਸਾਦਿ ॥ ਅਥ ਕਥਾ ਸੁਖਦਵਿ ਜੀ ਕੀ ਚਲੀ ॥" |
| ਅੰਤ | : "ਸਤਿਪੁਰਖ ਜੀ ਕਥਾ ਸਪੂਰਿਨ ਹੋਈ ॥ ਰਾਜਾ ਜਨਕ ਸੁਖਦੇਉ ਜੀ ਕੀ ॥ ਸ੍ਰੀ ਸਤਿ ਗੁਰੂ ਜੀ ਕੇ ਪ੍ਰਸਾਦਿ ॥ ੧ ॥ ੨ ॥ ੩ ॥ ੪ ॥ ਭੁਲੇ ਚੁਕੇ ਲਾਅ ਮਾਤਿਰੁ ਕੰਨਾ ਸਿਆਰੀ ਗੁਰੁ ਬਖਸਿਦਾ ॥ ਦੋਹਿਰਾ ॥ ਮੈ ਅਵਗੁਨ ਹਾਰੇ ਕੀ ਬੇਨਤੀ ਤੁਮੇ ਸੁਣੀਉ ਗਰੀਬ ਨਿਵਾਜੁ ॥ ਜੇ ਹਉ ਪੂਤਿ ਕਪੂਤਿ ਹਓ ਬਹੁਰ ਪਿਤਾ ਕੋ ਲਾਜੁ ॥" |

| | |
|---|---|
| ਹੱਥ ਲਿਖਤ ਨੰ | : MS 505 |
| ਸਿਰਲੇਖ | : ਜਨਮ ਸਾਖੀ ਮਹਲਾ ਪਹਿਲਾ |
| ਸਮਾਂ | : ਬਿਕ੍ਰਮੀ ਸੰਮਤ 1882 |

| | |
|---|---|
| ਪੱਤਰੇ | : 1- 288 ੳ |
| ਅਕਾਰ | : 31X29 ਸ.ਮ. ਲਿਖਤ: 24X23 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਉਖੜੀ ਹੋਈ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਕਾਲੀਆਂ ਲਕੀਰਾਂ ਨਾਲ । ਸਤਰਾਂ ਪ੍ਰਤੀ ਪੰਨਾ - 22 ਹਨ। |
| ਆਮ ਵੇਰਵਾ | : ਗ੍ਰੰਥ ਦੀ ਹਾਲਤ ਮਾੜੀ ਜਿਲਦ ਉਖੜੀ ਹੋਈ ਹੈ ਅਤੇ ਵਿਚ ਵਿਚ ਪੱਤਰੇ ਵੀ ਖੁਲੇ ਹੋਏ ਹਨ, ਰਚਨਾ ਦੇ ਸ਼ੁਰੂ ਵਿਚ ਵੀ ਪੱਤਰੇ ਖੁਲੇ ਹਨ। ਪਹਿਲੇ ਪੰਨੇ ਤੇ ਸੰਮਤ ਬਾਰੇ ਪੈਨ ਨਾਲ ਲਿਖਿਆ ਹੋਇਆ ਹੈ । |
| ਆਰੰਭ | : "ਮੂਲ ਮੰਤਰ ॥ ਜਨਮ ਸਾਖੀ ਮਹਲਾ ਪਹਿਲਾ ॥ (੧) ਅਮਰ ਕਥਾ ਗੁਰੂ ਬਾਬੇ ਨਾਨਕ ਜੀ ਕੀ ।" |
| ਅੰਤ | : "ਸੰਮਤ:- ਸੈ ਅਠਾਰਾ ਬਿਆਸੀਏ ਇਤਿ ਪੋਥੀ ਲਿਖੀ ਗੁਰੂ ਬਾਬੇ ਨਾਨਕ ਜੀ ਕੀ॥ ਸੰਮਤ ਬਿਆਸੀਆ ਆਹਾ ।" |

| | |
|---|---|
| ਹੱਥ ਲਿਖਤ ਨੰ | : MS 506 |
| ਸਿਰਲੇਖ | : ਪੁਰਾਤਣ ਜਨਮਸਾਖੀ |
| ਲੇਖਕ | : ਬ੍ਰਹਮਦਾਸ, ਸਾਧ ਖਟੜੇ ਵਾਲਾ |
| ਲਿਖਾਰੀ | : ਦੇਵੀ ਦਾਸ |
| ਸਮਾਂ | : ਸੰਮਤ 1791 ਬਿਕ੍ਰਮੀ |
| ਪੱਤਰੇ | : 1-287 |
| ਅਕਾਰ | : 20X14 ਸ.ਮ. ਲਿਖਤ: 13X11 ਸ.ਮ. |
| ਵੇਰਵਾ | : ਜਿਲਦ ਗੱਤਾ, ਕਪੜਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ - 11 ਹਨ। |
| ਆਮ ਵੇਰਵਾ | : ਪੋਥੀ ਦੇ ਸ਼ੁਰੂ ਵਿਚ ਦਸਾਂ ਪਾਤਸ਼ਾਹੀਆਂ ਦੇ ਜੋਤੀ ਜੋਤ ਸਮਾਣੇ ਕੇ ਸੰਬਤ ਦਿਤੇ ਹੋਏ ਹਨ। ਇਸ ਤੋਂ ਬਾਅਦ ਦਸਾਂ ਮਹਲਾ ਕੇ ਨਾਮ ਦਿਤੇ ਹੋਏ ਹਨ ਅਤੇ ਫਿਰ ਪੋਥੀ ਦਾ ਅਸਲ ਰਚਨਾ ਦਾ ਆਰੰਭ ਕੀਤਾ ਹੈ । ਸ਼ੁਰੂ ਵਿਚ ਰਚਨਾ ਦੇ ਸਮੇਂ ਸੰਤ ਬਾਰੇ 1791 ਬਿਕ੍ਰਮੀ ਲਿਖਿਆ ਹੋਇਆ ਹੈ । |
| ਆਰੰਭ | : "੧ੳ ਸਤਿਗੁਰ ਪ੍ਰਸਾਦਿ ॥ ਜਨਮ ਸਾਖੀ ਬਾਬੇ ਜੀ ਕੀ ॥ ਸ੍ਰੀ ਜਨਕ ਭਗਤ ਜਗਤ ਨਿਸਤਾਰਣ ਕਉ ਆਇਆ ॥ ਕਲਜੁਗ ਵਿਚ ਬਾਬਾ ਨਾਨਕ ਹੋਇ ਜਨਮਿਆ ਸੰਬਤ 1526 ਅਖਰੀ ਪੰਦਰਾਂ ਸੈ ਛਬੀਹ ॥" |
| ਅੰਤ | : "ਲਿਖਤੰ ਗੁਲਾਮ ਸੰਗਤ ਕਾ ਦੇਬੀਦਾਸ (ਦੇਵੀ ਦਾਸ) ਬ੍ਰਾਹਮਣ ਕਾ ਲਿਖੇਅ ਬਾਚਣਾ ॥ ਅਖਰ ਸੋਧ ਪੜਨਾ ॥ ਭੁਲ ਚੁਕ ਬਖਸ ਲੈਣੀ ॥ ਖੁਸੀ ਕਰਣੀ ਸ੍ਰੀ ਵਾਹਗੁਰੂ ਚਿਤ ਆਵੇ ॥ ਮਹੀਨੇ ਬਿਸਾਖ ਸੁਕੱਲਾ ਪਖ ਥਿਤ ਤ੍ਰਿਓਦਸੀ ॥ ਮੰਗਲਵਾਰਾ ਪੋਥੀ ਸਪੂਰਨ ਹੋਈ ਜੀ ॥ ਲਿਖਾਈ ਬ੍ਰਹਮ ਦਾਸ ਸਾਧ ਖਟੜੇ ਵਾਲਿਆ ਦੇ ਨੈ ॥ ਲਿਖੀ ਦੇਵੀ ਦਾਸ ਨੈ ॥ ਵਾਹਗੁਰੂ " |

| | |
|---|---|
| ਹੱਥ ਲਿਖਤ ਨੰ | : MS 507 |
| ਸਿਰਲੇਖ | : ਨਾਮ ਕੋਸ਼ ਗ੍ਰੰਥ |
| ਲੇਖਕ | : ਸੰਤੋਖ ਸਿੰਘ, ਕਵਿ |
| ਲਿਖਾਰੀ | : ਅਤਰ ਸਿੰਘ |
| ਸਥਾਨ | : ਸੰਗਰੂਰ |
| ਸਮਾਂ | : ਸੰਬਤ 1925 ਮਹੀਨਾ ਹਾੜ ਸੁਦੀ : ਸੰਮਤ 1878 |

ਪੱਤਰੇ : 1- 168

ਅਕਾਰ : 15X22 ਸ.ਮ. ਲਿਖਤ: 12X19 ਸ.ਮ.

ਵੇਰਵਾ : ਜਿਲਦ ਤੋਂ ਬਗੈਰ, ਕਾਗਜ ਲਗਾਇਆ ਹੋਇਆ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ – 15 ਹਨ।

ਆਮ ਵੇਰਵਾ : ਪੋਥੀ ਅਧੂਰੀ ਹੈ, ਪਹਿਲਾ ਪੰਨਾ ਅਤੇ ਅਖੀਰਲਾ ਪੰਨਾ ਬਾਅਦ ਵਿਚ ਲਿਖਕੇ ਨਾਲ ਜੋੜਿਆ ਹੈ । ਅਸਲ ਵਿਚ ਪੋਥੀ ਪੰਨਾ ਨੰ: 2 ਤੋਂ ਸ਼ੁਰੂ ਹੁੰਦੀ ਹੈ । ਹੱਥ ਨਾਲ ਪੰਨੇ ਲਿਖੇ ਦਾ ਆਰੰਭ ਇੰਝ ਹੈ:

ਆਰੰਭ : "ੴ ਸ੍ਰੀ ਵਾਹਗੁਰੂ ਜੀ ਕੀ ਫਤਹਿ ॥ ਅਥ ਨਾਮ ਕੋਸ਼ ਗ੍ਰੰਥ ਲਿਖਤੇ ॥ ਕਬਿੱਤ ॥ ਏਕੋਂਕਾਰ ਉਤਪਤਿ ਸਤਿਗੁਰ ਮੋਹਿ ਗਤ ਜਗਤ ਭਗਤ ਏਤ ਕਰਤ ਉਧਾਰ ਹੈ। "

ਅੰਤ : ਪੰਨਾ – ੨੬੮ ਇਤਿ ਸ੍ਰੀ ਨਾਮ ਕੋਸ਼ ਗ੍ਰਿੰਥੇ ਤ੍ਰਿਤੀਆ ਕੋਸ਼ ਸਮਾਪਤੰ ॥ ਮਸਤ ਸੁਭ ਮਸਤ । ਸੰਮਤ ੧੯੨੫ ਮਹੀਨਾ ਹਾੜ ਸੁਦੀ ੯ ਦਿਨ ਜੁਮਾ ਸੰਗਰੂਰ ਮੈ ਲਿਖਾ ਹੈ । ਅਤਰ ਸਿੰਘ ਤਨੁਜ ਭਾਈ ਸਾਹਿਬ ਗੁਰਦਯਾਲ ਸਿੰਘ ਗਿਯਾਨੀ ਅਨੰਦਪੁਰੀਏ ਕੇ ।
ਅਸਲ ਮੁਤਾਬਕ ਨਕਲ"

ਹੱਥ ਲਿਖਤ ਨੰ : MS 509

**ਸਿਰਲੇਖ : ਸ੍ਰੀ ਗੁਰ ਬਿਲਾਸ**

ਲੇਖਕ : ਨਰਾਇਣ ਸਿੰਘ

ਸਮਾਂ : ਸੰਮਤ 1909

ਪੱਤਰੇ : 1- 325

ਅਕਾਰ : 28 X 17 ਸ.ਮ. ਲਿਖਤ : 18 X 9 ਸ.ਮ.

ਵੇਰਵਾ : ਜਿਲਦ ਗੱਤਾ, ਚਮੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ - ਦੋ ਲਾਲ ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 9 ਹਨ।

ਆਮ ਵੇਰਵਾ : ਗ੍ਰੰਥ ਇੰਜ ਜਾਪਦਾ ਹੈ ਕਿ ਪਾਣੀ ਨਾਲ ਭਿੱਜਿਆ ਹੋਇਆ ।

ਆਰੰਭ : "ੴ ਸ੍ਰੀ ਵਾਹਗੁਰੂ ਜੀ ਕੀ ਫਤਹ ॥ ਅਥ ਸ੍ਰੀ ਗੁਰ ਬਿਲਾਸ ਲਿਖਯਤੇ ॥ ਚੌਪਈ ॥ ਬਿਨਵੌਂ ਆਦਿ ਪੁਰਖੁ ਕਰਤਾਰਾ ॥ ਜਿਨ ਯਹਿ ਕੀਨੋ ਸਕਲ ਪਸਾਰਾ ॥"

ਅੰਤ : "ਇਤਿ ਸ੍ਰੀ ਗੁਰ ਬਿਲਾਸ ਸ੍ਰੀ ਮਨੀ ਸਿੰਘ ਸਤਵੇਯਯਾਨ ਬਰਨਨੰ ਨਾਮ ਇਕੀਸਮੋਧਿਯਾਇ ਕਬਿ ਖਾਲਸਾ ਪੰਥ ਵਰਨਨੰ ॥ ਫਾਵਸ ਰੁਤ ਬ੍ਰਸਾਤ ਕੀ ਪੂਰਨ ਕੀਉ ਗ੍ਰੰਥਾ ॥ ਗੁਰ ਬਿਲਾਸ ਇਹ ਨਾਮ ਹੈ ਪੜੋ ਪ੍ਰੀਤ ਸੋ ਪੰਥਾ ॥ ੧ ਸੋਰਠਾ । ਸੰਮਤ ਉਨੀ ਸੈ ਨੌ ਕਰ ਤਿਆਰ ਸੁਖ ਪਾਇਓ ॥ ਨਰਾਇਣ ਸਿੰਘ ਹੈ ਨਾਉ ਗੁਰ ਰਾਮ ਦਾਸ ਕ੍ਰਿਪਾ ਕਰੀ ॥ 24 ਸੰਮਤ 1909 ॥ ਦਸਮੀ ਸੁਦੀ ਸਪੂਰਨੰ ॥

ਹੱਥ ਲਿਖਤ ਨੰ : MS 510 ਸੰਗ੍ਰਹਿ

ਸਿਰਲੇਖ : ਮਹਾਕਵ (ਮਹਾਕਾਵ)

ਲੇਖਕ : ਕਵਿ ਕਾਲ [ਕਾਲੀ] ਦਾਸ

ਲਿਖਾਰੀ : ਨਿਹਾਲ

ਸਮਾਂ : ਸੰਮਤ ਅਠਾਰਾ ਸੈ ਭਏ ਚੌਰਾਸੀ (1884)

ਪੱਤਰੇ : 1- 11 ਅ

ਅਕਾਰ : 17 X 24 ਸ.ਮ. ਲਿਖਤ : 13 X 20 ਸ.ਮ.

ਵੇਰਵਾ : ਜਿਲਦ ਤੋਂ ਬਗੈਰ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ - 23 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਮਾੜੀ, ਪੰਨਿਆ ਉਪਰ ਸਿਆਹੀ ਦੇ ਧੱਬੇ ਹਨ ਅਤੇ ਲਿਖਾਈ ਸਾਫ ਨਹੀਂ ਹੈ ।

ਆਰੰਭ : .....ਚਰਨ ਬਰਨ ਲਖਜਨ ਲਲਤ ਰਚਿ ਰੀਝਜੇ ਕਰਤਾਰ॥ ਬਿਨ ਭੂਖਨ ਨਹਿ ਭੂਖ ਹੀ ਕਵਿਤਾ ਬਨਿਤਾ ਚਾਰ॥੨॥ ਦੀਰਘ ਮਤ ਸਤ ਕਵਿਤ ਕੇ ਅਰਾਥਾ ਸੈ ਲਘੁ ਤਰਨ॥ ਕਵਿ ਦੂਲਹ ਯਾਂਤੇ...ਕਵਿ ਕੁਲ ਕੰਠਾ ਭਰਨ॥੩॥...

ਅੰਤ : ਇਤਿ ਸ੍ਰੀ ਮਹਾ ਕਵਿ ਕਾਲਦਾਸ ਵਿਸਿਖਯੇਣ ਸੁਖਦੇਵ ਮਿਸਰ ਤਵ ਸਿਖਯੇਨ ਕਵ ਦੂਲਹੁ ਬਿਰਚਿਤੇ ਅਲੰਕਾਰ ਕੰਠਾਂ ਭਰਨੇ ਸਬਦਾਰਥ ਅਲੰਕਾਰੇ ਪ੍ਰਿਥਮ ਭੂਖਣ ਸਮਾਪਤਿ ਸੁਭ ਮਸਤੂ ॥ ਦੋਹਾ ॥ ਸੰਮੁਤ ਅਠਾਰਾ ਸੈ ਭਏ ਚੌਰਾਸੀ ਫਿਰ ਜਾਨ ॥ ਕਾਤਕ ਪੂਰਨ ਸੋਮ ਦਿਨ ਕਵਿ ਨਿ ਆਉ ਬਰਦਾਨ॥ ਭਟਾ ਚਾਰਜ ਮਹਾਕਵ ਤਿਨ ਤੇ ਪੋਥੀ ਲੇਇ॥ ਲਿਖ ਨਿਹਾਲ ਨਿਜ ਪਠਨ ਕੋ ਰਾਖੀ ਸੁਖਦ ਸਨੇਇ ॥

ਹੱਥ ਲਿਖਤ ਨੰ : MS 510 ਅ

ਸਿਰਲੇਖ : ਰਸ ਬਿਨੋਦ ਚੰਦਕਾ

ਲੇਖਕ : ਉਦੈਨਾਥ, ਕਵਿੰਦਰ

ਲਿਖਾਰੀ : ਨਿਹਾਲ

ਸਮਾਂ : 1912 ਬਿਕ੍ਰਮੀ

ਪੱਤਰੇ : 12 ੳ - 18 ਅ

ਅਕਾਰ : 17 X 24 ਸ.ਮ. ਲਿਖਤ : 13 X 20 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 26 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਲਿਖਾਈ ਸਾਫ ਨਹੀਂ ਹੈ ਧਬਿਆਂ ਵਾਲੀ ਹੈ ।

ਆਰੰਭ : ਅਥ ਰਸ ਬਿਨੋਦ ਚੰਦਕਾ ਲਿਖਯਤੇ ਕਬਿਤ॥ ਪਿੰਤ ਸ੍ਰੀ ਚਮਕ ਰਾਇ ਬਿਰਚਿਤਾਯਾ ਕਾਵਿੰਦ੍ਰ ਉਦੈ ਨਾਥ ਬਿਨੋਦ ਚੰਦ੍ਰਕਾ

ਅੰਤ : ਸੁ ਕੀਯਾ ਬਰਨਨੋ ਨਾਮ ਤ੍ਰੀਤੀਯਾਹ ਪ੍ਰਕਾਸਤ । ਸਮਾਪਤ ਸੁੰਭ । ਦੋ ॥ ਉਨੀ ਸਤ ਦ੍ਵਾਦਸ ਬਰਖ ਸਾਲ ਬਿਕ੍ਰਮਾ ਰਾਇ ॥ ਕਵਿ ਨਿਹਾਲ ਨਿਜ ਪੜਨ ਕੋ ਲਿਖਯੋ ਗਰੰਥ ਬਨਾਇ ॥

ਹੱਥ ਲਿਖਤ ਨੰ : MS 510 ੲ

ਸਿਰਲੇਖ : ਰਸਾਨੰਦ ਲੈਹਰੀ ਬਿਲਾਸ

ਪੱਤਰੇ : 17 ੳ

ਅਕਾਰ : 17X24 ਸ.ਮ. ਲਿਖਤ: 13X20 ਸ.ਮ.

ਵੇਰਵਾ : ਓਹੀ । ਸਤਰਾਂ-8 ਹਨ।

ਆਮ ਵੇਰਵਾ : ਰਚਨਾ ਅਧੂਰੀ ਹੈ ਕੇਵਲ 8 (ਅੱਠ) ਸਤਰਾਂ ਹਨ ।

ਆਰੰਭ : ੧ਓਅੰ ਸ੍ਰੀ ਗਣੇਸਾਇਨਮਹਿ ॥ ਅਥ ਰਸਨਿੰਦ ਲੈਹਰੀ ਬਿਲਾਸ ਲਿਖਤੇ ॥

ਅੰਤ : ਦੋਹਾ॥ ਦੋ ਦੋ ਰਿਤੁ ਤੀਨੋ ਸੰਮੇ ਦੰਪਤਿ ਤੀਨ ਸਰੂਪ॥ ਰਸ ਉਤ.....

ਹੱਥ ਲਿਖਤ ਨੰ : MS 510 ਸ

ਸਿਰਲੇਖ : ਰਸ ਦੀਪਕਾ

ਲੇਖਕ : ਭੂਪਤ ਗੁਰਦਿਤ ਸਿੰਘ

| | |
|---|---|
| ਲਿਖਾਰੀ | : ਨਿਹਾਲ |
| ਸਮਾਂ | : ਸੰਮਤ 1906 |
| ਪੱਤਰੇ | : 18 ਅ-37 ਅ |
| ਅਕਾਰ | : 17 X 24 ਸ.ਮ. ਲਿਖਤ : 13 X 20 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 25 ਹਨ। |
| ਆਮ ਵੇਰਵਾ | : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਸਾਫ਼ ਨਹੀਂ ਹੈ ਧਬਿਆਂ ਵਾਲੀ ਹੈ ਇੰਜ ਪ੍ਰਤੀਤ ਹੁੰਦਾ ਹੈ ਕਿ ਪੋਥੀ ਭਿੱਜੀ ਹੋਈ ਹੈ । |
| ਆਰੰਭ | : "੧ੴ ਸ੍ਰੀ ਗਣੇਸਾਇਨਮਹ ॥ ਅਥ ਰਸ ਦੀਪਕਾ ਕਵਿੰਦ੍ਰ ਕ੍ਰਿਤ ਲਿਖਤੇ ਯਥਾ ਕ ●੧ ਗ੍ਰੰਥ ਪਰ ਪੂਰਣ ਕੇ ਤੁਰਣ ਬਿਘਨਹਾਰੀ ਮੁਕਤਾ ਚੂਰਨ ਜਵਾਹਰਿ ਜੁਬਾਨ ਕੇ ਇਤੀ ਸ੍ਰੀ ਭੁਪਤ ਗੁਰਦਿਤ ਸਿੰਘ ਬਿਰ ਚਿਤੇ ਰਸਦੀ ਪਖਯੋ ਓਤਮਾ ਅਧਿਮ ਬਿਧਾਨੋ ਨਾਮ ਚਤੁਰਥੋ ਧਯਾਇ॥ |
| ਅੰਤ | : "ਰਸਦੀਪ੍ਰਕਾ ਸਮਾਪਤੰ ॥ ਦੋਹਾ ॥ ਸੰਮਤ ਉੱਨੀ ਸੈ ਭਏ ਖਟ ਊਪਰ ਜੀਯ ਜਾਨੀ ॥ ਕਾਤਕ ਸੁਕਲਾ ਅਸਟਮੀ ਬਾਰ ਸਨੀ ਪਰਮਾਨ ।੧। ਲਿਖੀ ਆਪਨੇ ਪੜਨ ਕੋ ਸੁ ਕਵਿ ਨਿਹਾਲ ਨਿਹਾਰ ॥ ਭਟ ਜੀ ਕਵਿ ਸੋ ਪ੍ਰਤ ਲੈ ਬਿਬਿਧਿ ਬਿਲਾਸ ਬਿਚਾਰ ॥੨ ॥" |

| | |
|---|---|
| ਹੱਥ ਲਿਖਤ ਨੰ | : MS 510 ਹ |
| ਸਿਰਲੇਖ | : ਫਤੇ ਪ੍ਰਕਾਸ |
| ਲੇਖਕ | : ਰਤਨ ਖੇਮ ਰਾਮ, ਕਵਿ |
| ਸਮਾਂ | : 1912 ਸੰਮਤ |
| ਪੱਤਰੇ | : 38-94 ੳ |
| ਅਕਾਰ | : 17X24 ਸ.ਮ. ਲਿਖਤ: 13X20 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 17 ਹਨ। |
| ਆਮ ਵੇਰਵਾ | : ਪੋਥੀ ਦੇ ਇਸ ਭਾਗ ਦੀ ਰਚਨਾ ਦੀ ਕਾਨੀ ਬਦਲੀ ਹੋਈ ਹੈ । ਕਾਗਜ ਵੀ ਵਿਚ ਵਿਚ ਬਦਲਿਆ ਹੋਇਆ ਹੈ । ਕਈ ਪੰਨੇ ਕ੍ਰਿਮ ਖੁਰਦਾ ਹਨ । |
| ਆਰੰਭ | : ੧ੴ ਸਿਤਿਗੁਰ ਪ੍ਰਸਾਦਿ ॥ ਅਥ ਫਤੇ ਪ੍ਰਕਾਸ ਲਿਖਯਤੇ ॥ ਕਬਿੱਤੁ ॥ ਬੋਬਿ ਥਰਕੀਲੀ ਭਰਕੀਲੀ ਵਿਧੁ ਕਲਾ ਭਾਲ ਢਰਕੀਲੀ ਭੋਹਨਿ ਸਮਾਧਿ ਸਰਸਤਿ ਹੈ ॥ |
| ਅੰਤ | : ਇਤਿ ਸ੍ਰੀ ਬਦ੍ਰਿ ਕਾ ਸ੍ਰਮ ਬਿਸ੍ਰਾਨਤ ਨਾਰਾਯਣ ਸਾਨਿੱਧਯ ਸੰਲ ਬਧ ਸੋਭਾਗਯ ਮਨੋਹਾਰਿ ਵਾਰ ਤੁਰਾ ਸਾਹ ਸ੍ਰੀ ਮਨ ਮਹਾਂਰਾਜਾ ਧਿਰਾਜ ਫਤੇ ਪਤਿਸਾਹ ਪ੍ਰਕਾਸਿਤ ਕਵਿ ਰਤਨ ਖੇਮ ਰਾਂਮ ਬਿਰਚਿਤੰ ਫਤੇ ਪ੍ਰਕਾਸੇ ਅਰਥਾ ਲੰਕਾਰ ਭੇਦੋ ਨਾਂਮ ਦਸਮੋਧਿਆਇ ਸੰਪੂਰਣੰ ॥ ਮਿਤੀ ਮਘਰ ਸੁਦੀ 9 ਸਨਿਸ੍ਰਰਵਾਰ॥ ਸਾਲ 1912॥ ਸੁਭ ਮਸਤੰ ॥ |

| | |
|---|---|
| ਹੱਥ ਲਿਖਤ ਨੰ | : MS 511 |
| ਸਿਰਲੇਖ | : ਪ੍ਰਾਣ ਸੰਗਲੀ ( ਸੁੰਨ ਮਹਲ ਕੀ ਕਥਾ ) |
| ਪੱਤਰੇ | : 1-266 |
| ਅਕਾਰ | : 19X26 ਸ.ਮ. ਲਿਖਤ: 13X17 ਸ.ਮ. |
| ਵੇਰਵਾ | : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 17 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਠੀਕ, ਲਿਖਾਈ ਸੁੰਦਰ ਹੈ ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਅਖੀਰ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ । |

| | |
|---|---|
| ਆਰੰਭ | : "ੴ ਸਤਿਗੁਰ ਪ੍ਰਸਾਦਿ ॥ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲਿ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਲਿਖਤੰ ਪ੍ਰਾਣ ਸੰਗਲੀ ॥ ਸੁੰਨ ਮਹਲ ਕੀ ਕਥਾ ॥" |
| ਅੰਤ | : "ਜਤ ਰੂਪੀ ਭਵੈ ਬ੍ਰਹਮਾ ॥ ਸਤ ਰੂਪੀ ਜਨ ਅਰਜਨਾ ॥ ਸੰਤੋਖ ਰੂਪੀ ਤੁਹੀ ਦੇਵਾ ਮਮੋ ਦੇਵ ਨਿਰੰਜਨਾ ॥ ੫ ॥ ਸਾਖੀ ਪੂਰਣ ਹੋਈ ॥ ਵਾਹਗੁਰੂ ਵਾਹਗੁਰੂ ਜੀ ॥ ਸਤਿ ਜੁਗ ਪਰਵਾਣੁ ॥ 1728000 ਤ੍ਰੇਤਾ ਪਰਵਾਣੁ ॥ 1286000 ਦੁਅਪਰ ਪਰਵਾਣ ॥ 864000 ਕਲਜੁਗ ਪਰਵਾਣੁ ॥ 432000 4360,000 ਜੁਗਾਂ ਕਾ ਜੋੜੁ ਆਇ |

| | |
|---|---|
| ਹੱਥ ਲਿਖਤ ਨੰ | : MS 512 ਸੰਗ੍ਰਹਿ |
| ਸਿਰਲੇਖ | : ਪੰਚ ਤੰਤਰ |
| ਲੇਖਕ | : ਭੂਪਤ, ਕਵੀ |
| ਪੱਤਰੇ | : 1- 222 ਅ |
| ਅਕਾਰ | : 17X13 ਸ.ਮ. ਲਿਖਤ: 13X8 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 8 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਮਾੜੀ, ਕਿਰਮ ਖੁਰਦਾ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਵਿਚ ਕਈ ਥਾਈ ਧੱਬੇ ਪਏ ਹੋਏ ਹਨ । ਸ਼ੁਰੂ ਵਿਚ ਪਹਿਲਾ ਪੰਨਾ ਫਟਿਆ ਹੋਇਆ ਹੈ । ਪੋਥੀ ਪੰਨਾ ਨੰ: 2 ਤੋਂ ਸ਼ੁਰੂ ਹੁੰਦੀ ਹੈ । |
| ਆਰੰਭ | : .....ਨਾਰਦ ਸਾਰਦ ਗੋਬਿੰਦ ਪਾਦਕ ਸਾਧ ਤਪੀਸਰ ਧਿਯਾਂਨ ਲਗਾਵੈ ॥ ਦੇਵ ਅਦੇਵ ਚਰਾਚਰ ਮਾਨਸ ਸਿੱਧ ਮੁਨੀ ਰਿਖ ਰਾਜ ਮਨਾਵੈ ॥ ਗੰਧ੍ਰਬ ਜੱਛ ਜੁਗੀਸ ਕਵੀ ਮਰਤਾਸ ਧਿਯਾਂਨ ਧਰੇ ਸੁਖ ਪਾਵੈ ॥੩॥... |
| ਅੰਤ | : "ਇਤ ਸ੍ਰੀ ਪ੍ਰਾਕ੍ਰਿਤੇ ਪੰਚ ਤੰਤਰੇਨੀਯ ਪ੍ਰਬੰਧੇ ਰਤਨਾਗਰ ਗ੍ਰਿੰਥੇ (ਕਵਿ) ਕਵ ਭੂਪਤ ਸੰਬਾਦੇ ਨਾਮ ਪੰਚਦਸੋ ਸਮਾਪਤੰ ॥" |

| | |
|---|---|
| ਹੱਥ ਲਿਖਤ ਨੰ | : MS 512 ਅ |
| ਸਿਰਲੇਖ | : ਸ੍ਵੈਯਾ ਅਤੇ ਹੋਰ ਰਚਨਾ |
| ਲੇਖਕ | : ਧਰਮ ਸਿੰਘ |
| ਪੱਤਰੇ | : 222 ਅ–239 ਅ |
| ਅਕਾਰ | : 17X13 ਸ.ਮ. ਲਿਖਤ: 13X8 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ। |
| ਆਮ ਵੇਰਵਾ | : ਪੋਥੀ ਦੇ ਇਸ ਭਾਗ ਦੀ ਰਚਨਾ ਕਿਰਮ ਖੁਰਦਾ ਹੈ ਅਤੇ ਸਿਆਹੀ ਵੀ ਧਬਿਆਂ ਵਾਲੀ ਹੈ । ਲਿਖਾਈ ਸਾਫ ਨਹੀਂ ਹੈ । |
| ਆਰੰਭ | : "ਨਰਾਧਪੋ ਬਾਚ ॥ ਸ੍ਵੈਯਾ ॥ ਦੋ ਕਰ ਜੋਰ ਪ੍ਰਨਾਮ ਕਰਿਯੋ ਨ੍ਰਿਪ ਹੇ ਕਵ ਤੂੰ ਮਮ ਈਸ ਸਮਾਨੀ ॥ |
| ਅੰਤ | : ਸੋ ਸੁਨ ਧਰਮ ਸਿੰਘ ਕਵ ਰਾਈ ॥ ਮਨ ਮਧ ਕਉ ਪਾਈ ॥ ਹੰਸ ਸਿੰਧ ਗ੍ਰਿਮੋਰ ਸੁਹਾਈ ॥੧੩॥..... |

| | |
|---|---|
| ਹੱਥ ਲਿਖਤ ਨੰ | : MS 513 |
| ਸਿਰਲੇਖ | : ਹਨੁਮਾਨ ਨਾਟਕ |

| | |
|---|---|
| ਲੇਖਕ | : ਹਿਰਦੇ ਰਾਮ (ਭੱਲਾ) |
| ਰਚਨਾ ਕਾਲ | : ਸੰਮਤ 1680 |
| ਲਿਖਾਰੀ | : ਕਰਿਸ਼ਨ ਦਾਸ |
| ਪੱਤਰੇ | : 1-606 |
| ਅਕਾਰ | : 16X20 ਸ.ਮ. ਲਿਖਤ: 8X12 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ ਪਰ ਉਖੜੀ ਹੋਈ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ; ਚੁਪਾਸੀਂ ਦੋਹਰਾ ਹਾਸ਼ੀਆ, ਬਾਹਰੀ ਹਾਸ਼ੀਆ ਇਕ ਨੀਲੀ ਇਕ ਲਾਲ ਲਕੀਰ ਦਾ। ਅੰਦਰੂਨੀ ਹਾਸ਼ੀਆ ਛੇ ਲਕੀਰਾਂ ਦਾ (ਨੀਲੀ, ਲਾਲ, ਨੀਲੀ ਮੋਟੀ ਪੀਲੀ, ਨੀਲੀ, ਲਾਲ)। ਸਤਰਾਂ ਪ੍ਰਤੀ ਪੰਨਾ–6 ਹਨ। |
| ਆਮ ਵੇਰਵਾ | : ਆਰੰਭ ਵਿਚ ਦਸ ਅਤੇ ਅੰਤ ਤੇ ਤਿੰਨ ਹਾਸ਼ੀਏ ਵਾਲੇ ਪੱਤਰੇ ਖਾਲੀ ਹਨ। |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਅਥ ਹਨੁਮਾਨ ਨਾਟਕ ਲਿਖ੍ਯਤੇ ਭਾਖਾ ਕ੍ਰਿਤਿ ਹਿਰਦੇ ਰਾਮ ਭਲੇ ਕੀ ॥ ਕਬਿਤ ॥ ਤੀਨੋ ਲੋਕ ਪਤਿ ਪ੍ਰਾਨਪਤਿ ਪ੍ਰੀਤਿ ਹੀ ਸੌ ਰਤਿ ਅਗਤਨਿ ਗਤਿ ਕੇ ਚਰਨ ਸਿਰ ਨਾਇ ਹੌ ॥… |
| ਅੰਤ | : …ਛਪੈ ॥ ਸੰਮਤ ਬਿਕ੍ਰਮ ਨ੍ਰਿਪਤਿ ਸਹਸ ਖਟ ਸਤ ਅਸੀਹ ਬਰ ॥ ਚੈਤ੍ਰ ਚਾਂਦਨੀ ਦੂਜ ਛੱਤ੍ਰ ਜਹਾਂਗੀਰ ਸੁਭਟ ਪਰ ॥ ਸੁਭ ਲੱਛਨ ਦੱਛਨ ਸੁਦੇਸ ਕਵਿ ਰਾਮ ਬਿਚਛਨ ॥ ਕ੍ਰਿਸਨ ਦਾਸ ਤਨ ਕੁਲ ਪ੍ਰਕਾਸ ਜਸ ਦੀਪਕ ਰਛਨ ॥ ਰਘੁਪਤਿ ਚਰਿਤ੍ਰ ਤਿਨਿ ਜਥਾ ਮਤਿ ਪ੍ਰਗਟ ਕਹ੍ਯੋ ਸੁਭ ਲਗਨ ਗਣਿ ॥ ਦੈ ਭਗਤਿ ਦਾਨ ਨਿਰਭੈ ਕਰਹੁ ਜੈ ਰਘੁਪਤਿ ਰਘੁਬੰਸ ਮਣਿ ॥ ੧੪੩ ॥ ਇਤਿ ਸ੍ਰੀ ਰਾਮ ਗੀਤੇ ਹਨੁਮਾਨ ਨਾਟਕ ਚੌਦਸਮੋ ਅੰਕ ਸੰਪੂਰਣੰ ॥ ੧੪ ॥ ੧੨੯੨ ॥ |

| | |
|---|---|
| ਹੱਥ ਲਿਖਤ ਨੰ | : MS 514 |
| ਸਿਰਲੇਖ | : ਸ੍ਰੀ ਮਨੁ ਮਾਨਸ ਪ੍ਰਵਾਹ (ਰਾਜਨੀਤ ਗ੍ਰੰਥ ਭਾਖਾ) |
| ਲੇਖਕ | : ਸਾਹਿਬ ਮ੍ਰਿਗਿੰਦ, ਕਵਿ |
| ਸਮਾਂ | : ਸੰਮਤ 1911 ਬਿਕ੍ਰਮੀ |
| ਪੱਤਰੇ | : 1-359 ਅ |
| ਅਕਾਰ | : 19X12 ਸ.ਮ. ਲਿਖਤ: 13X8 ਸ.ਮ. |
| ਵੇਰਵਾ | : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ + ਦੋ (ਚਾਰ) ਲਕੀਰਾਂ ਵਿਚਕਾਰ ਇਕ ਮੋਟੀ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ – 9 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਠੀਕ, ਲਿਖਾਈ ਸੁੰਦਰ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਹਾਸ਼ੀਏ ਤੋਂ ਬਾਹਰ ਦੇ ਕੁਝ ਪੰਨੇ ਕਿਰਮ ਖੁਰਦਾ ਹਨ । |
| ਆਰੰਭ | : "੧ੴ ਸਿਤਿਗੁਰ ਪ੍ਰਸਾਦਿ ॥ ਓ ਸ੍ਰੀ ਗਣੇਸਾਯਨਮ : ॥ ਸ੍ਰੀ ਗੁਰ ਭਯੋਨਮ ॥ ਅਥ ਸ੍ਰੀ ਮਨੁ ਮਾਨਸ ਪ੍ਰਵਾਹ ਰਾਜਨੀਤ ਗ੍ਰੰਥ ਲਿਖਤੇ ਭਾਖਾ ਕ੍ਰਿਤ ਕਵਿ ਸਾਹਿਬ ਮ੍ਰਿਗਿੰਦ ॥" |
| ਅੰਤ | : "ਇਤਿ ਸ੍ਰੀ ਮਨ ਮਨੁ ਮਾਨਸ ਪ੍ਰਵਾਹੇ, ਰਾਜ ਧਰਮ ਨਿਰੂਪਤ ਨੀਤਿ ਪ੍ਰਸੰਗੇ ਕਬਿ ਸਾਹਿਬ ਮ੍ਰਿਗਿੰਦੇਨ ਬਿਰਚਿਤੇ ਚਿਕਿਤਸਾਦਿ ਨਾਨਾ ਦੰਡ ਬਿਚਾਰ ਬਨਿਕ ਸੁਨਾਰਾਦ ਬਿਵਹਾਰ ਪ੍ਰਕਾਰ ਨ੍ਰਿਪਤ ਸਪਤ ਅੰਗਰਾਜਾ ਅਸ੍ਰਿਯ੍ਰ ਰੂਪ ਪ੍ਰਸੰਗ ਆਦਿ ਨੀਤਿ ਧਾਰਣਨ ਨਾਮ ਦਸਮੋ ਤਰੰਗ ॥ ਸਮਾਪਤੋਯੰ ਸੁਭੰਭੂਯਾਤਾ ॥੧॥ ਦੋਹਰਾ ॥ ਸੰਮਤ ਸੰਕਰ ਸੁਭ ਭਨੋ ਨਿਧਿ ਸਸਿ ਬਹੁਰਿ ਵਿਚਾਰ ॥ ਤਿਥ ਚਤੁਰ ਸੁਖਦ ਪੁਨ ਵਾਰ ਬੁਧ ਸੁਖਕਾਰ । |

| | |
|---|---|
| ਹੱਥ ਲਿਖਤ ਨੰ | : MS 515 ਸੰਗ੍ਰਹਿ |
| ਸਿਰਲੇਖ | : ਦੁਰਗਾ ਸਤਕ (ਅਸਤੋਤ੍ਰ ਭਗਵਤੀ ਜੀ ਕਾ) |

ਲੇਖਕ : ਰਾਇ ਦੌਲਤ ਰਾਮ, ਕਵੀ
ਪੱਤਰੇ : 1
ਅਕਾਰ : 22X26 ਸ.ਮ. ਲਿਖਤ: 16X22 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ – 13 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਇਕ ਪਾਸਿਓ ਨੁੱਕਰ ਤੋਂ ਫਟੀ ਹੋਈ ਹੈ । ਰਚਨਾ ਅਧੂਰੀ ਹੈ
ਆਰੰਭ : "ਅਸਤੋਤ੍ਰ ਭਗਵਤੀ ਜੀ ਕਾ ਦੁਰਗਾ ਸਤਕ ਕ੍ਰਿਤਿ ਰਾਇ ਦੋਲਤ ਰਾਮ ਕਵੀ । "
ਅੰਤ : ਅਧੂਰਾ ।

ਹੱਥ ਲਿਖਤ ਨੰ : MS 515 ਅ
ਸਿਰਲੇਖ : ਸਕਲ ਨਾਯਕਾ, ਰਸਮੌਰ ਗ੍ਰੰਥ
ਲੇਖਕ : ਦੌਲਤ ਰਾਮ (ਕਵੀ)
ਸਮਾਂ : ਸੰਬਤ 1949 ਬਿਕ੍ਰਮੀ
ਸਥਾਨ : ਪਟਿਆਲਾ
ਪੱਤਰੇ : ਤਕਰੀਬਨ 35 - 40 ਪੱਤਰੇ (ਪੰਨਾ ਨੰਬਰ ਤੋਂ ਬਗੈਰ)
ਅਕਾਰ : 22X26 ਸ.ਮ. ਲਿਖਤ: 16X22 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 21 ਹਨ।
ਆਮ ਵੇਰਵਾ : ਗ੍ਰੰਥ / ਪੋਥੀ ਦੀ ਹਾਲਤ ਮਾੜੀ ਹੈ, ਲਿਖਤ ਵਿਚ ਕਾਨੀ ਬਦਲੀ ਹੋਈ ਹੈ । ਰਚਨਾ ਦੇ ਅੰਤ ਉਪਰ ਪੈਨ ਨਾਲ ਸੰਬਤ ਬਾਰੇ ਲਿਖਿਆ ਹੋਇਆ ਹੈ ਕਿ 1949 ਬਿਕ੍ਰਮੀ ਵਿਚ ਕਵੀ ਨੇ ਪਟਿਆਲੇ ਰਹਿ ਕੇ ਇਹ ਗ੍ਰੰਥ ਲਿਖਿਆ ਹੈ । ਇਸ ਭਾਗ ਵਿਚ ਵੱਖ ਵੱਖ ਰਚਨਾਵਾਂ ਅੰਕਿਤ ਹਨ ॥ ॥
ਆਰੰਭ : ਦੋਲਤ ਰਾਮ ਕਵੀ ਕ੍ਰਿਤ ॥ ੧ਓ ਸਿਤਿਗੁਰ ਪ੍ਰਸਾਦਿ ॥ ਰਸਮੌਰ ਗ੍ਰੰਥ ਪ੍ਰਾਰੰਭ ॥
ਅੰਤ : "ਇਤੀ ਸ੍ਰੀ ਸਕਲ ਨਾਯਕ ਨਾਯਕਾ ਹਾਵ ਭਾਵਦਿ ਰਸਾਦਿ ਭੇਦ ਵਰਨੰ ਲੱਛਨ ਛੱਨ ਸਹਤ ਰਸਕ ਜਨਾ ਰਸਾਮ੍ਰਿਤ ਰਾਇ ਦੌਲਤ ਰਾਮ ਕਵੀ ਆਤਮ ਜਗੁ ਲਰਾ ਬਇਇਦੰ ਸਭੰ ਰਸਮੌਰ ਗ੍ਰੰਥੇਨ ਸਮਾਪਤੰ ॥ ਸੁਭੰ ਭਾਵੇਤ ॥"

ਹੱਥ ਲਿਖਤ ਨੰ : MS 515 ੲ
ਸਿਰਲੇਖ : ਅਲੰਕਾਰ
ਲੇਖਕ : ਦੌਲਤ ਰਾਮ
ਪੱਤਰੇ : 3
ਅਕਾਰ : 22 X 26 ਸ.ਮ. ਲਿਖਤ : 16 X 22 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 15 ਹਨ।
ਆਮ ਵੇਰਵਾ : ਲਿਖਾਈ ਧਬਿਆਂ ਵਾਲੀ ਹੈ। ਇਕ ਪੰਨੇ ਉਪਰ ਕੁੰਡਲੀਆਂ ਬਣਾ ਕੇ ਦੇਵਨਾਗਰੀ ਵਿਚ ਲਿਖਿਆ ਹੋਇਆ ਹੈ ।
ਆਰੰਭ : "ਅਥ ਅਲੰਕਾਰ ਬਰਨਨ ॥ ਦੋਹਾ ॥ ਜਦ ਪਕ ਬਤਾਲਲਤ ਅਤਬਲਤ ਪਦਾਰਥ ਭੂਰ ॥ ਬਿਨ ਭੂਖਨ ਭੂਖਤ ਨਹੀ ਕਹਤ ਸਕਲ ਕਵ ਸੂਰ ॥
ਅੰਤ : "ਲੋਚਨ ਕੇ ਸਮ ਕੰਜ ਸਖੀ ਤੁਬ ਆਨਨ ਕੇ ਸਮ ਸਾਚ ਸਸੀ ਹੈ ॥ ੧੪॥"

ਇਸ ਤੋਂ ਅੱਗੇ ਕੁਝ ਪੱਤਰੇ ਦੇਵਨਾਗਰੀ ਵਿਚ ਲਿਖੇ ਹੋਏ ਹਨ ਅਤੇ ਫਿਰ ਕੁਝ ਪੂਰੀਆਂ ਅਧੂਰੀਆਂ ਲਿਖਤਾਂ ਵੀ ਹਨ। ਇਕ ਥਾਂ ਪੈਨ ਨਾਲ ਸ਼ਇਦ ਅਸ਼ੋਕ ਸਾਹਿਬ ਦੀ ਲਿਖਾਈ ਵਿਚ ਕਵੀ ਮੁਲਤਾਨੀ ਰਾਇ ਦਾ ਨਾਂ ਲਿਖਿਆ ਹੋਇਆ ਹੈ।

ਹੱਥ ਲਿਖਤ ਨੰ : MS 516
ਸਿਰਲੇਖ : ਰਮਲ ਰਹਸਯ ਭਾਖਾ
ਲੇਖਕ : ਕਾਨ ਸਿੰਘ
ਪੱਤਰੇ : 1-127 ੳ
ਅਕਾਰ : 15X26 ਸ.ਮ. ਲਿਖਤ: 10X18 ਸ.ਮ.
ਵੇਰਵਾ : ਜਿਲਦ ਤੋਂ ਬਗੈਰ; ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਇਕ ਇਕ ਮੋਟੀ ਲਾਲ ਲਕੀਰ । ਸਤਰਾਂ ਪ੍ਰਤੀ ਪੰਨਾ - 19 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਜਿਲਦ ਉਖੜੀ ਹੋਈ ਹੈ ਹਾਸ਼ੀਏ ਵਿਚ ਲਿਖਤ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "੧ੴ ਸਿਤਿਗੁਰ ਪ੍ਰਸਾਦਿ ॥ ਸ੍ਰੀ ਗੁਰਵੇਨਮ ॥ ਦੋਹਰਾ ॥ ਉਮਾ ਅੰਗ ਮਲਤੇ ਭਯੋ ਏਕ ਰਦਨ ਸੁਖ ਰਾਸ ॥ ਲੰਬੋਦਰ ਅਸਰਨ ਸਰਨ ਜੈ ਜੈ ਬਿਘਨ ਬਿਨਾਸ ॥੧॥
ਅੰਤ : ਸਰ ਬਿਦਯਾ ਭਿਗੁ ਸੁਤ ਸਮਝ ਰਿਤ ਵਾਰੋ ਰਵਿ ਨੰਦ॥ ਸਿਧ ਤ੍ਰਯੋ ਦਸ ਭੁਮਿ ਸੁਤ ਨਾਥ ਕਲਾ ਲਖ ਚੰਦ॥੨

ਇਸ ਤੋਂ ਮਗਰੋਂ 127 ਪੰਨੇ ਤੇ "ਜਮੀਰ ਔਰੁ" ਦਿੱਤਾ ਗਿਆ ਹੈ ਅਤੇ 128-129 ਪੰਨੇ ਤੇ "ਚੋਰ ਕੇ ਪ੍ਰਥਮ ਅਖਰ ਕਾ ਗਯਾਨ" ਹੈ।

ਹੱਥ ਲਿਖਤ ਨੰ : MS 517 ਸੰਗ੍ਰਹਿ
ਸਿਰਲੇਖ : ਬਾਲਬੋਧ
ਲੇਖਕ : ਸਾਹਬ ਮ੍ਰਿਗਿੰਦ
ਪੱਤਰੇ : 3
ਅਕਾਰ : 16X24 ਸ.ਮ. ਲਿਖਤ: 10X18 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ - 18 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "੧ੴ ਸਿਤਿਗੁਰ ਪ੍ਰਸਾਦਿ ॥ ਬਾਲ ਬੋਧ ਲਿਖਯਤੇ ॥ ੳ ਅ ੲ ਸ ਹ ਕ ਖ ਗ ਘ ਙ" ਆਦਿ
ਅੰਤ : "ਐਝ ਓਝ ਔਝ ਅੰਝ ਆਂਝ ॥"

ਹੱਥ ਲਿਖਤ ਨੰ : MS 517 ਅ
ਸਿਰਲੇਖ : ਜੋਗ ਜੱਸ ਪ੍ਰਕਾਸ
ਲੇਖਕ : ਕਵਿ ਸਾਹਬ ਮ੍ਰਿਗਿੰਦ
ਪੱਤਰੇ : 1–56
ਅਕਾਰ : 16 X 24 ਸ.ਮ. ਲਿਖਤ : 10 X 18 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 19 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ । ਲਿਖਾਈ ਸੁੰਦਰ, ਕਿਧਰੇ ਕਿਧਰੇ ਹਾਸ਼ੀਏ ਵਿਚ ਲਿਖਤ ।

ਆਰੰਭ : "ੴ ਸਿਤਿਗੁਰ ਪ੍ਰਸਾਦਿ ॥ ਅਥ ਜੋਗ ਜੱਸ ਪ੍ਰਕਾਸ਼ ਗ੍ਰਿਥ ਲਿਖਯਤੇ ਕ੍ਰਿਤ ਕਵਿ ਸਾਹਬ ਮ੍ਰਿਗਿੰਦ ॥ ਦੋਹਰਾ ॥"

ਅੰਤ : "ਇਤਿ ਸ੍ਰੀ ਮਤ ਜੋਗ ਜਸ ਪ੍ਰਕਾਸ਼ੇ ਜੋਗ ਰੀਤ ਨਿਰੂਪਤ ਭਾਈ ਜਸਾ ਸਿੰਘ ਨੋਧ ਦਿਸ੍ਰਕਵਿ ਸਾਹਬ ਮਿਗਿੰਦ੍ਰ ਬਿਰਚਤੇ ਸਮਾਧਿ ਸਰੂਪ ਫਲ ਨਿਰੂਪਣੰ ਨਾਮ ਸਪਤਮੋ ਅਧਿਕਾਰ ॥ ਸਮਾਪਤੋਯ ॥ ਸੁਭ ਮਸਤੁ ॥ ਸ੍ਰੀ ਰਾਮ ਕ੍ਰਿਸ੍ਨਾਰਪਣੰ ਲੇਖਕ ਪਾਤਿ ਕਾਨਾਂ ਬਰਦੋ ਭਵੇਤਾ ॥

ਹੱਥ ਲਿਖਤ ਨੰ : MS 518 ਸੰਗ੍ਰਹਿ

ਸਿਰਲੇਖ : ਅਸਤੋਤ੍ਰ ਸ੍ਰੀ ਭਗਵਤੀ ਕਾ

ਲੇਖਕ : ਦੌਲਤ ਰਾਇ, ਕਵੀ

ਪੱਤਰੇ : 1-10 ਅ

ਅਕਾਰ : 20 X 27 ਸ.ਮ. ਲਿਖਤ: 16X22 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ - 18 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਕਈ ਪੰਨਿਆਂ ਉਪਰ ਸਿਆਹੀ ਧਬਿਆਂ ਵਾਲੀ ਹੈ ।

ਆਰੰਭ : "ੴ ਸਿਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਨਮ ਸ੍ਰੀ ਭਗਵਤੀਨਮ: ਅਥ ਅਸਤੋਤ੍ਰ ਸ੍ਰੀ ਭਗਵਤੀ ਕਾ ਲਿਖਯਤੇ ॥ ਕ੍ਰਿਤਿ ਕਵਿ ਦੋਲਤ ਰਾਇ ਜੀ ਕਾ ॥"

ਅੰਤ : "ਮਹਾਂ ਦਾਰਿਦੀ ਰਾਇ ਦੌਲਤ ਪੁਕਾਰੇ ॥ ਕਰੋ ਸਿਧਿ ਕਾਰਜ ਧਰੈ ਧਰੈ ਦੀਨ ਧਯਾਨੰ ॥ ਸਦਾ ਤ੍ਰਾਹਿ ਮਾਨੰ ਸਦਾ ਤ੍ਰਾਹਿ ਮਾਨੰ ॥" ਇਤੀ ਅਸ਼ਤੋਤ੍ਰ ! ਦੋਲਤ ਰਾਇ ਬਰੱਚਯਤੇ ॥

ਹੱਥ ਲਿਖਤ ਨੰ : MS 518 ਅ

ਸਿਰਲੇਖ : ਗਣੇਸ਼ ਅਸ੍ਰਕ

ਲੇਖਕ : ਦੌਲਤ ਰਾਇ

ਪੱਤਰੇ : 10 ਅ – 12 ੳ

ਅਕਾਰ : 20 X 27 ਸ.ਮ. ਲਿਖਤ : 16 X 22 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 18 ਹਨ।

ਆਰੰਭ : "ਅਥ ਗਣੇਸ਼ ਅਸ੍ਰਕ ਪ੍ਰਾਰੰਭ: ਕੁਬਿੱਤ ॥ ਮੂਕ ਹੋ ਵਿਚਾਲ ਬੇਦ ਬਿਬਧਿ ਖਯਾਲਨ ਸੋ ਪੰਗ ਰਾਹੈ ਗਿਰਵਰ ਬਲੰਦ ਮੋਦ ਭਰਕੇ॥"

ਅੰਤ : ਜੈਸੇ ਭਾਨ ਦੀਪ ਤਿਸੇ ਨਾਸ ਮਰਪੁੰਜ ਤੈਸੇ ਗਨ ਨਾਇਕ ਤੇ ਨਾਸ ਬਿਘਨਨ ਕੋ ॥੮॥ ਇਤੀ ਅਸ੍ਰਕ॥

ਹੱਥ ਲਿਖਤ ਨੰ : MS 518 ੲ

ਸਿਰਲੇਖ : ਸ਼ਿਵ ਪਚੀਸਾ

ਲੇਖਕ : ਦੌਲਤ ਰਾਇ

ਪੱਤਰੇ : 12 ਅ – 17 ੳ

ਅਕਾਰ : 20X27 ਸ.ਮ. ਲਿਖਤ: 16X22 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 18 ਹਨ।

ਆਰੰਭ : ਗੌਰ ਬਨਯੋ ਬਾਹਨ ਸੁਗੌਰ ਭਾਲ ਚੰਦ੍ਰ ਰਾਜੈ ਗੌਰ ਗਿਰੈ ਰਾਜਤ ਅਪਾਰਿ ਛਬਿ ਸ਼ੇਸ਼ਕੀ ਸ਼ਿਵ ਪਚੀਸਾ ਪ੍ਰਾਰੰਭ: ਕੁਬਿਤ ॥

ਅੰਤ : ਮੈ ਹੂੰ ਅਨਾਥ ਕਰਮ ਨਾਥ ਨਾਥ ਨਾਥ ਹੂੰ ਕੇ ਐਹੋ ਭੂਤ ਨਾਥ ਹਾਥ ਗਹੋ ਰਹੋ ਦਾਸ ਕੋ ॥257॥ ਇਤਿ ਸ਼ਿਵ ਪਚੀਸਾ ਸਮਾਪਤ ॥

ਹੱਥ ਲਿਖਤ ਨੰ : MS 518 ਸ
ਸਿਰਲੇਖ : ਦੁਰਗਾ ਪਚੀਸੀ
ਲੇਖਕ : ਦੌਲਤ ਰਾਇ
ਪੱਤਰੇ : 17 ਅ–19 ਅ
ਅਕਾਰ : 20X27 ਸ.ਮ. ਲਿਖਤ: 16X22 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 18 ਹਨ।
ਆਰੰਭ : "ਅਥ ਦੁਰਗਾ ਪਚੀਸੀ ਪ੍ਰਾਰੰਭ : ਕਬਿਤ ॥ ਸੰਪਤਿ ਸੁਮਤਿ ਸੁਚਿ ਸੂਚਕ ਸੁਜਾਨ ਗਯਾਨ ਸੁ ਯਸ ਮਹਾਨ ਮਾਨ ਮੋਗ ਲਕਰਾਨੀ ਹੈ ॥" ਕੁਝ ਪੱਤਰੇ ਵਿਚੋਂ ਖਾਲੀ ਛੱਡੇ ਹੋਏ ਹਨ ।
ਅੰਤ : "ਬਸੁ ਤੂਜਵਾਰੀ ਅਸਵਾਰੀ ਸਿੰਘ ਬਲਬਾਰੀ ਰਸ ਮੁਖ ਚਾ --" ਅੱਗੇ ਪੱਤਰੇ ਨਹੀਂ ਹਨ ਇੰਜ ਮਾਲੂਮ ਹੁੰਦਾ ਹੈ ਜਿਵੇਂ ਕੇ ਰਚਨਾ ਅਧੂਰੀ ਹੈ ॥

ਹੱਥ ਲਿਖਤ ਨੰ : MS 519
ਸਿਰਲੇਖ : ਸ੍ਰੀ ਭਗਵਦ (ਭਗਵਤ) ਗੀਤਾ
ਲੇਖਕ : ਹਰਬੱਲਭ ਸੁਖ ਰਾਮ
ਸਮਾਂ : ਸੰਮਤ 1771 ਮਾਘ
ਪੱਤਰੇ : 1- 53
ਅਕਾਰ : 17 X 24 ਸ.ਮ. ਲਿਖਤ : 11 X 20 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ - 18 ਹਨ।
ਆਮ ਵੇਰਵਾ : ਪੋਥੀ ਕਿਰਮ ਖੁਰਦਾ, ਜਿਲਦ ਉਖੜੀ ਹੋਈ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਓ ਨਮੋ ਭਗਵਤੇ ਵਾਸੁ ਦੇਵਾਯਾ॥"
ਅੰਤ : "ਦੋਹਰਾ ॥ ਸਤ੍ਰਾ ਸੈ ਏਕੋਤਰਾ ਮਾਘ ਮਾਸ ਥਿਤ ਗਯਾਰਾਸ ॥"
ਅਖੀਰ ਵਿਚ ਸੰਮਤ ਅਤੇ ਹਿਜਰੀ ਦਾ ਫਰਕ ਕਢਿਆ ਹੋਇਆ ਹੈ ਅਤੇ ਕੁਝ ਪੱਤਰੇ ਖਾਲੀ ਛੱਡੇ ਹੋਏ ਹਨ ।

ਹੱਥ ਲਿਖਤ ਨੰ : MS 520
ਸਿਰਲੇਖ : ਬਸੰਤ ਸਤਸਈ
ਲੇਖਕ : ਬਸੰਤ ਸਿੰਘ 'ਰਿਤਰਾਜ'
ਪੱਤਰੇ : 1 – 114 ਅ ਅਧੂਰੀ
ਸਮਾਂ : 1929
ਅਕਾਰ : 11X20 ਸ.ਮ. ਲਿਖਤ: 9X17 ਸ.ਮ.
ਵੇਰਵਾ : ਜਿਲਦ ਤੋਂ ਬਗੈਰ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ - 14 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਜਿਲਦ ਤੋਂ ਬਗੈਰ, ਜਿਲਦ ਉਖੜੀ ਹੋਈ ਅਤੇ ਪੱਤਰੇ ਫੱਟੇ ਹੋਏ ਹਨ। ਕੁਝ ਪੰਨੇ ਅਖੀਰ ਵਿਚ ਨਹੀਂ ਹਨ। ਪੋਥੀ ਅਧੂਰੀ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਦੋਹਰਾ ॥ ਬੰਦਤ ਪਗਰਿਤ ਰਾਜਹਿ ਜਗ ਜਿਹ ਨੀਤਿਅ ਅਨੂਪ॥"

ਅੰਤ : "ਸੰਮਤ ਸਤ ਉਨੀਸ ਓਨਤੀਸ ਸੁਭ --ਮਹਮ ਕਰੰਤਾ ॥"

ਹੱਥ ਲਿਖਤ ਨੰ : MS 521
ਸਿਰਲੇਖ : ਕਥਾ ਰੂਪ ਬਸੰਤ
ਸਮਾਂ : ਸੰਮਤ 1928
ਪੱਤਰੇ : 1 - 103 ਅ
ਅਕਾਰ : 21 X 15 ਸ.ਮ. ਲਿਖਤ : 15 X 10 ਸ.ਮ.
ਵੇਰਵਾ : ਜਿਲਦ ਤੋਂ ਬਗੈਰ; ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ – 13 ਹਨ।
ਆਮ ਵੇਰਵਾ : ਪੋਥੀ ਕਿਰਮ ਖੁਰਦਾ, ਹਾਲਤ ਮਾੜੀ, ਪੋਥੀ ਦੇ ਉਪਰਲੇ ਹਿਸੇ ਤੋਂ ਪੱਤਰੇ ਖਾਧੇ ਹੋਏ ਹਨ ਅਤੇ ਪੜ੍ਹਨ ਯੋਗ ਨਹੀਂ ਹਨ । ਜਿਲਦ ਨਾ ਹੋਣ ਕਾਰਨ ਪੱਤਰੇ ਉਖੜੇ ਹੋਏ ਹਨ ।
ਆਰੰਭ : "ਅਥ ਰੂਪ ਬਸੰਤ ਕੀ ਕਥਾ ਲਿਖਯਤੇ ॥ ਕਬਿੱਤੁ ॥"
ਅੰਤ : "ਇਤਿ ਸ੍ਰੀ ਮਨਿ ਮਹਾਰਾਜਾਧਿਰਾਜ ਰਾਜੇਸ੍ਵਰ ਸ੍ਰੀ ਨਰਿੰਦ੍ਰ ਸਿੰਘ ਮਹੇਂਦ੍ਰ ਬਹਾਦਰ ਹਿਤ ਕਵਿ ਰਿਤਰਾਜ ਬਿਰਚਿਤੇ ਕਥਾ ਰੂਪ ਬਸੰਤ ਕੀ ਸੰਪੂਰਨੰ ॥ ਸ਼ੁਭ ਮਸਤੁ ॥ ਮਿਤੀ ਪੋਹ ਸੁਦੀ 9 ਸਾਲ 1928 ॥ ਬਾਰ ਸ਼ੁਕਰਵਾਰ ॥ ਹਰੇਨਾਰਾਇਣ ਬਾਸ ਦੇਵ ॥ ਹਰੇ ਹਰਿ ਹਰੀ ਹਰੀ ॥ = ॥ = ॥ = ॥

ਹੱਥ ਲਿਖਤ ਨੰ : MS 523
ਸਿਰਲੇਖ : ਮਹਾਂ ਭਾਰਤ ਸਭਾ ਪਰਬਣੇ ਭਾਖਾ
ਲੇਖਕ : ਅੰਮ੍ਰਿਤ ਰਾਇ ਭਟ
ਪੱਤਰੇ : 1 - 10 ਅ
ਅਕਾਰ : 15X21.5 ਸ.ਮ. ਲਿਖਤ: 8.5X16 ਸ.ਮ.
ਵੇਰਵਾ : ਖੁੱਲ੍ਹੇ ਪੱਤਰੇ, ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ - 15 ਹਨ।
ਆਮ ਵੇਰਵਾ : ਖੁਲ੍ਹੇ ਪੱਤਰੇ, ਕਈ ਥਾਵਾਂ ਤੇ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ ਅਤੇ ਪੱਤਰੇ ਵੀ ਖਸਤਾ ਹਾਲਤ ਵਿਚ ਹਨ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਦੋਹਰਾ ॥ ਦੇਵੀ ਮਾਤਾ ਸਾਰਦਾ ਸਰਦ ਇੰਦੁ ਸਮੁਹਾਸ ॥"
ਅੰਤ : "ਤਾ ਕੋ ਬਰਨਨ ਕਰਨ ਕੋ ਜਗ ਮੈ ਕੋ ਸਮਰਥ ॥ ਬਰਨਤ ਯਾਤੇ ਕਬਿ ਸਕਲਪ --" ਅੱਗੇ ਪੱਤਰੇ ਨਹੀਂ ਹਨ, ਰਚਨਾ ਅਧੂਰੀ ਹੈ ॥ ਅੰਤ ਵਿਚ ਰਚਨਾ ਅਧੂਰੀ ਹੈ ॥

ਹੱਥ ਲਿਖਤ ਨੰ : MS 524
ਸਿਰਲੇਖ : ਦਰਬਾਰ ਚਿਤ੍ਰਾਵਲੀ, ਮਹਾਰਾਜਾ ਹੀਰਾ ਸਿੰਘ ਨਾਭਾ
ਲੇਖਕ : ਪਰੇਮ ਸਿੰਘ
ਪੱਤਰੇ : 1 – 51 ਚਿੱਤਰ: ਤਕਰੀਬਨ 18
ਅਕਾਰ : 27 X 23 ਸ.ਮ. ਲਿਖਤ: 18 X 13 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਉਖੜੀ ਹੋਈ ਹੈ । ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ ਹੈ ਨਿਰਸੰਦੇਹ ਲਿਖਾਈ ਸੁੰਦਰ ਹੈ । ਪਰ ਪੋਥੀ ਪਾਣੀ ਨਾਲ ਭਿੱਜੀ ਹੋਣ ਕਾਰਨ, ਪੱਤਰੇ ਜੁੜੇ ਹੋਏ ਹਨ ਅਤੇ ਲਿਖਤ ਵੀ ਬੁਰੀ ਤਰਾਂ ਪਰਭਾਵਤ ਹੋਈ ਹੈ। ਵਿਚਲੇ ਚਿਤ੍ਰਾਂ ਉਪਰ ਪਾਣੀ ਦਾ ਅਸਰ ਹੋਣ ਕਰਕੇ, ਖਰਾਬ ਹੋਏ ਹੋਏ ਹਨ ।

| | |
|---|---|
| ਆਰੰਭ | : "ੴ ਸਤਿਗੁਰ ਪ੍ਰਸਾਦਿ ॥ ਯੁਬਰਾਜ ਉਪਦੇਸ ॥ ਸ੍ਰੀ ਭਗਵਤੀ ਜੀ ਸਹਾਇ ॥ ਏਹ ਤਸਵੀਰਾ ਤਬ ਮੌਕ ਤਸਰੀਫ ਲਾਨੇ ਜਨਾਬ ਹਜੂਰ ਵੈਸਰਾਇ ਸਾਹਿਬ ਬਹਾਦਰ ਨਵਾਬ ਲਫਟੰਟ ਗਵਰਨਰ ਸਾਹਿਬ ਬਹਾਦਰ ਰਿਆਸਤ ਨਾਭਾ ਮੈ ਅਕਸੀ ਤਯਾਰ ਕਰਾਈ ਗਈ॥" |
| ਅੰਤ | : "ਯੇ ਸਭ ਗ੍ਰੰਥ ਖੁਦ ਮੈਨੇ ਪਰਾਚੀਨ ਗ੍ਰੰਥੋ ਕੇ ਅਨੁਸਾਰ ਬਨਾਏ ਹੈਂ ਆਪ ਪਰ ਰੌਸਨ ਰਹੇ ॥ ਆਪ ਕੋ ਇਨ ਸਭ ਗ੍ਰੰਥੋ ਪਰ ਅਮਲ ਕਰਨਾ ਚਾਹੀਏ ॥ ਅਬ ਮੇਰਾ ਅਸੀਰਬਾਦ ਹੈ ਚਰੰਜੀਵ ਰਹੋ ਪੁਤ੍ਰ ਪੌਤ੍ਰ ਵਗੈਰਾ ਸਰਬ ਪਰਵਾਰ ਕਾ ਆਨੰਦ ਦੇਖੋ ਇਸ ਪਰ ਅਮਲ ਕਰਨਾ ਚਾਹੀਏ ॥ ਸੁਭੰ ॥<br>ਲ਼ੇਖਕ ਭਾਈ ਪਰੇਮ ਸਿੰਘ" |

| | |
|---|---|
| ਹੱਥ ਲਿਖਤ ਨੰ | : MS 525 |
| ਸਿਰਲੇਖ | : ਪਿੰਗੁਲ |
| ਲੇਖਕ | : ਦਵਾਨ ਸਿੰਘ |
| ਲਿਖਾਰੀ | : ਠਾਕਰ ਸਿੰਘ |
| ਸਮਾਂ | : ਸੰਮਤ 1890 |
| ਸਥਾਨ | : ਪਟਿਆਲਾ |
| ਪੱਤਰੇ | : 1 – 51 ਅ |
| ਅਕਾਰ | : 28X15 ਸ.ਮ. ਲਿਖਤ: 20X10 ਸ.ਮ. |
| ਵੇਰਵਾ | : ਜਿਲਦ ਤੋਂ ਬਗੈਰ, ਪੱਤਰੇ ਸੀਤੇ ਹੋਏ; ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ - 9 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਮਾੜੀ, ਲਿਖਾਈ ਧੱਬਿਆਂ ਵਾਲੀ ਹੈ ਕਈ ਥਾਵਾਂ ਤੇ ਕਾਨੀ ਬਦਲੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕਈ ਪੰਨਿਆਂ ਉਪਰ ਕੁੰਡਲੀਆਂ ਵੀ ਬਣੀਆਂ ਹੋਈਆਂ ਹਨ । |
| ਆਰੰਭ | : "ੴ ਸਤਿਗੁਰ ਪ੍ਰਸਾਦਿ ॥ ਤਾਂ ਸ਼੍ਰੀ गणेशायनमः (ਇਸ ਤੋਂ ਅੱਗੇ ਇਕ ਹੋਰ ਦੇਵਨਾਗਰੀ ਵਰਗੇ ਅੱਖਰਾਂ ਵਿਚ ਮੂਲ ਮੰਤ੍ਰ ਵਾਂਗੂੰ ਲਿਖਿਆ ਹੋਇਆ ਹੈ। ਅਥ ਕਥ ਮਨ ਰਾਖਨ ਕ੍ਰਿਤ ਪਿੰਗਲ ਲਿਖਯਤੇ ॥ ਦੋਹਾ ॥ ਸੀਤਾ ਰਾਮ ਸਰੋਜ ਪਦ ਤੀਨ ਲੋਕ ਕੇ ਈਸ ॥ ਮਨ ਰਾਖਨ ਕੋ ਦਾਸ ਕਰ ਦੇਹ ਭਗਤ ਬਗੁਸੀਸ ॥ ੧ ॥" |
| ਅੰਤ | : ਪਾਟਾਲਾ ਨਗਰੀ ਬਿਖੇ ਲਿਖਯੋ ਗ੍ਰੰਥ ਸੁਖ ਧਾਮ ॥ ਦਵਾਨ ਸਿੰਘ ਜੀ ਵਾਕ ਤੇ ਠਾਕਰ ਸਿੰਘ ਸੁਨਾਮ ॥ = ॥ = ॥ ਸੰਮਤੁ 1890 ਮਹੀਨੇ ਬਸਾਖ ਪ੍ਰ ੪" |

| | |
|---|---|
| ਹੱਥ ਲਿਖਤ ਨੰ | : MS 526 |
| ਸਿਰਲੇਖ | : ਸੁਪਨ ਅਧਿਆਇ |
| ਲੇਖਕ | : ਗੁਲਾਬ ਸਿੰਘ, ਕਵਿ |
| ਪੱਤਰੇ | : 1 – 10 |
| ਅਕਾਰ | : 28X13 ਸ.ਮ. ਲਿਖਤ: 22X9 ਸ.ਮ. |
| ਵੇਰਵਾ | : ਖੁਲ੍ਹੇ ਪੱਤਰੇ; ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਤਿੰਨ ਤਿੰਨ ਲਾਲ ਮੋਟੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ–9 ਹਨ। |
| ਆਮ ਵੇਰਵਾ | : ਖੁਲ੍ਹੇ ਪੱਤਰੇ ਹੋਣ ਕਰਕੇ ਪੋਥੀ ਦੀ ਹਾਲਤ ਮਾੜੀ। ਪੱਤਰੇ ਵੀ ਖਸਤਾ ਹਾਲਤ ਵਿਚ ਹਨ । |

ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਅਨੰਗ ਖਰ ਛੰਦ ॥ ਤਿਨੇ ਨਮੋ ਸਦਾ ਮੁਦਾ ਬਿਲਾਸ ਬਾਹੁ ਰਾਮ ਜੋਸੁ ਭੀਲਨੀ ਉਧਾਰ ਕੈ ਕਪੀ ---॥"

ਅੰਤ : "ਭਵ ਫਾਸ ਕਟੀ ਹਮਰੀ ਗੁਰ ਜਾਪੁ ਨਿਗ੍ਹਾਨ ਦਯਾ ਸਿਧ ਨੀਲ ਉਦਵੇ ॥ ਕਵਿ ਸਿੰਘ ਗੁਲਾਬ ਕਹੈ ਕਰ ਜੋਰ ਸੁ ਹੈ ਪਦਮੈ ਸਿਰ ਭੇਟ ਤੁਮਾਰੀ ॥ 577 ॥ ਇਤਿ ਸ੍ਰੀ ਦੁਤੀਯੋ ਧਿਆਇ ਸੰਪੂਰਣ॥"

ਹੱਥ ਲਿਖਤ ਨੰ : MS 531

ਸਿਰਲੇਖ : ਨਿਪੂਲੀਨ (ਨਪੋਲੀਅਨ) ਬੂਨਾਪਾਰਿਟ

ਲੇਖਕ : ਗੌਰੀ ਦਾਸ, ਕਵਿ

ਪੱਤਰੇ : 1-566 ਅ

ਅਕਾਰ : 17 X 13 ਸ.ਮ. ਲਿਖਤ : 13 X 8 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਉਖੜੀ ਹੋਈ, ਸਿਆਹੀ ਕਾਲੀ ਵਖਰੇਵੇਂ ਲਈ ਲਾਲ।ਚਾਰੇ ਪਾਸੇ ਦੋਹਰਾ ਹਾਸ਼ੀਆ ਤਿੰਨ ਤਿੰਨ ਕਾਲੀਆਂ ਲਕੀਰਾਂ, ਤਿੰਨ ਤਿੰਨ ਲਾਲ ਲਕੀਰਾਂ, ਵਿਚਕਾਰ ਇਕ ਪੀਲੀ ਮੋਟੀ ਲਕੀਰ। ਸਤਰਾਂ ਪ੍ਰਤੀ ਪੰਨਾ-6 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਾਈ ਸੁੰਦਰ। ਅਖੀਰ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਕੁਝ ਪੱਤਰੇ ਥੋੜੇ ਜਹੇ ਖਰਾਬ ਹਾਲਤ ਵਿਚ ਵੀ ਹਨ।

ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ੧ਓ ਸ੍ਰੀ ਸਾਰਿਦਾਯਨਮ: ॥ ਸ੍ਰੀ ਵਾਗ ਦੇਵਤਾਭਯੰ ਨਮ:॥ ਏਕ ਰਦਨ ਕਲੁ ਕੇ ਕਦਨ ਸਦਨ ਜੁ ਮੰਗਲਚਾਰ ॥ ਜਿਨਕੇ ਕ੍ਰਿਪਾ ਕਟਾਛਤੇਂ ਪਾਵੋ ਕਵਿਤਾ ਸਾਰ ॥ ਅਥ ਸ੍ਰੀ ਸ੍ਰੀ ਮਹਾਰਾਜੇ ਫੂਲ ਬੰਸ ਮਾਲਵੇਂਦ੍ਰ ਪਾਂਡਿਵ ਅਵਤਰੀਸੀ ਹੀਰਾ ਸਿੰਘ ਕਾਰਿਤ ਭਾਸ਼ਾ, ਨਿਪੂਲੀਨ ਬੂਨਾ ਪਾਰਿਟਸ ਕਲ ਅਵਸਥਾ। ਬਰਨਨੰ ॥"

ਅੰਤ : "ਸਿਵਾਯ ਨਮ:॥ ਇਤਿ ਸ੍ਰੀ ਮਹਰਾਜ ਮਾਲਵੇਂਦ੍ਰ ਸ੍ਰੀ ਹੀਰਾ ਸਿੰਘ ਕਾਰਿਤ ਭੂਪ ਭਾਵ ਗ੍ਰੰਥ ਜੋ ਉਰਦੂ ਤੈ ਭਾਸ਼ਾ ਕਰਵਾਯੋ ਨਿਜ ਕਵਿ ਸੁਤ ਗੋਰੀ ਦਾਸ ਤੈ ਸੰਪੂਰਣੰ ਸੁਭੰ ਮਸਤ ॥"

ਹੱਥ ਲਿਖਤ ਨੰ : MS 533 ਸੰਗ੍ਰਹਿ

ਸਿਰਲੇਖ : ਸ੍ਰੀ ਗੋਪੀ ਪਚੀਸੀ

ਲੇਖਕ : ਗਵਾਲ ਕਵੀ

ਲਿਖਾਰੀ : ਅਤਰ ਸਿੰਘ

ਸਮਾਂ : ਸੰਮਤ 1925

ਪੱਤਰੇ : 1- 4

ਅਕਾਰ : 13X18 ਸ.ਮ. ਲਿਖਤ: 10X13 ਸ.ਮ.

ਵੇਰਵਾ : ਜਿਲਦ ਤੋਂ ਬਗੈਰ; ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ - 19 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਾਈ ਸੁੰਦਰ।

ਆਰੰਭ : ਓ ਸ੍ਰੀ ਜਗ ਦੰਬਾਯੈ ਨਮ: ॥ ਅਥ ਸ੍ਰੀ ਗੋਪੀ ਪਚੀਸੀ ਲਿਖਯਤੇ ॥

ਅੰਤ : "ਇਤਿ ਸ੍ਰੀ ਗੋਪੀ ਪਚੀਸੀ ਸੰਪੂਰਣੰ ਸੁਭੰ ॥ ਰਾਮ ॥ ਸੰਮਤ ੧੯੨੫ ਚੇਤ੍ਰ ਸੁਦੀ ੧ ਦਸਖਤ ਅਤ੍ਰ ਸਿੰਘ ਕੇ ਹੈਂ ॥"

ਹੱਥ ਲਿਖਤ ਨੰ : MS 533 ਅ

ਸਿਰਲੇਖ : ਨਾਮ ਕੋਸ਼

ਲੇਖਕ : ਗਵਾਲ ਕਵੀ
ਸਮਾਂ : ਸੰਮਤ 1925
ਪੱਤਰੇ : 4 ਅ - 6 ਅ
ਅਕਾਰ : 13 X 18 ਸ.ਮ. ਲਿਖਤ : 10 X 13 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 21 ਹਨ।
ਆਰੰਭ : "ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ॥ ਓ ਅੰਸ੍ਰ ਸਤਿ ਸ੍ਰੀ ਗਣੇਸਾਯ ਨਮ ః ॥ ਅਥ ਨਾਮ ਕੋਸ਼ ਗ੍ਰੰਥ ਲਿਖਤੇ ॥ ਕਬਿਤ ॥ ਏਕੋ ਉਤਪਤ ਸਤਿਗੁਰੂ ਮੋਹਿਗਤ ਜਗਤ ਭਗਤਿ ਦੇਦਾ ਕਰਤ ਓਧਾਰ ਹੈ ॥ ਤਤਕਰਾ ਸਾਖੀਆ ਕਾ ॥"
ਅੰਤ : "ਰਾਜਾ ਕੋ ਗਿਆਨ ਕੀ ਪ੍ਰਾਪਤੀ ਭਈ ਦਤਾਯ ਤੇ ਜਿਸ ਨੈ ਪੰਡਤ ਬਹੁਤ ਕਠੇ ਕਰਯੋ ॥"

ਹੱਥ ਲਿਖਤ ਨੰ : MS 534 ਸੰਗ੍ਰਹਿ
ਸਿਰਲੇਖ : ਗੀਤ ਗੋਬਿੰਦ ਗ੍ਰੰਥ
ਲੇਖਕ : ਫਤੇ ਚੰਦ, ਕਵੀ
ਪੱਤਰੇ : 1–130 ਅ
ਅਕਾਰ : 19X13 ਸ.ਮ. ਲਿਖਤ: 13X7 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ, ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਲਿਖਾਈ ਸੁੰਦਰ ਹੈ ਜਿਲਦ ਉਖੜੀ ਹੋਈ ਹੋਣ ਕਾਰਨ ਪੱਤਰੇ ਵੀ ਉਖੜੇ ਹੋਏ ਹਨ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੱਤਰਾ ਨੰ : 12, 13, 14 ਵਖਰੀ ਰਚਨਾ ਹੈ
ਆਰੰਭ : ੴ ਸਿਤਿਗੁਰ ਪ੍ਰਸਾਦਿ ॥ ਅਥ ਸ੍ਰੀ ਗੀਤ ਗੋਬਿੰਦ ਗ੍ਰੰਥ ਕਵਿ ਫਤੇ ਚੰਦ ਭਾਖਾ ਲਿਖਯਤੇ।
ਅੰਤ : "ਇਤਿ ਸ੍ਰੀ ਰਾਧਾ ਰਮਨ ਪਦ ਪੰਕਜ ਮਲਿੰਦ ਦਾਸਾਨੁ ਦਾਸ ਭੂਪ ਸ੍ਰੀ ਹੀਰਾ ਸਿੰਘ ਕਾਰਤਿ ਸ੍ਰੀ ਜੈ ਦੇਵ ਕਵਿ ਕ੍ਰਿਤ ਸ੍ਰੀ ਗੀਤ ਗੋਬਿੰਦ ਫਤੇ ਕਵਿ ਭਾਖਾ ਬਿਬਰਣੇ ਨਾਮ ਖਸ੍ਰਮੋਧਯਾਧ ః 6 ਸੁਭੰ ॥"

ਹੱਥ ਲਿਖਤ ਨੰ : MS 534 ਅ
ਸਿਰਲੇਖ : ਸੁਮਨ ਬਿਲਾਸ
ਲੇਖਕ : ਫਤੇ ਸਿੰਘ – ਪਟਿਆਲੇ ਵਾਲੇ
ਸਮਾਂ : 1939 ਬਿ:
ਪੱਤਰੇ : 131 - 140
ਅਕਾਰ : 19X13 ਸ.ਮ. ਲਿਖਤ: 13X7 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 7 ਹਨ।
ਆਰੰਭ : "ੴ ਸਿਤਿ ਸ੍ਰੀ ਗੁਰਬੇ ਨਮ: ਅਥ ਸ੍ਰੀ 7 ਮਹਾਰਾਜੈ ਹੀਰਾ ਸਿੰਘ ਸੁਮਨ ਬਿਲਾਸ ਚਿਤਵਨ ਲਿਖਯਤੇ ॥ ਦੋਹਰਾ ॥ ਬਿਹਰਤ ਬਰ ਬ੍ਰਿੰਦਾ ਬਿਪਨ ਬ੍ਰਿਜ ਬਨਿ ਤਨ ਚਿਤ ਚੋਰ ॥ ਹੀਰਾ ਸਿੰਘ ਨਰੇਸ ਕੇ ਰੱਛਮ ਜੁਗਲ ਕਿਸੋਰ ਸੋਗਿ ॥"
ਅੰਤ : "ਕਮਲਾ ॥ ੧ ॥ ਗੁਲਾਬ ॥ ੨ ॥ ਸੋਨਜੁਹੀ ॥ ੩ ॥ ਚੰਬੇਲੀ ॥ ੪ ॥ ਸੇਵਤੀ ॥ ੫ ॥ ਚੰਬਾ ॥ ੬ ॥ ਰਾਇਬੇਲਾ ॥ ੭ ॥ ਸੂਰਜਮੁਖੀ ॥ ੮ ॥
ਪੁਸਤਕ ਲਿਖਿਆ ਭਾਈ ਫਤੇ ਸਿੰਘ ਲਿਖਾਰੀ ਨੇ ਪਟਿਆਲੇ ਸਹਿਰ ਮੈਂ ਭਾਈ ਬੀਰਾ ਸਿੰਘ ਕੀ ਧਰਮਸਾਲਾ ਪਾਸ ॥ ਮਾਘ ਸੁਦੀ 2 ਸ਼ੁਕਰਵਾਰ 'ਸਾਲ 1939 ' ਸੁਭੈ ॥

| | |
|---|---|
| ਹੱਥ ਲਿਖਤ ਨੰ | : MS 535 |
| ਸਿਰਲੇਖ | : ਜਪੁਜੀ ਸਟੀਕ |
| ਲੇਖਕ | : ਮੇਹਰਬਾਨ, ਸੋਢੀ |
| ਪੱਤਰੇ | : 19 – 90 |
| ਅਕਾਰ | : 13X8.5 ਸ.ਮ. ਲਿਖਤ: 9X5.5 ਸ.ਮ. |
| ਵੇਰਵਾ | : ਖੁਲੇ ਪੱਤਰੇ, ਖਸਤਾ ਹਾਲਤ ਵਿਚ, ਸਿਆਹੀ ਕਾਲੀ ਵਖਰੇਵੇਂ ਲਈ ਲਾਲ।ਹਾਸ਼ੀਆ ਚਾਰੇ ਪਾਸੇ ਦੋ ਦੋ ਲਾਲ, ਦੋ ਦੋ ਕਾਲੀਆਂ ਅਤੇ ਵਿਚਕਾਰ ਇਕ ਮੋਟੀ ਲਾਲ ਲਕੀਰ। ਸਤਰਾਂ ਪ੍ਰਤੀ ਪੰਨਾ-7 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਮਾੜੀ, ਪੱਤਰੇ ਖਸਤਾ ਹਾਲਤ ਵਿਚ ਹਨ, ਫਟੇ ਹੋਏ ਹਨ ਅਤੇ ਰਚਨਾ ਅਧੂਰੀ ਹੈ । ਸ਼ੁਰੂ ਤੋਂ 18 ਪੱਤਰੇ, 23 ਤੋਂ 28 ਪੱਤਰੇ ਨਹੀਂ ਹਨ ਅਤੇ ਅੰਤ ਵਿਚ ਪੱਤਰੇ ਫਟੇ ਹੋਏ ਹਨ । ਇਸ ਪੋਥੀ ਵਿਚ ਇਕ ਪੱਤਰਾ ਟਾਈਪ ਕੀਤਾ ਹੋਇਆ, ਜਿਸ ਉਪਰ ਇੰਵ ਲਿਖਿਆ ਹੋਇਆ ਹੈ : ਪ੍ਰਾਚੀਨ ਟੀਕਾ ਸ੍ਰੀ ਜਪੁਜੀ ਸਾਹਿਬ ਸਮਾ ਲਗ ਪਗ 18 ਵੀਂ ਸਦੀ ਬਿਕ੍ਰਮੀ: ਵਿਸ਼ੇਸਤਾ:- ਜਪੁਜੀ ਕਿਵੇਂ ਬਣਿਆ ? ਇਹ ਇਤਿਹਾਸ ਵੀ ਇਸ ਵਿਚ ਦਰਜ ਹੈ । |
| ਆਰੰਭ | : ….. ਅਰ ਗੋਰਕ ਮਧਾਣੀ ਮਥਤੀ ਹੈ॥ ਐਸੀ ਸਜਾਇ ਤੈਨੂ ਦਰਗਾਹ ਵਿਚ ਲਿਖੀ ਹੈ॥ ਅਤੇ ਤੈਨੂ ਐਥੈ ਭੀ ਬਹੁਤੁ ਕਸਟ ਹੈ ਭਾਣਾ ਖਸਮ ਕਾ ਸਤਿ ਕਰਿ ਮੰਨਣਾ॥… |
| ਅੰਤ | : …ਤਿਸੁ ਕਾ ਪ੍ਰਮਾਰਥੁ॥ ਏਹੁ ਜੋ ਗਲ ਹੈ ਸ੍ਰੀ ਪ੍ਰਮੇਸਰੁ ਦੀ ਸੋ ਅਲੇਖੁ ਹੈ ਲੇਖੇ ਵਿਚ ਨਾਹੀ॥ ਜੋ ਕੋਈ ਕਹੈ ਮੈ ਲੇਖਾ ਕਰ ਕੈ ਸੁਮਾਰੁ ਕਰੀਗਾ॥ ਤਾਂ ਲੇ….. |

| | |
|---|---|
| ਹੱਥ ਲਿਖਤ ਨੰ | : MS 536 |
| ਸਿਰਲੇਖ | : ਚਿਤ ਬਿਲਾਸ (ਬਾਵਨ ਅਖਰੀ) |
| ਲੇਖਕ | : ਗੁਰਮਖ ਸਿੰਘ, ਸੋਢੀ |
| ਪੱਤਰੇ | : 1 – 97 ਅ |
| ਅਕਾਰ | : 16 X 21.5 ਸ.ਮ. ਲਿਖਤ : 11 X 19 ਸ.ਮ. |
| ਵੇਰਵਾ | : ਜਿਲਦ ਤੋਂ ਬਗੈਰ, ਪੱਤਰੇ ਖੁੱਲੇ ਹੋਏ; ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ, ਵਿਚਕਾਰ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 20 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਮਾੜੀ, ਪੱਤਰੇ ਖਸਤਾ ਹਾਲਤ ਵਿਚ ਹਨ । ਰਚਨਾ ਅਧੂਰੀ ਹੈ । ਵਿਚ ਵਿਚ ਕਾਨੀ ਵੀ ਬਦਲੀ ਹੋਈ ਹੈ । |
| ਆਰੰਭ | : "ੴ ਸ੍ਰੀ ਸਤਿਗੁਰ ਪ੍ਰਸਾਦਿ ॥ ਸ੍ਰੀ ਗੁਰੂ ਨਾਨਕ ਜੀ ਸਹਾਇ ਅਥ ਚਿਤ ਬਿਲਾਸ ਗ੍ਰੰਥ ਲਿਖਯਤੇ ਅਨੁਭਵ ਪਰਕਾਸ ਅਥੁ ਬਾਵਨ ਅਖਰੀ ਬਾਣੀ ਲਿਖਤੇ ॥" |
| ਅੰਤ | : "ਬਾਰ ਬਾਰ ਨੰਮਸਕਾਰ ਹੈ ਤੁਮਾਰੇ ਕਰਨ ਕੋ ॥ ਆਗੇ ਗੁਰਦੇਵ ਕ੍ਰਿਪਾ ਕਰਿ ਕਹਿਤ ਭਏ॥ ਹੇ ਪੁਤ੍ਰ ਹਮਾਰਾ ਰਚਨਾ ਅਧੂਰੀ --" ਅੱਗੇ ਪੱਤਰੇ ਨਹੀਂ ਹਨ । ਰਚਨਾ ਅਧੂਰੀ ਹੈ ।॥ |

| | |
|---|---|
| ਹੱਥ ਲਿਖਤ ਨੰ | : MS 537 ਸੰਗ੍ਰਹਿ |
| ਸਿਰਲੇਖ | : ਸਹੰਸ੍ਰ ਨਾਮਾ, ਰਾਗ ਮਾਰੂ |
| ਪੱਤਰੇ | : 312- 328 |
| ਅਕਾਰ | : 13 X 16 ਸ.ਮ. ਲਿਖਤ : 10 X 13 ਸ.ਮ. |

ਵੇਰਵਾ : ਖੁਲੇ ਪੱਤਰੇ ਸੀਤੇ ਹੋਏ, ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਮੋਟੀਆਂ ਕਾਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ - 9 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਪੱਤਰੇ ਖਸਤਾ ਹਾਲਤ ਵਿਚ ਹਨ ਲਿਖਾਈ ਵੀ ਬਹੁਤ ਸਾਫ ਨਹੀਂ ਹੈ ਕਈ ਥਾਵਾਂ ਤੇ ਪੰਨੇ ਕ੍ਰਿਮ ਖੁਰਦਾ ਅਤੇ ਲਿਖਾਈ ਧਬਿਆਂ ਵਾਲੀ ਹੈ। ਰਚਨਾ ਪੰਨਾ ਨੰ: 312 ਤੋਂ ਸ਼ੁਰੂ ਹੁੰਦੀ ਹੈ ਜੋ ਅਧੂਰੀ ਹੈ ਅਤੇ ਇੰਵ ਪ੍ਰਤੀਤ ਹੁੰਦਾ ਹੈ ਕਿ ਇਹ ਪੋਥੀ ਕਿਸੇ ਹੋਰ ਪੋਥੀ ਦਾ ਹੀ ਹਿਸਾ ਸੀ ।

ਆਰੰਭ : "ਘਟਾ ਪ੍ਰਤਿਪਾਲਿ ਸੰਬਾਹੇ ਹਰਿ ਪੂਰਣ ਦਰੁ ਭਰੰਤਾ ਹੇ ॥ ਅਗਮ ਅਗਧਿ ਅਤੋਲੁ ਬਿਅੰਤਾ ॥ ਉਚੇ ਤੇ ਉਚਾ ਭਗਵੰਤਾ ॥"

ਅੰਤ : "ਆਦਿ ਅੰਤ ਸੁਰਿ ਸਚੀ ਬਾਣੀ ॥ ਸਚਹੁ ਉਪਜੀ ਸਚਿ ਸਮਾਣੀ ਸਚਹੁ ---" ਇਸ ਤੋਂ ਅਗੇ ਰਚਨਾ ਅਧੂਰੀ ਛੱਡੀ ਗਈ ਹੈ ਜਾਂ ਪੱਤਰੇ ਨਹੀਂ ਹਨ ॥

ਹੱਥ ਲਿਖਤ ਨੰ : MS 537 ਅ

ਸਿਰਲੇਖ : ਭਗਤਮਾਲਾ

ਪੱਤਰੇ : 1-12

ਅਕਾਰ : 13 X 16.5 ਸ.ਮ. ਲਿਖਤ: 8 X 14 ਸ.ਮ.

ਵੇਰਵਾ : ਖੁੱਲੇ ਪੱਤਰੇ ਸੀਤੇ ਹੋਏ, ਸਿਆਹੀ ਕਾਲੀ । ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-13 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਪੱਤਰੇ ਖਸਤਾ ਹਾਲਤ ਵਿਚ ਅਤੇ ਲਿਖਾਈ ਧੱਬਿਆਂ ਵਾਲੀ ਹੈ। ਕਾਨੀ ਬਦਲੀ ਹੋਈ ਹੈ। ਇੰਵ ਪਰਤੀਤ ਹੁੰਦਾ ਹੈ ਕਿ ਰਚਨਾ ਦਾ ਇਹ ਭਾਗ ਕਿਸੇ ਹੋਰ ਪੋਥੀ ਦਾ ਹਿੱਸਾ ਹੈ ਅਤੇ ਇਸ ਪੋਥੀ ਨਾਲ ਜੋੜਿਆ ਗਿਆ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਭਗਤ ਮਾਲਾ ॥"

ਅੰਤ : "ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਨ ਬਿਦਰ ਬੀਚਾਰੇ ॥ ਭਲੇ ਭਲੇ ਕਰਿ ਮੰਨੀਅਨ ਬੁਰਿਆਂ ਦੇ ਹਰਿ ਕਾਜ ਸਵਾਰੇ ॥ ਪਾਪ ਕਰੰਦੇ ਪਤਿਤ ਉਧਾਰੇ ॥"

ਹੱਥ ਲਿਖਤ ਨੰ : MS 538 ਸੰਗ੍ਰਹਿ

ਸਿਰਲੇਖ : ਕਥਾ ਸੁਖਦੇਵ - ਜਨਕ ਕੀ

ਪੱਤਰੇ : 11-70 ਅ

ਅਕਾਰ : 8 X 9 ਸ.ਮ. ਲਿਖਤ : 6 X 7 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ । ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 9 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ। ਕਈ ਥਾਵਾਂ ਤੇ ਪੱਤਰੇ ਖਸਤਾ ਹਾਲਤ ਵਿਚ ਰਚਨਾ ਅਧੂਰੀ ਹੈ ।

ਆਰੰਭ : ਰਚਨਾ ਪੰਨਾ ਨੰ: 11 ਤੋਂ ਸ਼ੁਰੂ ਹੁੰਦੀ ਹੈ। ਪਹਿਲੇ ਪੱਤਰੇ ਫਟੇ ਹੋਏ ਹਨ । "ਕਹਾ ਪਿਤਾ ਜੀਉ ਇਹ ਕਿਆ ਕਰਤੇ ਹੋਹੁ ॥ ਫਿਰਿ ਬਿਆਸ ਕਹਿਆ ਹੇ ਪੁਤ੍ਰ ਸੁਖਦੇਵ ਤੇਰੀ ਮਾਤਾ ਇਸੀ ਵਾਸਤੇ ਬਾਰ ਬਾਰ ਸਉਦਰ ਮਹਿ ਰਖਆਥਾ ॥

ਅੰਤ : "ਗੁਰੂ ਪਵਨ ਕਾ ਰੂਪ ਗੁਰੂ ਸਬਦ ਕਾ ਰੂਪ ਨਾ ਹਿੰਦੂ ਨਾ ਮੁਸਲਮਾਨ ਦੋਨੋ ਕਾ ਧਰਮ ਇਮਾਨੁ ਦੋਨੋ ਤੇ ਅਲ੍ਹਾ ਪੂਰ ਹੈਗਾ ॥

| | |
|---|---|
| ਹੱਥ ਲਿਖਤ ਨੰ | : MS 538 ਅ |
| ਸਿਰਲੇਖ | : ਗਰਭੁ ਗੀਤਾ |
| ਪੱਤਰੇ | : 71- 115 ਅ |
| ਅਕਾਰ | : 8 X 9 ਸ.ਮ. ਲਿਖਤ: 6X 7 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ। |
| ਆਮ ਵੇਰਵਾ | : ਪੋਥੀ ਦੀ ਹਾਲਤ ਆਮ ਕਰਕੇ ਠੀਕ, ਸਾਰੀ ਪੋਥੀ ਵਿਚ ਤਕਰੀਬਨ ਇਕ ਪਾਸੇ ਦੋਹਰਾ ਹਾਸ਼ੀਆ । |
| ਆਰੰਭ | : "ੴ ॥ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਇ ਇਨਮਹਿ ॥ ਗਰਭ ਗੀਤਾ ॥ ਅਰਜਨ ਸ੍ਰੀ ਕ੍ਰਿਸ੍ਨ ਜੀ ਪਾਸਹੁ ਪਰਸਨ ਪੂਛਤ ਹੈ ॥" |
| ਅੰਤ | : "ਇਤੁ ਸ੍ਰੀ ਗਰਭ ਗੀਤਾ ਵੈਸਨਵ ਲਖਣ ਪੁੰਨੁ ਪਾਪ ਵੀਚਾਰੇ ॥ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਗਰਭ ਗੀਤਾ ਸੰਪੂਰਨੰ ਸਮਾਪਤ ॥" |

| | |
|---|---|
| ਹੱਥ ਲਿਖਤ ਨੰ | : MS 538 ੲ |
| ਸਿਰਲੇਖ | : ਆਦਿ ਕਥਾ ਰਾਜੇ ਭਰਥਰੀ ਕੀ । |
| ਪੱਤਰੇ | : 115 ਅ – 272 ੳ |
| ਅਕਾਰ | : 8 X 9 ਸ.ਮ. ਲਿਖਤ : 6 X 7 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ। |
| ਆਰੰਭ | : "ੴ ॥ ਸਤਿਗੁਰ ਪ੍ਰਸਾਦਿ ॥ ਆਦਿ ਕਥਾ ਰਾਜੇ ਭਰਥਰੀ ਕੀ ॥ ਪ੍ਰਿਥਮੇ ਰਾਜਾ ਧਰਮ ਅਰੁ ਰਾਜੇ ਕਾ ਪੁਤ੍ਰ ਦੇਵ ਲੋਕ ਕੇ ਬਿਖੇ ਪਾਸੇ ਖੇਲਤ ਥੇ ਪਣੁ ਤੋਇ ਸਤਵਾਦੀ ਥੇ ਝੂਠ ਕੋਈ ਬੋਲਿਓ ਨਾਹੀ ॥" |
| ਅੰਤ | : "ਧੰਨ ਗੁਰੂ ਗੋਰਖ ਨਾਥ ਧੰਨ ਚੇਲਾ ਭਰਥਰੀ ਬੋਲਹੁ ਵਾਹ ਗੁਰੂ ਧੰਨ ਗੁਰੂ ਜੀ ॥" |

| | |
|---|---|
| ਹੱਥ ਲਿਖਤ ਨੰ | : MS 538 ਸ |
| ਸਿਰਲੇਖ | : ਉਦਾਸੀ ਸ੍ਰੀ ਗੋਪੀ ਚੰਦੁ ਮੈਣਾ ਵੰਤੀ ਕੀ । |
| ਪੱਤਰੇ | : 272 ਅ – 389 ਅ |
| ਅਕਾਰ | : 8 X 9 ਸ.ਮ. ਲਿਖਤ: 6 X 7 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ। |
| ਆਮ ਵੇਰਵਾ | : ਕਈ ਥਾਈਂ ਹਾਸ਼ੀਏ ਵਿਚ ਲਿਖਿਆ ਹੋਇਆ ਹੈ । ਪੋਥੀ ਦਾ ਇਹ ਭਾਗ ਪਾਣੀ ਵਿਚ ਭਿਜਿਆ ਜਾਪਦਾ ਹੈ। ਅਖੀਰਲੇ ਕੁਝ ਪੰਨਿਆ ਦੀ ਕਾਨੀ ਬਦਲੀ ਹੋਈ ਹੈ । ਪੱਤਰੇ ਵੀ ਫਟੇ ਹੋਏ ਹਨ । |
| ਆਰੰਭ | : ੴ ॥ ਸਤਿਗੁਰ ਪ੍ਰਸਾਦਿ ॥ ਰਾਗ ਰਾਮ ਕਲੀ ॥ ਉਦਾਸੀ ਸ੍ਰੀ ਗੋਪੀ ਚੰਦੁ ਮੈਣਾ ਵੰਤੀ ਕੀ॥" |
| ਅੰਤ | : "ਜੀਵਤਿ ਮਿਰਤਕਿ ਹੋਇ ਜੋਈ ਜਨ ਕਰਿ ਮਜਨ ਬਿਮਲੁ ਇਸਨਾਨੁ ॥ ਬਜੰਤਿ ਸ੍ਰੀ ਗੋਰਖੁ ਨਾਥਿ ਸੁਣਿ ਮੈਣਾ ਵੰਤੀ ਤੇਰਾ ਅਸਥਿਰੁ ਭਇਆ ਰਜਾਨ ॥ 41 ॥ 477 ॥ ਮੈਣਾਵੰਤੀ ਸੰਪੂਰਨ ਹੋਈ ॥" ਅਖੀਰ ਵਿਚ ਕਾਨੀ ਬਦਲ ਕੇ ਕੁਝ ਪੱਤਰੇ ਲਿਖੇ ਹੋਏ ਹਨ॥ ਜੋ ਉਪਰੋਕਤ ਰਚਨਾ ਨਾਲ ਸਬੰਧਤ ਨਹੀਂ ਹਨ। |

| | |
|---|---|
| ਹੱਥ ਲਿਖਤ ਨੰ | : MS 539 ਸੰਗ੍ਰਹਿ |
| ਸਿਰਲੇਖ | : ਪ੍ਰੇਮ ਪਚੀਸੀ |
| ਲੇਖਕ | : ਸਾਹਬ ਦਾਸ |
| ਪੱਤਰੇ | : 1- 13 |
| ਅਕਾਰ | : 17 X 13 ਸ.ਮ. ਲਿਖਤ : 13 X 9 ਸ.ਮ. |
| ਵੇਰਵਾ | : ਜਿਲਦ ਗੱਤਾ; ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ - 8 ਹਨ। |
| ਆਮ ਵੇਰਵਾ | : ਲਿਖਾਈ ਸੁੰਦਰ, ਪੋਥੀ ਦੀ ਹਾਲਤ ਚੰਗੀ; ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । |
| ਆਰੰਭ | : "ੴ ਸਤਿਗੁਰ ਪ੍ਰਸਾਦਿ ॥ ਅਥ ਪ੍ਰੇਮ ਪਚੀਸੀ ਲਿਖਯਤੇ ॥ ਦੋਹਰਾ ॥ ਪ੍ਰਥਮ ਸਿਮਰ ਰਘੁਬੀਰ ਪਦ ਪੁਨਯ ਦੁਬੀ ਕਮਲਾਇ ॥" |
| ਅੰਤ | : ਰਘੁਬਰ ਯਦੁਬਰ ਦੋਊ ਪ੍ਰਭੁਯ ਦਯਪਿ ਏਕ ਸਵਰੂਪ ॥ ਤਦਯਪਿ ਸਾਹਬ ਦਾਸ ਕੋ ਅਵਧ ਪੁਰੀ ਕੋ ਭੂਪ॥ ਇਤਿ ਪ੍ਰੇਮ ਪਚੀਸੀ ਸੰਪੂਰਨ ॥ ਜੈ ਸੀ ਰਾਮ ॥ |

| | |
|---|---|
| ਹੱਥ ਲਿਖਤ ਨੰ | : MS 539 ਅ |
| ਸਿਰਲੇਖ | : ਸਾਰ ਗੀਤਾ |
| ਪੱਤਰੇ | : 1 - 9 |
| ਅਕਾਰ | : 17 X 13 ਸ.ਮ. ਲਿਖਤ : 13 X 9 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ–10 ਹਨ। |
| ਆਮ ਵੇਰਵਾ | : ਕਾਨੀ ਬਦਲੀ ਹੋਈ ਹੈ ਪੱਤਰੇ ਭਿੱਜੇ ਹੋਏ ਹਨ । ਹੜਤਾਲ ਫੇਰ ਕੇ ਹਾਸ਼ੀਏ ਵਿਚ ਲਿਖਤ। |
| ਆਰੰਭ | : ੴ ਸਤਿਗੁਰ ਪ੍ਰਸਾਦਿ॥ ਸਾਰ ਗੀਤਾ॥ ਅਰਜਨੋ ਵਾਚ॥ |
| ਅੰਤ | : "ਗੰਗਾ ਗੀਤਾ ਗਾਇਤ੍ਰੀ ਗੁਰ ਗੋਬਿੰਦ ਏਹ ਪਾਚੋ ਕਾ ਸੇਵਨ ਕਰੇ ਸੋ ਪੁਨਰਪ ਜਨਮ ਨਾ ਪਾਵੇ ਜੋ ਸਾਰ ਗੀਤਾ ਕਾ ਥਾ ਬਿਧ ਅਕੁਯਾਸ ਨਾ ਕਰ ਸਕੇ ਪਾਠ ਮਾਤ੍ਰ ਹੀ ਕਰੇ ਸੋ ਵਿਸਨੁ ਕੇ ਬਿਦਯਮਾਨ ਪ੍ਰਾਪਤ ਹੋਵੇ ਹੈ ਇਸ ਤੇ ਬਹੁ ਰੋਕਿਆ ਕਹੀਏ ਪਰਮਪਾਦ ਕੋ ਪਾਵੈ ਹੈ ਨਿਸਚੇ॥ ਈਤੀ ਸਾਰਗੀਤਾ ਸਮਾਪਤੰ ॥ ਸੁਭੰ ਸੁਭੰ ●●●●●" |

| | |
|---|---|
| ਹੱਥ ਲਿਖਤ ਨੰ | : MS 539 ੲ |
| ਸਿਰਲੇਖ | : ਏਕ ਸਲੋਕੀ ਰਾਮਾਇਨਾ ॥ |
| ਲੇਖਕ | : ਗੁਰਦਿਤ ਸਿੰਘ |
| ਪੱਤਰੇ | : 9-10 ੳ |
| ਅਕਾਰ | : 17 X 13 ਸ.ਮ. ਲਿਖਤ: 13X 9 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 10 ਹਨ। |
| ਆਰੰਭ | : ਏਕ ਸਲੋਕੀ ਰਾਮਾਇਨਾ ॥ ਆਦ ਮੈ ਰਾਮ ਚੰਦ੍ਰ ਜਨਮ ਬਾਲ ਲੀਲਾ ਕਰ ਰਿਖੀਕੇ ਸੰਗ ਬਨ ਮੈ ਗਏ |
| ਅੰਤ | : ਗਣਪਤ ਦੇਵੀ ਵਿਸਨੁ ਜੁਹਾਰੀ ॥ ਗੁਰਦਿਤ ਹਰਿ ਨਾਨਕ ਲੌਵਾਰੀ ॥ ਸੀਤਾਰਾਮ ਸੀਤਾਰਾਮ ਸੀਤਾ ●●●● |

| | |
|---|---|
| ਹੱਥ ਲਿਖਤ ਨੰ | : MS 539 ਸ |
| ਸਿਰਲੇਖ | : ਦ੍ਰੋਪਤੀ ਚਰਿਤ੍ਰ |
| ਸਮਾਂ | : 1939 ਸੰਮਤ |

ਪੱਤਰੇ : 10 ਅ – 27 ੳ

ਅਕਾਰ : 17 X 13 ਸ.ਮ. ਲਿਖਤ : 13 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।

ਆਰੰਭ : ੧ੳ ਸਿਤਿਗੁਰ ਪ੍ਰਸਾਦਿ ॥ ਅਥ ਦ੍ਰੋਪਤੀ ਚਰਿਤ੍ਰ ਲਿਖਯਤੇ ਛੰਦ: ਇੰਦ ਪ੍ਰਸਤੂ ਮਾਹਿ ਪਾਡੇਵਾਂ ਜੋਗ ਰਚਇਓ ਕੀਉ ਰਾਜਸੁ ਜਗ ਭੂਪ ਸਭ ਦੇਸ ਬੁਲਾਇਓ॥

ਅੰਤ : ਇਤਿ ਸ੍ਰੀ ਦ੍ਰੋਪਤੀ ਚਰਿਤ੍ਰ ਸੰਪੂਰਣੰ ॥ ਦਸਖਤ ਲਿਖਾਰੀ ਕੇ ॥ ਚੌਪਈ ॥ ਊਨੀ ਸੈ ਉਣਤਾਲੀ ਜਾਨੋ ॥ ਭਾਦ੍ਰੋ ਕੀ ਦਸ ਪੰਚਮੀ ਮਾਨੋ ॥ ਮੰਗਲਵਾਰ ਪ੍ਰਥਮ ਤਿਥਿ ਸਯਾਮਾ ॥ ਬੰਸੀ ਵ ਮਾਧੋਰਾਮਾ ॥ ਦੋ ॥ ਜੈਸੀ ਦੇਖੀ ਪੁਤਿਕਾ ਤੈਸੀ ਲਿਖਤ ਉਤਾਰ ॥ ਭੂਲ ਚੂਕੀ ਖਿਮ ਕੀ ਜੀਉ ਬੁਧਿ ਜਨ ਲੇਹ ਸੁਧਾਰ ॥ ੧ ॥

ਹੱਥ ਲਿਖਤ ਨੰ : MS 539 ਹ

ਸਿਰਲੇਖ : ਰਾਮ ਕ੍ਰਿਸਨ ਔਤਾਰ (ਅਵਤਾਰ) ਉਸਤਤਿ

ਲੇਖਕ : ਸੂਰਦਾਸ

ਪੱਤਰੇ : 27 ੳ – 42 ਅ

ਅਕਾਰ : 17 X 13 ਸ.ਮ. ਲਿਖਤ: 13X9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।

ਆਰੰਭ : "ਰਾਮ ਕ੍ਰਿਸਨ ਔਤਾਰ ਉਸਤਤਿ ॥ ਰਾਗ ਭੈਰਉ ॥ ਜੈ ਗੋਬਿੰਦ ਮਾਧਵ ਮੁਕੰਦ ਹਰਿ ॥ ਕ੍ਰਿਪਾ ਸਿੰਧ ਕਲਿਯਾਨ ਕੰਸ ਅਰਿ ॥"

ਅੰਤ : "ਹੋ ਤੋ ਨਫਾ ਸਾਧਕੀ ਸੰਗਤ ਮੂਲ ਗਾਂਠ ਤੇ ਨ ਟਰਤੋ ॥ ਸੂਰਦਾਸ ਵੈਕੁੰਠ ਪੰਥ ਮੈ ਕੋਊ ਨ ਛੇਂਟ ਪਕਰਤੋ ॥"

ਹੱਥ ਲਿਖਤ ਨੰ : MS 539 ਕ

ਸਿਰਲੇਖ : ਚਤੁਰ ਦਾਸ ਲਿੰਗ ਮਹਾਤਮ ਵਰਨਨ ॥

ਲੇਖਕ : ਮੇਘ ਮ੍ਰਿਗਿੰਦ (ਮੇਘ ਸਿੰਘ)

ਪੱਤਰੇ : 1 ੳ – 5 ੳ

ਅਕਾਰ : 17 X 13 ਸ.ਮ. ਲਿਖਤ : 13 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 11 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ ਹੈ। ਇੰਵ ਮਾਲੂਮ ਹੁੰਦਾ ਹੈ ਕਿ ਇਹ ਭਾਗ ਕਿਸੇ ਹੋਰ ਪੋਥੀ ਦਾ ਹਿੱਸਾ ਹੈ ਅਤੇ ਇਸ ਪੋਥੀ ਵਿਚ ਬਾਅਦ ਵਿਚ ਲਗਾਇਆ ਗਿਆ ਹੈ ।

ਆਰੰਭ : "੧ੳ ਸ੍ਰੀ ਸਤਿਗੁਰ ਪ੍ਰਸਾਦਿ ॥ ਸ੍ਰੀ ਗਨੇਸਾਯ ਨਮ: ਅਥ ਚਤੁਰ ਦਾਸ ਲਿੰਗ ਮਹਾਤਮ ਵਰਨਨ ॥ ਕਬਿੱਤ ॥"

ਅੰਤ : "ਦੋਹਰਾ ॥ ਸਿਵ ਸਰਵਰ ਸੋਭਾ ਸਲਿਲ ਪਦ ਸਰੋਜ ਸੁਖ ਵਾਸ ॥ ਸ੍ਰੀ ਦੇਸਾ ਸਿੰਘ ਮਹਿਪ ਮਾਨਿ ਮਨ ਮਧੁਕੁਰ ਦਰਵਾਸ ॥ 25 ॥
ਇਤਿ ਸ੍ਰੀ ਪਦਮ ਪੁਰਾਣੇ ਕਾਸੀ ਖੰਡ ਮਹਾਤਮੇ ਮੇਘ ਸਿੰਘ ਵਿਰਚਤਾਯੰ ਸ੍ਰੀ ਦੇਸਾ ਸਿੰਘ ਨਰੇਸ ਪ੍ਰਮੋਦਦੰ ॥"

ਹੱਥ ਲਿਖਤ ਨੰ : MS 539 ਖ

ਸਿਰਲੇਖ : ਰਸਿਕ ਕਬਿੱਤੁ

ਲੇਖਕ : ਮੇਘ ਸਿੰਘ
ਪੱਤਰੇ : 5 ੳ – 10 ਅ
ਅਕਾਰ : 17 X 13 ਸ.ਮ. ਲਿਖਤ : 13 X 9 ਸ.ਮ.
ਵੇਰਵਾ : ੳਹੀ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ - 11 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਰਚਨਾ ਦੇ ਇਸ ਭਾਗ ਦੀ ਬਾਕੀ ਪੋਥੀ ਨਾਲੋ ਕਾਨੀ ਬਦਲੀ ਹੋਈ ।
ਆਰੰਭ : "ੴ ਸਿਤਿਗੁਰ ਪ੍ਰਸਾਦਿ ॥ ਅਥ ਰਸਿਕ ਕਬਿੱਤੁ ਲਿਖਯਤੇ ॥ ਕਾਬਯ ਛੰਦ ॥ ਗ੍ਰੀਖਮ ਜੇੜ ਅਖਾੜ ਸਾਵਨਰੁ ਭਾਦ੍ਰਵ ਪਾਵਸ ॥ ਕ੍ਵਾਰਕਾਤ ਕਹਿ ਸਰਦ ਪਾਪ ਹਨ ਪੂਸ ਹਿਮਾਵਸ॥"
ਅੰਤ : "ਪਲੱਵ ਰੰਧ੍ਰਨ ਜੌਨ ਪਰੈਤਨ ਝਾਰਤਿ ਚੀਰ ਅਮਗਾਰਨ ਧੌਖੇ ॥ 29 ॥ ਸ੍ਰੀ ਲਹਣਾ ਸਿੰਘ ਹੇਤ ਮੇਘ ਸਿੰਘ ਲਿਖਯਤੇ ॥ ਕਿਸ੍ਨ: ੧॥"

ਹੱਥ ਲਿਖਤ ਨੰ : MS 540
ਸਿਰਲੇਖ : ਬਿਹਾਰੀ ਸਤਿਸਯਾ ਟੀਕਾ (ਸਪਤ ਸਤਕੰ)
ਲੇਖਕ : ਬਿਹਾਰੀ ਦਾਸ
ਲਿਖਾਰੀ : ਗੁਲਾਬ ਸਿੰਘ
ਸਮਾਂ : ਸੰਮਤ 1881
ਪੱਤਰੇ : 1 - 293
ਅਕਾਰ : 17 X 12 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ ।ਹਾਸ਼ੀਆ, ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਵਿਚ ਵਿਚ ਕਈ ਪੱਤਰੇ ਕ੍ਰਿਮ ਖੁਰਦਾ ਹਨ । ਲਿਖਾਈ ਸੁੰਦਰ ਹੈ ।
ਆਰੰਭ : "ੴ ਸਿਤਿਗੁਰ ਪ੍ਰਸਾਦਿ ॥ ਅਥ ਬਿਹਾਰੀ ਸਤਿ ਸਯਾ ਟੀਕਾ ਲਿਖਤੇ ॥ ਦੋਹਰਾ ॥ ਗੁਰ ਗਣੇਸ ਕੇ ਚਰਨ ਕੋ ਚਿਤ ਮਹਿ ਧਰ ਕੈ ਧਿਆਨ ॥ ਕਰਤ ਬਿਹਾਰੀ ਸਤਿ ਸਇਆ ਟੀਕਾ ਬੁਧਅਨ ਮਾਨ ॥"
ਅੰਤ : ਇਤ ਸ੍ਰੀ ਬਿਹਾਰੀ ਦਾਸ ਕ੍ਰਿਤਿ ਸਪਤ ਸਤਕੰ ਸਮਾਪਤਿ ਃ ਸੁਭ ਮਸੁਤ ॥ ਸ੍ਰੀ ਰਾਮਾਇਨਮਹਾ। ਸ੍ਰੀ ਗੁਰਵੇਨਮਹਾ ॥ ਸੰਵਤ ਅਠਾਰਾ ਸੈ ਇਕਾਸੀਮ 1881 ਭਾਦ੍ਰੋ ਦਿਨ ॥ 26 ॥ ਗੁਜਰੇ ॥ ਬੁਧਵਾਰ ॥ ਭਾਦ੍ਰੋ ਸੁਦੀ ਪੂਰਨਮਾਸੀ ਸਿੰਘ ਸਾਹਿਬ ਗੁਲਾਬ ਸਿੰਘ ਲਿਖਾਈ ॥ ਸਿੰਘ ਸਾਹਿਬ ਗੁਜਰ ਸਿੰਘ ਜੀ ਦੇ ਪੋਤ੍ਰੇ ਸੀ ਸਿੰਘ ਸਾਹਿਬ ਸਾਹਿਬ ਜੀ ਦੇ ਪੁਤਰ ਨੇ ਆਪਣੇ ਪੁਤ੍ਰਾ ਪਾਸੋ ।

ਹੱਥ ਲਿਖਤ ਨੰ : MS 541
ਸਿਰਲੇਖ : ਗੁਣ ਸਾਗਰ ਸਮੁੰਦਰੀ ਭਾਖਾ
ਲੇਖਕ : ਤਹਰ, ਕਵਿ
ਸਮਾਂ : ਸੰਮਤ 1903 ਭਾਦੋਂ ਸੁਦੀ 2
ਸਥਾਨ : ਹਿਸਾਰ
ਪੱਤਰੇ : 1 - 163
ਅਕਾਰ : 15 X 10 ਸ.ਮ. ਲਿਖਤ : 10 X 6 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਲਿਖਾਈ ਸੁੰਦਰ ਹੈ ਪਰ ਜਿਲਦ ਉਖੜੀ ਹੋਈ ਹੋਣ ਕਾਰਨ ਪੱਤਰੇ ਵੀ ਉਖੜੇ ਹੋਏ ਹਨ। ਕਈ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਗੁਣ ਸਾਗਰ ਗ੍ਰਿੰਥ ਸਮੁੰਦਰੀ ਭਾਖਾ ਕ੍ਰਿਤ ਕਵਿ ਤਹਰ ਲਿਖਯਤੇ ॥"

ਅੰਤ : "ਇਤਿ ਕਰਮ ਖੰਡ ਨਵਮੋ ਸੰਪੂਰਣੰ ਸਮਾਪਤ ॥ 9 ਸੁਭੰਭੁਯਾਤਾ ॥ ਸੰਮਤ 1903 ॥ ਭਾਦ੍ਰੋਂ ਸੁਦੀ 2 ॥ ਰਵਿਵਾਰ ॥ ਦੋਹਰਾ ॥ ਸੰਮਤ ਸੰਧਿਯਾ ਸੁੰਨ ਨਿਧਿ ਗਨਪਤਿ ਰਦਨ ਸੁਧਾਰਾ ॥ ਦੂਜ ਸੁਕਲ ਭਾਦ੍ਰਵ ਸੁਰਵਿ ਸ੍ਰੀ ਸੰਗਰੂਰ ਮਝਾਰਾ ॥ 1 ॥ ਕੋਕ ਕਲਾ ਕਰਿ ਹੀ ਨਨ ਰਸੁ ਘਰ ਬਨੈ ਮਨ ਬਾਚ ॥ ਕੌਡੀ ਲਹੈ ਨਰ ਤਿਸ ਮੈ ਕਵਿ ਮ੍ਰਿਗਿੰਦ ਯ ਹਿਸਾਰ ॥"

ਹੱਥ ਲਿਖਤ ਨੰ : MS 542
ਸਿਰਲੇਖ : ਸਾਖੀ ਮਹਲਾ ੧ ॥ ਗੋਸਟਿ ਗੁਰੂ ਬਾਬੇ ਨਾਨਕ ਅਜਿਤੇ ਰਧਾਵੇ ਨਾਲਿ ਹੋਈ ॥
ਪੱਤਰੇ : 621 - 728 ਅ (107 ਪੱਤਰੇ )
ਅਕਾਰ : 15 X 11 ਸ.ਮ. ਲਿਖਤ : 11 X 7 ਸ.ਮ.
ਵੇਰਵਾ : ਜਿਲਦ ਤੋਂ ਬਗੈਰ; ਸਿਆਹੀ ਕਾਲੀ । ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 8 ਹਨ।
ਆਮ ਵੇਰਵਾ : ਪੋਥੀ ਪੰਨਾ ਨੰ : 621 ਤੋਂ ਸ਼ੁਰੂ ਹੁੰਦੀ ਹੇ ਜੋ ਕਿ ਗੁਰੁ ਨਾਨਕ ਸਾਹਿਬ ਦੀ ਜਨਮਸਾਖੀ ਨਾਲ ਸ਼ੁਰੂ ਹੁੰਦੀ ਹੈ ਅਤੇ ਕਿਸੇ ਹੋਰ ਪੋਥੀ ਦਾ ਹਿੱਸਾ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸਾਖੀ ਮਹਲਾ ॥ ੧ ॥ ਗੋਸਟਿ ਗੁਰੂ ਬਾਬੇ ਨਾਨਕ ਅਜਿਤੇ ਰਧਾਵੇ ਨਾਲਿ ਹੋਈ । ਨਗਰ ਕਰਤਾਰ [ਕਰਤਾਰਪੁਰ] ਵਿਚ ਹੋਈ ॥"
ਅੰਤ : "ਬਹੁਤ ਜਾਹਰਿ ਨਹੀ ਕਰਨੀ ॥ ਏਹ ਗੁਰੂ ਕੇ ਬਚਨਿ ਹੈਨਿ ॥ ਮਨ ਵਿਚਿ ਰਖ ਕੈ ਕਮਾਵੈ ॥ ਤਿਸ ਕੇ ਕੰਮ ਆਦਿ ਅੰਤਿ ਆਵਨਿਗੇ ॥ ਸਾਖੀ ਪੂਰਨ ਹੋਈ ਕਰਤਾਰਿਪੁਰਿ ਵਿਚਿ ॥ ਵਾਹੁਗੁਰੂ ਪ੍ਰਸਾਦਿ ॥
ਅਕਰ ਵਾਧਾ ਘਾਟਾ ਲਾ ਕਨਾ ਸਿਧ ਪੜਨਾ ॥ ਵਾਹਗੁਰੂ ਚਿਤ ਆਵੈ ॥ ਗੁਰੂ ਗੁਰੂ –"

ਹੱਥ ਲਿਖਤ ਨੰ : MS 543
ਸਿਰਲੇਖ : ਸ੍ਰੀ ਗੀਤਾ ਗਰੰਥ [ਗੀਤਾ ਮਹਾਤਮ ਨੇ]
ਲੇਖਕ : ਸੰਤਿ ਸਰਨ
ਸਮਾਂ : ਸੰਮਤ 1927
ਪੱਤਰੇ : 1 – 266 ਖਾਲੀ ਪੱਤਰੇ ਚਾਰ : ਕੁਲ 270
ਅਕਾਰ : 12 X 9 ਸ.ਮ. ਲਿਖਤ : 8 X 6 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ, ਵਿਚਕਾਰ ਇਕ ਲਾਲ ਮੋਟੀ ਲਕੀਰ । ਸਤਰਾਂ ਪ੍ਰਤੀ ਪੰਨਾ – 6 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਚੰਗੀ। ਲਿਖਾਈ ਸੁੰਦਰ, ਰਚਨਾ ਦੇ ਸ਼ੁਰੂ ਵਿਚ ਤੱਤਕਰਾ ਦਿਤਾ ਹੋਇਆ ਹੈ ਅਤੇ ਪਹਿਲਾ ਪੰਨੇ ਤੇ ਡੀਜ਼ਾਈਨ ਪਾਏ ਹੋਏ ਹਨ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗੀਤਾ ਗ੍ਰੰਥ ਅਟਾਰਾ ਧਿਆਉ ॥"
ਅੰਤ : ਇਤਿ ਸ੍ਰੀ ਪਦਮ ਪੁਰਾਣੇ ਸਤੀ ਈਸਰ ਸੰਬਾਦੇ ਉਤਰ ਖੰਡੇ ਗੀਤਾ ਮਹਾਤਮਨੇ ਨਾਮ ਨਉਮੱ ਧਿਆਉ ਸੰਪੂਰਨ ਭਇਆ ॥ ੯ ਅੱਗੇ ਡੀਜ਼ਾਈਨ ਬਣਾਇਆ ਹੋਇਆ ਹੈ ॥ ਸ੍ਰੀ ਰਾਮ ਸ੍ਰੀ ਰਾਮ ਸ੍ਰੀ ਰਾਮ ਜੀ ॥ ਭੁਲ ਚੁਕ ਮਾਫ ਕਰਨ ਜੀ । ਸ੍ਰਨ ਤੇਰੀ ਪ੍ਰਭੂ ਜੀ ॥ = ॥ ਲਿਖਤਮ ਸੰਤ ਸਰਨ

॥ ਪੋਥੀ ਜੀ ॥ ਸਾਲ, 1927, ਪੋਥੀ ਲਿਖੀ ਇਸ ਤੋਂ ਬਾਅਦ ਫਿਰ ਡੀਜ਼ਾਈਨ ਬਣਾਇਆ ਹੋਇਆ ਹੈ ਅਤੇ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ।

ਹੱਥ ਲਿਖਤ ਨੰ : MS 544
ਸਿਰਲੇਖ : ਹਿਤ ਉਪਦੇਸ
ਲੇਖਕ : ਤਨਸੁਖ
ਸਮਾਂ : ਸੰਮਤ 1741
ਪੱਤਰੇ : 3 ੳ– 287 ੳ
ਅਕਾਰ : 18 X 11 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਪੰਨਾ ਨੰ : 5 ਉਪਰ ਸੰਮਤ ਬਾਰੇ ਇੰਵ ਲਿਖਿਆ ਹੋਇਆ ਹੈ । ਸੰਮਤ ਸਤ੍ਰਹਿ ਸੈ ਇਕੁਤਾਲਸੈ (1741 ਬਿਕ੍ਰਮ) ਔਰੰਗਜੇਬੀ ਸਨ ਸਾਤਇਸ ਸੰਨ 27 ਪਹਿਲੇ ਦੋ ਪੱਤਰੇ ਫਟੇ ਹੋਏ ਹਨ। ਸ਼ੁਰੂ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ।
ਆਰੰਭ : "ਰਿਧ ਸਿਧ ਡਾਢੀ ਦਰਬਾਰ ॥ ਲਛਮੀ ਦੁਆਰੁ ਬੁਹਾਰ ਨਹਰੁ ॥ ਜਾਕੋ ਕ੍ਰਿਪਾ ਕਟਾਛਨ ਹੇਰੇ ॥ ਦੁਖ ਦਰਦ ਤਿਹ ਕਬਹੂ ਨ ਘੇਰੇ ॥ ਜੈਸੀ ਇਛਾ ਕਰਿ ਕੋ ਆਵੈ ॥ ਤਾਤ ਕਾਲ ਬਿਨੁ ਮਾਗੇ ਪਾਵੈ ॥"
ਅੰਤ : ਇਤਿ ਪੋਥੀ ਹਿਤ ਉਪਦੇਸ ਕੀ ਸੰਪੂਰਨ ਹੋਈ ॥ ਸੁਭ ਮਸਤ ॥ ਸੰਮਤ -- ਪਰ ਸੰਮਤ ਬਾਰੇ ਦਸਿਆ ਨਹੀਂ ਹੈ ਕੇਵਲ ਪੰਨੇ ਨੰ : 5 ਉਪਰ ਸੰਮਤ ਬਾਰੇ ਲਿਖਿਆ ਹੈ । ਇਸ ਤੋਂ ਬਾਅਦ ਇਕ ਪੱਤਰਾ ਹਾਸ਼ੀਏ ਵਾਲਾ ਖਾਲੀ ਹੈ ।

ਹੱਥ ਲਿਖਤ ਨੰ : MS 545
ਸਿਰਲੇਖ : ਮੂਰਖ ਸ਼ਤਕ
ਲੇਖਕ : ਸਾਹਿਬ ਮ੍ਰਿਗਿੰਦ
ਪੱਤਰੇ : 1-13 ਅ
ਅਕਾਰ : 18 X 11 ਸ.ਮ. ਲਿਖਤ: 15 X 10 ਸ.ਮ.
ਵੇਰਵਾ : ਖੁਲੇ ਪੱਤਰੇ ਸੀਤੇ ਹੋਏ ਹਨ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਚਾਰੇ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ- 6 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ, ਲਿਖਾਈ ਸੁੰਦਰ ਅਤੇ ਡੀਜ਼ਾਈਨ ਵਾਲੀ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਮੂਰਖ ਸ਼ਤਕ ਲਿਖਯਤੇ ਕ੍ਰਿਤ ਕਵੀ ਸਾਹਿਬ ਮ੍ਰਿਗਿੰਦ॥"
ਅੰਤ : "ਕਵਿ ਮ੍ਰਿਗਿੰਦ ਯਹਿ ਮੂਢ ਸਤ, ਕੰਠ ਕਰਹਿ ਜੋ ਧਰਿ ॥ ਨਿਜ ਮੂਰਖਤਾ ਤਜ ਤੁਰਤ ਲਹੇ ਚਤੁਰਤਾ ਬੀਰ ॥ 101 ॥ ਇਤਿ ਸ੍ਰੀ ਮੂਰਖ ਸ਼ਤਕ ਸਮਾਪਤੰ ਸੁਭੰ ॥"

ਹੱਥ ਲਿਖਤ ਨੰ : MS 547 ਸੰਗ੍ਰਹਿ
ਸਿਰਲੇਖ : ਸ੍ਰੀ ਕ੍ਰਿਸ੍ਨ ਸਾਹਿਤਯ ਸਿੰਧੂ
ਲੇਖਕ : ਅਮੀਰ ਦਾਸ
ਪੱਤਰੇ : 1 – 98 ਅ
ਅਕਾਰ : 13.5X20 ਸ.ਮ. ਲਿਖਤ: 11X8 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ - 23 ਹਨ।

ਆਮ ਵੇਰਵਾ : ਸਾਰੀ ਪੋਥੀ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੇ । ਲਿਖਾਈ ਸੁੰਦਰ, ਅਤੇ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਕਈ ਪੰਨਿਆਂ ਉਪਰ ਸ਼ਬਦ-ਅਰਥ ਵੀ ਦਿੱਤੇ ਹੋਏ ਹਨ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸ਼ਾਯਨਮ: ਸਰਰਵਤਯੈਨਮ: ਸ੍ਰੀ ਗੁਰੁ ਚਰਨ ਕਮਲੇਭਿਯੋਨਮ: ਸ੍ਰੀ ਯੁਗਲ ਕਿਸ਼ੋਰਾਯਨਮ: ਸ੍ਰੀ ਬ੍ਰਿੰਦਾ ਬਿਧਨਾਯਨਮ: ਸ੍ਰੀ ਭਗਵਤ ਭਗਤਪੁੰਯਨਮ: ਅਥ ਸ੍ਰੀ ਕ੍ਰਿਸ੍ਨ ਸਾਹਿਤਯ ਸਿੰਧੂ ਲਿਖਯਤੇ। ਸ੍ਰੀ ਕ੍ਰਿਸ੍ਨ ਸਾਹਿਤਯ ਸਿੰਧੂ ਲਿਖਯਤੇ ਸੋਰਠ ॥ ਆਨਦ ਕਰਤ ਸਵਾਰ ਰਸ ਬਰਸਾਇ ਅਨੰਤ ਗਤਿ ਜੈ ਜੈ ਸਦਾ ਤਿਹਾਰ ਚਪਲਾ ਘਨ ਚਾਤਿਕ ਸੁਖਦਾ ॥

ਅੰਤ : "ਸੋਰਠਾ ਬਿਨਤੀ ਕਰਤ ਅਮੀਰ ਤੁਮ ਪੈ ਸ੍ਰੀ ਨਾਗਰ ਨਵਲ ॥ ਹਾਰੋ ਕਠਨਮਾ ਰੋਕ ਫਨ ਭਵ ਪੀਰ ਕਾਲੀ ਮਰਦਨ ਗਿਰਧਰਨ ॥੨੩੨॥ ਨਗਿਰ ਧਰਨਾ ॥ ਕੀਜੈ ਕ੍ਰਿਪਾ ਨਿਧਾਨ ਪੁਨ ਪੁਨ ਮਾਗੋ ਯ ਹੈ ਸੁਭ ॥ ਸੰਤ ਚਰਨ ਸੁਖ ਦਾਨ ਤਿਨ ਮੈ ਹੋਇ ਨਿਵਾਸ ਸਦੁ ॥੨੩੩॥ ਇਤਿ ਸ੍ਰੀ ਮਤਿ ਸ੍ਰੀ ਕ੍ਰਿਸ੍ਨ ਸਾਹਿਤਜ ਸਿੰਧੁ ਅਮੀਰਦਾਸ ਬਿਰਚਤੇ ਅਲੰਕਾਰ ਨਿਰਨਜ ਗ੍ਰੰਥ ਸਮਾਪਤਿ ਨਾਮ ਪੰਚਮੋ ਤਰੰਗ । : ੫ ਸੁਭੰ ਭੂਯਾਤਾ ॥"

ਹੱਥ ਲਿਖਤ ਨੰ : MS 547 ਅ

ਸਿਰਲੇਖ : ਸ਼ਿੰਗਾਰ ਸ਼ਤਕ

ਲੇਖਕ : ਬੇਦੀ, ਸੰਭੂਜ ਮ੍ਰਿਗਿੰਦ [ਗਣੇਸਾ ਸਿੰਘ]

ਪੱਤਰੇ : 98 ਅ –102 ਅ

ਅਕਾਰ : 13.5X20 ਸ.ਮ. ਲਿਖਤ: 11X18 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 23 ਹਨ।

ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਅਥ ਸਿੰਗਾਰ ਸਤਕ ਲਿਖਯਤੇ ਕ੍ਰਿਤ ਕਵਿ ਬੇਦੀ ਸੰਭਜ੍ਰ ਮ੍ਰਿਗਿੰਦ ਜੀ ਕੀ ਦੋਹਰਾ ॥"

ਅੰਤ : "ਇਤਿ ਸ੍ਰੀ ਮਤ ਸਿੰਗਾਰ ਸਤਕ ਗ੍ਰੰਥੇ ਨਾਯਕਾ ਭੇਦ ਅਨਯੋਕ੍ਰਦੋਨੇ ਬਰਨੰ ਕ੍ਰਿਤ ਕਵੀ ਬੇਦੀ ਗਨੇਸ ਸਿੰਘ ਜੀ ਕੀ ਸੁਭੰ ਭਵੇਤ ਇਦੰ ॥"

ਹੱਥ ਲਿਖਤ ਨੰ : MS 548

ਸਿਰਲੇਖ : ਰਾਜਨੀਤੀ ਉਪਦੇਸ

ਲੇਖਕ : ਧਯਾਨ ਸਿੰਘ

ਲਿਖਾਰੀ : ਗੁਪਾਲ ਸਿੰਘ

ਪੱਤਰੇ : 1 – 43 ਅ

ਅਕਾਰ : 18X13 ਸ.ਮ. ਲਿਖਤ: 12X8 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ,ਕਾਲੀਆਂ ਅਤੇ ਇਕ ਕਾਲੀ, ਇਕ ਪੀਲੀ ਲਕੀਰ ਬਾਕੀ ਲਕੀਰਾਂ ਨਾਲੋ ਮੋਟੀ । ਸਤਰਾਂ ਪ੍ਰਤੀ ਪੰਨਾ - 6 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਜਿਲਦ ਉਖੜੀ ਹੋਈ ਹੈ ਪਰ ਫਿਰ ਵੀ ਪੋਥੀ ਦੀ ਹਾਲਤ ਚੰਗੀ ਹੈ ।

ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਰਾਜਨੀਤੀ ਉਪਦੇਸ ਧਯਾਨ ਸਿੰਘ ਕਾ ਮਹਾਰਾਜ ਸੇਰ ਸਿੰਘ ਕੋ ॥ ਚੌਪਈ ॥"

ਅੰਤ : "ਮਾਂਝਧਰ ਬਡ ਪ੍ਰਾਂਨ ਤਯਾਗੈ ॥ ਆਪ ਬਚੈ ਨਹ ਨਾਉ ਉਬਾਰੀ ॥ ਅਕਲ ਹੁਨਰ ਕੋ ਕੋਓਪਕਾਰੀ ॥ 31 ॥ 319 ॥

ਗੁਪਾਲ ਸਿੰਘ ਲਿਖਾਰੀ ॥"

ਹੱਥ ਲਿਖਤ ਨੰ : MS 549
ਸਿਰਲੇਖ : ਸੁਖਨ ਸਾਈ ਲੋਕਾ ਦੇ ॥
ਪੱਤਰੇ : 1 – 182 ਅ
ਅਕਾਰ : 16 X 24 ਸ.ਮ. ਲਿਖਤ : 10 X 18 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-18 ਹਨ। ਹਾਸ਼ੀਆ, ਦੋਵੇਂ ਪਾਸੇ, ਦੋ ਦੋ ਲਾਲ, ਦੋ ਕਾਲੀਆਂ, ਇਕ ਨੀਲੀ ਅਤੇ ਇਕ ਪੀਲੀ ਮੋਟੀ ਲਕੀਰ ।
ਆਮ ਵੇਰਵਾ : ਜਿਲਦ ਉਖੜੀ ਹੋਈ ਹੈ । ਲਿਖਾਈ ਸੁੰਦਰ, ਅਤੇ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਸੁਖਨ ਸਾਈ ਲੋਕਾ ਦੇ ॥ ਦਸ ਲਖਣ ਜਗਿਆਸੀ ਕਹੈ ॥ ਪ੍ਰਿਥਮੇ ਦਯਾਵਾਨ ਹੋਤਾ ਹੈ ॥"
ਅੰਤ : "ਇਹ ਜੋ ਪੰਜ ਗੱਲਾਂ ਹੈ ਜੋ ਧਾਰੇ ਸੋ ਮੁਕਤ ਹੋਵੇ ॥ ਸੰਪੂਰਣੰ ॥" ਅਖੀਰ ਵਿਚ ਇਸੇ ਪੰਨੇ ਉਪਰ ਡੀਜ਼ਾਈਨ ਬਣਾਇਆ ਹੋਇਆ ਹੈ ।

ਹੱਥ ਲਿਖਤ ਨੰ : MS 550
ਸਿਰਲੇਖ : ਸਿਹਰਫੀ
ਲੇਖਕ : ਕਾਦਰਯਾਰ
ਪੱਤਰੇ : 1-10 +2-40
ਅਕਾਰ : 16 X 16 ਸ.ਮ. ਲਿਖਤ : 8 X 11 ਸ.ਮ.
ਵੇਰਵਾ : ਖੁੱਲੇ ਪੱਤਰੇ ਸੀਤੇ ਹੋਏ ਹਨ, ਸਿਆਹੀ ਕਾਲੀ । ਹਾਸ਼ੀਆ ਦੋਵੇਂ ਪਾਸੇ, ਕਾਲੀ ਸਿਆਹੀ ਨਾਲ ਬਣਾਇਆ ਹੋਇਆ ਹੈ । ਸਤਰਾਂ ਪ੍ਰਤੀ ਪੰਨਾ - 7,10 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ। ਪੰਨਿਆਂ ਦੇ ਅਕਾਰ ਵਿਚ ਵੀ ਫਰਕ ਹੈ ਕਾਨੀ ਬਦਲੀ ਹੋਈ ਹੈ ਪੱਤਰੇ ਖਸਤਾ ਹਾਲਤ ਵਿਚ ਹਨ ਕਈ ਪੰਨਿਆਂ ਉਪਰ ਸਿਆਹੀ ਦਾ ਪ੍ਰਭਾਵ ਫਿੱਕਾ ਹੋਣ ਕਾਰਨ, ਲਿਖਾਈ ਪੜ੍ਹੀ ਨਹੀਂ ਜਾਂਦੀ । ਅਤੇ ਕਈ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : ੴ ਸਤਿਗੁਰ ਪ੍ਰਸਾਦਿ ॥ ਗਉੜੀ ਗੁਆਰੇਰੀ ਮਹਲਾ ॥ 5 ॥ ਜਾ ਕੈ ਵਸਿ ਖਾਨ ਸੁਲਤਾਨ ॥ ਜਾਕੈ ਵਸਿ ਹੈ ਸਗਲ ਜਹਾਨ॥ ਜਾਕਾ ਕੀਆ ਸਭੁ ਕਿਛੁ ਹੋਇ ॥ ਤਿਸ ਤੇ ਬਾਹਰਿ ਨਾਹੀ ਕੋਇ ॥ 1 ॥"
ਅੰਤ : "ਕਾਦਰਯਾਰ ਕਿਸਾ ਪੂਰਣ ਭਗਤ ਵਲੋਂ ਤੁਸੀ ਸੁਣੋ ਲੋਕੋ ਇਥੇ ਹੋਇ ਪੂਰਾ ॥ 30 ॥ ਸਿਹਰਫੀ ਪੰਜਮੀ ਪੂਰੀ ਹੋਈ ॥=।="
ਇਸ ਤੋਂ ਬਾਅਦ ਡੀਜ਼ਾਈਨ ਬਣਾਇਆ ਹੋਇਆ ਹੈ ।

ਹੱਥ ਲਿਖਤ ਨੰ : MS 551 ਸੰਗ੍ਰਹਿ
ਸਿਰਲੇਖ : ਆਤਮ ਵਿਚਾਰ
ਪੱਤਰੇ : 1 - 80
ਅਕਾਰ : 12 ½ X 20 ਸ.ਮ. ਲਿਖਤ : 9 X 16 ਸ.ਮ.
ਵੇਰਵਾ : ਜਿਲਦ ਗੱਤਾ, ਕਪੜਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ।ਕਾਗਜ਼ ਵੱਖ ਵੱਖ ਰੰਗਾਂ ਦਾ ਲੱਗਾ ਹੋਇਆ ਹੈ । ਸਤਰਾਂ ਪ੍ਰਤੀ ਪੰਨਾ–19 ਹਨ।

| | |
|---|---|
| ਆਮ ਵੇਰਵਾ | : ਪੋਥੀ ਦੇ ਕਈ ਪੰਨੇ ਕਿਰਮ ਖੁਰਦਾ, ਜਿਲਦ ਉਖੜੀ ਹੋਈ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । |
| ਆਰੰਭ | : '੧ੴ ਸਿਤਿਗੁਰ ਪ੍ਰਸਾਦਿ ॥ ਓ ਸ੍ਰੀ ਪ੍ਰਮਾਤਮਨੇ ਨਮਾ : ॥ ਸ੍ਰੀ ਕ੍ਰਿਸਨਾਯ ਨਮ : ॥ ਸ੍ਰੀ ਰਾਮ ਚੰਦਾਯੇ੍ ਨੇਮ : ਦੋਹਰਾ ॥" |
| ਅੰਤ | : "ਇਤਿ ਸ੍ਰੀ ਆਤਮਾ ਵਿਚਾਰ ਗ੍ਰੰਥ ਮਹਾਂ ਮੋਖ ਹੇਤੁ ਸੰਪੂਰਣੰ । ਸਮਾਪਤੰ । ਜੀਵਨ ਮੁਕਤ ਨਿਰੂਪਣੰ ਚਤਰਥੋ ਧਯਾਯ ॥ ੪ ॥ ਸ੍ਰੀ ਪ੍ਰਮਾਤਮਾਨੇ ਨਮ: ॥ = ॥ = ॥" |

| | |
|---|---|
| ਹੱਥ ਲਿਖਤ ਨੰ | : MS 551 ਅ |
| ਸਿਰਲੇਖ | : ਤਰਕ ਸੰਗ੍ਰਹ ਗ੍ਰੰਥ ਕੀ ਭਾਖਾ |
| ਪੱਤਰੇ | : 1 –17 ਅ |
| ਅਕਾਰ | : 13 ½ X 20 ਸ.ਮ. ਲਿਖਤ : 9 X 16 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ-19 ਹਨ। |
| ਆਮ ਵੇਰਵਾ | : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੱਤਰਿਆਂ ਦਾ ਰੰਗ ਵੀ ਬਦਲਿਆ ਹੋਇਆ ਹੈ। |
| ਆਰੰਭ | : "੧ੴ ਸਿਤਿ ਗਣੇਸਾਯ ਨਮ : ਕਬਿੱਤ ॥ ਕਰੁਣਾ ਨਿਧਾਨ ਵਿਗਯਾਨ ਘਨ ਏਕ ਰਸ ਪੂਰਨ ਸ੍ਰਛੰਦ ਸੂਬਗਯ ਭੁਗਣ ਸਿੰਧ ਜੂ ॥ ਦੋਹਰਾ ॥ ਤਾ ਪ੍ਰਭੂ ਪਦ ਪੰਕਜ ਹ੍ਰਿਦੈ ਚਿਤਨੀਯ ਫਲ ਦੇਤ ॥ ਤਰਕ ਸੰਗ੍ਰਹ ਗ੍ਰੰਥ ਕੀ ਭਾਖਾ ਸੁਭ ਰਚਿ ਲੇਤ ॥" |
| ਅੰਤ | : "ਇਤਿ ਸ੍ਰੀ ਤ੍ਰਕ ਸੰਗ੍ਰ : ਗ੍ਰੰਥ ਭਾਖਾ ਸਮਾਪਤੰ ॥ ਰਾਮ ਜੀ ਰਾਮ ॥ ਕਬਿਤੁ ॥" ਅਖੀਰ ਵਿਚ ਇਕ ਕਬਿਤ ਅਤੇ ਦਸਾਂ ਅਵਤਾਰਾਂ ਜੀ ਦੇ ਨਾਮ ਦਿਤੇ ਹੋਏ ਹਨ ॥ |

| | |
|---|---|
| ਹੱਥ ਲਿਖਤ ਨੰ | : MS 551 ੲ |
| ਸਿਰਲੇਖ | : ਤਤ੍ਰ ਅਨੁਸੰਧਾਨ |
| ਲੇਖਕ | : ਸ੍ਰੀ ਮਾਨ ਮਹਾਂਦੇਵ ਸਰਸ੍ਵਤੀ |
| ਪੱਤਰੇ | : 1 - 10 |
| ਅਕਾਰ | : 13 ½ X 20 ਸ.ਮ. ਲਿਖਤ : 9 X 16 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 19 ਹਨ। |
| ਆਰੰਭ | : "੧ੴ ਸਿਤਿਗੁਰ ਪ੍ਰਸਾਦਿ ॥ ॥ ॥ ਅਥ ਪ੍ਰਿਥਮ ਪਰਿਛੰਦੁ ਲਿਖਯਤੇ ਤਿਸ ਵਿਖੇ ਪ੍ਰਥੰ ਸੂਚਨਾ ਕਾ ॥ ਸਲੋਕ ॥ ਪ੍ਰਥਮੇ ਪਦ ਵਿਚਾਰ ਬੋਲ ਖਜਾਰਥਸ੍ਰ ਪ੍ਰਕਥਯਤੇ ॥ ਅਧਯਾਰੋ ਪਾਪ ਵਾਦ ਭਯਾ ਵਾਕਯਾਰਥ ਸ੍ਰਤਤ : ਸ੍ਰੀ ਮਾਨ ਮਹਾਂਦੇਵ ਸਰਸ੍ਵਤੀ ਸੋ ਇਸ ਤਤ੍ਵਮਾਨੁ ਸੰਧਾਂਨ ਨਾਮ ਵੇਦਾਂਤ ਪ੍ਰਕਰਣ ਗ੍ਰਿੰਥ ਕਾ ਕਰਤਾ ਹੈ ॥" |
| ਅੰਤ | : "ਅਰੁ ਜੋ ਮੈ ਪੂਰਵ ਕਾਲ ਵਿਖੇ ਰੂਪ ਕੌ ਦੇਖਣੇ ਹਾਰਾ ਥਾ ॥" |

| | |
|---|---|
| ਹੱਥ ਲਿਖਤ ਨੰ | : MS 551 ਸ |
| ਸਿਰਲੇਖ | : ਸੰਤ ਪ੍ਰਭਾਵ |
| ਲੇਖਕ | : ਬਿਸ੍ਨ ਸਿੰਘ ਗਯਾਨੀ |
| ਪੱਤਰੇ | : 1-75 ਅ |
| ਸਥਾਨ | : ਸੰਗਰੂਰ |
| ਅਕਾਰ | : 13 ½ X 20 ਸ.ਮ. ਲਿਖਤ : 9 X 16 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 19 ਹਨ। |

ਆਮ ਵੇਰਵਾ : ਕਾਗਜ਼ ਦਾ ਰੰਗ ਬਦਲਿਆ ਹੋਇਆ ਹੈ ਅਤੇ ਕਾਨੀ ਵੀ ਬਦਲੀ ਹੋਈ ਹੈ ।
ਆਰੰਭ : "ੴ ਸਤਿਗੁਰੁ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ : ॥ ਅਥ ਸੰਤ ਪ੍ਰਭਾਵ ਲਿਖਯਤੇ ॥"
ਅੰਤ : "ਕੁਮਤ ਕਾ ਕਹਿਆ ਕਰਨਾ ॥ ਉਦਰ ਭਰ ਖਾਣਾ ॥ ਸਖੋਪਤ ਨਿੰਦ੍ਰਾ ਮੈ ਬਹੁਤ ਬਸੇਰਾ ਕਰਨਾ ॥ ਕਾਮਾਦਿਕ ਹੁਸਾਬ ਪ੍ਰੀਤਿ ਰਾਖਨੀ ॥ ਪਰ ਨਿੰਦਾ ਵਿਖੇ ਝਗੜਅਹੁ ਵਿਖੇ ਮਨ ਕੋ ਪ੍ਰਚਾਈ ਰਖਯਾ ॥31॥
ਭਾਈ ਬਿਸ੍ਨ ਸਿੰਘ ਗਯਾਨੀ ਸ੍ਰੀ ਆਨੰਦ ਪੁਰ ਜੀ ਵਾਲੇ ਕੀ ਪੁਸਤਕਰੇ ਮੁਕਾਮ ਸੰਗਰੂਰ ਰਾਜਧਾਨੀ॥
ਦਸਖਤ ਵਾਲੀ ਕਾਨੀ ਹੋਰ ਹੱਥ ਦੀ ਹੈ।

ਹੱਥ ਲਿਖਤ ਨੰ : MS 552 ਸੰਗ੍ਰਹਿ
ਸਿਰਲੇਖ : ਮੰਤ੍ਰ ਸਸਤ੍ਰ ਬੰਦ ਕਾ ॥
ਲੇਖਕ : ਮੋਤਾ ਸਿੰਘ
ਪੱਤਰੇ : 1 – 4
ਅਕਾਰ : 14 X 11 ਸ.ਮ. ਲਿਖਤ : 9 X 7 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ - 8 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਖ ਠੀਕ।
ਆਰੰਭ : "ੴ ਸ੍ਰੀ ਵਾਹਗੁਰੂ ਜੀ ਕੀ ਫਤੇ ॥ਰਾਮਕਲੀ ਪਾਤਸਾਹੀ - 10 ॥ ਮੰਤ੍ਰ ਸਸਤ੍ਰ ਬੰਦ ਕਾ॥"
ਅੰਤ : "ਸਾਹਬ ਦਸਵੇਂ ਪਾਤਸਾਹੀ ਜੀ ਕੀ ਆਗਯਾ ਹੈ ਸਰਬ ਕਾਰਜਾਂ ਕਓ ਇਹ ਮੰਤ੍ਰ ਸਿਧ ਕਰੈਗਾ ਜਿਸ ਪਰ ਚਲਾਵੈ ਤਿਸੀ ਪਰ ਚਲੈ ॥"

ਹੱਥ ਲਿਖਤ ਨੰ : MS 552 ਅ
ਸਿਰਲੇਖ : ਅਸਤੋਤ੍ਰ ਸ੍ਰੀ ਰਾਮ ਚੰਦ ਜੀ ਕਾ
ਲੇਖਕ : ਮੋਤਾ ਸਿੰਘ
ਪੱਤਰੇ : 4 – 11 ਅ
ਅਕਾਰ : 14 X 11 ਸ.ਮ. ਲਿਖਤ : 9 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਚੰਗੀ ।
ਆਰੰਭ : "ੴ ਸ੍ਰੀ ਗਣੇਸਾਯ ਨਮ : ਅਥ ਅਸਤੋਤ੍ਰ ਸ੍ਰੀ ਰਾਮ ਚੰਦ ਜੀ ਕਾ ਸਵੈਯਾ ॥ ਆਦਿ ਅਪਾਰ ਅਲੇਖ ਅਨੰਤ ਬਿਅੰਤ ਸੀਯਾਪਤਿ ਰਾਮ ਮੁਰਾਰੇ ॥"
ਅੰਤ : "ਇਤਿ ਸ੍ਰੀ ਰਾਮ ਅਸਤੋਤ੍ਰ ਖੋੜਸੀ ਮਹਲਾ ਸਮਾਪਤੰ ॥ ਮਸਤੂ ਸਭ ਮਸਤੁ

ਹੱਥ ਲਿਖਤ ਨੰ : MS 552 ੲ
ਸਿਰਲੇਖ : ਅਸਤੋਤ੍ਰ ਗੁਰੂ ਗੋਬਿੰਦ ਸਿੰਘ ਜੀ ਕਾ
ਲੇਖਕ : ਮੋਤਾ ਸਿੰਘ
ਪੱਤਰੇ : 12 ੳ - 19 ੳ
ਅਕਾਰ : 14 X 11 ਸ.ਮ. ਲਿਖਤ : 9 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "੧ੳ ਸ੍ਰੀ ਸਰਸ੍ਵਤੈਯਿ ਨਮ : ਅਥ ਅਸਤੋਤ੍ਰ ਗੁਰੂ ਗੋਬਿੰਦ ਸਿੰਘ ਜੀ ਕਾ ॥ ਛੰਦ ॥ ਕਮਲ ਨੈਨ ਸੁਬੈਨ ਸੁੰਦਰ ਤੂਨ ਟਿਕਰ ਧਨੁਸੰਰ ॥"

ਅੰਤ : "ਇਤਿ ਸ੍ਰੀ ਖੋੜਸਾ ਅਸਤੋਤ੍ਰ ਸਮਾਪਤੰ ॥ ੧ ॥ ਤਾਂਤੇ ਆਪਣੇ ਇਸਟ ਦੇਵਤਾ ਕੀ ਉਸਤਤਿ ਅਰੁ ਉਨਕੇ ਮੁਖਾਰਬਿੰਦ ਕੀ ਬਾਣੀ ਗੁਰੂ ਕੇ ਸਿਖਾ ਕੋ ਪੜਨੀ ਯੋਗ ਹੈ ॥ ਬੋਲੋ ਭਾਈ ਜੀ ਵਾਹ ਗੁਰੂ ॥"

ਹੱਥ ਲਿਖਤ ਨੰ : MS 552 ਸ

ਸਿਰਲੇਖ : ਬਾਣਨ ਕੀ ਛਬ, {ਗੁਰੂ ਹਰਿ ਗੋਬਿੰਦ ਜੀ ਕੇ)

ਲੇਖਕ : ਮੋਤਾ ਸਿੰਘ

ਪੱਤਰੇ : 19 ਅ – 23 ਅ

ਅਕਾਰ : 14 X 11 ਸ.ਮ. ਲਿਖਤ : 9 X 7 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 8 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ।

ਆਰੰਭ : "੧ੳ ਸ੍ਰੀ ਸਰਸ੍ਵਤੈਯ ਨਮ : ਸੋਢੀ ਸਾਹਬ ਗੁਰੂ ਹਰਿਗੁਬਿੰਦ ਜੀ ਕੇ ਬਾਣਨ ਕੀ ਛਬ ਬਰਨਯਤੇ"

ਅੰਤ : "ਧੰਨ ਧੰਨ ਰਟੈਂ ਦੇਵਗੈਂ ਨਮੈ ਬਿਵਾਨ ਚਢਿ ਬਾਨ ਭਲੇ ਚਲੇ ਪ੍ਰਭ ਸੋਢੀ ਨ੍ਰਿਪ ਨਾਹੁ ਕੇ ॥ 4 ॥ ਚੌਕੜੀ ਦੂਸਰੀ ਸਮਾਪਤੰ ॥ 2 ॥ ॥ ॥"

ਹੱਥ ਲਿਖਤ ਨੰ : MS 552 ਹ

ਸਿਰਲੇਖ : ਬਾਣਨ ਕੀ ਛਬਿ (ਗੁਰੂ ਗੋਬਿੰਦ ਸਿੰਘ ਜੀ ਕੇ)

ਲੇਖਕ : ਮੋਤਾ ਸਿੰਘ

ਸਮਾਂ : ਸੰਮਤ 1910

ਪੱਤਰੇ : 24 ੳ – 32 ਅ

ਅਕਾਰ : 14 X 11 ਸ.ਮ. ਲਿਖਤ : 9 X 7 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ।

ਆਮ ਵੇਰਵਾ : ਅਖੀਰਲਾ ਪੰਨਾ ਫਟਿਆ ਹੋਇਆ ਹੈ ।

ਆਰੰਭ : "੧ੳ ਸਿਤਿਗੁਰ ਪ੍ਰਸਾਦਿ ॥ ਸ੍ਰੀ ਸੁਰਸਤੈਯ ਨਮ : ਸਾਹਬ ਦਸਵੇ ਪਾਤਿਸਾਹ ਗੁਰੂ ਗੋਬਿੰਦ ਸਿੰਘ ਜੀ ਕੇ ਬਾਣਨ ਕੀ ਛਬਿ ਵਰਨਨੰ ॥"

ਅੰਤ : "ਇਤਿ ਸ੍ਰੀ ਬਾਣਨ ਛਬਿ – ਚਾਰੋਂ ਚੌਕੜੀ ਸਮਾਪਤ ॥ ੧ ॥ ਸੰਬਤ ਊਨੀ ਸਹਸ ਥਾ ਊਪਰ ਤੇ ਦਸ ਸਾਲ ॥ ਭਾਦ੍ਰਵਦੀ ਦਸ ਬੀਸ ਥਿਤ ਨੌਮੀ ਸੁਖ ਨਾਲ ॥ ਕ੍ਰਿਤ ਕਵਿ ਮੋਤਾ ਸਿੰਘ ਕੀ ਭਈ ਸਪੂਰਨ ਜਾਨ ॥ ਭੁਲ ਸੁਧਾਰਹੁ ਕਵਿ ਜਨਹੁ ਮੁਝੈ ਦਾਸ ਦੇਹ ਦਾਨ ॥"

ਹੱਥ ਲਿਖਤ ਨੰ : MS 553

ਸਿਰਲੇਖ : ਸ੍ਰੀ ਮਤ ਭਾਗਵਤ ਮਹਾਤਮ

ਲੇਖਕ : ਨਾਨਕ, ਕਵਿ

ਪੱਤਰੇ : 40 ਪੱਤਰੇ ਖੁੱਲੇ

ਅਕਾਰ : 29 X 13 ਸ.ਮ. ਲਿਖਤ : 23 X 8 ਸ.ਮ.

ਵੇਰਵਾ : ਖੁੱਲੇ ਪੱਤਰੇ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ, ਤਿੰਨ ਤਿੰਨ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਰਚਨਾ, ਕਿਸੇ ਹੋਰ ਪੋਥੀ ਦਾ ਹਿੱਸਾ ਜਾਪਦੀ ਹੈ । ਪੱਤਰਿਆਂ ਦਾ ਨੰ: ਅੰਦਾਜ਼ਨ ਹੀ ਦਿਤਾ ਹੋਇਆ ਹੈ ਜੋ ਬਾਅਦ ਵਿਚ ਲਿਖਿਆ ਗਿਆ ਹੈ ।

ਆਰੰਭ : "੧ਓੇਂ ਨਮੋ ਭਗਵਤੇ ਵਾਸੁਦੇਵਾਯ ॥ ਸ੍ਰੀ ਕ੍ਰਿਸ੍ਨਾਯ ਸਰਣਮਮ ॥ ਦੋਹਰਾ ॥ ਵਿਘਨ ਹਰਣ ਮੰਗਲ ਕਰਣ ਖੇਮ ਕੁਸਲ ਪਰਸਾਦ ॥ ਉਸਤਤ ਉਸਤਤ ਯੋਗਿ ਹਰਿ ਹਿਤ ਕਰ ਉਚਰੋ ਆਦ ॥

ਅੰਤ : ਇਤਿ ਸ੍ਰੀ ਪਦਮ ਪੁਰਾਣਮੋ ਭਾਖੈ ਛੈ ਅਧਯਾਯ ॥ ਭਗਵਤ ਮਹਾਂਤਮ ਕਹਯੋ ਸੂਤ ਸੁ ਸੌਨ ਕਪਾਹ ॥ਦੋਹਰਾ॥ ਰਾਂਮ ਕ੍ਰਿਸਨ ਕੀ ਪ੍ਰੀਤ ਕੋ ਤੁਮ ਧਰਹੁ ਹ੍ਰਿਦੇ ਮਾਹ॥ ਸੰਸਾਰ ਬਾਰਧ ਰਤ ਤਹੀ ਬਾਰਨ ਲਾਗੇ ਤਾਹ ॥ ॥ ॥ ●●●

ਹੱਥ ਲਿਖਤ ਨੰ : MS 554

ਸਿਰਲੇਖ : ਸ੍ਰੀ ਸੂਰਯ ਪੁਰਾਣ

ਪੱਤਰੇ : 1 – 29 ੳ

ਅਕਾਰ : 15 X 10 ਸ.ਮ. ਲਿਖਤ : 10 X 5 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ - 6 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਹੋਣ ਕਾਰਣ, ਅਖੀਰ ਵਿਚ ਕੁਝ ਪੱਤਰੇ ਵੀ ਉਖੜੇ ਹੋਏ ਹਨ । ਲਿਖਾਈ ਸੁੰਦਰ ਹੈ ।

ਆਰੰਭ : "੧ਓੇਂ ਸ੍ਰੀ ਗਣੇਸਾਯ ਨਮ ॥ ਦੋਹਾ ॥ ਬੰਦੌਂ ਚਰਣਨ ਹਿਰਦਯ ਧਰਿ ॥ ਭਾਕਤਿ ਪ੍ਰੇਮ ਲਬ ਲੀਨ ॥ ਮਹਿਮਾ ਅਗਮ ਅਪਾਰ ਹੈ ਸੋ ਬਹੁ ਗਯਾਨ ਪ੍ਰਬੀਨ ॥ ੧ ॥"

ਅੰਤ : "ਇਤੀ ਸ੍ਰੀ ਸੂਰਯ ਮਹਾਤਮਯੇ ਮਹਾ ਪੁਰਾਣੇ ਬ੍ਰਤ ਮਾਹਾਤਮਯਂ ਸਮਾਪਤਂ ॥ ਇਤਿ ਸ੍ਰੀ ਸੂਰਯ ਪੁਰਾਣਂ ਸਮਾਪਤਂ ॥ ਸ੍ਰੀ ਰਾਮਾਯ ਨਮ : ॥"

ਹੱਥ ਲਿਖਤ ਨੰ : MS 555 ਸੰਗ੍ਰਹਿ

ਸਿਰਲੇਖ : ਕਥਾ ਰਾਜਾ ਫੂਲ ਕੀ

ਲੇਖਕ : ਨਿਹਾਲ

ਸਮਾਂ : ਸੰਮਤ 1921

ਪੱਤਰੇ : 3 ੳ – 96 ੳ

ਅਕਾਰ : 17X13 ਸ.ਮ. ਲਿਖਤ: 10X7 ਸ.ਮ.

ਵੇਰਵਾ : ਜਿਲਦ ਗੱਤਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਏ ਤੋਂ ਬਗੈਰ। ਸਤਰਾਂ ਪ੍ਰਤੀ ਪੰਨਾ-7 ਹਨ।

ਆਮ ਵੇਰਵਾ : ਪੋਥੀ ਦੇ ਪਹਿਲੇ ਪਹਿਲੇ ਪੱਤਰੇ ਫਟੇ ਹੋਏ ਹਨ ਅਤੇ ਰਚਨਾ ਅਧੂਰੀ ਹੈ। ਤਿੰਨ ਨੰਬਰ ਪੰਨੇ ਤੋਂ ਸ਼ੁਰੂ ਹੁੰਦੀ ਹੈ। ਪੋਥੀ ਭਿਜੀ ਹੋਈ ਹੋਣ ਕਾਰਣ, ਅਖੀਰਲੇ ਕੁਝ ਪੱਤਰੇ ਬੜੀ ਖਸਤਾ ਹਾਲਤ ਵਿਚ ਹਨ । ਲਿਖਾਈ ਸਾਫ ਨਹੀਂ ਹੈ ਅਤੇ ਅਸਪਸ਼ਟ ਹੈ, ਪੜ੍ਹਨ ਵਿਚ ਮੁਸ਼ਕਲ ਆਉਂਦੀ ਹੈ ।

ਆਰੰਭ : "ਜੇ ਕਵਿ ਨ੍ਰਿਪ ਦਰਬਾਰ ਕੇ ਮਹਾਂ ਧਨਾਢ ਉਦਾਰ ॥ ਆਨ ਕੀਯੋ ਦਰਬਾਰ ਜਿਹ ਆਨ ਨਗੋ ਦਰਬਾਰ ॥

ਅੰਤ : ਫੂਲ ਬੰਸ ਫੂਲੋ ਸਦਾ ਫਲ ਫੂਲਨ ਦਲ ਮੂਲ ਸਾਖਾ ਸਾਖਾ ਬੇਦ ਜਯੋਂ ਧਰ ਪਰ ਪਾਵੈ ਭੁਲ ॥ 413 ਚਿਤ੍ਰ ਮੁੱਕ ਦੇਖ ਕੇ ਕੀਤੀ ਕਥਾ ਪ੍ਰਕਾਸ ॥ ਕਹਿ ਨਿਹਾਲ ਭੂ ਪਾਲ ਕੋ ਦੀਝੈ ਭੋਗ ਬਿਲਾਸ ॥ 4 ॥ ਸੰਮਤ ਉਨਵੀ ਸੈ ਭਏ ਦਵਾਦਸ ਊਪਰ ਸਾਲ ॥ ਕ੍ਵਾਰ ਕ੍ਰਿਸ੍ਨ ਨੌਮੀ ਗੁਰੂ ਪੂਰਨ ਕਰੀ ਨਿਹਾਲ ॥ 415॥ ਇਤਿ ਸ੍ਰੀ ਮਨ ਮਹਾਂਰਾਜਾ ਧਿਰਾਜ ਰਾਜੇਸ੍ਵਰ ਸ੍ਰੀ ਨਰਿੰਦਰ ਸਿੰਘ ਮਹਿੰਦਰ ਬਹਾਦੁਰ ਹਿਤ ਸੁ

ਕਵਿ ਨਿਹਾਲ ਵਿਰਚਤੇ ਭਾਖਾਯਾਂ ਕਥਾ ਰਾਜ ਫੂਲ ਕੀ ਭੂਨਨੋ ਨਾਂਮੁ ਪ੍ਰਿਥਮੋਧਿਆਇ ਸਮਾਪਤੰ ॥1॥ ਦੋਹਾ॥ ਅੱਛਰ ਮਾਤਰ ਜੋ ਭੁਲੇ ਤੁਮਰੀ ਲੇਹੁ ਸਵਾਰ॥ ਹਮ ਕੋ ਦੋਸ ਨ ਦੀਜੀਏ ਛਿੰਨ ਛਿੰਨ ਭੁਲਨਿ ਹਾਰ ॥1॥ ਮਿਤੀ ਅਸੂਨ ਬਦੀ ॥੯॥ ਬੀਰਵਾਰ॥ ੧੯੨੧॥

| | |
|---|---|
| ਹੱਥ ਲਿਖਤ ਨੰ | : MS 555 ਅ |
| ਸਿਰਲੇਖ | : ਮਿਠੜੇ |
| ਲੇਖਕ | : ਸੌਂਧਾ |
| ਪੱਤਰੇ | : 1 – 14 |
| ਅਕਾਰ | : 15 X 10 ਸ.ਮ. ਲਿਖਤ : 10 X 6 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 6 ਹਨ। |
| ਆਮ ਵੇਰਵਾ | : ਪੋਥੀ ਦੀ ਪਹਿਲੀ ਰਚਨਾ ਦਾ ਇਸ ਭਾਗ ਦੀ ਰਚਨਾ ਨਾਲੋਂ ਅਕਾਰ ਵਿਚ ਫਰਕ ਹੈ । ਪੋਥੀ ਭਿਜੀ ਹੋਈ ਹੈ ਅਤੇ ਲਿਖਾਈ ਵੀ ਬਹੁਤੀ ਸਾਫ ਨਹੀਂ ਹੈ । ਕਾਨੀ ਬਦਲ ਕੇ, ਇਕ ਪੱਤਰਾ, ਇਸ ਤੋਂ ਪਹਿਲਾਂ ਲਿਖਿਆ ਹੋਇਆ ਹੈ ਜਿਸ ਦਾ ਉਪਰੋਕਤ ਰਚਨਾ ਨਾਲ ਕੋਈ ਸਬੰਧ ਨਹੀਂ ਹੈ। |
| ਆਰੰਭ | : "੧ਓ ਸਿਤਿਗੁਰ ਪ੍ਰਸਾਦਿ ॥ ਦੋਹਰਾ ॥ ਸੀਸਾ ਦੇਖਤ ਰਾਧਕਾ ਮਨ ਮੇਂ ਕੀਓ ਗੁਮਾਨ ॥ ਸੁੰਦਰ ਦੇਖਿਯੋ ਰੂਪ ਕੋ ਮਨ ਕੀਨੋ ਅਭਮਾਨ ॥੧॥" |
| ਅੰਤ | : "ਤੌ ਭੀ ਸਿਮਰਨ ਭਲਾ ਹੈ ਜਲ ਮਲੀਨ ਜੋ ਪਾਇ ॥ ਤਾ ਕੋ ਜੋ ਨਹਿ ਪੀਜੀਏ ਦੇਵੈ ਅਗਨ ਬੁਝਾਇ ॥ ੨੬ ॥ ਔਰ ਭਗਤ ਜੋ ਰਾਮ ਕੀ ਸਭ ਤੇ ਉਤਮ ਪ੍ਰੇਮ । ਪ੍ਰੇਮੀ ਹਰਿ ਜੀ ਤੇ ਲਹੇ ਸਦਾ ਕੁਸਲ ਅਰੁ ਖੇਮ ॥ ੨੭ ॥ = ॥ = ॥ ॥" |

| | |
|---|---|
| ਹੱਥ ਲਿਖਤ ਨੰ | : MS 555 ੲ |
| ਸਿਰਲੇਖ | : ਮਿਠੜੇ |
| ਲੇਖਕ | : ਰਾਮ ਸਿੰਘ |
| ਪੱਤਰੇ | : 14 ਅ–20 ੳ |
| ਅਕਾਰ | : 15 X 10 ਸ.ਮ. ਲਿਖਤ : 10 X 6 ਸ.ਮ. |
| ਵੇਰਵਾ | : ਓਹੀ । ਸਤਰਾਂ ਪ੍ਰਤੀ ਪੰਨਾ - 6 ਹਨ। |
| ਆਰੰਭ | : "੧ਓ ਸਿਤਿਗੁਰ ਪ੍ਰਸਾਦਿ ॥ ਅਥ ਮਿਠੜੇ ਕਬਿ ਰਾਮ ਸਿੰਘ ਕੇ ॥" |
| ਅੰਤ | : "ਕਸਮ ਇਮਾਨ ਦੀ ਜਹਾਨ ਸਭੋ ਜਾਣਦਾ ਰਾਮ ਸਿੰਘ ਯਾਰ ਸਾਨੂੰ ਸਾਈ ਨੂੰ ਮਿਲਾਉਦਾ ॥ 9 ॥ = ॥ =॥" ਇਸ ਤੋਂ ਬਾਅਦ ਇਕ ਪੰਨਾ ਹੋਰ ਹੈ ਜਿਥੇ ਇਕ ਰਚਨਾ ਹੋਰ ਹੈ॥ ਰਾਗ ਬਿਲਾਵਲ । ਕਥਾ ਰਾਜੇ ਹਰੀ ਚੰਦ ਕੀ ॥ ਇਹ ਰਚਨਾ ਅਧੂਰੀ ਹੈ ॥ |

| | |
|---|---|
| ਹੱਥ ਲਿਖਤ ਨੰ | : MS 556 |
| ਸਿਰਲੇਖ | : ਮਾਨ ਮੰਜਰੀ ਨਾਮ ਮਾਲਾ |
| ਲੇਖਕ | : ਨੰਦ ਦਾਸ |
| ਪੱਤਰੇ | : 1 – 59 ਅ |
| ਅਕਾਰ | : 17 X 10 ਸ.ਮ. ਲਿਖਤ : 9 X 6 ਸ.ਮ. |
| ਵੇਰਵਾ | : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ ; ਸਿਆਹੀ ਕਾਲੀ ।ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ–7 ਹਨ। |

ਆਮ ਵੇਰਵਾ : ਪੋਥੀ ਨੂੰ ਲੈਮੀਨੇਸ਼ਨ ਕੀਤਾ ਹੋਇਆ ਹੈ ਅਤੇ ਹੁਣ ਇਸ ਦੀ ਹਾਲਤ ਠੀਕ ਹੈ । ਲਿਖਾਈ, ਕਈ ਪੰਨਿਆਂ ਉਪਰ ਧੱਬਿਆਂ ਵਾਲੀ ਹੈ ਪਰ ਪੜ੍ਹਨ ਯੋਗ ਹੈ ।

ਆਰੰਭ : "੧ਓ ਸ੍ਰ੿ ਸਤ ਸ੍ਰੀ ਗਣੇਸਾਯ ਨਮ : ॥ ਅਥ ਮਾਨ ਮੰਜਰੀ ਨਾਮ ਮਾਲਾ ਲਿਖਯਤੇ ॥ ਕ੍ਰਿਤ ਕਵਿ ਨੰਦ ਦਾਸ ॥ ਦੋਹਰਾ ॥"

ਅੰਤ : "ਅਥ ਮਾਲਾ ਕੇ ਨਾਮਾ ॥"
ਇਸ ਤੋਂ ਅੱਗੇ ਪੱਤਰਿਆਂ ਦਾ ਕੁਝ ਹਿੱਸਾ ਕਿਰਮ ਖੁਰਦਾ ਹੈ ਅਤੇ ਫਟਿਆ ਹੋਇਆ ਹੈ । ਲਿਖਤ ਪੜ੍ਹੀ ਨਹੀਂ ਜਾਂਦੀ । ਅਖੀਰ ਵਿਚ ਇੰਵ ਲਿਖਿਆ ਬਣਾਇਆ ਹੋਇਆ ਹੈ "
"ਇਤਿ ਸ੍ਰੀ ਨਾਮ ਮਾਲਾ ਸੰਪੂਰਣ ॥"

ਹੱਥ ਲਿਖਤ ਨੰ : MS 556 ਅ
ਸਿਰਲੇਖ : ਅਨੇਕਾਰਥੀ
ਲੇਖਕ : ਨੰਦ ਦਾਸ
ਪੱਤਰੇ : 59 ਅ – 83 ਅ
ਅਕਾਰ : 17 X 10 ਸ.ਮ. ਲਿਖਤ : 9 X 6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 8 ਹਨ।
ਆਮ ਵੇਰਵਾ : ਪੰਨਾ 84 ਲੇਮੀਨੇਸ਼ਨ ਕੀਤਾ ਹੋਇਆ ਹੈ ਖਾਲੀ ਹੈ।
ਆਰੰਭ : "੧ਓ ਸ੍ਰੀ ਗਣੇਸਯੇ ਨਮ : ਅਥ ਅਨੇਕਾਰਥੀ ਨੰਦ ਦਾਸ ਕ੍ਰਿਤ ਲਿਖਯਤੇ ॥"
ਅੰਤ : "ਜੋਈ ਅਨੇਕਅਰਥੀ ਪੜੈ ਅਥਵਾ ਸੁਨੈ ਜੁ ਕੋਇ ॥ ਤਾਕਉ ਅਨਕ ਅਰਥ ਇਹ ਪੁੰਨ ਪਤਿ ਹੋਇ॥੧੪੬॥"

ਹੱਥ ਲਿਖਤ ਨੰ : MS 556 ੲ
ਸਿਰਲੇਖ : ਚਿੱਤ੍ਰ ਬਿਲਾਸ
ਲੇਖਕ : ਅੰਮ੍ਰਿਤ ਰਾਇ
ਲਿਖਾਰੀ : ਹਰਿ ਦਾਸ
ਸਮਾਂ : ਸੰਮਤ 1859
ਪੱਤਰੇ : 1 ੳ – 54 ੳ
ਅਕਾਰ : 17 X 10 ਸ.ਮ. ਲਿਖਤ : 9 X 6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।
ਆਰੰਭ : "੧ਓ॥ ਵਾਹਿਗੁਰੂ ਜੀ ਕੀ ਫਤੇ ॥ ਸ੍ਰੀ ਗਣੇਸਾਯ ਨਮ : ਅਥ ਚਿਤ੍ਰ ਬਿਲਾਸ ਲਿਖਯਤੇ ॥ ਛਪੈ"
ਅੰਤ : "ਚਿਤ੍ਰ ਜਾਤ ਅਭਰਨ ਕਛੂ ਬਰਨੀ ਅਮ੍ਰਿੰਤਿ ਰਾਇ ॥ ਭਰੇ ਚਿਤ੍ਰ ਕੀ ਬ੍ਰਿਤ ਅਬ ਕਹਿ ਚਤਰੰਗ ਬਨਾਇ ॥ 3 ॥
ਇਤਿ ਸ੍ਰੀ ਚਿਤ੍ਰ ਬਿਲਾਸ ਕਵਿ ਅੰਮ੍ਰਿਤ ਰਾਇ ਕ੍ਰਿਤਿ ਸਮਾਪਤੰ ॥ ਦੋਹਰਾ ॥ ਪਿੱਤਜ ਜੁ ਚਿਤ੍ਰ ਬਿਲਾਸ ਕੀ ਪਸਰੀ ਗੁਨੀਅਨਿ ਪਾਸ ॥ ਤਿਨ ਮੈ ਸੁਧਿ ਲਿਖੀ ਅਥੈ ਕਵਿ ਖਟ ਗੁਨ ਹਰਿ ਦਾਸ ॥ ਸੰਮਤ, 1859 ॥

ਹੱਥ ਲਿਖਤ ਨੰ : MS 556 ਸ
ਸਿਰਲੇਖ : ਪਿੰਗਲ ਭਾਖਾ
ਲੇਖਕ : ਰੂਪ ਦੀਪ

ਸਮਾਂ : ਸੰਮਤ 1776
ਪੱਤਰੇ : 1 – 27
ਅਕਾਰ : 17 X 10 ਸ.ਮ. ਲਿਖਤ : 9 X 6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ।
ਆਮ ਵੇਰਵਾ : ਪੰਨਾ ਨੰ: 21 ਉਪਰ ਸੰਮਤ ਬਾਰੇ ਇੰਵ ਲਿਖਿਆ ਹੋਇਆ ਹੈ, ਸੰਮਤ ਸਤ੍ਰਾ ਸੈ ਬਰਖ ਔਰ ਛਿਹਤ੍ਰਾ ਪਾਇ ॥ ਭਾਦੋ ਸੁਦਿ ਦੁਤਯਾ ਗੁਰੂ ਭਯੋ ਗ੍ਰੰਥ ਸੁਖ ਦਾਇ ॥ 69 ॥"
ਆਰੰਭ : "੧ੴ ਸ੍ਰੀ ਗਣੇਸਾਇ ਨਮ : ॥ ਅਥ ਪਿੰਗਲ ਭਾਖਾ ਕ੍ਰਿਤ ਰੂਪ ਦੀਪ ਲਿਖਯਤੇ ॥ ਦੋ ॥ ਸਾਰਦ ਮਾਤਾ ਤੁਮ ਬਰੀ ਸਬੁਧਿ ਦੇਹਿ ਦਰ ਹਾਲ ॥ ਪਿੰਗਲ ਕੀ ਛਾਯ ਲਿਏ ਬਰਨੋ ਬਾਵਨ ਚਾਲ ॥ 1 ॥"
ਅੰਤ : "ਮਗਨ ਤੀਨ ਗੁਰ ਮਾਨ ਨਗਨ ਤੀਨੋ ਲਘੁ ਲਹੀਯੈ ॥ ਭਗਨ ਆਦਿ ਗੁਰ ਆਨ ਆਦਿ ਲਘੁ ਯਮਨ ਸੁ ਕਹੀਯੈ ॥ ਜਗਨ ਮਧ ਗੁਰ ਜਾਨ ਰਗਨ ਲਘੁ ਮਧ ਖਾਨੋ ॥ ਸਗਨ ਅੰਤ ਗੁਰ ਸਾਧ ਤਗਨ ਅੰਤਹ ਲਘੁ ਮਾਨੋ ॥ ਕਾ ਕੀ ਕੂ ਕੇ ਕੈ ਕੋ ਕੌ ਕੰ ਕਾਂ ਏ ਨਵੌ ਗੁਰ ॥ ਕ ਕਿ ਕੁਕ ਏ ਤੀਨ ਲਘੁ ਕਹਿ ਗਰੀਬ ਸੁ ਬਿਚਾਰ ਉਰ ॥ 1 ॥"
ਇਸ ਤੋਂ ਬਾਅਦ ਇਕ ਪੱਤਰਾ ਕੁੰਡਲੀਯਾ ਛੰਦ ਸ਼ੁਰੂ ਹੋ ਜਾਂਦਾ ਹੈ ।

ਹੱਥ ਲਿਖਤ ਨੰ : MS 556 ਹ
ਸਿਰਲੇਖ : ਪਿੰਗਲ ਸਾਰ
ਲੇਖਕ : ਸਾਸਿਜ ਮ੍ਰਿਗਿੰਦ
ਪੱਤਰੇ : 22 ਅ – 26 ਅ
ਅਕਾਰ : 17 X 10 ਸ.ਮ. ਲਿਖਤ: 8 X 6 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 8 ਹਨ।
ਆਰੰਭ : "੧ੴ ਸ੍ਰੀ ਭਗ੍ਰਤੀ ਜੁ ਸਹਾਇ ॥ ਅਥ ਪਿੰਗਲ ਸਾਰ ਲਿਖਤੇ ॥ ਸਾਸਿਜ ਮ੍ਰਿਗਿੰਦ ਕ੍ਰਿਤ ॥ ਦੋਹਰਾ ॥ ਮਾਤ ਪਿਛੌਰੀ ਅੰਕੁਰਾ ਕੇਵਲ ਵਰਨ ਜੁ ਜਾਨ ॥ ਏ ਤੀਨੋ ਲਘੁ ਕਵਿ ਕਹਤ ਅਵਰ ਸਕਲ ਗੁਰਮਾਨ ॥ 1 ॥"
ਅੰਤ : "ਕਹੈ ਕਬਿ ਦੀਨ ਮਾਨੋ ਮੀਨ ਕੇ ਸਨੀਚਰਏ ਜੇਸਕੇ ਉਦੇਸ ਬਸ ਐਸੇ ਹਥਿਆਰ ਹੈ ॥ 11॥"

ਹੱਥ ਲਿਖਤ ਨੰ : MS 556 ਕ
ਸਿਰਲੇਖ : ਛੰਦ ਰਤਨਾਵਲੀ ਪਿੰਗਲਮਤ
ਲੇਖਕ : ਹਰਿ ਰਾਮਦਾਸ ਨਿਰੰਜਨੀ
ਪੱਤਰੇ : 1 ੳ – 47 ੳ
ਅਕਾਰ : 17 X 10 ਸ.ਮ. ਲਿਖਤ : 8 X 6 ਸ.ਮ.
ਵੇਰਵਾ : ਓਹੀ । ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ - 8, 9 ਹਨ।
ਆਮ ਵੇਰਵਾ : ਕਿਧਰੇ ਕਿਧਰੇ ਕਾਨੀ ਬਦਲੀ ਹੋਈ ਹੈ ਅਤੇ ਲਿਖਤ ਵੀ ਧਬਿਆਂ ਵਾਲੀ, ਪਰ ਸਾਫ ਪੜ੍ਹਨ ਯੋਗ ਹੈ ।
ਆਰੰਭ : "੧ੴ ॥ ਵਾਹਿਗੁਰੂ ਜੀ ਕੀ ਫਤੇ ॥ ਅਥ ਛੰਦ ਰਤਨਾਵਲੀ ਪਿੰਗਲ ਮਤ ਲਿਖਯਤੇ ॥ ਦੋਹਰਾ ॥ ਗੁਰ ਗਨਪਤਿ ਗੋਬਿੰਦ ਕੌ ਨਾਯ ਸੀਸ ਹਰਿ ਰਾਮ ॥ ਪਿੰਗਲ ਮਤ ਭਾਖਾ ਬਿਖੈ ਰਚਿਤੁ ਰੁਚਿਰ ਪਰ ਕਾਮ ॥ 1 ॥"
ਅੰਤ : "ਇਤ ਸ੍ਰੀ ਹਰਿ ਰਾਮ ਦਾਸ ਨਿਰੰਜਨੀ ਕ੍ਰਿਤ ਛੰਦ ਰਤਨਾਵਲੀ ਸਪੂਰਣੰ॥"

ਇਸ ਤੋਂ ਇਕ ਪਤਰਾ ਖਾਲੀ ਅਤੇ ਇਕ ਪੱਤਰੇ ਉਪਰ ਕਾਲੀ ਸਿਆਹੀ ਨਾਲ ਕੁਝ ਲਿਖਿਆ ਹੋਇਆ ਹੈ ਜੋ ਇਸ ਰਚਨਾ ਨਾਲ ਸਬੰਧਤ ਨਹੀਂ ਹੈ ।

ਹੱਥ ਲਿਖਤ ਨੰ : MS 557
ਸਿਰਲੇਖ : ਸ੍ਰੀ ਭਗੁਵਤ ਗੀਤਾ
ਸਮਾਂ : 1912 ਸੰਮਤ
ਪੱਤਰੇ : 1 - 102
ਅਕਾਰ : 16 X 9 ½ ਸ.ਮ. ਲਿਖਤ : 11 X 7 ½ ਸ.ਮ.
ਵੇਰਵਾ : ਜਿਲਦ ਗੱਤਾ, ਉਖੜੀ ਹੋਈ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; । ਹਾਸ਼ੀਆ ਚਾਰੇ ਪਾਸੇ, ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ-7, 8 ਹਨ।
ਆਮ ਵੇਰਵਾ : ਜਿਲਦ ਉਖੜੀ ਹੋਈ ਹੈ । ਪਹਿਲੇ ਪੰਨੇ ਉਪਰ ਚਾਰੇ ਪਾਸੇ ਦੋਹਰਾ ਹਾਸ਼ੀਆ ; ਦੋ - ਤਿੰਨ ਕਾਲੀਆਂ, ਦੋ ਦੋ ਲਾਲ ਲਕੀਰਾਂ ਅਤੇ ਇਕ ਪੀਲੀ ਮੋਟੀ ਲਕੀਰ ।
ਆਰੰਭ : ਪਹਿਲਾ ਪੰਨਾ ਉਤਰਿਆ ਹੋਇਆ ਹੈ, ਰਚਨਾ ਇੰਵ ਸ਼ੁਰੂ ਹੋਈ ਹੈ :
"ਸ ਕ੍ਰਿਤਿ ਲਿਖਯਤੇ ॥ ਧ੍ਰਿਤ੍ਰਾਸਟਰੇ ਵਾਚ ॥ ਧਰਮ ਖੇਤ੍ਰ ਕੁਰਖੇਤ੍ਰ ਮੈ ਮਿਲਿਉ ਜੁਧਿ ਉਤਿਸਵ ਸਾਜ॥ ਸੰਜੈ ਮੋ ਸੁਤ ਪਾਡਵਨਿ ਕੀਨੈ ਕੈਸੇ ਕਾਜ ॥"
ਅੰਤ : "ਸ੍ਰੀ ਭਗਵਤ ਗੀਤਾ ਸੁਪਨਿਖਦ ਸੁ ਬ੍ਰਹਮ ਵਿਦਅਯੰ ਯੋਗ ਸਾਸਤ੍ਰੇ ਸ੍ਰੀ ਕ੍ਰਿਸਨਾ ਰਜਨ ਬੰਸ ਸੰਬਾਦੇ ਅ ਸੰਨਯਾਸ ਜੋਗੇ ਨਾਮੁ ਅਸਟ ਦਸੇ ਧਯਾਯਾ ॥ ਭਗੁਵਤ ਗੀਤਾ ਸੰਪੂਰਨੰ ॥ ਦੋਹਰਾ ॥ ਸੰਮਤ ਸਸਿ ਗ੍ਰਿਹ ਅਨਿਕ ਰਬੁ ਪਰਿ ਨਖਯਤ੍ਰਨਿ ਸੁਧਿ ਲੇਹੁ ॥ ਮਾਸੁ ਫਗੁਨ ਮੇਘਾ ਕਹੇ ਵਾਰ ਰਵੀ ਗਨਿ ਦੇਹੁ ॥ ਇਤਿ ਭਗੁਵਤ ਗੀਤਾ ਸਪੂਰਨੰ ॥ ਸ੍ਰੀ ਕਿਰਸ੍ਨਾ ਰਪਲਹ ॥੧॥"

ਹੱਥ ਲਿਖਤ ਨੰ : MS 558
ਸਿਰਲੇਖ : ਬਿਹਾਰੀ ਸਤਸਈ
ਲੇਖਕ : ਬਿਹਾਰੀ ਦਾਸ
ਪੱਤਰੇ : 1 - 181 ੳ
ਅਕਾਰ : 12 X 8 ਸ.ਮ. ਲਿਖਤ : 8 X 4 ਸ.ਮ.
ਵੇਰਵਾ : ਜਿਲਦ ਗੱਤਾ, ਕਪੜਾ, ਉਖੜੀ ਹੋਈ ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ; । ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ 5 ਅਤੇ 6 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਮਾੜੀ ਧੁਆਂਖੀ ਹੋਈ। ਪੱਤਰੇ ਖਸਤਾ ਹਾਲਤ ਵਿਚ ਅਤੇ ਭੁਰਭੁਰੇ। ਜਿਲਦ ਟੁਟੀ ਹੋਈ ਹੈ । ਪੱਤਰੇ ਵੀ ਉਖੜੇ ਹੋਏ ਹਨ ਇਸੇ ਪੋਥੀ ਵਿਚ ਹੋਰ ਵੀ ਰਚਨਾਵਾਂ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ ।
(੧) ਤਿਲਸਤ ਭਾਖਾ (੨) ਕਵਿਤਾ ਸੰਗ੍ਰਹਿ (੩) ਬਾਰਾ ਮਾਂਹ ਗੁਲਾਬ ਸੈਨ ਕਾ (੪) ਸਲੇਸ ਛਪੈ ਮਹਾਰਾਜ ਸੂ ਕੇ ਅਤੇ ਸੋਢੀ ਪੰਕਤ (ਪਾਲ) ਮ੍ਰਿਗਿੰਦ । ਪੋਥੀ ਧੂਆਂਖੀ ਹੋਈ ਹੋਣ ਕਾਰਨ, ਬਾਕੀ ਰਚਨਾਵਾਂ ਬਾਰੇ ਜਾਣਕਾਰੀ ਲੈਣੀ ਸੰਭਵ ਨਹੀਂ ਹੈ ।

ਹੱਥ ਲਿਖਤ ਨੰ : MS 559
ਸਿਰਲੇਖ : ਗੁਰਬਾਣੀ (ਕੱਚੀ ਬਾਣੀ)
ਪੱਤਰੇ : 633
ਅਕਾਰ : 25X15 ਸ.ਮ. ਲਿਖਤ: 20X10.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ ਉਖੜੀ ਹੋਈ, ਪਹਿਲੇ ਪੱਤਰੇ ਤੇ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ। 2-82 ਪੱਤਰੇ ਤੱਕ ਬਿਨ੍ਹਾਂ ਹਾਸ਼ੀਆ, 83 ਤੋਂ 626 ਤੱਕ ਤਿੰਨ ਲਕੀਰਾਂ (ਇਕ ਕਾਲੀ, ਅੰਦਰਵਾਰ ਦੋ ਲਾਲ), ਅਗੋਂ ਅੰਤ ਤੱਕ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆਂ । ਸਤਰਾਂ ਪ੍ਰਤੀ ਪੰਨਾ-17 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ ਖੁਰਦਾ, ਉਖੜੀ ਹੋਈ । ਪੱਤਰਿਆਂ ਦਾ ਅਕਾਰ ਵਧਾਣ ਲਈ ਕਈ ਥਾਂਈ ਆਸੇ ਪਾਸੇ ਚੇਪੀਆਂ ਲਗਾਈਆਂ ਹੋਈਆਂ । ਰਚਨਾ ਦੇ ਅੰਤ ਤੇ ਸਿਆਹੀ ਦੀ ਬਿਧੀ ਦਿੱਤੀ ਹੈ ।

ਆਰੰਭ : ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥...

ਅੰਤ : ਬੈਰਾਂਧਰ ਗਜਧਰ ਕੇਦਾਰਾ ॥ ਜਬਲੀਧਰ ਨਟ ਅਉ ਜਲਧਾਰਾ ॥ ਪੁਨਿ ਗਾਵਹਿ ਸੰਕਰ ਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥ ੧ ॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥ ੧ ॥ ੧ ॥

ਹੱਥ ਲਿਖਤ ਨੰ : MS 560
ਸਿਰਲੇਖ : ਰਸ ਰੰਗ
ਲੇਖਕ : ਗ੍ਵਾਲ ਬੰਦੀਜਨ, ਕਵੀ
ਸਮਾਂ : ਸੰਮਤ 1904 ਬਿ.
ਪੱਤਰੇ : 1-217
ਅਕਾਰ : 26X15 ਸ.ਮ. ਲਿਖਤ: 20.5X9.5 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਅਧੂਰੀ; ਬਗੈਰ ਹਾਸ਼ੀਆ। ਸਤਰਾਂ ਪ੍ਰਤੀ ਪੰਨਾ - 11 ਹਨ।

ਆਮ ਵੇਰਵਾ : ਪੋਥੀ ਕਿਤੇ ਕਿਤੇ ਕਿਰਮ-ਖੁਰਦਾ; ਸਮੇਂ ਬਾਰੇ ਪੱਤਰਾ 2 ੳ ਤੇ ਇਉਂ ਲਿਖਿਆ ਹੈ: - "ਸੰਬਤ ਬੇਦਖ ਨਿਧ ਸਸੀ ਮਾਧਵ ਸਿਤ ਪਖ ਸੰਗ ॥ ਪੰਚੰਮ ਸਸਿ ਕੂੰ ਪ੍ਰਗਟਿ ਹੁਅ ਗ੍ਰੰਥ ਜੁ ਯਹ ਰਸ ਰੰਗ ॥"

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਰਸ ਰੰਗ ਲਿਖਤਤੇ ॥ ਕਬਿੱਤ ॥ ਏ ਰੇ ਮਨ ਮੇਰੇ ਤੇਰੇ ਕਾਜ ਸਭ ਸਿੱਧ ਹੋਹਿ ਸਿੱਧ ਨਿਧ ਸਾਜ ਹੋਹਿ ਸੋਇ ਲਾਜ ਕਰਿਯੇ ॥ ਕੋਟ ਕੋਟ ਚੰਦ ਜਾਕੀ ਦੁਤਿ ਕੇ ਸਮਾਨ ਹੈਨ ਪਿਤਾ ਬ੍ਰਿਖਭਾਨ ਜਾ ਕੇ ਐਸੋ ਧਯਾਨ ਧਰਿਯੇ...

ਅੰਤ : ...ਦੋਹਾ ॥ ਸ੍ਰੀ ਰਾਧਾ ਪਦ ਪਦਮ ਕੌ ਪ੍ਰਨਮ ਪ੍ਰਨਮ ਕਵਿ ਗ੍ਵਾਲ ॥ ਛਮਵਤ ਹੈ ਅਪਰਾਧ ਕੌ ਕਿਯੋ ਜੁ ਕਥਨ ਰਸਾਲ ॥ ੧੯ ॥ ਸ੍ਰੀ ਰਾਧਾ ਜਗਦੀਸੁਰੀ ਯਹ ਬਿਨਤੀ ਹੈ ਮੋਰ ॥ ਨਿਜ ਪਦ ਪਦਮਨਕੇ ਬਿਖੇ ਲੀਜੈ ਮੋਮਨ ਜੋਗ ॥ ੮● ॥ ਜੋ ਸੋਲੋਕ ਨਿਵਾਸਨੀ ਸੋ ਬ੍ਰਿੰਦਾਬਨ ਆਯ ॥ ਉਮਾ ਰਾਮ ਸੀਤਾ ਦਿਸਭ ਸ੍ਰੀ ਰਾਧਾ ਮੈ ਧਯਾਯ ॥੮੧॥ ਇਤਿ ਸ੍ਰੀ ਰਸ ਰੰਗੇ ਗ੍ਵਾਲ ਕਵਿ ਵਿਰਚਤੇਹ॥ ਯਾਦ ਅਸ੍ਰਿ ਰਸ ਬਰਨਨ ਅਸ੍ਰਿਮਉ ਮੰਗਹ ॥ ੮੧ ॥ ਸ੍ਰੀ ਜਗਦੰਬਾਏ ਨਮ: ॥

ਹੱਥ ਲਿਖਤ ਨੰ : MS 561
ਸਿਰਲੇਖ : ਗਯਾਨ ਸਰੋਦੈ
ਲੇਖਕ : ਚਰਨ ਦਾਸ
ਪੱਤਰੇ : 14
ਅਕਾਰ : 29X16 ਸ.ਮ. ਲਿਖਤ: 23X9 ਸ.ਮ.
ਵੇਰਵਾ : ਜਿਲਦ ਗੱਤਾ, ਲੇਮੀਨੇਸ਼ਨ ਕਰਕੇ ਬਾਅਦ ਵਿਚ ਬੰਨੀ ਹੋਈ ਹੈ ; ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਹਾਸ਼ੀਆ ਦੋਵੇਂ ਪਾਸੇ, ਤਿੰਨ ਤਿੰਨ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ – 9 ਹਨ।

| | |
|---|---|
| ਆਮ ਵੇਰਵਾ | : ਪੋਥੀ ਦੀ ਹਾਲਤ ਲੇਮੀਨੇਸ਼ਨ ਕਰਨ ਪਿਛੋਂ ਹੁਣ ਠੀਕ ਹੈ । ਲਿਖਾਈ ਸਾਫ ਅਤੇ ਪੜੀ ਜਾਂਦੀ ਹੈ ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਇੰਵ ਮਾਲੂਮ ਹੁੰਦਾ ਹੈ, ਕਿ ਪੋਥੀ, ਜੋ 14 ਕੁ ਪੰਨਿਆਂ ਦੀ ਹੇ ਪੰਨਾ ਨੰ : 46 – 47 ਆਦਿ ਅੰਕਤ ਹਨ ਕਿਸੇ ਹੋਰ ਪੋਥੀ ਦਾ ਹਿੱਸਾ ਸੀ । |
| ਆਰੰਭ | : "ੴ ਸਿਤਿਗੁਰ ਪ੍ਰਸਾਦਿ॥ "ਅਥ ਗ੍ਿਆਨ ਸਰੋਦੈ ਸ੍ਰੀ ਚਰਨ ਦਾਸ ਜੀ ਕੀ ਕ੍ਰਿਤ ਲਿਖਤੇ ॥ ਦੋ ॥ ਨਮੋ ਨਮੋ ਸੁਖਦੇਵ ਜੀ ਪਰਣਾਮ ਕਰੂੰ ਅਨੰਤ॥ ਤੁਮ ਪ੍ਰਸਾਦਿ ਸੁਰ ਭੇਦ ਕੂੰ ਚਰਨ ਦਾਸ ਬਰਨੰਤ॥1॥" |
| ਅੰਤ | : "ਰਮਤ ਮਿਲੈ ਸੁਖਦੇਵ ਨਾਵ ਚਰਨ ਦਾਸ ਧਰਾਯੋ ॥ ਜੋਗ ਜੁਗਤ ਹਰਿ ਭਗਤਿ ਕਰਿ ਬ੍ਰਹਮ ਗਿਆਨ ਦ੍ਰਿੜ ਕਰ ਗਹਯੋ ॥ ਆਤਮ ਤਤ ਬਿਚਾਰ ਕਰ ਅਜਪ ਮੈ ਸਨ ਮਨ ਰਹਿਯੋ ॥ ਇਤਿ ਗਯਾਨ ਸਰੋਦੈ ਸ੍ਰੀ ਚਰਨਦਾਸ ਜੀ ਕ੍ਰਿਤ ਸੰਪੂਰਣੰ ਸਮਾਪਤੰ ॥" |

| | | |
|---|---|---|
| ਹੱਥ ਲਿਖਤ ਨੰ | : MS 562 | |
| ਸਿਰਲੇਖ | : ਰਾਜਨੀਤ ਚਣਾਕਾ ਭਾਖਾ | |
| ਲੇਖਕ | : ਸੈਨਾਪਤਿ | |
| ਪੱਤਰੇ | : 1 - 32 | |
| ਅਕਾਰ | : 16X11 ਸ.ਮ. | ਲਿਖਤ: 11X9 ਸ.ਮ. |
| ਵੇਰਵਾ | : ਜਿਲਦ ਗੱਤਾ, ਸਿਆਹੀ ਕਾਲੀ । ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-8 ਹਨ। | |
| ਆਮ ਵੇਰਵਾ | : ਪੋਥੀ ਦੀ ਹਾਲਤ ਬਹੁਤ ਚੰਗੀ ਨਹੀਂ। ਭਿੱਜੀ ਹੋਈ ਹੋਣ ਕਾਰਨ ਲਿਖਾਈ ਵੀ ਧਬਿਆਂ ਵਾਲੀ ਹੈ ਅਤੇ ਕਈ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । | |
| ਆਰੰਭ | : "ੴ ਸਿਤਿਗੁਰ ਪ੍ਰਸਾਦਿ ॥ ਅਥ ਰਾਜਨੀਤ ਚਣਾਕਾ ਭਾਖਾ ਲਿਖਤੇ ॥ ਦੋਹਰਾ ॥ ਪਣਵਤ ਹੋ ਸ੍ਰੀ ਬਿਸਨ ਕੋ ਜੋ ਤ੍ਰਿਲੋਕ ਕੋ ਰਾਇ ॥ ਚਾਣਾਕਾ ਭਾਖਾ ਕਰੋ ਜੌ ਤੁਮ ਕਰਹੁ ਸਹਾਇ ॥" | |
| ਅੰਤ | : "ਤਿਸ ਤਪ ਸਾਥ ਜਬ ਪ੍ਰਮੇ ਦਿਆਲ ਹੋਵੈ ॥ ਤਬ ਪੁਰਖ ਕੋ ਚਾਰ ਸਾਧਨਾ ਪ੍ਰਾਪਤ ਹੋਤ ਹੈ ।" | |

| | | |
|---|---|---|
| ਹੱਥ ਲਿਖਤ ਨੰ | : MS 563 ਸੰਗ੍ਰਹਿ | |
| ਸਿਰਲੇਖ | : ਸਾਰੁਕਤਾਵਲੀ | |
| ਲੇਖਕ | : ਹਰਿਦਇਆਲ | |
| ਸਮਾਂ | : ਸੰਮਤ 1911 | ਰਚਨਾ ਕਾਲ : ਸੰਮਤ 1880 |
| ਸਥਾਨ | : ਚਹੁਣੀਪੁਰ | |
| ਪੱਤਰੇ | : 2- 35 | |
| ਅਕਾਰ | : 11X17 ਸ.ਮ. | ਲਿਖਤ: 7.5X12.5 ਸ.ਮ. |
| ਵੇਰਵਾ | : ਜਿਲਦ ਗੱਤਾ, ਬਾਅਦ ਵਿਚ ਬੰਨੀ ਹੋਈ ; ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ–8 ਹਨ। | |
| ਆਮ ਵੇਰਵਾ | : ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ। ਕਈ ਥਾਂਈ ਕਾਨੀ ਬਦਲੀ ਹੋਈ। 35 ਪੱਤਰਾ ਅੱਧਾ ਭੁਰਿਆ ਹੋਇਆ ਹੈ ਅਤੇ 35 ਅ ਤੇ ਇਕ ਨੁਸਖਾ ਲਿਖਿਆ ਹੈ । | |
| ਆਰੰਭ | : …ਛਪੈ ॥ ਧਰਮ ਸਰਬ ਸੁਖ ਖਾਨ ਜਾਨ ਸਭ ਕੋ ਹਿਤਕਾਰੀ ॥ ਧਰਮ ਧਰੈ ਬੁਧਿ ਮਨ ਨਿਰੰਤਰਿ ਚਿਤ ਮਝਾਰੀ ॥ ਧਰਮ ਸਾਂਤਿ ਸੁਖ ਹੇਤ ਨਿਖਲ ਕਿਲ ਕਲਮਲ ਖੋਵਤ ॥ ਤੀਨ ਦੇਵ ਕੇ ਦੇਸ ਧਰਮ ਕਰ ਪ੍ਰਾਪਤ ਹੋਵਤ ॥… | |
| ਅੰਤ | : ਸ੍ਵੈਯਾ ॥ ਨਹੀ ਸੁਧ ਅਸੁਧ ਕੀ ਸੁਧ ਪਰੀ ਮਮ ਬੁਧਿ ਅਸੁਧਹੁਤੀ ਅਘ ਧਾਮਾ ॥ ਹਰਿਦਿਆਲ ਵਿਰੁਧ ਜੋ ਹੈ ਵਰਣਾਰਥ ਸੁਧ ਕਰੋ ਤੁਮ ਹੇ ਕਵਿ ਸ੍ਵਾਮਾ ॥ ਨਭ ਨਾਗ ਸਿਧ ਸਸ ਸੰਮਤ ਸਾਵਣ | |

ਮੰਗਲ ਤਿਥ ਛਟੀ ਪਖ ਸਾਮਾ ॥ ਚਹੁਣੀ ਪੁਰ ਮਾਂਹਿ ਅਰੰਭ ਕਰਯੋ ਇਤਿ ਸ੍ਰੀ ਲਵ ਧਾਮਾ ਸਭਾ ਜਿਤ ਨਾਮਾ ॥ ੨੨ ॥ ਦੋਹਰਾ ॥ ਨਊਮ ਸਵੈਯੇ ਸੋਰਠਿ ਕਤ੍ਰਯ ਕਬਿਤੁ ਲਲਤੇਕ ॥ ਦੋਹੇ ਪਾਂਚਨ ਰਾਜ ਦੁਇ ਇਕੀ ਛੰਦ ਬਿਬੇਕ । ੧ । ਦੋਹਰਾ ॥ ਇਤਿ ਸ੍ਰੀ ਸਾਰੁਕਤਾਲੀ [ ਸਾਰੁਕਤਾਵਲੀ ] ਪੰਦਰਸ ਮਿਸ੍ਰਿਤ ਪਾਠ । ਸਭਾ ਜਿਤ ਕੇ ਛੰਦ ਸਭ ਦੋਸੈ ਪਾਂਡਵ ਆਠ ॥ ੧੫ ॥ ੨੫੮ ॥ ਸਮਤਿ ਓਨੀਸੈ ਗਿਯਰਾ ॥ ੧੯੧੧ ॥ ਪੋਹ ਸੁਦੀ ਦਸੀ ਸੁਕਿਲੁ ਪਖੇ ਸੋਮਵਾਰੇ ਦਸਖਤਿ ਕੁਬੁਰਾ ਸੇ ਪੁਉ ਥੀਲਿ ਸੰਤਿ ਪ੍ਰਗਾਸੇ ॥= ॥ = ॥

| | |
|---|---|
| ਹੱਥ ਲਿਖਤ ਨੰ | : MS 563 ਅ |
| ਸਿਰਲੇਖ | : ਸਮੁਦ੍ਰਕ ਭਾਖਾ |
| ਪੱਤਰੇ | : 1 ੳ – |
| ਅਕਾਰ | : 11X17 ਸ.ਮ. ਲਿਖਤ: 7.5X12.5 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਕਾਨੀ ਬਦਲੀ ਹੋਈ ਹੈ । |
| ਆਰੰਭ | : ੧ੴ ਸਤਿਗੁਰ ਪ੍ਰਸਾਦਿ ॥ ਅਥ ਸਾਮੁਦ੍ਰਕ ਭਾਖਾ ਲਿਖਤੇ ॥ ਦੋਹਰਾ ॥ ਸਰ ਸੁਤਿ ਸਿਮਰੋ ਚਿਤ ਸਰਸ ਬਚਨ ਦਾਤਾਰ ॥ ਨਰ ਨਾਰੀ ਲਛਨ ਕਹੌ ਸਾਮੁਦ੍ਰਕ ਅਨੁਸਾਰ ॥ ੧ ॥ ਯਾ ਸਾਮੁਦ੍ਰਕ ਗ੍ਰਿੰਥ ਮੈ ਅਗਮ ਨਿਗਮ ਕੀ ਬਾਤ ॥ ਇਹ ਜਾਨੇ ਤੇ ਹੋਤ ਨਰ ਜਗਤ ਮਾਹਿ ਬਿਖਤਾਤ ॥ ੨ ॥… |
| ਅੰਤ | : ਪੰਡਤ ਪ੍ਰਵਰ ਸੁਜਾਨ ਗੁਰ ਸਕਲ ਕਲਾ ਸੁਰ ਗਜਾਨ ॥ ਪਦਮ ਰੰਗ ਮੁਨਿਵਰ ਭਲੇ ਨਮੈ ਰਾਇ ਰਾਜਾਨ ॥ ੧ ॥ ਤਾਸੁ ਸਿਖਜਾ ਨਿਜ ਹਰਖ ਸੌ ਨਰ ਲਛਨ ਕਹਿਏਹ ॥ ਨਾਰੀ ਲਛਨ ਅਬ ਸੁਨੋ ਰਾਂਮ ਚੰਦ ਕਹਿ ਤੇਹ ॥ ੧੧੭ ॥ ਇਤਿ ਸ੍ਰੀ ਪੰਡਤ ਪ੍ਰਵਰ ਪਦਮ ਰੰਗ ਬਿਰਿਚਿਤੇ ਸਾਮੁਦ੍ਰਕ ਸਾਸਤ੍ਰ ਪੁਰ ਲਛਨ ਨਖਾਂਤਸਾਦਿ ਬਰਨਨੋ ਨਾਮ ਪ੍ਰਥਮ ਸਮੁਦੇਸ ॥ ੧ ॥ |

| | |
|---|---|
| ਹੱਥ ਲਿਖਤ ਨੰ | : MS 564 |
| ਸਿਰਲੇਖ | : ਮੁਕਤ ਮਾਰਗ ਪਾਤਸਾਹੀ 10 |
| ਸਮਾਂ | : ਸੰਮਤ 1946 |
| ਸਥਾਨ | : ਨਾਭਾ |
| ਪੱਤਰੇ | : 1 – 274 ੳ |
| ਅਕਾਰ | : 12 X 13 ਸ.ਮ. ਲਿਖਤ : 11 X 7 ਸ.ਮ. |
| ਵੇਰਵਾ | : ਜਿਲਦ ਗੱਤਾ, ਕਪੜਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ ਅਤੇ ਵਿਚਕਾਰ ਇੱਕ ਮੋਟੀ ਲਾਲ ਲਕੀਰ । ਸਤਰਾਂ ਪ੍ਰਤੀ ਪੰਨਾ - 7 ਹਨ। |
| ਆਮ ਵੇਰਵਾ | : ਪੋਥੀ ਦਾ ਪਹਿਲਾ ਪੱਤਰਾ ਬੁਰੀ ਤਰਾਂ ਖਸਤਾ ਹਾਲਤ ਵਿਚ ਫਟਿਆ ਹੋਇਆ ਹੈ। ਲਿਖਾਈ ਵੀ ਪੜ੍ਹੀ ਨਹੀਂ ਜਾਂਦੀ । ਕਈ ਪੱਤਰਿਆਂ ਦੀ ਲਿਖਤ ਸਾਫ ਨਹੀਂ ਹੈ ਅਤੇ ਪੜ੍ਹਨ ਵਿਚ ਮੁਸਕਲ ਪੇਸ਼ ਆਉਂਦੀ ਹੈ। |
| ਆਰੰਭ | : ਪਹਿਲਾ ਪੱਤਰਾ ਫਿਆ ਹੋਇਆ ਹੈ ॥ |
| ਅੰਤ | : "ਪੋਥੀ ਸੰਪੂਰਣੰ ਪੋਹ ਸੁਦੀ ॥ 1 ॥ ਸੰਮਤ ॥ 1943 ॥ = ॥ = ॥ ੧ੴ ਸ੍ਰੀ ਵਾਹਿਗੁਰੂ ਜੀ ॥ ੧ੴ ਏਹਪੋਥੀ ਮੰਗਲਵਾਰ ॥ = ॥ ਕੋ ਪੂਰੀ ਹੋਈ ਮੰਘਰ ਬਦੀ ॥1 = ਸੰਮਤ 1946 ਨਾਭੇ ਕੋਲ ਮੈ ॥ ਸਮਾਪਤ ॥" |

ਹੱਥ ਲਿਖਤ ਨੰ : MS 565
ਸਿਰਲੇਖ : ਬ੍ਰਿੰਦ ਸਤਸਈ
ਲੇਖਕ : ਬ੍ਰਿੰਦ
ਸਮਾਂ : ਸੰਬਤ 1853
ਪੱਤਰੇ : 1- 130 ਅ
ਅਕਾਰ : 13 X 7 ਸ.ਮ. ਲਿਖਤ : 9 X 4 ਸ.ਮ.
ਵੇਰਵਾ : ਜਿਲਦ ਤੋਂ ਬਗੈਰ ਪੱਤਰੇ ਸੀਤੇ ਹੋਏ ਹਨ; ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਤਿੰਨ ਤਿੰਨ ਕਾਲੀਆਂ ਅਤੇ ਲਾਲ ਲਕੀਰਾਂ, ਵਿਚਕਾਰ ਇਕ ਲਾਲ ਮੋਟੀ ਲਕੀਰ । ਸਤਰਾਂ ਪ੍ਰਤੀ ਪੰਨਾ-5 ਹਨ।
ਆਮ ਵੇਰਵਾ : ਕਈ ਪੱਤਰੇ ਖਸਤਾ ਹਾਲਤ ਵਿਚ ਹਨ, ਲਿਖਾਈ ਸੁੰਦਰ, ਪੱਤਰੇ ਵੀ ਦੋ ਤਿੰਨ ਰੰਗਾਂ ਦੇ ਹਨ । ਕਈ ਪੱਤਰਿਆਂ ਉਪਰ ਹਾਸ਼ੀਆ ਚਾਰੇ ਪਾਸੇ ਬਣਾਇਆ ਹੈ ।
ਆਰੰਭ : "ੴ ਸਿਤਿਗੁਰ ਪ੍ਰਸਾਦਿ ॥ ਅਥ ਬ੍ਰਿੰਦ ਸਤਸਈ ਕ੍ਰਿਤ ਕਵਿ ਬ੍ਰਿੰਦ ਲਿਖਯਤੇ ॥"
ਅੰਤ : ਪੰਨਾ ਨੰ: 129 ਉਪਰ ਸੰਮਤ ਬਾਰੇ ਇੰਵ ਲਿਖਿਆ ਹੋਇਆ ਹੈ : "ਸੰਬਤ ਸਰ ਸਬਾਰ ਸਸ ਕਾਤਕ ਸੁਦਿ ਸਸ ਵਾਰ ਤਾ ਕੇ ਢਕੇ ਸਹਰ ਮੈ ਉਪਜਯੋ ਪੁਹਪ ਪ੍ਰਚਾਰ ॥
ਇਤਿ ਸ੍ਰੀ ਕਵ ਬਿੰਦ ਕ੍ਰਿਤ ਬਿੰਦ ਬਨੋਦ ਸਤਸੈ ਯਾ ਸੰਪੂਰਣੰ ॥

ਹੱਥ ਲਿਖਤ ਨੰ : MS 566
ਸਿਰਲੇਖ : ਸ੍ਰੀ ਬਾਜ ਬ੍ਰਿੰਦ ਬੋਧ ਗ੍ਰਿੰਥ
ਲੇਖਕ : ਸਾਹਿਬ ਮ੍ਰਿਗਿੰਦ
ਪੱਤਰੇ : 1 - 22 ੳ
ਅਕਾਰ : 13 X 10 ਸ.ਮ. ਲਿਖਤ: 10 X 8 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ - 6 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ, ਲਿਖਾਈ ਸੁੰਦਰ, ਕਿਧਰੇ ਕਿਧਰੇ ਰੰਗ ਲਾਲ ਦੀ ਲਿਖਾਈ ਫਿੱਕੀ ਹੋਈ ਹੈ । ਜਿਲਦ ਉਖੜੀ ਹੋਈ ਹੈ ।
ਆਰੰਭ : "ੴ ਸ੍ਰੀ ਸਤਿਗੁਰ ਪ੍ਰਸਾਦਿ ॥ ਅਥ ਬਾਜ ਬ੍ਰਿੰਦ ਬੋਧ ਗ੍ਰਿੰਥ ਲਿਖਯਤੇ, ਕ੍ਰਿਤ ਕਵਿ ਸਾਹਬ ਮ੍ਰਿਗਿੰਦ ॥"
ਅੰਤ : "ਇਤਿ ਸ੍ਰੀ ਬਾਜ ਬ੍ਰਿੰਦ ਬੋਧ ਗ੍ਰਿੰਥੇ ਕਵਿ ਸਾਹਿਬ ਮ੍ਰਿਗਿੰਦ ਬਿਰਚਤੇ ਅਸ੍ਵ ਚਿਕਿਤਸਾ ਬਰਨਨੰ ਚਤੁਰ ਬੋਧਯਾਯ ਸੰਪੂਰਨੰ ਸੁਭਮ ॥"

ਹੱਥ ਲਿਖਤ ਨੰ : MS 567
ਸਿਰਲੇਖ : ਸੰਬਾਦਿ ਊਧੋ ਤਥਾ ਗੋਪੀਆਂ ਕਾ
ਲੇਖਕ : ਮਸਤ ਰਾਮ
ਪੱਤਰੇ : 8
ਅਕਾਰ : 13.5X28 ਸ.ਮ. ਲਿਖਤ: 8.5X18 ਸ.ਮ.
ਵੇਰਵਾ : ਬਗੈਰ ਜਿਲਦ, ਖੁਲੇ ਪੱਤਰੇ, ਦੋਪਾਸੀਂ ਖੜ੍ਹੇ ਰੁਖ। ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਆਡੇ ਰੁਖ ਖੁਲਦੀ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸੰਬਾਦਿ ਊਧੋ ਤਥ ਗੋਪੀਆਂ ਕਾ ਲਿਖਤੇ ॥ ਵਾਰੀ ਵਾਰ ਵਾਰੀ ਲਖਵਾਂਰੀਆ ਨੀ ॥ ਮੋਹਨ ਤੇ ਸਭ ਵਾਰੀਆ ਨੀ ॥ ੧ ॥ ਰਹਾਉ ॥ ਆਹੋ ਸਖੀਏ ਮਸਲਤ ਕੀਜੀਏ ਨੀ ਜਿਤ ਮੋਹਨ ਮਥਰਾ ਨਾ ਜਾਵੈ ॥ ਸੁੰਦਰ ਰੂਪ ਨਿਹਾਰਦੀਆ ਨੂ ਕੋਈ ਦੁਖ ਵਿਛੋੜੇ ਦਾ ਨਾ ਪਾਵੈ ॥ ਦਿਨ ਬੀਤਦਾ ਪੰਧ ਤਕੇਦੀਆ ਨੂ ਸੁਖ ਹੋਇ ਜਾ ਧੇਨ ਚਰਾਇ ਆਵੈ ॥ ਮਸਤ ਰਾਮ ਉਹ ਸੁਖ ਨ ਸਉਦੀਆ ਨੀ ਜਿਨਾ ਪ੍ਰੇਮ ਕਲੇਜੇ ਘਾਉ ਲਾਵੈ ॥ ੧ ॥...

ਅੰਤ : ...ਸੰਤ ਦਿਆਲ ਹੋ ਕ੍ਰਿਸ਼ਨ ਕਾ ਰੂਪ ਹੋ ਜੀ ਮੋਹਿ ਮੂੜ ਕੋ ਭੀ ਪ੍ਰੇਮ ਦਾਨ ਦੀਜੈ ॥ ਢਾਢੀ ਹੋ ਤਹੈ ਨਿਪਟ ਕਠੋਰ ਹੀਆ ਸੈਲ ਤਾਰ ਕੈ ਜਗਤ ਮੈ ਸੋਭ ਲੀਜੈ ॥ ਗੋਪੀ ਗੁਆਰੁ ਅਉਤਾਰ ਸਭ ਸੰਤਹੋ ਜੀ ਜਿਹ ਦਯਾ ਤੇ ਬੇਗ ਰਸ ਅਮੀ ਪੀਜੈ ॥ ਮਸਤ ਰਾਮ ਬਡ ਪਤਤ ਕੋ ਤਾਰੀਏ ਜੀ ਕਿਵੈ ਏਹ ਭੀ ਕੋਰੜੂ ਮੋਠ ਭੀਜੈ ॥ ੫੧ ॥ ੮

ਹੱਥ ਲਿਖਤ ਨੰ : MS 568

ਸਿਰਲੇਖ : ਸ੍ਰੀ ਸੱਤ ਨਰਾਇ ਭਾਸਾ

ਲੇਖਕ : ਜਵਾਹਰ ਲਾਲ ਕਪੂਰਥਲੀਯਾ

ਪੱਤਰੇ : 1- 112

ਅਕਾਰ : 20 X 13 ਸ.ਮ. ਲਿਖਤ : 14 X 9 ਸ.ਮ.

ਵੇਰਵਾ : ਜਿਲਦ ਗੱਤਾ, ਕੱਪੜਾ, ਉਖੜੀ ਹੋਈ; ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ–10 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਚੰਗੀ ਨਹੀਂ । ਜਿਲਦ ਉਖੜੀ ਹੋਈ ਹੋਣ ਕਾਰਨ, ਪਹਿਲੇ 3-4 ਪੱਤਰੇ ਫੱਟੇ ਹੋਏ ਅਤੇ ਬਹੁਤ ਖਸਤਾ ਹਾਲਤ ਵਿਚ ਹਨ ਪੱਤਰਾ ਨੰ: 4 ਵੀ ਨਹੀਂ ਹੈ । ਕਈ ਥਾਵਾਂ ਤੇ ਕਾਨੀ ਬਦਲੀ ਹੋਈ ਹੈ ।

ਆਰੰਭ : "ਓ ਸ੍ਰੀ ਸਰਸੁਤਯੇ ਨਮ: ॥ ॥ ੧ਓ ਸਤਿਗੁਰ ਪ੍ਰਸਾਦਿ ॥ ਅਥ ਸ੍ਰੀ ਸ੍ਰੀ ਸ੍ਰੀ ਸਤਗੁਰ ਚਰਣਾਰਬਿੰਦ ਮਨ ਮਲਿੰਦ ਦਾਸਾਨ ਦਾਸ ਸ੍ਰੀ ਮਹਾਰਾਜੈ ਰਾਜੇਂਦ੍ਰ ਸਿੰਘ ਹਿਤਾਰਥ ॥ ਸ੍ਰੀ ਰਾਜੇਂਦ੍ਰ ਭਗਤ ਸਿਰੋਮਣੀ ਸ੍ਰੀ ਸੱਤ ਨਰਾਇਣ ਭਾਸ਼ਾ ਲਿਖਤੇ ॥ ਕਵੀ ਜਵਾਹਰ ਲਾਲ ਕਪੂਰਥਲੀਯਾ॥"

ਅੰਤ : "ਇਤ ਉਤ ਢੂਡਤ ਰਾਧਾਭਿਰਾਮ ॥ ਪੁਨ ਪਸਚਾਤਾਪ ਕਰਤਸ ਕਾਮ ॥ 2 ॥ ਚਪਈ ॥" ਪੱਤਰੇ ਬਹੁਤ ਖਸਤਾ ਹਾਲਤ ਵਿਚ ਅਤੇ ਫਟੇ ਹੋਏ ਹਨ ।

ਹੱਥ ਲਿਖਤ ਨੰ : MS 569

ਸਿਰਲੇਖ : ਗੀਤਾ ਗ੍ਰਿੰਥ ਅਠਾਰਾਂ ਧਿਆਇ, ਸ੍ਰੀ ਮੁਖਵਾਕ ਪਾਤਸਾਹੀ ੧●

ਪੱਤਰੇ : 1 – 485 ੳ

ਸਥਾਨ : ਆਨੰਦਪੁਰ

ਅਕਾਰ : 16 X 12 ਸ.ਮ. ਲਿਖਤ : 11 X 8 ਸ.ਮ.

ਵੇਰਵਾ : ਜਿਲਦ ਗੱਤਾ ਕੱਪੜਾ; ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ - 8 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਕਈ ਪੰਨਿਆਂ ਉਪਰ ਸਿਆਹੀ ਦੇ ਧੱਬੇ ਹਨ ਅਤੇ ਲਿਖਾਈ ਹਾਸ਼ੀਏ ਵਾਲੀ ਥਾਂ ਤੇ ਕੀਤੀ ਹੋਈ ਹੈ ।

ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਅਥ ਗੀਤਾ ਗ੍ਰਿੰਥ ਅਠਾਰਾ ਧਿਆਇ ਲਿਖਤੇ ॥ ਸ੍ਰੀ ਮੁਖ ਵਾਕ ਪਾਤਸਾਹੀ ॥ 10 ॥ ਓਅੰ ਸੋਹੰ ਗੋਬਿੰਦ ਅਕ੍ਰੈ ਨਿਰਾਕਾਰ ਅਨਾਮ ਨ੍ਰਿਬੰਧਾਂ ॥"

ਅੰਤ : "ਔਰਿ ਜਿਸ ਮਨਸਾ ਕਰਿ ਕੈ ਕੋਊ ਪੜੈ ਸੁਨੇਗਾ ॥ ਸੋ ਮਨਸਾ ਤਿਸ ਕੀ ਸੰਪੂਰਣਿ ਹੋਵੈਗੀ ॥ ਪੋਥੀ ਸੰਪੂਰਣ ਹੋਈ ॥ ਸਲੋਕ ॥ ਲਿਖਿਆ ਅਖਰ ਚਿਰ ਰਹੈ ਜੇ ਲਿਖ ਜਾਣੈ ਕੋਈ ਲਿਖਣਹਾਰਾ ਬਪੜਾ ਗਲਿ ਮਿਲਿ ਮਾਟੀ ਹੋਇ ॥ = ●॥ =●॥ =●॥"
ਪੰਨਾ ਨੰ: 472 ਉਪਰ ਲੇਖਕ ਬਾਰੇ ਇੰਞ ਲਿਖਿਆ ਹੋਇਆ ਹੈ, "ਗੀਤਾ ਪੂਰਨ ਕੀ ਭਾਖਿਆ ਅਨੰਦੁ ਸਹਰ [ਅਨੰਦਪੁਰ] ਮੈ ਕੀਨ ॥ ਖਾਲਸੇ ਕੇ ਉਪਦੇਸ ਕਓ ਕਹੀ ਕ੍ਰਿਸ੍ਨ ਪ੍ਰਬੀਨ ॥"

ਹੱਥ ਲਿਖਤ ਨੰ : MS 570 ਸੰਗ੍ਰਹਿ
ਸਿਰਲੇਖ : ਬਿਪਰਯ ਅਲੰਕਾਰ
ਲੇਖਕ : ਸੁੰਦਰ ਦਾਸ
ਲਿਖਾਰੀ : ਬਿਸਨ ਸਿੰਘ
ਸਮਾਂ : ਸੰਮਤ 1936
ਪੱਤਰੇ : 1 – 24
ਅਕਾਰ : 20 X 15 ਸ.ਮ. ਲਿਖਤ : 14 X 10 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ । ਹਾਸ਼ੀਆ ਦੋਵੇਂ ਪਾਸੇ, ਤਿੰਨ ਤਿੰਨ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ - 13 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਹਾਸ਼ੀਏ ਵਾਲੀ ਥਾਂ ਤੇ ਵੀ ਲਿਖਿਆ ਹੋਇਆ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸ੍ਰੀ ਦਯਾਲਵੇ ਨਮ: ॥ ਅਥ ਸ੍ਰੀ ਸੁੰਦਰ ਦਾਸ ਜੀ ਕ੍ਰਿਤ ਬਿਪਰਯ ਅਲੰਕਾਰ ਬਰਣਨ ਕਾਬਯ ਭਾਸਾ ਬੰਧ ॥"
ਅੰਤ : "ਇਤਿ ਟੀਕਾ ਸੰਪੂਰਣੰ ॥ ਯਹ ਪੁਸਤਕ ਬਿਸਨ ਸਿੰਘ ਨੇ ਅਪਣੇ ਪਢਰੇ ਵਾਸਤੇ ਲਿਖੀ ਹੈ। ਮਿਤੀ ਆਸਾਢ ਕ੍ਰਿਸਨਾ ੧੪ ਸੰਮਤ ੧੯੩੬ ।"

ਹੱਥ ਲਿਖਤ ਨੰ : MS 570 ਅ
ਸਿਰਲੇਖ : ਜੋਤਕ ਬਿਦਯਾ ਯਾਨੇ ਨਜੂਮ ਇਲਮ
ਅਕਾਰ : 20 X 15 ਸ.ਮ. ਲਿਖਤ : 13 X 10 ਸ.ਮ.
ਵੇਰਵਾ : ਓਹੀ । ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ - 9 ।
ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਦੀ ਕਾਨੀ ਬਦਲੀ ਹੋਈ ।ਹਾਸ਼ੀਏ ਵਾਲੀ ਥਾਂ ਤੇ ਲਿਖਤ । ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ । ਅਗੋਂ ਰਚਨਾ ਅਧੂਰੀ ਹੈ। ਅਤੇ ਦੋ ਖਾਲੀ ਪੱਤਰੇ ਨਾਲ ਲਗਾਏ ਹੋਏ ਹਨ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਪੋਥੀ ਜੋਤਕ ਬਿਦਯਾ ਯਾਨੇ ਨਜੂਮ ਇਲਮ ਲਿਖਯਤੇ ॥ ਭਲੀ ਬੁਰੀ ਬਸਤ ਕਾ ਪ੍ਰਸਨ ਉਤ੍ਰ ਕਹਿ ਦੇਣ ਕਾ ਲਿਖਤੇ ਹੈ ॥"
ਅੰਤ : "ਜੇ ਬਰਾਬਰ ਰਹਿਨ ਤੌਂ ਸੌਦਾ ਗੁੜ ਘੀ ਖੰਡ ਕਪੜਾ ਨੂਣ ਤੇਲ ਸੂਤ ਰੇਸਮ ਇਨ ਸੈਂ ਲਾਭ ਹੋਵੇ ॥ ਜੇ ਕੋਈ ਆਇ ਕੇ ਪੁਛੇ ਮੈਂ ਇਸ ਕੰਮ ਤੇ ਖਲਾ"

ਹੱਥ ਲਿਖਤ ਨੰ : MS 571 ਸੰਗ੍ਰਹਿ
ਸਿਰਲੇਖ : ਨਾਮ ਚਰਿਤ੍ਰ
ਲੇਖਕ : ਬੇਦੀ, ਜੀਵਨ ਸਿੰਘ
ਸਮਾਂ : ਸੰਮਤ 1918

ਪੱਤਰੇ : 2
ਅਕਾਰ : 18 X 13.5 ਸ.ਮ. ਲਿਖਤ : 12 X 9 ਸ.ਮ.
ਵੇਰਵਾ : ਜਿਲਦ ਤੋਂ ਬਗੈਰ । ਸਿਆਹੀ ਫਿੱਕੀ ਕਾਲੀ, ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ-12 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਸਿਆਹੀ, ਕਈ ਪੰਨਿਆਂ ਉਪਰ ਬਹੁਤ ਫਿੱਕੀ ਅਤੇ ਪੜ੍ਹੀ ਵੀ ਨਹੀਂ ਜਾਂਦੀ। ਰਚਨਾ ਪੱਤਰਾ ਨੰ: 4 ਤੋਂ ਸ਼ੁਰੂ ਕੀਤੀ ਹੈ । ਪਹਿਲੇ 2 ਪੱਤਰਿਆਂ ਉਪਰ ਜੋ ਰਚਨਾ ਹੈ, ਅਧੂਰੀ ਹੈ, ਪੰਨੇ ਨੁਕਰਾਂ ਤੋਂ ਖਾਧੇ ਹੋਏ ਹਨ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਨਾਮ ਚਰਿਤ੍ਰ ਲਿਖਯਤੇ ॥ ਬਰਵਾ ਛੰਦ ॥ ਤਪ ਜਪ ਬ੍ਰਤ ਤਦ ਤੀਰਥ ਦੇਵਨ ਸੇਵਾ ॥ ਕਹਯੋ ਨਾਮ ਕਲ ਤਾਰਨੇ ਨਾਨਕ ਦੇਵਾ ॥"
ਅੰਤ : "ਇਤਿ ਸ੍ਰੀ ਨਾਮ ਚਰਿਤ੍ਰ ਕ੍ਰਿਤ ਜੀਵਨ ਸਿੰਘ ਬੇਦੀ ਸੰਪੂਰਨ ॥
ਸੰਮਤ 1918 ਮਿਤੀ ਸਾਵਣ 25 ਪੰਜੀ ॥"

ਹੱਥ ਲਿਖਤ ਨੰ : MS 571 ਅ
ਸਿਰਲੇਖ : ਪੂਰਨ ਕਲਾ ਕ੍ਰਿਸ਼੍ਨ
ਲੇਖਕ : ਜੀਵਨ ਸਿੰਘ
ਪੱਤਰੇ : 2
ਅਕਾਰ : 18 X 13.5 ਸ.ਮ. ਲਿਖਤ : 12 X 9 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 12 ਅਤੇ 4 ਹਨ।
ਆਰੰਭ : "ੴ ਚੌਪਈ ॥ ਗੁਰੂ ਨਾਨਕ ॥ ਅਚੁਤ ਰਘੁਨਾਥ ॥ ਈਸਰ ਬਾਵਨ ਗੋਪੀ ਨਾਥ ॥ ਜਪਿਏ ਕ੍ਰਿਸ਼੍ਨੋ ਮੁਕੰਦ ਸੁ ਗਿਰਧਰ ॥"
ਅੰਤ : "ਦਧਿ ਦਾਨੀ ਬਲਬੀਰ ਭਜ ਜਸਪਾ ਲਾਲ ਸੁਜਾਨ ॥ ਜੀਵਨ ਸਿੰਘ ਪੂਰਨ ਕਲਾ ਕ੍ਰਿਸ਼੍ਨ ਸੁ ਸ੍ਰੀ ਭਗਵਾਨ ॥"

ਹੱਥ ਲਿਖਤ ਨੰ : MS 571 ੲ
ਸਿਰਲੇਖ : ਮਾਨ ਮੰਜਰੀ ਯਗ
ਲੇਖਕ : ਬੁਧ ਸਿੰਘ
ਪੱਤਰੇ : 6 ੳ - 8 ਅ
ਅਕਾਰ : 18 X 13.5 ਸ.ਮ. ਲਿਖਤ : 12 X 9 ਸ.ਮ.
ਵੇਰਵਾ : ਓਹੀ । ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ – 13 ਹਨ।
ਆਰੰਭ : "ੴ ਸ੍ਰੀ ਵਾਹਗੁਰੂ ਜੀ ਕੀ ਫਤੇ ॥ ਅਥ ਮਾਨ ਮੰਜਰੀ ਯਗ ਚਰਿਤ੍ਰ ਲਿਖਯਤੇ ॥ ਦੋਹਰਾ ॥ ਏਕ ਸਮੇ ਸ੍ਰੀ ਰਾਧਕਾ ਹਰਿ ਸੌ ਕੀਨੋ ਮਾਨਾ ॥ ਕੋਕਲਯਾ ਮੈ ਅਧਿਕ ਲਖਿ ਭਏ ਵਸਿ ਭਗਵਾਨ॥"
ਅੰਤ : ਇਤਿ ਸ੍ਰੀ ਮਾਨ ਮੰਜਰੀ ਯਗ ਚਰਿਤ੍ਰ ਸਮਾਪਤੰ ॥

ਹੱਥ ਲਿਖਤ ਨੰ : MS 571 ਸ
ਸਿਰਲੇਖ : ਬ੍ਰਿਛਾਵਲਿ
ਪੱਤਰੇ : 8 ਅ - 9 ੳ
ਅਕਾਰ : 18 X 13.5 ਸ.ਮ. ਲਿਖਤ : 12 X 9 ਸ.ਮ.
ਵੇਰਵਾ : ਓਹੀ ।ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ - 13 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : "੧ੳੇਂ ਸਤਿਗੁਰ ਪ੍ਰਸਾਦਿ ॥ ਅਥ ਬ੍ਰਿਛਾਵਲਿ ਲਿਖਯਤੇ ॥ ਦੋਹਰਾ ॥ ਬ੍ਰਹਮ ਅਸੁਭ ਸੁਭ ਕਲਪਤਰ ਬਿਦਿਆ ਗੁਰ ਕਵਿ ਜਾਨ ॥ ਬ੍ਰਿਛਾਵਲਿ ਵਰਨਨ ਕਰੌ ਪਾਦ ਪਦਮ ਜੁਗ ਮਾਨ ॥"

ਅੰਤ : ਰਚਨਾ ਅਧੂਰੀ ਹੈ ॥ "ਚੰਦਨ ਚੰਦਨ ਸੁਖ ਤਹੈ ਤੁਮ ਬਿਨ ਸਭ ਦੁਖ ਦੇਤਾ ॥ ਉਤ ਬਲ ਦੁਖਹਿ ਪ੍ਰਹਾਰਨੀ ਕਯੋ ਬੈਤੀ ਜੀਊ ਲੇਤਾ" ॥
ਇਸ ਤੋਂ ਅੱਗੇ ਚਾਰ ਪੱਤਰੇ ਖਾਲੀ ਛੱਡੇ ਹੋਏ ਹਨ ॥

ਹੱਥ ਲਿਖਤ ਨੰ : MS 571 ਹ

ਸਿਰਲੇਖ : ਗੁਰ ਜਸ ਪੰਚਾਸਕਾ

ਪੱਤਰੇ : 1- 14

ਅਕਾਰ : 18 X 13.5 ਸ.ਮ. ਲਿਖਤ : 12 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ ਹੈ ਅਤੇ ਪੋਥੀ ਭਿੱਜੀ ਹੋਈ ਹੈ । ਕਈ ਪੰਨਿਆਂ ਉਪਰ ਲਿਖਾਈ ਸਾਫ ਨਹੀਂ ਹੈ॥

ਆਰੰਭ : "੧ੳੇਂ ਸਤਿਗੁਰ ਪ੍ਰਸਾਦਿ ॥ ਅਥ ਸ੍ਰੀ ਗੁਰ ਜਸ ਪੰਚਾਸਕਾ ॥ ਦੋਹਰਾ ॥ ਅੰਜਨ ਰਜ ਗੁਰ ਪਦ ਪਦਮ ਮ੍ਰਿਦਲ ਨੈਨ ਹ੍ਰਿਦ ਭਾਰ ॥ ਰਚੋਂ ਸੁ ਜਸ ਪੰਚਾਸਕਾ ਨਿਜ ਮਤਿ ਕੇ ਅਨੁਸਾਰ ॥"

ਅੰਤ : "ਦਸ ਪੰਚਕ ਪੰਚਾਸਕਾ ਜੀਵਨ ਹਰਿ ਜਸ ਕੀਨ ॥
ਪ੍ਰੇਮ ਧਾਰ ਜੋ ਸੁਨ ਪਢੈ ਕਰੇ ਗੁਰੂ ਦੁਖ ਛੀਨ ॥ 10 ॥

ਹੱਥ ਲਿਖਤ ਨੰ : MS 571 ਕ

ਸਿਰਲੇਖ : ਗੁਰ ਬੰਸਾਵਲੀ

ਪੱਤਰੇ : 14 ੳ – 18 ਅ

ਅਕਾਰ : 18 X 13.5 ਸ.ਮ. ਲਿਖਤ : 12 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 10 ਹਨ।

ਆਮ ਵੇਰਵਾ : ਪੋਥੀ ਭਿੱਜੀ ਹੋਈ ਹੈ ਅਤੇ ਲਿਖਾਈ ਵੀ ਕਈ ਪੰਨਿਆਂ ਉਪਰ ਧਬਿਆਂ ਵਾਲੀ ਹੈ ।

ਆਰੰਭ : "੧ੳੇਂ ਸਤਿਗੁਰ ਪ੍ਰਸਾਦਿ ॥ ਅਥ ਗੁਰ ਬੰਸਾਵਲੀ ਲਿਖਯਤੇ ॥ ਦੋਹਰਾ ॥ ਬੇਦੀ ਕੁਲ ਕਾਲੂ ਪਿਤਾ ਮਾਤਾ ਤਿਪਰੋ ਤਾਸ ॥ ਨਾਨਕ ਘੁਮੀ ਪਤੈ ਸੁਤ ਸ੍ਰੀ ਚੰਦ ਲਖਮੀ ਦਾਸ॥ 1 ॥ ਸਤਰ ਬਰਖ ਅਰੁ ਸਾਤ ਦਿਨ ਮਾਸ ਪੰਚ ਹੈ ਜੋਇ ॥ ਕੀਯੋ ਰਾਜ ਨਾਨਕ ਗੁਰੂ ਭਗਤ ਗਯਾਨ ਯੁਤ ਹੋਇ ॥ 2 ॥"

ਅੰਤ : ਪੈਹਠ ਬਰਖ ਊਪਰ ਸੁਭ ਗਏ ॥ ਕਤਕ ਸੁਦੀ ਪੰਚਮ ਥਿਤ ਲਾਗੀ ॥ ਗੋਬਿੰਦ ਸਿੰਘ ਗੁਰ ਦੇਹ ਤਿਆਗੀ ॥ 39 ॥ ॥ 1 ॥

ਹੱਥ ਲਿਖਤ ਨੰ : MS 571 ਖ

ਸਿਰਲੇਖ : ਪੰਜਾਂ ਪਿਆਰਿਆਂ ਦੇ ਪੂਰਬਲੇ ਜਨਮ ਬਾਰੇ

ਪੱਤਰੇ : 18 ੳ – 18 ਅ

ਅਕਾਰ : 18 X 13 ½ ਸ.ਮ. ਲਿਖਤ : 12 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 10 ਹਨ।

ਆਰੰਭ : "੧ੳੇਂ ਅਥ ਗੁਰ ਪ੍ਰਸਾਦਿ ॥ ਗੋਬਿੰਦ ਸਿੰਘ ਸੋਢੀ ਜਨਮ ਪਟਣੇ ਦਾ ॥ ਵਾਸੀ ਆਨੰਦ ਪੁਰ ਜੀ ॥੧॥ ਦਇਆ ਸਿੰਘ ਸੋਫਤੀ ਲਾਹੌਰ ਦਾ ਵਾਸੀ ॥ ਪਿਛੇ ਲਊ ਦੇ ਅਵਤਾਰ ਥਾ ॥੨॥ ਹੁਕਮ ਸਿੰਘ ਛੀਬਾ ਸਿਖ ਦੁਆਰਕਾ ਦਾ ਵਾਸੀ ॥ ਪਿਛੇ ਨਾਮਦੇਉ ਕੇ ਅਵਤਾਰ ਥਾ ॥੩॥ ਤੀਜਾ ਸਾਹਿਬ ਸਿੰਘ

ਸ਼ਹੀਦ ਬਿਦਰ ਦੀ ਵਾਸੀ ਦਾ ਪਿਛੈ ਸੈਣ ਭਗਤ ਦੇ ਅਵਤਾਰ ਥਾ ॥੪॥ ਧਰਮ ਸਿੰਘ ਹਠੀਲਾ ਜਟ ਸਿਖ ਹਸਤਨਾ ਪੁਰ ਦੀ ਵਾਸੀ ਦਾ ਪਿਛੇ ਧੰਨੇ ਭਗਤ ਦਾ ਅਵਤਾਰ ਥਾ ॥੫॥ ਹਿੰਮਤ ਸਿੰਘ ਝੀਵਰ ਸਿਖ ਜਗਨ ਨਾਥ ਦੀ ਵਾਸੀ ਦਾ ਪਿਛੇ ਬੰਧਕ ਦੇ ਅਵਤਾਰ ਥਾ ॥੬॥ ਇਨ ਕੋ ਪਾਹੁਲ ਦੀ ਅਰੁ ਆਪ ਭੀ ਲਈ ॥

ਅੰਤ : "ਰਾਮ ਸਿੰਘ, ਫਤੈ ਸਿੰਘ ॥ ਦੇਵਾ ਸਿੰਘ, ਈਸਰ ਸਿੰਘ, ਟਹਿਲ ਸਿੰਘ ਏ ਪਾਚੋਂ ਮੁਕਤੇ ਭਏ ॥ ਬੋਲ ਵਾਹਗੁਰੂ ਜੀ ਕੀ ਫਤੇ ॥ ਲਿਖਤੇ ਪੜਤੇ ਸੁਣਤੇ ਲਾਹੇਵੰਦੇ ਹੋਵਨ ॥ ੧ ॥"
ਇਸ ਤੋਂ ਅੱਗੇ ਇਕ ਨੁਸਖਾ ਲਿਖਿਆ ਹੋਇਆ ॥

ਹੱਥ ਲਿਖਤ ਨੰ : MS 572
ਸਿਰਲੇਖ : ਸ੍ਰੀ ਮਦ ਭਗਵਤ ਗੀਤਾ
ਸਮਾਂ : ਸੰਮਤ 1899
ਪੱਤਰੇ : 1 – 113 ਅ
ਅਕਾਰ : 10 X 8 ਸ.ਮ. ਲਿਖਤ: 7X6.5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ, ਲਿਖਾਈ ਸੁੰਦਰ । ਹਾਸ਼ੀਏ ਵਾਲੇ ਕੁਝ ਪੱਤਰੇ ਸ਼ੁਰੂ ਵਿਚ ਅਤੇ ਕੁਝ ਪੱਤਰੇ ਅੰਤ ਵਿਚ ਖਾਲੀ ਹਨ । ਹਾਸ਼ੀਏ ਵਾਲੀ ਥਾਂ ਤੇ ਲਿਖਤ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਸ੍ਰੀ ਗਣੇਸਾਏ ਨਮ : ਧ੍ਰਿਤਾਸ੍ਰਠੋਵਾਚ ॥ ਦੋ ॥ ਧਰਮ ਖੇਤ੍ਰ ਕੁਲਖੇਤ੍ਰ ਮੈ ਮਿਲੈ ਜੁਧ ਕੇ ਸਾਜ ॥ ਸੰਜੈ ਮੋ ਸੁਭ ਪਾਂਡਵਨਿ ਕੀਨੇਂ ਕੈਸੇ ਕਾਜ ॥"
ਅੰਤ : "ਇਤਿ ਸ੍ਰੀ ਭਗਵਤ ਗੀਤਾ ਸੂ ਪਨਖਤ ਸੁ ਬ੍ਰਹਮ ਵਿਦਿਆਯਾ ਯੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਸੰਨਿਆਸ ਯੋਗੋ ਨਾਮ ਅਸ੍ਰਦਸੋਧਿਆਇ ॥ ੧੮ ॥ ਸੰਮਤ 1899 ਮਹੀਨਾ ਫਗੁਣ 28 ਅਸ੍ਰਮੀ ਥਿਤਿ ਸੰਪੂਰਨ ਹੋਈ ਗੀਤਾ ਜੀ ਰਾਮ ॥ ਅਖੀਰ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ।

ਹੱਥ ਲਿਖਤ ਨੰ : MS 573 ਸੰਗ੍ਰਹਿ
ਸਿਰਲੇਖ : ਵਾਰ ਭਗਤਾਵਲੀ ਕੀ
ਪੱਤਰੇ : 1 ੳ – 13 ੳ
ਅਕਾਰ : 13X17.5 ਸ.ਮ. ਲਿਖਤ: 8.5X13 ਸ.ਮ.
ਵੇਰਵਾ : ਜਿਲਦ ਗੱਤਾ, ਲੈਮੀਨੇਸ਼ਨ ਕਰਨ ਤੋਂ ਬਾਅਦ ਬਨ੍ਹੀ ਹੋਈ, ਬਿਨਾਂ ਹਾਸ਼ੀਆ। ਸਤਰਾਂ ਪ੍ਰਤੀ ਪੰਨਾ–10 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪਹਿਲੇ ਪੱਤਰੇ ਤੇ ਸਿਆਹੀ ਡੁਲੀ ਹੋਈ । ਪੱਤਰਾ 13 ਅ ਖਾਲੀ ਹੈ ।
ਆਰੰਭ : ੴ ॥ ਸਤਿਨਾਮੁ ॥ ਸ੍ਰੀ ਵਾਹਿਗੁਰੂ ਜੀ ਸਹਾਇ ॥ ਧ੍ਰੂਹਸਦਾ ਘਰਿ ਆਇਆ ਕਰਿ ਪਿਆਰ ਪਿਉ ਕੁਛੜਿ ਲੀਤਾ ॥ ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸ ਮਤ੍ਰੇਈ ਕੀਤਾ ॥ ਡੁੰਭਹਲਿਕਾਮਾ ਪੁਛੈ ਤੂੰ ਸਵਾਣੀ ਹੈ ਕਿ ਸੁਰੀਤਾ ॥ ਸਵਾਂਣੀ ਹਾਂ ਜਨਮ ਦੀ ਨਾਮ ਨ ਭਗਤੀ ਕਰਮ ਦ੍ਰਿੜੀਤਾ ॥ ਕਿਸ ਉਦਮੁ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ ॥ ਪਰਮੇਸਰੁ ਅਰਾਧੀਐ ਜਿਦੂ ਹੋਈਐ ਪਤਿਤੁ ਪੁਨੀਤਾ॥…
ਅੰਤ : …ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ ॥ ਚਰਣ ਕਵਲ ਵਿਚਿ ਪਦੁਮ ਹੈ ਝਿਲਮਿਲ ਝਲਕੈ ਵਾਂਗੂ ਤਾਰੇ ॥ ਬੰਧਿਕ ਆਇਆ ਭਾਲਦਾ ਮ੍ਰਿਗੈ ਜਾਂਣ ਬਾਣ ਲੈ ਮਾਰੇ ॥ ਦਰਸਨੁ

ਡਿਠੋਸੁ ਜਾਇ ਕੈ ਕਰਨਿ ਪਲਾਵ ਕਰੇ ਪੁਕਾਰੇ ॥ ਗਲਿ ਵਿਚ ਲੀਤਾ ਕ੍ਰਿਸਨ ਜੀ ਅਵਗੁਣ ਕੀਤੇ ਹਰਿਨ ਚਿਤਾਰੇ ॥ ਕਰਿ ਕ੍ਰਿਪਾ ਸੰਤੋਖਿਆ ਪਤਿਤੁ ਉਧਾਰਣ ਬਿਰਦੁ ਬੀਚਾਰੇ ॥ ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜੁ ਸਵਾਰੇ ॥ ਪਾਪ ਕਰੇਦੇ ਪਤਿਤੁ ਉਧਾਰੇ ॥੨੩॥ ਦਸਿ ੧● ॥੧॥ ਇਕੁ ਵਾਰ ਭਗਤਾਵਲੀ ਕੀ ॥

| | |
|---|---|
| ਹੱਥ ਲਿਖਤ ਨੰ | : MS 573 ਅ |
| ਸਿਰਲੇਖ | : ਸਾਖੀ ਸਹੇਵੇ ਸਾਹਿਬ ਜੀ ਕੇ ਗੁਰਦੁਆਰੇ ਜੀ ਕੀ |
| ਪੱਤਰੇ | : 1 ੳ – 9 ੳ |
| ਅਕਾਰ | : 13X17.5 ਸ.ਮ. ਲਿਖਤ: 8.5X13 ਸ.ਮ. |
| ਵੇਰਵਾ | : ਓਹੀ |
| ਆਮ ਵੇਰਵਾ | : ਓਹੀ |
| ਆਰੰਭ | : ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥ ਪਾਤਸਾਹੀ ੧● ਸਾਖੀ ਸਹੇਵੇ ਸਾਹਿਬੁ ਜੀ ਕੇ ॥ ਗੁਰਦੁਵਾਰੇ ਜੀ ਕੀ ॥ ਇਕੁ ਦਿਨੁ ਦੌਲਤ ਰਾਮ ਕਾਢੰ ਦੀਆ ਥੀ ॥ ਸਹੇਵੇ ਤੇਰਾ ਜੇ ਕਰਨ ਸਿੰਘ ਨੈ ਗੁੜੀ ਆਇ ਰਹਿਆ ॥ ਜੋ ਸੁਨਿਆ ਸਚੇ ਪਾਤਿਸਾਹਿ ਦਮਦਮੇ ਸਾਹਿਬੁ ਆਏ ਹੈਨ ॥ ਬਡੇ ਪੂਰਨ ਪੁਰਸੁ ਹੈ ॥ ਕਰਨ ਕਾਰਨ ਹੈਨ ॥ ਉਤਾਰੀ ਲੋਕ ਹੈਨ ॥ ਸੋਭਾ ਸੁਣ ਕੇ ਦਮਦਮੇ ਸਾਹਿਬ ਹਜੂਰ ਆਇਆ॥ ਆਇ ਹਜੂਰ ਮਥਾ ਟੇਕਿਆ ਹਥ ਜੋੜਿ ਆਣਿ ਖੜਿਆ ॥… |
| ਅੰਤ | : …ਫੇਰ ਬਚਨ ਸਿਖਾ ਨੂ ਹੋਇਆ ਜਾਓ ਸੌਦਾ ਲੈ ਆਓ ਕੜਾਹ ਪ੍ਰਸਾਦਿ ਦੀ ਸਮਗ੍ਰੀ ਦਾ ॥ ਸਵਾ ਪੰਜ ਰੁਪਜੇ ਲੇ ਜਾਵੋ ॥ ਚਾਰ ਆਨੇ ਸਹੂਕਾਰ ਨੂ ਬਡਿਆਈ ਦੇਦੇ ਆਵੋ ॥ ਪੂਰੇ ਪੰਜਾ ਕਾ ਰੁਪਜਾ ਕਾ ਸੌਦਾ ਲੈ ਆਵੋ ॥ ਸਿਖਾਂ ਕਹਿਆ ਜੀ ਲੇ ਆਵਦੇ ਹਾ ॥ ਜਾਇ ਸਾਹੂਕਾਰ ਨੂ ਕਹਿਆ ਸਾਹੂਕਾਰ ਸਾਨੂ ਕੜਾਹ ਪ੍ਰਸਾਦਿ ਦੀ ਸੌਦਾ ਪਾਇ ਦੇ ॥ ਚਾਰ ਆਨੇ ਆਪਣੀ ਬਡਿਆਈ ਦੇ ਰਖਿ ਲੈ ॥ ਉਸ ਨੈ ਕਹਿਆ ਜੀ ਮੈ ਦਿਨਾ ਹਾ ॥….. |

| | |
|---|---|
| ਹੱਥ ਲਿਖਤ ਨੰ | : MS 574 |
| ਸਿਰਲੇਖ | : ਵਾਹਿਗੁਰ ਸ਼ਬਦਾਰਥ ਟੀਕਾ |
| ਲੇਖਕ | : ਤਾਰਾ ਸਿੰਘ ਨਰੋਤਮ |
| ਪੱਤਰੇ | : 3 – 18 |
| ਅਕਾਰ | : 20.5X16 ਸ.ਮ. ਲਿਖਤ: 15X10.5 ਸ.ਮ. |
| ਵੇਰਵਾ | : ਬਿਨ੍ਹਾਂ ਜਿਲਦ, ਖੁਲੇ ਪੱਤਰੇ, ਬਗੈਰ ਹਾਸ਼ੀਆ। |
| ਆਮ ਵੇਰਵਾ | : ਪਹਿਲੇ ਦੋ ਪੱਤਰੇ ਨਹੀਂ ਹਨ । ਆਖਰੀ ਪੱਤਰਾ ਬਹੁਤ ਭੁਰਿਆ ਹੋਇਆ ਹੈ, ਜਿਸ ਕਾਰਨ ਪੂਰਾ ਪਾਠ ਪੜ੍ਹਨ ਯੋਗ ਨਹੀਂ |
| ਆਰੰਭ | : … ਲਾ ਹੈ ॥ ਰਾਗ ਕੰਨੇ ਵਾਲਾ ਹੈ ॥ ਇਨ ਸੇ 'ਵਾਹਗੋਰਾ' ਬਨੇ ਹੈ ॥ ਵਾ ਭਾਖਾ ਰੀਤਿ ਸੈ ਗੁਬਿੰਦ ਨਾਮ ਸੇ 'ਗੁ' ਲੇਕਰ ਵਾਹਿਗੁਰਾ ਬਨੇ ਹੈ ॥ ਅਰ ਗੁਰੁਦਾਸ ਜੀ ਨੇ ਵਾਹ ਗੁਰੁ ਨਾਮ ਕੀ ਹੀ ਇਨ ਸੇ ਸਿਧੀ ਲਿਖੀ ਹੈ ॥ ਵਾਹਿਗੁਰਾ ਕੀ ਨਹੀ ਲਿਖੀ ਲਿਖਤੇ ਤੋ ਵਹੁ ਸਮਜਕ ਬਨਤੀ ਥੀ ਪਰੰਤੂ ਉਨੋ ਨੇ ਲਿਖੀ ਨਹੀ॥… |
| ਅੰਤ | : …ਤੈਸੇ ਸ੍ਰੀ ਗੁਰੁ ਭੀ ਸਰਬ ਉਪਦ੍ਰਵੋ ਕਾ ਬੀਜ ਰੂਪ ਜੋ ਅਗ੍ਯਾਨ ਹੈ ॥ ਤਿਸ ਕੋ ਹਨਨ ਕਰਕੇ ਸੰਪੂਰਣ ਅਪਨੇ ਸਿਖਜਣ ਕੋ ਨਿਜ ਸ੍ਵਰੂਪ ਭੂਤ ਬਡੇ ਰਾਜ ਮੈ ਸਥਾਪਨ ਕਰੇ ਹੈ ॥ ਯਾ ਤੇ ਖੁਸਾਈ ਪ੍ਰੇਮਸ੍ਵਰ ਕੀ ਸਮਾਨਤਾ ਸ੍ਰੀ ਗੁਰੂ - ਸੰਭਵੇ ਹੈ ॥ ਯਹ ਸਿਆਰੀ ਵਾਲੇ ਵਾਹਿਗੁਰੁ ਪਦ ਕਾ ਸਤ੍ਵਾਂ |

ਅਰਥ….. ॥ ਇਤਿ ਸ੍ਰੀ ਮਤ ਨਿਰਮਲ ਪੰਥ ਪ੍ਰਵਿਸ੍ਰ ਤਾਰਾ ਹਰਿ ਰਚਿਤਾ ਵਾਹਗੁਰੁ ਸਬਦਾਰਥ ਟੀਕਾ ਸੁਭਾ ਸਮਾਪਤ ॥ ੧ ॥

ਹੱਥ ਲਿਖਤ ਨੰ : MS 575
ਸਿਰਲੇਖ : ਸਿੰਘਾਸਨ ਬਤੀਸੀ
ਸਮਾਂ : 18ਵੀਂ ਸਦੀ ਬਿ:
ਪੱਤਰੇ : 48 - 212 ਅ
ਅਕਾਰ : 17 X 12 ਸ.ਮ. ਲਿਖਤ : 11.5X7.5 ਸ.ਮ.
ਵੇਰਵਾ : ਜਿਲਦ ਤੋਂ ਬਗੈਰ । ਸਿਆਹੀ ਕਾਲੀ, ਵਖਰੇਵੇਂ ਲਈ ਲਾਲ । ਹਾਸ਼ੀਆ ਦੋਵੇਂ ਪਾਸੇ ਦੋ ਦੋ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਪੋਥੀ ਅਧੂਰੀ, ਪੰਨਾ ਨੰ: 48 ਤੋਂ ਸ਼ੁਰੂ ਹੋਕੇ ਪੰਨਾ ਨੰ: 212 ਅ ਤੇ ਖਤਮ ਹੋ ਜਾਂਦੀ ਹੈ ਅਤੇ ਅੰਤਲੇ ਪੰਨੇ ਵੀ ਫਟੇ ਹੋਏ ਹਨ । ਸ੍ਰੋਤ ਨੇ ਹੀ ਇਕ ਟਾਈਪ ਕਾਗਜ਼ ਉਪਰ ਸਿਰਲੇਖ ਦਾ ਨਾਂ, ਲੇਖਕ ਦਾ ਨਾਂ ਦੇਕੇ ਨਾਲ ਮਿਤੀ ਦਿਤੀ ਹੋਈ ਹੈ ।
ਆਰੰਭ : ਪੰਨਾ ਨੰ: 48 ੳ ਤੇ ॥ ਜਨਮ ਮਰਨ ਦੁਖ ਭੰਜਨ ਨਾਨਕ ਕਾ ਸੁਆਮੀ ॥ ਅਬ ਪੁਤਲੀ ਖਸਟੀ ਚਲੀ ॥ ਜਬ ਰਾਜਾ ਭੋਜ ਸੁਭ ਮਹੂਰਤ ਪੁਛਕੈ ਅਰ ਚਾਹਿਆ ਜੋ ਸਿੰਘਾਸਨ ਪਰ ਬੈਸੀ॥…
ਅਖੀਰ ਤੋਂ ਵੀ ਪੰਨੇ ਫਟੇ ਹੋਏ ।

ਹੱਥ ਲਿਖਤ ਨੰ : MS 577
ਸਿਰਲੇਖ : ਨੰਦ ਪ੍ਰਕਾਸ਼ ਸਤਸਹਾਆ
ਲੇਖਕ : ਦਲ ਸਿੰਘ
ਸਮਾਂ : ਸੰਮਤ 1827
ਪੱਤਰੇ : ਕੁੱਝ ਪੱਤਰੇ ਖੁਲ੍ਹੇ ਹੋਏ ।
ਅਕਾਰ : 18 X 12 ਸ.ਮ. ਲਿਖਤ : 17 X 9 ਸ.ਮ.
ਵੇਰਵਾ : ਖੁਲੇ ਪੱਤਰੇ , ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ - 19 ਹਨ।
ਆਮ ਵੇਰਵਾ : ਖੁਲੇ ਪੱਤਰੇ,ਖਸਤਾ ਹਾਲਤ ਵਿਚ ਹਨ । ਸਾਰੀ ਰਚਨਾ ਦੇ ਪੱਤਰੇ ਭਿੱਜੇ ਹੋਏ ਹਨ ਅਤੇ ਲਿਖਾਈ ਵੀ ਪੜ੍ਹੀ ਨਹੀਂ ਜਾਂਦੀ । ਰਚਨਾ ਦੇ ਪੱਤਰੇ ਬੁਰੀ ਤਰ੍ਹਾਂ ਖਸਤਾ ਹਾਲਤ ਫਟੇ ਹੋਏ ਭਿੱਜੇ ਹੋਏ ਹੋਣ ਕਾਰਨ, ਅੰਤ ਤੋਂ ਰਚਨਾ ਸਪਸ਼ਟ ਪੜ੍ਹੀ ਨਹੀਂ ਜਾਂਦੀ ਅਤੇ ਅਧੂਰੀ ਹੈ । ਇਸ ਤੋਂ ਬਾਅਦ ਇਕ ਹੋਰ ਪਤਰਾ (ਜੋ ਕਿ ਅੱਧਾ ਕੁ ਹੈ ) ਬਹੁਤ ਖਸਤਾ ਹਾਲਤ ਵਿਚ ਅਤੇ ਫਟਿਆ ਹੋਇਆ ਹੈ ਇਸ ਦਾ ਸਿਰਲੇਖ ਇੰਞ ਦਿਤਾ ਹੋਇਆ ਹੈ "ੴ ਸਤਿ ਗੁਰ ਪ੍ਰਸਾਦਿ॥ ਵਾਰ ਬਾਬੇ ਅਟਲ ਸਾਹਿਬ ਜੀ ਕੀ ਲਿਖਯਤੇ॥"
ਆਰੰਭ : "ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ਸੱਤ ਸ੍ਰੀ ਅਸਕੇਤੁ ਗੁਰੂ ਜੀ ਦੀ ਸਹਾਇ ॥ ਜਪ ਸਦ ਸਦਾ ਅਥ ਦਲ ਸਿੰਘ ॥ ਨੰਦ ਪ੍ਰਕਾਸ਼ ਸਤਸਹਆ ਲਿਖਯਤੇ-ਕ੍ਰਿਤ ਕਯ ਦਾਸ ਸ੍ਰੀ ਦਲ ਸਿੰਘ ਮੰਗਲ ਚਰਨ। ॥ ਦੋਹਰਾ ॥
ਅੰਤ : ਬਡ ਕੇ ਮਕੇ ਕਰਨ ਕੋ ਦ੍ਰਿਸ੍ਰ ਬਡਨ ਪਰ ਜਾਇ॥ ਸੀਯ ਸੋਧ ਕੋ ਜਜੋ ਲਹਜੋ ਹਨੂਮਾਨ ਰਘੁ ਰਾਇ॥੧੨੭॥…..

ਹੱਥ ਲਿਖਤ ਨੰ : MS 581
ਸਿਰਲੇਖ : ਸੀਰੀ ਫਰਹਾਦ ਕੀ ਬਾਰਤਾ

ਲੇਖਕ : ਹਾਸ਼ਮ
ਸਮਾਂ : ਸੰਮਤ 1905
ਪੱਤਰੇ : 1 - 53 ਅ
ਅਕਾਰ : 14.5X15.5 ਸ.ਮ. ਲਿਖਤ: 7X11 ਸ.ਮ.
ਵੇਰਵਾ : ਜਿਲਦ ਗੱਤਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ ।ਹਾਸ਼ੀਆ ਦੋਵੇਂ ਪਾਸੇ ਦੋ ਦੋ ਲਕੀਰਾਂ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ - 16 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਲਿਖਾਈ ਸੁੰਦਰ ਹੈ ਕਈ ਪੰਨਿਆਂ ਤੋਂ ਇੰਵ ਜਾਪਦਾ ਹੈ ਕਿ ਪੋਥੀ ਭਿੱਜੀ ਹੋਈ ਹੈ ਕਿਉਂ ਕਿ ਨੁਕਰਾਂ ਤੋਂ ਫਟੇ ਹੋਏ ਪੰਨੇ ਨੂੰ ਵਾਧੂ ਕਾਗਜ਼ ਲਗਾ ਕੇ ਜੋੜਿਆ ਹੋਇਆ ਹੈ । ਕੁਝ ਪੰਨੇ, ਅਖੀਰ ਵਿਚ ਨੁਕਰਾਂ ਤੋਂ ਫਟੇ ਹੋਏ ਹਨ ਅਤੇ ਖਸਤਾ ਹਾਲਤ ਵਿਚ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਸ਼ੀਰੀ ਫਰਹਾਦ ਕੀ ਬਾਰਤਾ ਲਿਖਯਤੇ ॥ ਪ੍ਰਿਥਮੇ ਉਸਤਿਤ ਸਾਹਿਬ ਦੀ ॥
ਅੰਤ : ਕਿਸੇ ਛਡ ਦਲੀਲੀ ਹਾਸ਼ਮ ਨਾ ਕਰ ਐਡ ਪਸਾਰੇ ॥ ਤੂੰ ਕੀ ਸਿਫਤ ਉਨਾਂ ਦੀ ਕਰਸੇ ਜੋ ਰਬ ਆਪ ਸਵਾਰੇ ॥ ਇਤ ਸ਼ੀਰੀ ਫਰਹਾਦ ਕੀ ਬਾਰਤਾ ਸਮਾਪਤੰ ॥ ਸੰਮਤ 1905 ਮਿਤੀ ਜੇਠ ਦੀ 6 ॥ ॥ ॥ ॥ ॥ ॥

ਹੱਥ ਲਿਖਤ ਨੰ : MS 582
ਸਿਰਲੇਖ : ਗਊ ਸਿੰਘ ਸੰਵਾਦ
ਲੇਖਕ : ਦੇਵੀ ਦਾਸ
ਪੱਤਰੇ : 4 ੳ -112+1+1-102
ਅਕਾਰ : 6.5X9.5 ਸ.ਮ. ਲਿਖਤ: 7X11 ਸ.ਮ.
